*ਸਾਹਿਤ, ਕਲਾ ਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ*

*SHABAD is an International Quarterly of Literature, Art and Culture*

# ਸ਼ਬਦ ਸਪਲੀਮੈਂਟ

**ਸਾਲ : 24** **ਫਰਵਰੀ, 2021** **(ਆਲੋਚਨਾ ਵਿਸ਼ੇਸ਼ ਅੰਕ)**

Website : www.shabaduk.co.uk

*ਮੁੱਖ ਸੰਪਾਦਕ*

**ਹਰਮਹਿੰਦਰ ਚਹਿਲ**

7305, Sterling Grove Dr., Springfield VA 22150 U.S.A.

Ph. 001-703-362-3239

Email : Chahals57@Yahoo.com

**ਰਵੀ ਸ਼ੇਰਗਿੱਲ**

9024 Wharton Way Eik Grove CA 95624 U.S.A.

Ph. 001-916-753-2868

Email : drgilldvm@Yahoo.com

*ਸੰਪਾਦਕ*

**ਹਰਜੀਤ ਅਟਵਾਲ**

67, Hillside Road, Southall, Middlesex , England. UB1 2PE

Ph. : 020-85780393 Mobile : 07782-265726

e mail: harjeetatwal@yahoo.co.uk, harjeetatwal@hotmail.co.uk

**ਜਿੰਦਰ**

984, Rajput Nagar, Near Surinder Welding Works,

Model House, Jalandhar-144003

Mobile : 98148 03254

Email : jinder340@gmail.com

ਇੰਡੀਆ ਵਿੱਚ 'ਸ਼ਬਦ' ਲਈ ਸਹਿਯੋਗ ਰਾਸ਼ੀ ਬੈਂਕ ਵਿੱਚ Saiffi ਦੇ ਨਾਂ ਭੇਜੀ ਜਾਵੇ।

Saiffi, Bank Of India, Account No 640410100003680, IFSC No BKID0006404. Branch Satluj Markeet , Jalandhar

**ਵਿਸ਼ੇਸ਼ ਨੋਟ :** ਚੈੱਕ, ਬੈਂਕ ਡਰਾਫਟ 'ਤੇ ਕੇਵਲ Saiffi ਲਿਖਿਆ ਹੋਣਾ ਚਾਹੀਦਾ ਹੈ।

***ਚੰਦਾ :*** 200 ਰੁ: ਸਾਲਾਨਾ, 20 ਪੌਂਡ ਸਾਲਾਨਾ, 40 ਡਾਲਰ ਸਾਲਾਨਾ,

***ਲਾਈਫ ਮੈਂਬਰਸ਼ਿਪ :*** ਪੰਜ ਹਜ਼ਾਰ ਰੁਪਏ

ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਕੋਈ ਵੀ ਕਾਨੂੰਨੀ ਕਾਰਵਾਈ ਲੰਦਨ ਦੀ ਅਦਾਲਤ 'ਚ ਹੋਵੇਗੀ।

## ਮੇਰਾ ਪੰਨਾ

ਕਈ ਵਾਰ ਗੱਲ ਤੁਰਦੀ ਹੈ ਕਿ ਪੰਜਾਬੀ ਸਾਹਿਤਕ ਦ੍ਰਿਸ਼ ਤੋਂ ਆਲੋਚਨਾ ਲੱਗਭੱਗ ਗੈਰਹਾਜ਼ਿਰ ਹੋ ਰਹੀ ਹੈ। ਜਿੰਨੀ ਕੁ ਆਲੋਚਨਾ ਹੋ ਵੀ ਰਹੀ ਹੈ ਉਸ ਦਾ ਪੱਧਰ ਬਹੁਤ ਨੀਵਾਂ ਹੈ। ਆਲੋਚਕ ਦਾ ਕੰਮ ਹੁੰਦਾ ਹੈ ਕਿ ਕਿਸੇ ਸਿਧਾਂਤ ਨੂੰ ਲੈ ਕੇ ਚਲਿਆ ਜਾਵੇ। ਉਸ ਨੇ ਦੱਸਣਾ ਹੁੰਦਾ ਹੈ ਕਿ ਨਾਵਲ ਕਿਹੜੇ ਕਾਰਨਾਂ ਕਰਕੇ ਨਾਵਲ ਹੈ। ਉਸ ਦਾ ਕੰਮ ਸਾਹਿਤ ਸ਼ਾਸ਼ਤਰ ਨੂੰ ਬਾਕੀ ਸ਼ਾਸ਼ਤਰਾਂ ਤੋਂ ਨਿਖੇੜਨਾ ਹੁੰਦਾ ਹੈ। ਹਰ ਰਚਨਾ ਦਾ ਇਕ ਡਿਸਿਪਲਿਨ ਹੁੰਦਾ ਹੈ ਜਿਸ ਦਾ ਧਿਆਨ ਰੱਖੇ ਬਿਨਾਂ ਆਲਚੋਨਾ ਨਹੀਂ ਕੀਤੀ ਜਾ ਸਕਦੀ। ਹਰਭਜਨ ਸਿੰਘ ਨੇ ਜਿਹੜੀ ਆਲੋਚਨਾ ਦੀ ਪਿਰਤ ਪਾਈ ਸੀ ਉਹ ਤਾਂ ਬਹੁਤ ਦੇਰ ਦੀ ਹੀ ਗਾਇਬ ਹੋ ਚੁੱਕੀ ਹੈ। ਉਹਨਾਂ ਵੇਲਿਆਂ ਵਾਲੀ ਜ਼ਿੰਮੇਵਾਰੀ ਅੱਜ ਦੇ ਆਲੋਚਕ ਵਿੱਚ ਨਹੀਂ ਹੈ। ਪਾਠਕ ਤੇ ਲੇਖਕ ਵਿੱਚਲੇ ਪੁੱਲ ਵਾਲੀ ਆਲੋਚਕ ਦੀ ਭੂਮਿਕਾ ਹੁਣ ਨਹੀਂ ਦਿਸ ਰਹੀ। ਪੰਜਾਬੀ ਸਾਹਿਤ ਲਈ ਇਹ ਮੰਦਭਾਗੀ ਗੱਲ ਹੈ। ਦਰਅਸਲ ਅੱਜ ਪੰਜਾਬੀ ਵਿੱਚ ਜਿੰਨੀ ਕੁ ਆਲੋਚਨਾ ਹੋ ਵੀ ਰਹੀ ਹੈ ਉਸ ਵਿੱਚ ਖੋਟ ਹੈ। ਰਾਜੀਨੀਤੀ ਪੂਰੀ ਤਰ੍ਹਾਂ ਪ੍ਰਬਲ ਹੈ। ਸੋ ਆਲੋਚਕ ਦਾ ਅਧਿਐਨ ਆਮ ਰਚਨਾ ਤੱਕ ਨਾ ਪੁੱਜ ਕੇ ਸਿਰਫ ਕੁਝ ਖਾਸ ਗਿਣਤੀ-ਮਿਣਤੀ ਦੀਆਂ ਰਚਨਾਵਾਂ ਨੂੰ ਆਪਣੇ ਕਲ਼ਾਵੇ ਵਿੱਚ ਲੈਂਦਾ ਹੈ। ਇਹ ਕਹਿ ਲਈਏ ਤਾਂ ਗਲਤ ਨਹੀਂ ਹੋਵੇਗਾ ਕਿ ਅੱਜ ਦਾ ਆਲੋਚਕ ਇਕ ਧੜੇ ਤੱਕ ਸੀਮਤ ਹੋ ਗਿਆ ਹੈ। ਉਸ ਦੀ ਆਲੋਚਨਾ ਦਾ ਮਕਸਦ ਵੀ ਆਪਣੇ ਗਰੁੱਪ ਦੇ ਲੇਖਕਾਂ ਦੇ ਹਉਮੈ ਨੂੰ ਪੱਠੇ ਪਾਉਣੇ ਹੀ ਹੁੰਦਾ ਹੈ। ਆਲੋਚਕ ਲੇਖਕ ਦੇ ਨਿਰਦੇਸ਼ਨ ਮੁਤਾਬਕ ਆਲੋਚਨਾ ਕਰ ਰਹੇ ਹਨ। ਆਪਣੇ ਇਸ ਮਕਸਦ ਨੂੰ ਉਹ ਛੁਪਾਉਂਦਾ ਵੀ ਨਹੀਂ ਸਗੋਂ ਸ਼ਰੇਆਮ ਹਿੱਕ ਥਾਪੜ ਕੇ ਕਹਿੰਦਾ ਹੈ ਕਿ ਮੈਂ ਫਲਾਨੇ ਲੇਖਕ ਨਾਲ ਖੜਾ ਹਾਂ। ਅੱਜ ਦੇ ਸੋਸ਼ਲ ਮੀਡੀਆ ਦੇ ਯੁੱਗ ਨੇ ਕਈ ਕੱਚਘਰੜ ਜਿਹੇ ਆਲੋਚਕਾਂ ਨੂੰ ਜਨਮ ਦਿੱਤਾ ਹੈ। ਆਲੋਚਨਾ ਦੇ ਸੁਨਿਹਰੀ ਯੁੱਗ ਦੇ ਵਾਪਸ ਆਉਣ ਦੇ ਆਸਾਰ ਨਹੀਂ ਦਿਸਦੇ।

ਸਾਡੇ ਦੇਸ਼ ਵਿੱਚ ਕਈ ਭਾਸ਼ਾਵਾਂ ਵਿੱਚ ਨਿਰੋਲ ਆਲੋਚਨਾ ਨੂੰ ਲੈ ਕੇ ਮੈਗਜ਼ੀਨ ਨਿਕਲਦੇ ਰਹੇ ਹਨ। ਅੱਜ ਵੀ ਨਿਕਲ ਰਹੇ ਹਨ। ਪਰ ਕੁਝ ਮੈਗਜ਼ੀਨਾਂ ਨੇ ਨਵੀਆਂ ਛਪੀਆਂ ਕਿਤਾਬਾਂ ਤੱਕ ਹੀ ਆਪਣੇ ਆਪ ਨੂੰ ਸੀਮਤ ਕੀਤਾ ਹੋਇਆ ਹੈ। ਹਿੰਦੀ ਵਿੱਚ ਰਾਜਕਮਲ ਤੇ ਹੋਰ ਪ੍ਰਕਾਸ਼ਕ ਜਿਥੇ ਆਪਣੇ ਪ੍ਰਕਾਸ਼ਨ ਹੇਠ ਛਪੀਆਂ ਪੁਸਤਕਾਂ ਦੀ ਸੂਚੀ ਛਾਪਦੇ ਹਨ ਉਥੇ ਪੁਸਤਕਾਂ ਬਾਰੇ ਆਲੋਚਨਾਤਮਕ ਪੇਪਰ ਵੀ ਛਾਪਦੇ ਹਨ ਜਿਸ ਨਾਲ ਪੁਸਤਕ ਨੂੰ ਸਮਝਣ ਵਿੱਚ ਆਸਾਨੀ ਹੋ ਜਾਂਦੀ ਹੈ। ਪੰਜਾਬੀ ਵਿੱਚ ਨਵਯੁੱਗ ਵਾਲੇ ਭਾਪਾ ਜੀ ਇਹ ਕੰਮ ਕਰਦੇ ਰਹੇ ਹਨ। ਮੱਧ ਪ੍ਰਦੇਸ਼ ਦੇ ਸ਼ਹਿਰ ਸੀਹੋਰ ਤੋਂ ਪੰਕਜ ਸੁਧੀਰ 'ਸ਼ਿਵਨਾ ਸਾਹਿਤਿਯਾਕੀ' ਨਾਂ ਦਾ ਮੈਗਜ਼ੀਨ ਕੱਢ ਰਿਹਾ ਹੈ ਜੋ ਇਸ ਦਿਸ਼ਾ ਵਿੱਚ ਕਾਫੀ ਲਾਹੇਵੰਦ ਹੈ। ਆਦਰਾ ਸ਼ਬਦ ਵਲੋਂ ਅਸੀਂ ਫੈਸਲਾ ਕੀਤਾ ਹੈ ਕਿ ਹਰ ਸਾਲ ਅਸੀਂ 'ਸ਼ਬਦ ਸਪਲੀਮੈਂਟ' ਇਕ ਵਿਸ਼ੇਸ਼ ਅੰਕ ਕੱਢਿਆ ਕਰਾਂਗੇ ਜਿਸ ਵਿੱਚ ਨਵੀਂਆਂ ਛਪੀਆਂ ਪੁਸਤਕਾਂ ਬਾਰੇ ਵਿਸਥਾਰ ਵਿੱਚ ਪਰਚੇ ਹੋਇਆ ਕਰਨਗੇ। ਇਸ ਵਿੱਚ ਨਵੇਂ ਪੁਰਾਣੇ ਸਭ ਲੇਖਕਾਂ ਦੀਆਂ ਕਿਤਾਬਾਂ ਵਿਚਾਰੀਆਂ ਜਾਣਗੀਆਂ। ਨਵੇਂ ਆਲੋਚਕਾਂ ਨੂੰ ਵੀ ਬਣਦੀ ਸਪੇਸ ਦੇਵਾਂਗੇ। ਇਹ ਅੰਕ ਸਾਡੀ ਵੈਬਸਾਈਟ ਉਪਰ ਉਪਲੱਬਧ ਰਹੇਗਾ। ਜੇ ਲੋੜ ਸਮਝੀ ਗਈ ਤਾਂ ਇਸ ਦੀ ਹਾਰਡ ਕਾਪੀ ਵੀ ਛਾਪ ਲਈ ਜਾਵੇ।

ਸਾਡੇ ਲੇਖਕ ਮਿੱਤਰ ਸਾਡੇ ਤੋਂ ਤਵੱਕੋਂ ਰੱਖਦੇ ਹਨ ਕਿ ਅਸੀਂ ਅਵਾਰਡਾਂ ਵਿੱਚ ਆਏ ਨਿਘਾਰ ਬਾਰੇ ਗੱਲ ਤੋਰੀਏ। ਪਰ ਇਹ ਨਿਘਾਰ ਕੋਈ ਨਵੀਂ ਗੱਲ ਨਹੀਂ ਹੈ। ਜਿਸ ਭਾਸ਼ਾ ਵਿੱਚ ਅਵਾਰਡ ਦੇਣ ਵਾਲੇ ਲੋਕਾਂ ਨੂੰ ਜਾਂ ਇਸ ਉਪਰ ਸਹੀ ਪਾਉਣ ਵਾਲੇ ਸਲਾਹਕਾਰਾਂ ਨੂੰ ਸਾਹਿਤ ਦੀ ਕੋਈ ਸਮਝ ਨਾ ਹੋਵੇ ਤਾਂ ਉਸ ਭਾਸ਼ਾ ਦੇ ਅਵਾਰਡਾਂ ਦਾ ਕੀ ਪੱਧਰ ਹੋਵੇਗਾ ? ਭਾਸ਼ਾ ਵਿਭਾਗ ਦੇ ਇਨਾਮਾਂ ਨੂੰ ਲੈ ਕੇ ਐਤਕੀਂ ਵੀ ਸਦਾ ਵਾਂਗ ਕਿਰਕਿਰੀ ਹੀ ਹੋਈ ਹੈ। ਇਹ ਅੰਨੇ ਦੇ ਰੇੜੀਆਂ ਵੰਡਣ ਵਾਲੀ ਗੱਲ ਹੈ। ਕਮੇਟੀ ਦੇ ਮੈਂਬਰਾਂ ਨੇ ਆਪਣਿਆਂ ਵੱਲ ਨੂੰ ਇਨਾਮ ਸੁੱਟੇ ਹਨ। ਜਿਹਨਾਂ ਨੇ ਪੱਚੀ ਸਾਲ ਵਿੱਚ ਕਿਸੇ ਪਰਚੇ ਦੇਦੋ ਕੁ ਅੰਕ ਹੀ ਕੱਢੇ ਉਸ ਨੂੰ ਸ਼੍ਰੋਮਣੀ ਸਾਹਿਤਕ ਸੰਪਾਦਕ ਬਣਾ ਦਿੱਤਾ ਗਿਆ। ਜਿਸ ਨੇ ਪ੍ਰਵਾਸੀ ਸੰਵੇਦਨਾ ਬਾਰੇ ਇਕ ਵੀ ਸਤਰ ਨਹੀਂ ਲਿਖੀ ਤੇ ਜੁੰਮਾ-ਜੁੰਮਾ ਅੱਠ ਦਿਨ ਹੋਏ ਹਨ ਵਿਦੇਸ਼ ਵਸੇ ਨੂੰ ਉਸ ਨੂੰ ਸ਼੍ਰੋਮਣੀ ਪ੍ਰਵਾਸੀ ਲੇਖਕ ਬਣਾ ਦਿੱਤਾ ਗਿਆ, ਇਵੇਂ ਇਹ ਲੰਮੀ ਲਿਸਟ ਹੈ। ਪਰ ਹੈਰਾਨੀ ਦੀ ਗੱਲ ਹੈ ਕਿ ਇਸ ਬਾਰੇ ਕੋਈ ਬੋਲਦਾ ਤੱਕ ਨਹੀਂ। ਕੁਝ ਲੋਕ ਬੰਦ ਕਮਰਿਆਂ ਵਿੱਚ ਇਨਾਮਾਂ ਦੀਆਂ ਬੇਤਰਤੀਬੀਆਂ ਬਾਰੇ ਗੱਲਾਂ ਜ਼ਰੂਰ ਕਰਦੇ ਹਨ ਪਰ ਇਨਾਮ ਮਿਲਣ ਦੇ ਦਿਨਾਂ ਵਿੱਚ ਆਪ ਤੁੱਕਾ-ਝਾਕ ਰੱਖਣ ਲੱਗਦੇ ਹਨ।

'ਢਾਹਾਂ ਅਵਾਰਡ' ਸ਼ੁਰੂ ਹੋਇਆ ਤਾਂ ਸਭ ਨੇ ਇਸ ਦਾ ਸਵਾਗਤ ਕੀਤਾ ਸੀ। ਜਿੰਨੀ ਰਾਸ਼ੀ ਇਸ ਢਾਹਾਂ ਅਵਾਰਡ ਵਿੱਚ ਸ਼ਾਮਲ ਹੈ ਇਹ ਇਸ ਨੂੰ ਬਹੁਤ ਵੱਡਾ ਤੇ ਅਹਿਮ ਇਨਾਮ ਬਣਾਉਂਦੀ ਹੈ। ਭਾਰਤੀ ਭਾਸ਼ਾਵਾਂ ਵਿੱਚ ਏਡਾ ਵੱਡਾ ਇਨਾਮ ਕੋਈ ਹੋਰ ਨਹੀਂ ਹੈ। ਇਸ ਇਨਾਮ ਨੂੰ ਸ਼ੁਰੂ ਕਰਨ ਵਿੱਚ ਜਿਹੜੀ ਇਮਾਨਦਾਰੀ ਤੇ ਸਵੱਛ ਭਾਵਨਾਵਾਂ ਮੌਜੂਦ ਹਨ ਉਹਨਾਂ ਦੀ ਪ੍ਰਸੰਸਾ ਕਰਨਾ ਬਣਦਾ ਹੈ ਪਰ ਏਡੀ ਵੱਡੀ ਰਕਮ ਵੀ ਇਸ ਇਨਾਮ ਨੂੰ ਵਕਾਰੀ ਨਹੀਂ ਬਣਾ ਸਕੀ। ਇਸ ਦੇ ਵਕਾਰੀ ਨਾ ਬਣ ਸਕਣ ਦੇ ਕਾਰਨ ਇਸ ਦੇ ਪ੍ਰਬੰਧਕੀ ਸਿਸਟਮ ਵਿੱਚ ਪਏ ਹਨ। ਇਹ ਨਿੱਜੀ ਇਨਾਮ ਹੈ ਇਸ ਲਈ ਇਸ ਵਿੱਚ ਸੁਧਾਰ ਕਰਨਾ ਇਸ ਨਾਲ ਜੁੜੇ ਲੋਕਾਂ ਦਾ ਕੰਮ ਹੈ। ਪਰ ਜੋ ਅੱਜਕੱਲ ਸੋਸ਼ਲ ਮੀਡੀਏ ਉਪਰ ਇਸ ਇਨਾਮ ਨੂੰ ਲੈ ਕੇ ਨਾਂਹ-ਵਾਚਕ ਬਹਿਸ ਹੋ ਰਹੀ ਹੈ ਬਹੁਤ ਗਲਤ ਹੈ। ਅਸੀਂ ਅਜਿਹੀਆਂ ਗੱਲਾਂ ਨਾਲ ਬਿਲਕੁਲ ਅਸਹਿਮਤ ਹਾਂ। ਢਾਹਾਂ ਅਵਾਰਡ ਪੰਜਾਬੀ ਸਾਹਿਤ ਵਿੱਚ ਅਹਿਮ ਘਟਨਾ ਹੈ। ਇਸ ਦੀ ਹਿਮਾਇਤ ਕਰਨਾ, ਇਸ ਨੂੰ ਚਲਦੇ ਰੱਖਣ ਵਿੱਚ ਮੱਦਦ ਕਰਨਾ ਹਰ ਲੇਖਕ ਦਾ ਫਰਜ਼ ਹੈ।

ਅਸੀਂ ਵਾਪਸ ਆਪਣੇ ਵਿਸ਼ੇਸ਼ ਅੰਕ ਵੱਲ ਆਈਏ, ਅਸੀਂ ਆਪਣੇ ਇਸ ਵਿਸ਼ੇਸ਼ ਅੰਕ ਵਿੱਚ ਨਵੇਂ ਆਲੋਚਕਾਂ ਨੂੰ ਵੀ ਢੁਕਵੀਂ ਥਾਂ ਦੇਵਾਂਗੇ ਤੇ ਅਣਗੌਲ਼ੀਆਂ ਜਾ ਰਹੀਆਂ ਰਚਨਾਵਾਂ ਨੂੰ ਵੀ ਪਾਠਕਾਂ ਦੇ ਸਨਮੁੱਖ ਕਰਾਂਗੇ।

ਅਸੀਂ ਕਿਸਾਨਾਂ ਦੇ ਦਰਦ ਨੂੰ ਮਹਿਸੂਸ ਕਰਦੇ ਹਾਂ ਤੇ ਉਨ੍ਹਾਂ ਨਾਲ ਖੜ੍ਹੇ ਹਾਂ।



# ਨੂਰੀ : ਹਾਸ਼ੀਅਗਤ ਸਮੂਹਾਂ ਦੀ ਪੇਸ਼ਕਾਰੀ/ਪ੍ਰੋ. ਪਰਗਟ ਸਿੰਘ ਬਰਾੜ

ਹਾਸ਼ੀਆਗਤ ਸ਼ਬਦ ਤੋਂ ਭਾਵ ਹੈ, ਕੇਂਦਰ ਤੋਂ ਪਰੇ। ਜੋ ਵਰਗ ਸੱਤ੍ਹਾ ਦੇ ਕੇਂਦਰੀ ਧੁਰੇ ਤੋਂ ਬਾਹਰ ਸਮਾਜਕ ਹੋਂਦ ਤਹਿਤ ਵਿਚਰਨ ਲਈ ਵੀ ਸੰਘਰਸ਼ ਕਰ ਰਹੇ ਹਨ ਜਾਂ ਅਜੇ ਆਪਣੇ ਸਮਾਜਕ ਵਜੂਦ ਪ੍ਰਾਪਤੀ ਲਈ ਸੰਘਰਸ਼ ਦੇ ਪਿੜ ਤੋਂ ਪਿਛਾਂਹ ਹੀ ਖੜ੍ਹੇ ਹਨ, ਹਾਸ਼ੀਆਗਤ ਸਮੂਹ ਅਖਵਾਉਂਦੇ ਹਨ। ਸਮਾਜਕ ਅਤੇ ਆਰਥਿਕ ਖੇਤਰ ਦੇ ਨਾਲ-ਨਾਲ ਵਰਗ ਸਥਿਤੀ ਕਾਰਨ ਹਾਸ਼ੀਆਕ੍ਰਿਤ ਸਮੂਹਾਂ ਨੂੰ ਮਾਨਸਿਕ, ਭਾਵਨਾਤਮਕ ਅਤੇ ਰਾਜਨੀਤਕ ਖੇਤਰ ਵਿਚ ਵੀ ਤਰਾਸਦਿਕ ਹਾਲਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਹਾਸ਼ੀਆਗਤ ਸਮੂਹਾਂ ਵਿਚ ਕਿਹੜੇ-ਕਿਹੜੇ ਵਰਗਾਂ ਨੂੰ ਵਿਚਾਰਿਆ ਜਾ ਸਕਦਾ ਹੈ ਜਾਂ ਵਿਚਾਰਿਆ ਜਾਣਾ ਚਾਹੀਦਾ ਹੈ ? ਇਹ ਵੀ ਆਪਣੀ ਥਾਂਵੇਂ ਮਹੱਤਵਪੂਰਨ ਸਵਾਲ ਹੈ। ਹਾਸ਼ੀਆਗਤ ਸ਼ਬਦ ਦਾ ਅਰਥਗਤ ਘੇਰਾ ਸਿਰਫ਼ ਦਲਿਤ ਤਕ ਸੀਮਤ ਕਰ ਦੇਣਾ ਸ਼ਾਬਦਿਕ ਘੇਰੇ ਨੂੰ ਵਿਸ਼ਾਲਤਾ ਦੀ ਥਾਂ ਸੰਕੀਰਨਤਾ ਪ੍ਰਦਾਨ ਕਰਦਾ ਹੋਇਆ, ਨਿਆਂ ਯੋਗ ਨਹੀਂ ਲੱਗਦਾ ਅਤੇ ਸਮਾਜ ਦੇ ਗੁੰਝਲਦਾਰ ਤਾਣੇ ਵਿਚੋਂ ਜਮਾਤੀ ਪਾੜੇ ਨੂੰ ਨਕਾਰਨਾ ਜਾਪਦਾ ਹੈ। ਕਿਸੇ ਵਰਗ ਨੂੰ ਹਾਸ਼ੀਆਗਤ ਗਰਦਾਨਤ ਹਿਤ ਸਮਾਜਕ, ਆਰਥਿਕ ਅਤੇ ਸਭਿਆਚਾਰਕ ਸਥਿਤੀਆਂ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਹਾਸ਼ੀਆਗਤ ਸਮੂਹ ਸ਼ਬਦ ਦੇ ਅੰਤਰਗਤ ਸਮਕਾਲ ਵਿਚ ਨਾਰੀ, ਨਿਮਨ ਕਿਸਾਨੀ, ਦਲਿਤ, ਪੱਛੜੇ ਕਬੀਲੇ, ਤੀਜਾ ਲਿੰਗ ਵਰਗ ਤੇ ਗੈਰ-ਕੁਦਰਤੀ ਵਿਵਹਾਰ ਵਾਲੇ ਮਨੁੱਖੀ ਵਰਗ ਆਦਿ ਨੂੰ ਵਿਚਾਰਿਆ ਜਾ ਸਕਦਾ ਹੈ।

ਹਾਸ਼ੀਆਗਤ ਵਰਗਾਂ ਦੇ ਵਸਤੂ ਯਥਾਰਥ ਦੀ ਪੇਸ਼ਕਾਰੀ ਅਤੇ ਚੇਤਨਾ ਦਾ ਰੂਪਾਂਤਰਨ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਵਿਚ ਕੀਤਾ ਜਾ ਰਿਹਾ ਹੈ। ਸਾਹਿਤ ਰੂਪਾਂ ਵਿਚੋਂ ਕਵਿਤਾ ਅਤੇ ਕਹਾਣੀ ਪ੍ਰਮੁੱਖ ਰੂਪ ਵਿਚ ਹਾਸ਼ੀਆਗਤ ਸਮੂਹਾਂ ਦੀ ਸਮਾਜਕ, ਆਰਥਿਕ, ਰਾਜਨੀਤਕ, ਮਾਨਸਿਕ ਅਤੇ ਸਭਿਆਚਾਰਕ ਸਥਿਤੀ ਨੂੰ ਅਗਰਭੂਮੀ ਵਿਚ ਲਿਆਉਣ ਲਈ ਸਕਿਰਿਆਸ਼ੀਲ ਭੂਮਿਕਾ ਨਿਭਾ ਰਹੀ ਹੈ। ਵਾਰਤਕ ਤੇ ਨਾਵਲ ਵਿਚ ਹਾਸ਼ੀਆਗਤ ਸਮੂਹਾਂ ਦੇ ਵਸਤੂ ਯਥਾਰਥ ਦੀ ਜੋ ਪੇਸ਼ਕਾਰੀ ਹੋਈ ਮਿਲਦੀ ਹੈ, ਉਹ ਵਸਤੂ ਦੇ ਯਥਾਰਥ ਤੋਂ ਪਰੇ ਅਤੇ ਵਾਸਤਵਿਕਤਾ ਤੋਂ ਥਿੜਕੀ ਹੋਈ ਪੇਤਲੇ ਰੂਪ ਵਿਚ ਹੈ। ਇਹ ਕਿਸੇ ਓਪਰੇ ਸਮਾਜ ਦੇ ਬਿਰਤਾਂਤ ਰਾਹੀਂ ਮਾਤਰ ਸੰਕੇਤਕ ਸਰੂਪ ਦੀ ਪ੍ਰਤੀਤੀ ਕਰਵਾਉਂਦੀ ਹੈ। ਪੰਜਾਬੀ ਸਾਹਿਤ ਵਿਚ ਹਾਸ਼ੀਆਗਤ ਵਰਗਾਂ ਦੀ ਪੇਸ਼ਕਾਰੀ ਕਰਨ ਵਾਲੇ ਲੇਖਕਾਂ ਦੀ ਗੱਲ ਕਰੀਏ ਤਾਂ ਮਨਮੋਹਨ ਬਾਵਾ, ਕਿਰਪਾਲ ਕਜ਼ਾਕ, ਅਤਰਜੀਤ, ਲਾਲ ਸਿੰਘ ਦਿਲ, ਸੰਤ ਰਾਮ ਉਦਾਸੀ, ਭਗਵੰਤ ਰਸੂਲਪੁਰੀ, ਦੇਸ ਰਾਜ ਕਾਲੀ, ਮੋਹਨ ਤਿਆਗੀ, ਮਦਨਵੀਰਾ, ਗੁਰਮੀਤ ਕੜਿਆਲਵੀ ਤੇ ਗੁਰਮੀਤ ਕੱਲਰਮਾਜ਼ਰੀ ਆਦਿ ਗੌਲਣਯੋਗ ਹਸਤਾਖਰ ਹਨ। ਪੰਜਾਬੀ ਕਹਾਣੀ ਦੇ ਖੇਤਰ ਵਿਚ ਹਾਸ਼ੀਆਗਤ ਸਮੂਹਾਂ ਦੀ ਦਸ਼ਾ ਤੇ ਦਿਸ਼ਾ ਨੂੰ ਪੇਸ਼ ਕਰਨ ਵਾਲੇ ਕਹਾਣੀਕਾਰਾਂ ਵਿਚ ਕਿਰਪਾਲ ਕਜ਼ਾਕ, ਅਤਰਜੀਤ, ਭਗਵੰਤ ਰਸੂਲਪੁਰੀ, ਤੇ ਗੁਰਮੀਤ ਕੜਿਆਲਵੀ ਆਦਿ ਨਾਂ ਉਭਰਵੇਂ ਰੂਪ ਵਿਚ ਸਾਹਵੇਂ ਆਉਂਦੇ ਹਨ। ਇਹਨਾਂ ਤੋਂ ਇਲਾਵਾ ਅਜੋਕੇ ਸਮੇਂ ਵਿਚ ਅਨੇਮਨ ਸਿੰਘ ਇਕ ਅਜਿਹਾ ਕਹਾਣੀਕਾਰ ਹੈ ਜੋ ਹਾਸ਼ੀਆਗਤ ਸਮੂਹਾਂ ਦੇ ਵਸਤੂ ਯਥਾਰਥ ਦੀ ਪੇਸ਼ਕਾਰੀ ਵਧੇਰੇ ਯਥਾਰਥਕਤਾ ਤੇ ਪ੍ਰਤੀਬੱਧਤਾ ਨਾਲ ਕਰ ਰਿਹਾ ਹੈ। ਅਨੇਮਨ ਦਾ ਪਹਿਲਾ ਕਹਾਣੀ ਸੰਗ੍ਰਹਿ 'ਗਲੀ ਨੰਬਰ ਕੋਈ ਨਹੀਂ' 2007

ਵਿਚ ਛਪਿਆ। ਉਸ ਦਾ ਦੂਜਾ ਕਹਾਣੀ ਸੰਗ੍ਰਹਿ 'ਨੂਰੀ' ਲਗਪਗ 12 ਸਾਲਾਂ ਬਾਅਦ ਛਪਦਾ ਹੈ ਪਰ ਇਸ ਵਕਫ਼ੇ ਦੌਰਾਨ ਉਹ ਨਿਰੰਤਰ ਸਾਹਿਤਕ ਪਤ੍ਰਿਕਾਵਾਂ, ਰਸਾਲਿਆਂ ਅਤੇ ਅਖਬਾਰਾਂ ਵਿਚ ਛਪਦਾ ਰਿਹਾ ਹੈ। ਅਨੇਮਨ ਆਪਣੇ ਪਹਿਲੇ ਕਹਾਣੀ ਸੰਗ੍ਰਹਿ ਵਿਚ ਅਜਿਹੇ ਵਿਸ਼ਿਆਂ ਨੂੰ ਆਪਣੀ ਕਲਮ ਰਾਹੀਂ ਉਭਾਰਦਾ ਹੈ, ਜਿਹਨਾਂ ਬਾਰੇ ਪੰਜਾਬੀ ਕਹਾਣੀ ਦੇ ਖੇਤਰ ਵਿਚ ਇੱਕਾ-ਦੁੱਕਾ ਰਚਨਾਵਾਂ ਤੋਂ ਛੁੱਟ ਬਹੁਤਾ ਨਹੀਂ ਲਿਖਿਆ ਗਿਆ। ਸਥਾਪਿਤ ਸਮਕਾਲੀ ਕਹਾਣੀਕਾਰਾਂ ਨੇ ਅਜਿਹੇ ਵਿਬਿਆਂ ਤੇ ਮਸਲਿਆਂ ਨੂੰ ਅਣ-ਗੌਲਿਆ ਹੀ ਕੀਤਾ। ਦਰਅਸਲ ਕਿਸੇ ਵੀ ਸਮੇਂ ਦੇ ਸਾਹਿਤ (ਗਲਪ) ਵਿਚ ਵਿਸ਼ਾ ਤੇ ਵਿਚਾਰਧਾਰਾ ਸਹਿਜ ਰੂਪ ਵਿਚ ਹੀ ਉਗਮਦੇ, ਵਿਕਸਦੇ ਤੇ ਵਿਚਰਦੇ ਹਨ। ਇਸ ਸੰਦਰਭ ਵਿਚ ਪ੍ਰੋ. ਕਿਸ਼ਨ ਸਿੰਘ ਦੀ ਟਿੱਪਣੀ ਕਾਬਲ-ਏ-ਗੌਰ ਹੈ :

**''ਦਲਿਤ ਸ਼੍ਰੇਣੀਆਂ ਦਾ ਚੁੱਕਣਾ ਜਾਂ ਸੰਵਾਰਨਾ ਕਿਸੇ ਲੀਡਰ ਜਾਂ ਸਾਹਿਤਕਾਰ ਦੀ ਮਨਮਰਜ਼ੀ 'ਤੇ ਮੁਨੱਸਰ ਨਹੀਂ ਹੁੰਦਾ। ਜਮਾਤ ਉਹ ਹੀ ਚੁਕੀ ਜਾਂਦੀ ਹੈ, ਜਿਸਨੂੰ ਜ਼ਿੰਦਗੀ ਦੀ ਡਾਇਲੈਕਟਿਕਸ ਚੁਕੇ। . . . . . ਸਿਆਸੀ ਲੀਡਰ ਜਾਂ ਸਾਹਿਤਕਾਰ ਉਠ ਰਹੀ ਰੌਂ ਨੂੰ ਤੇਜ਼ ਕਰਦਾ ਹੈ, ਉਸ ਦੀ ਉਸਾਰੀ ਵਿਚ ਸਹਾਈ ਹੁੰਦਾ ਹੈ। ਉਸ ਵਿਚ ਅਜਾਫ਼ਾ ਕਰਦਾ ਹੈ, ਉਸ ਨੂੰ ਜਨਮ ਨਹੀਂ ਦੇਂਦਾ। ਜਨਮ ਜ਼ਿੰਦਗੀ ਦੀ ਤੋਰ ਦੇਂਦੀ ਹੈ। . . . . . . . ਸਾਹਿਤਕਾਰ ਬਤੌਰ ਸਾਹਿਤਕਾਰ, ਜਾਤੀਆਂ ਨੂੰ ਚੁਕਣ ਦੀ ਠਾਣ ਕੇ ਆਪਣਾ ਕਰਤੱਵ ਨਹੀਂ ਕਰਦਾ। ਉਸਦਾ ਕੰਮ ਹੈ ਸਮਕਾਲੀ ਮਨੁੱਖੀ ਸ਼ਖਸੀਅਤ, ਮਨੁੱਖੀ ਰਿਸ਼ਤਿਆਂ ਤੇ ਜ਼ਿੰਦਗੀ ਦੀ ਤੋਰ ਨੂੰ ਚਿਤਰਨਾ। ਇਸ ਚਿਤਰ ਵਿਚ ਵਫ਼ਾਦਾਰੀ ਨਾਲ ਇਨਸਾਨੀਅਤ ਦੀਆਂ ਕੀਮਤਾਂ ਪੇਸ਼ ਕਰਕੇ ਸਾਹਿਤਕਾਰ ਦਲਿਤ ਜਾਤੀਆਂ ਦੇ ਚੁਕਣ ਦੇ ਰਾਹ ਵਲ ਇਸ਼ਾਰਾ ਕਰ ਦੇਂਦਾ ਹੈ। . . . . . . ਸਾਹਿਤ ਦਾ ਮਨੋਰਥ ਬਤੌਰ ਸਾਹਿਤ ਦਬੀਆਂ ਜਾਤੀਆਂ ਦੀ ਨਿਜ਼ਾਤ ਨਹੀਂ। ਸਾਹਿਤ ਦਾ ਫਰਜ਼ ਜ਼ਿੰਦਗੀ ਦੀ ਤੋਰ ਤੇ ਉਸ ਦੇ ਨਤੀਜੇ ਪੇਸ਼ ਕਰਨਾ ਹੈ। ਸੰਵਾਰਨ ਦਾ ਕੰਮ ਜ਼ਿੰਦਗੀ ਦੇ ਜਿਸ ਪੱਖ ਨੂੰ ਉਹ ਪੇਸ਼ ਕਰ ਰਿਹਾ ਹੁੰਦਾ ਹੈ, ਉਸ ਦੇ ਵਿਚ ਹੀ ਹੋ ਜਾਂਦਾ ਹੈ।''**1

ਪ੍ਰੋ. ਕਿਸ਼ਨ ਸਿੰਘ ਆਪਣੀ ਉਪਰੋਕਤਲੀ ਟਿੱਪਣੀ ਨੂੰ 'ਸ਼ੈਕਸਪੀਅਰ' ਦੇ ਹਵਾਲੇ ਨਾਲ ਪ੍ਰੋੜਤਾ ਪ੍ਰਦਾਨ ਕਰਦਾ ਹੈ। ਨਮੂਨਾ ਵੇਖੋ :

**''ਸ਼ੈਕਸਪੀਅਰ ਦੀ ਰਚਨਾ ਹਰ ਮਾਪ ਨਾਲ ਮਹਾਨ ਹੈ ਪਰ ਉਸ ਵਿਚ ਕਿਤੇ ਦਲਿਤ ਜਾਤੀਆਂ ਨੂੰ ਸੰਵਾਰਨ ਜਾਂ ਚੁਕਣ ਦਾ ਜ਼ਿਕਰ ਤਕ ਨਹੀਂ ਹੈ। ਮਿਸਾਲ ਦੇ ਤੌਰ 'ਤੇ, ਜੂਲੀਅਸ ਸੀਜ਼ਰ ਵਿਚ ਆਮ ਜਨਤਾ ਹਜੂਮ ਦੀ ਸ਼ਕਲ ਵਿਚ ਦਿਖਾਈ ਗਈ ਹੈ। . . . . . . .ਜਦੋਂ ਉਸ ਵਿਚ ਜਮਾਤੀ ਚੇਤਨਤਾ ਤੇ ਜਮਾਤੀ ਜਥੇਬੰਦੀ ਨਾ ਹੋਵੇ ਅਤੇ ਜੈਸੀ ਕਿ ਵੁਸ ਜਮਾਨੇ ਵਿਚ ਸੀ। ਇਸ ਤੋਂ ਉਪਰੰਤ ਜਦੋਂ ਵੀ ਸ਼ੈਕਸਪੀਅਰ ਦਲਿਤ ਜਾਤੀਆਂ ਜਾਂ ਆਮ ਲੋਕਾਂ ਨੂੰ ਨਾਟਕਾਂ ਵਿਚ ਲਿਆਉਂਦਾ ਹੈ, ਉਨ੍ਹਾਂ ਤੋਂ ਠੱਠੇ ਮਖੌਲ ਦਾ ਹੀ ਕੰਮ ਲੈਂਦਾ ਹੈ। ਸਮਾਜ ਦੇ ਕਿਸੇ ਬੁਨਿਆਦੀ ਮਸਲਿਆਂ ਨਾਲ ਜੁਟੇ ਹੀਰੋ ਉਹਨਾਂ ਨੂੰ ਉਹ ਕਦੇ ਨਹੀਂ ਵਿਖਾਉਂਦਾ, ਕਿਉਂਕਿ ਉਸ ਵਕਤ ਆਮ ਲੋਕ ਇਸ ਪੁਜ਼ੀਸ਼ਨ ਵਿਚ ਸਨ ਹੀ ਨਹੀਂ। ਫਿਰ ਵੀ ਸ਼ੈਕਸਪੀਅਰ ਮਹਾਨ ਮਾਨਵਵਾਦੀ ਸਾਹਿਤਕਾਰ ਹੈ।''**2

ਹਾਸ਼ੀਆਗਤ ਸ਼ਬਦ ਦੇ ਉਪਰ ਦਿੱਤੇ ਅਰਥਗਤ ਘੇਰੇ ਅਨੁਸਾਰ, ਅਨੇਮਨ ਸਿੰਘ ਦੇ ਕਹਾਣੀ ਸੰਗ੍ਰਹਿ 'ਨੂਰੀ' ਦਾ ਮੁਤਾਲਿਆ ਕਰੀਏ ਤਾਂ ਹਾਸ਼ੀਆਗਤ ਸਮੂਹਾਂ ਦੀ ਵਸਤੂ ਸਥਿਤੀ ਨੂੰ ਯਥਾਰਥੀ ਧਰਾਤਲ 'ਤੇ ਪੇਸ਼ ਕੀਤਾ ਗਿਆ ਹੈ। 'ਨੂਰੀ' ਕਹਾਣੀ ਸੰਗ੍ਰਹਿ ਵਿਚ ਕੁਲ 8 ਕਹਾਣੀਆਂ ਸ਼ਾਮਲ ਹਨ। ਹਰ ਇਕ ਕਹਾਣੀ ਆਪਣੇ-ਆਪ ਵਿਚ ਸਮਕਾਲੀ ਕਹਾਣੀ ਸਿਰਜਣਧਾਰਾ ਤੋਂ



ਵੱਖਰੇ ਅਤੇ ਨਵੇਂ ਵਿਸ਼ਿਆਂ ਦੀ ਪ੍ਰਤੀਤੀ ਕਰਵਾਉਂਦੀ ਹੈ। ਅਸੀਂ ਇਸ ਖੋਜ ਪੱਤਰ ਨੂੰ ਕਹਾਣੀ ਸੰਗ੍ਰਹਿ ਦੀਆਂ ਚੋਣਵੀਆਂ ਕਹਾਣੀਆਂ (ਨੂਰੀ, ਬੁਝਾਰਤ, ਪਿਲ ਟਕਾ, ਅਜੇ ਆਪਾਂ ਐਨੇ ਨਹੀਂ ਮਾੜੇ, ਅੱਕ ਦਾ ਸੁਆਦ ਤੇ ਵੇਲ੍ਹ) ਦੇ ਸੰਦਰਭ ਵਿਚ ਉਸਾਰਨ ਤੇ ਉਲੀਕਣ ਦਾ ਯਤਨ ਕਰਾਂਗੇ।

ਅਨੇਮਨ ਸਿੰਘ ਦਾ ਕਹਾਣੀ ਸੰਗ੍ਰਹਿ 'ਨੂਰੀ' ਵਾਚਣ ਤੋਂ ਅਹਿਸਾਸ ਹੁੰਦਾ ਹੈ ਕਿ ਕਹਾਣੀਕਾਰ ਪ੍ਰੋ. ਕਿਸ਼ਨ ਸਿੰਘ ਦੀ ਟਿੱਪਣੀ ਨੂੰ ਸਾਰਥਿਕਤਾ ਪ੍ਰਦਾਨ ਕਰਦਾ ਹੋਇਆ ਜ਼ਿੰਦਗੀ ਦੀ ਤੋਰ ਨੂੰ ਕਹਾਣੀ ਵਿਚ ਚਿਤਰਨ ਵਲ ਅਗਰਸਰ ਹੈ। ਕਹਾਣੀਕਾਰ ਆਪਣੇ ਇਸ ਕਹਾਣੀ ਸੰਗ੍ਰਹਿ ਵਿਚ ਹਾਸ਼ੀਆਗਤ ਵਰਗਾਂ (ਨਾਰੀ, ਨਿਮਨ ਕਿਸਾਨੀ, ਤੀਜੇ ਲਿੰਗ ਤੇ ਅਧੂਰੇ ਮਨੁੱਖ) ਦੀ ਮਾਨਸਿਕਤਾ ਨੂੰ ਬੜੀ ਮਾਹੀਨਤਾ ਨਾਲ ਚਿਤਰਦਾ ਹੈ। ਇਸ ਕਥਨ ਦੀ ਪ੍ਰੋੜਤਾ ਲਈ ਸਥਾਪਿਤ ਪੰਜਾਬੀ ਕਹਾਣੀਕਾਰ ਪ੍ਰੇਮ ਪ੍ਰਕਾਸ਼ ਦੀ ਟਿੱਪਣੀ ਨੂੰ ਵਾਚਿਆ ਜਾ ਸਕਦਾ ਹੈ :

**''ਬਹੁਤ ਵਰ੍ਹੇ ਪਹਿਲਾਂ ਜਦ ਮੈਂ ਲਕੀਰ 'ਚ ਅਨੇਮਨ ਦੀ ਕਹਾਣੀ ਗਲੀ ਨੰਬਰ ਕੋਈ ਨਹੀਂ ਛਾਪੀ ਸੀ ਤਾਂ ਮੈਂ ਹੈਰਾਨ ਏਸ ਗੱਲ 'ਤੇ ਹੋਇਆ ਸੀ ਕਿ ਇਹ ਕਿਹੜੇ ਕਬੀਲੇ ਦੇ ਲੋਕਾਂ ਦੀ ਕਹਾਣੀ ਏ ? ਇਹ ਲੇਖਕ ਕੌਣ ਏ, ਜਿਹੜਾ ਸਮਾਜ ਤੋਂ ਪਰੇ ਸੁੱਟੇ ਏਸ ਕਬੀਲੇ ਦੇ ਲੋਕਾਂ ਨੂੰ ਅੰਦਰ ਤਕ ਜਾਣਦਾ, ਸਮਝਦਾ ਤੇ ਫੇਰ ਏਨੀ ਕਲਾਕਾਰੀ ਨਾਲ ਕਹਾਣੀ ਲਿਖ ਰਿਹਾ ਏ। ਤੇ ਹੁਣ ਉਹਦੀ ਨਵੀਂ ਕਿਤਾਬ ਦੀ ਇਕ ਪਹਿਲੀ ਕਹਾਣੀ ਨੂਰੀ ਪੜ੍ਹ ਕੇ ਵੀ ਮੈਂਨੂੰ ਓਸੇ ਤਰ੍ਹਾਂ ਦੀ ਹੈਰਾਨੀ ਹੋਈ ਏ। ਜੀਹਦੇ ਵਿਚ ਆਮ ਸਧਾਰਣ ਜਿਹੇ ਢੰਗ ਨਾਲ ਬਿਆਨ ਕਰਦਾ ਤੁਰਿਆ ਜਾਂਦਾ ਏ, ਪਰ ਉਹ ਗੱਲਾਂ ਕਹਾਣੀ ਬੁਣਦੀਆਂ ਹੋਈਆਂ ਖ਼ਾਸ ਬਣਦੀਆਂ ਜਾਂਦੀਆਂ ਨੇ। . . . . . . . .ਅਨੇਮਨ ਕਿਸੇ ਸਿਆਸੀ ਜਾਂ ਸਮਾਜੀ ਵਿਚਾਰਧਾਰਾ ਦੇ ਨਾਲ ਨਹੀਂ ਚੱਲਦਾ। ਉਹ ਤਾਂ ਵਿਚਾਰਧਾਰਾ ਤੋਂ ਮੁਕਤ ਹੋ ਕੇ ਜੀਵਨ ਦੇ ਧੁਰ ਅੰਦਰ ਲੁਕੇ ਸੱਚ ਨੂੰ ਸਾਹਮਣੇ ਲਿਆਉਂਦਾ ਏ। ਇਹ ਕੰਮ ਕਰਨ ਦਾ ਉਹਦਾ ਆਪਣਾ ਈ ਢੰਗ ਏ।''**3

ਇਸ ਕਹਾਣੀ ਸੰਗ੍ਰਹਿ ਵਿਚ 'ਨੂਰੀ' ਪਹਿਲੀ ਕਹਾਣੀ ਹੈ। ਕਹਾਣੀ ਉੱਤਮ ਪੁਰਖੀ ਸ਼ੈਲੀ ਵਿਚ ਰਹੱਸਾਤਮਕ ਢੰਗ ਨਾਲ ਇਕ ਪਹੇਲੀ ਵਾਂਗ ਆਰੰਭ ਹੁੰਦੀ ਹੈ। ਬਿਰਤਾਂਤਕਾਰ ਜੀਤਾ ਹੌਲੀ-ਹੌਲੀ ਸਾਰੀ ਪਹੇਲੀ ਨੰ ਸਝਾਉਂਦਾ-ਸਪੱਸ਼ਟ ਕਰਦਾ ਜਾਂਦਾ ਹੈ। ਇਹ ਕਹਾਣੀ ਸਮਾਜ ਵਿਚਲੇ ਤੀਜੇ ਲਿੰਗ ਵਾਲੇ ਕਬੀਲੇ (ਕਿੰਨਰ) ਨਾਲ ਸਬੰਧਿਤ ਹੈ। ਪਾਸ਼ੀ ਇਕ ਨਿਧੜਕ ਤੇ ਸੰਕੀਰਨਤਾ ਭਰਪੂਰ ਸੋਚ ਵਾਲੀ ਆਪਣੇ ਟੋਲੇ ਦੀ ਪ੍ਰਧਾਨ (ਅੰਮਾ) ਹੈ। ਉਹ ਪੂਰੇ ਮਰਦ ਤੇ ਪੂਰੀ ਔਰਤ ਦੋਨਾ ਧਿਰਾਂ ਨਾਲ ਆਪਣੀ ਅਪੰਗਤਾ ਤੇ ਅਧੂਰੇਪਣ ਕਾਰਨ ਈਰਖਾ ਕਰਦੀ ਹੈ। ਇਸੇ ਈਰਖਾ ਵਸ ਉਹ ਰਾਜੀ ਦੀ ਪੂਰਨਤਾ ਨੂੰ ਅਧੂਰੇਪਣ 'ਚ ਤਬਦੀਲ ਕਰਨ ਲਈ ਮਰਦਾਵੇਂ ਅੰਗ (ਲਿੰਗ) ਦੀ ਬੜੀ ਬੇਕਿਰਕੀ ਨਾਲ ਅਤੇ ਸਮਾਜਕ ਮੁੱਲਾਂ ਦੇ ਉਲਟ ਜਾ ਕੇ ਬਲੀ ਲੈਂਦੀ ਹੈ। ਵਾਸਤਵ ਵਿਚ ਉਹ ਰਾਜੀ ਦਾ ਸ਼ੋਸ਼ਣ ਕਰਦੀ ਹੈ ਅਤੇ ਇਸ ਤਰੀਕੇ ਉਹ ਨਾਲ ਸਮਾਜ ਦੁਆਰਾ (ਪੂਰਨ ਮਰਦ ਤੇ ਪੂਰਨ ਔਰਤ ਵਰਗ) ਕੀਤੇ ਜਾਂਦੇ ਗੈਰ-ਮਾਨਵੀ ਸਲੂਕ ਦੇ ਬਦਲੇ ਦੇ ਰੂਪ ਵਿਚ ਕਾਰਜ ਕਰਦੀ ਹੈ। ਕਿਉਂਕਿ ਰਾਜੀ ਆਰਥਿਕ ਪੱਖ ਤੋਂ ਪਾਸ਼ੀ 'ਤੇ ਨਿਰਭਰ ਹੈ। ਇਸੇ ਆਰਥਿਕ ਪਰ-ਨਿਰਭਰਤਾ ਕਾਰਨ ਰਾਜੀ ਬੁਰਜੂਆ ਜਮਾਤੀ ਸਥਿਤੀ ਵਿਚ ਵਿਚਰਦਾ ਹੋਇਆ, ਹਾਸ਼ੀਆਗਤ ਸਮੂਹ ਅੰਦਰਲੀ ਕੁਲੀਨ ਜਮਾਤ (ਪਾਸ਼ੀ ਅੰਮਾ) ਦੇ ਸ਼ੋਸ਼ਣ ਦਾ ਸ਼ਿਕਾਰ ਹੁੰਦਾ ਹੈ।

'ਨੂਰੀ' ਵਿਚ ਨੂਰੀ, ਪਾਸ਼ੀ ਦੀ ਮੌਤ ਤੋਂ ਬਾਅਦ ਉਸ ਦੇ ਟੋਲੇ ਦੀ ਪ੍ਰਧਾਨ ਬਣਦੀ ਹੈ। ਉਹ ਪਾਸ਼ੀ ਦੀਆਂ ਸਮਾਜਕ, ਸਭਿਆਚਾਰਕ ਤੇ ਆਰਥਿਕ ਜ਼ਿੰਮੇਵਾਰੀਆਂ ਸੰਭਾਲਦੀ ਹੈ। ਪਰ

ਉਹ ਮਾਨਸਿਕ ਤੇ ਭਾਵਨਾਤਮਕ ਪੱਖ ਤੋਂ ਪਾਸ਼ੀ ਤੋਂ ਬਿਲਕੁਲ ਉਲਟ ਵਿਵਹਾਰ ਕਰਦੀ ਹੈ। ਉਹ ਜੀਤੇ ਨਾਲ ਪਿਆਰ ਸਬੰਧ ਸਿਰਜਦੀ ਹੈ ਅਤੇ ਆਪਣੇ ਪਿਆਰ ਨੂੰ ਸਾਰਥਿਕਤਾ ਪ੍ਰਦਾਨ ਕਰਦੀ ਉਸ (ਜੀਤੇ) ਨੂੰ ਸਮਾਜਕ ਸੰਸਥਾ (ਵਿਆਹ) ਦਾ ਹਿੱਸਾ ਵੀ ਬਣਾਉਂਦੀ ਹੈ। ਇਸ ਕਾਰਜ ਨਾਲ ਨੂਰੀ ਅਪ੍ਰਤੱਖ ਰੂਪ ਵਿਚ ਆਪਣਾ ਪਰਿਵਾਰ ਕਲਪਦੀ ਅਤੇ ਸਿਰਜਦੀ ਪ੍ਰਤੀਤ ਹੁੰਦੀ ਹੈ। ਉਸ ਦਾ ਸਮਾਜ ਪ੍ਰਤੀ ਵਿਵਹਾਰ ਈਰਖਾ ਦੀ ਬਜਾਇ ਪਿਆਰ ਭਰਪੂਰ ਹੈ। ਮਾਨਵੀ ਪਿਆਰ ਤੇ ਸਮਾਜਕ ਮੁੱਲਾਂ ਵਾਲੇ ਵਿਵਹਾਰ ਕਾਰਨ ਹੀ ਨੂਰੀ ਸਮਾਜ ਵਿਚ ਵਧੇਰੇ ਪ੍ਰਵਾਣਯੋਗ ਸਥਿਤੀ ਹਾਸਿਲ ਕਰਦੀ ਹੈ। ਇਸ ਪ੍ਰਕਾਰ ਪਾਸ਼ੀ ਤੇ ਨੂਰੀ ਦੇ ਰਾਹੀਂ ਇਸ ਕਬੀਲੇ (ਕਿੰਨਰ) ਦਾ ਸਮਾਜ ਪ੍ਰਤੀ ਦ੍ਰਿਸ਼ਟੀਕੋਣ ਤੇ ਵਿਵਹਾਰ ਨੂੰ ਉਭਾਰਿਆ ਗਿਆ ਹੈ। ਪਾਸ਼ੀ ਦੀ ਨਾ ਪੱਖੀ ਤੇ ਨੂਰੀ ਦਾ ਹਾਂ ਪੱਖੀ ਸਮਾਜ ਪ੍ਰਤੀ ਨਜ਼ਰੀਆ ਵਾਸਤਵ ਵਿਚ ਕਿਸੇ ਕਬੀਲੇ ਦਾ ਸਮਾਜ ਨਾਲ ਸੰਵਾਦ ਅਤੇ ਪਹੁੰਚ ਨੂੰ ਰੂਪਮਾਨ ਕਰਦਾ ਹੈ।

'ਨੂਰੀ' ਕਹਾਣੀ ਵਿਚ ਦੂਜਾ ਪ੍ਰਮੁੱਖ ਮਸਲਾ ਸਰੀਰਕ ਸਬੰਧਾਂ ਅਤੇ ਮਨੋਵਿਗਿਆਨਕ ਲੋੜਾਂ ਦਾ ਪੇਸ਼ ਕੀਤਾ ਗਿਆ ਹੈ। ਸਰੀਰਕ ਸਬੰਧ ਅਸਲ ਵਿਚ ਦੁਜੈਲਾ ਸਥਾਨ ਰੱਖਦੇ ਹਨ। ਮਾਨਵੀ ਵਿਹਾਰ ਵਿਚ ਮਨੋਵਿਗਿਆਨਕ ਪੱਖ ਮੁੱਢਲਾ ਤੇ ਪ੍ਰਮੁੱਖ ਸਥਾਨ ਰੱਖਦਾ ਹੈ। ਇਹੀ ਕਾਰਨ ਹੈ ਕਿ ਚੰਦੋ, ਕਾਲੋ, ਨੂਰੀ ਆਦਿ ਪਾਤਰ ਸਰੀਰਕ ਪੱਖ ਤੋਂ ਅਧੂਰੇ ਹੋਣ ਦੇ ਬਾਵਜੂਦ ਕਾਮੁਕ ਵੇਗਾਂ ਵਿਚ ਵਹਿੰਦੇ ਹੋਏ, ਆਪਣੀ ਕਸਮੁਕ ਤ੍ਰਿਪਤੀ ਲਈ ਗੈਰ-ਕੁਦਰਤੀ ਸਬੰਧ ਬਣਾਉਣ ਦੀ ਸਥਿਤੀ ਤਕ ਪਹੁੰਚ ਜਾਂਦੇ ਹਨ। ਇਸ ਪ੍ਰਕਾਰ ਮਾਨਸਿਕ ਸਥਿਤੀ ਕਿਸੇ ਵੀ ਮਨੁੱਖ ਲਈ ਅਧੂਰੇਪਣ ਜਾਂ ਪੂਰੇ ਹੋਣ ਦੀਆਂ ਸਰੀਰਕ ਸੀਮਾਵਾਂ ਦੇ ਅਰਥਾਂ (ਘੇਰੇ) ਨੂੰ ਚਣੌਤੀ ਦਿੰਦੀ ਪ੍ਰਤੀਤ ਹੁੰਦੀ ਹੈ। ਨਮੂਨਾ ਵੇਖੋ :

**''ਨੂਰੀ ਵੀ ਮੇਰੇ ਨਾਲ ਸ਼ਰਾਰਤੀ ਹੋ ਗਈ ਸੀ। ਇਕ ਵਾਰ ਇੰਞ ਹੀ ਉਸਨੇ ਮੈਂਨੂੰ ਕਲਾਵੇ ਵਿਚ ਘੁੱਟ ਲਿਆ। ਮੈਂ ਉਸਨੂੰ ਪਾਗਲਾਂ ਵਾਂਗ ਚੁੰਮਣ ਲੱਗ ਪਿਆ ਸਾਂ। ਉਹ ਵੀ ਸਮੋਹਿਤ ਹੁੰਦੀ ਜਾ ਰਹੀ ਸੀ। ਮੈਂ ਕੁਝ ਹੋਰ ਅਗਾਂਹ ਵੱਧਣਾ ਚਾਹਿਆ ਤਾਂ ਉਸਨੇ ਮੇਰੇ ਹੱਥਾਂ ਨੂੰ ਫੜ ਕੇ ਰੋਕ ਲਿਆ, ਨਹੀਂ, ਜੀਤੇ . . . . .ਇਸ ਤੋਂ ਅੱਗੇ ਜੋ ਕੁਝ ਤੂੰ ਭਾਲਦਾ ਏਂ . . . . . ਉਹੋ ਜਿਹਾ ਇੱਥੇ ਕੁਝ ਨਹੀਂ. . . . . . . . ਬੰਜਰ ਧਰਤੀ ਐ ਬੰਜਰ. . . . . .ਤੈਂਨੂੰ ਕੁਝ ਹਾਸਲ ਨਹੀਂ ਹੋਵੇਗਾ ਇੱਥੋਂ। ਪਰ ਮੇਰੇ ਅੰਦਰ ਤਾਂ ਜਿਵੇਂ ਕੋਈ ਅਗਨੀ ਦਹਿਕ ਰਹੀ ਸੀ। ਉਹ ਸਾਂਤ ਹੋ ਕੇ ਹੀ ਹਟੀ। ਸਾਡੇ 'ਚ ਗੈਰ-ਕੁਦਰਤੀ ਸੰਬੰਧ ਸਥਾਪਤ ਹੋ ਗਏ ਸਨ।''**4

ਇਸੇ ਸਥਿਤੀ ਦੇ ਸੰਦਰਭ ਵਿਚ ਚੰਦੋ ਤੇ ਕਾਲੋ ਦੇ ਸੰਵਾਦ ਨੂੰ ਵੀ ਵਿਚਾਰਿਆ ਜਾ ਸਕਦਾ ਹੈ। ਨਮੂਨਾ ਵੇਖੋ :

**''ਕਾਲੋ ਤੇ ਚੰਦੋ ਵੀ ਉਦਾਸ ਸਨ, ਵੇ ਅੜਿਆ. . . . . . . ਤੇਰੇ ਨਾਲ ਇਕੋ ਸਾਂਝ ਬਣਾਈ ਸੀ, ਜਿਸ ਨਾਲ ਇਹ ਰੇਤਲੇ ਜਿਸਮ ਵੀ ਅੰਗਿਆਰ ਬਣ ਮੱਘ ਉੱਠਦੇ ਸਨ. . . . . . . . . ਹੁਣ ਸਾਡਾ ਕੀ ਬਣੂ ? . . . . . .ਸਾਡੇ ਮੰਜਿਆਂ ਦਾ ਤਾਂ ਨਿੱਘ ਹੀ ਖੋਹ ਲੈਣਾ ਏ ਇਸ ਕੁਲਹਿਣੀ ਪਾਸ਼ੀ ਨੇ।''**5

ਕਹਾਣੀ ਸੰਗ੍ਰਹਿ ਦੀ ਦੂਜੀ ਕਹਾਣੀ 'ਬੁਝਾਰਤ' ਬੇਟੇ ਦੀ ਲਾਲਸਾ ਕਾਰਨ ਬੇਟੀ ਦੇ ਪਾਲਣ-ਪੋਸ਼ਣ ਵਿਚ ਕੀਤੇ ਬਦਲਾਅ ਕਾਰਨ ਬਿਰਤਾਂਤਕਾਰ ਦੀ ਸਮਾਜ ਵਿਚ ਆਪਣੀ ਹੋਂਦ ਹੀ ਬੁਝਾਰਤ ਬਣ ਜਾਂਦੀ ਹੈ। ਇਹ ਕਹਾਣੀ ਉੱਤਮ ਪੁਰਖੀ ਸ਼ੈਲੀ ਵਿਚ ਲਿਖੀ ਗਈ ਹੈ। ਮੈਂ ਪਾਤਰ



(ਬਿਰਤਾਂਤਕਾਰ) ਦੀ ਜਿੰਦਗੀ ਬਚਪਨ ਤੋਂ ਜਵਾਨੀ ਤਕ ਇਕ ਤਰ੍ਹਾਂ ਦੀ ਪਹੇਲੀ ਬਣੀ ਰਹਿੰਦੀ ਹੈ ਜੋ ਕਥਾ ਦੇ ਅੰਤ ਵਿਚ ਪਾਠਕ 'ਤੇ ਜ਼ਾਹਿਰ ਹੁੰਦੀ ਹੈ। ਬਿਰਤਾਂਤਕਾਰ ਦਾ ਪਿਤਾ ਪੰਡਿਤ ਹੈ ਜੋ ਬੇਟੇ ਦੀ ਲਾਲਸਾ ਕਾਰਨ ਆਪਣੀ ਸਭ ਤੋਂ ਛੋਟੀ ਬੇਟੀ (ਬਿਰਤਾਂਤਕਾਰ) 'ਤੇ ਕਈ ਪ੍ਰਕਾਰ ਦੇ ਪ੍ਰਯੋਗ ਕਰਦਾ ਹੈ। ਉਹ ਮੰਤਰਾਂ, ਔਸ਼ਧੀਆਂ ਆਦਿ ਨਾਲ ਉਸ ਦਾ ਸਰੀਰਕ ਵਿਕਾਸ ਅਤੇ ਲਿੰਗੀ ਵਿਕਾਸ ਨੂੰ ਮਰਦਾਨਾ ਕਰਨ ਦਾ ਪੁਰਜ਼ੋਰ ਯਤਨ ਕਰਦਾ ਹੈ। ਉਹ ਬਚਪਨ ਤੋਂ ਹੀ ਬਿਰਤਾਂਤਕਾਰ ਨੂੰ ਮੁੰਡਿਆਂ ਵਾਂਗ ਰਹਿਣ-ਸਹਿਣ, ਪਹਿਨਣ ਤੇ ਬੋਲਣ ਲਈ ਤਾਕੀਦ ਕਰਦਾ ਹੈ। ਇਸ ਤਰ੍ਹਾਂ ਦੇ ਯਤਨਾਂ ਦੇ ਸਿੱਟੇ ਵਜੋਂ ਬਿਰਤਾਂਤਕਾਰ ਦੀ ਜਿੰਦਗੀ ਨਰਕ ਬਣ ਜਾਂਦੀ ਹੈ। ਉਸ ਦਾ ਮਾਨਸਿਕ ਪੱਖ ਤੋਂ ਮਰਦਾਨਾ ਵਿਕਾਸ ਹੋ ਜਾਂਦਾ ਹੈ ਜਿਸ ਕਾਰਨ ਉਸ ਦਾ ਸਰੀਰਕ ਵਿਕਾਸ ਨਾ ਤਾਂ ਪੂਰਾ ਮਰਦਾਨਾ ਹੁੰਦਾ ਹੈ ਤੇ ਨਾ ਹੀ ਪੂਰਾ ਜਨਾਨਾ। ਉਹ ਆਪਣੀ ਅਧੂਰੀ ਹੋਂਦ ਅਤੇ ਸਰੀਰਕ ਤੇ ਮਾਨਸਿਕ ਸਥਿਤੀਆਂ ਵਿਚ ਅਸੰਤੁਲਨ ਕਾਰਨ ਮਾਨਸਿਕ ਦੁੱਖ ਭੋਗਦੀ ਹੈ। ਮਾਨਸਿਕ ਪੜਤਾੜਨਾ ਦੀ ਸਿਖ਼ਰ ਰਾਬੀਆ ਦੇ ਕਾਮੁਕ ਵੇਗ ਦੇ ਵਹਾਅ ਦੌਰਾਨ, ਬਿਰਤਾਂਤਕਾਰ ਦੀ ਵਾਸਤਵਿਕਤਾ ਦਾ ਸਪੱਸ਼ਟ ਹੋਣ ਕਾਰਨ, ਰਾਬੀਆ ਦਾ ਆਤਮ ਹੱਤਿਆ ਕਰਨਾ, ਹੋ ਨਿਬੜਦਾ ਹੈ। ਹਾਲਾਂਕਿ ਰਾਬੀਆ ਦਾ ਕਾਮੁਕ ਅਸੰਤੁਸ਼ਟੀ ਕਾਰਨ ਖ਼ੁਦਕੁਸ਼ੀ ਕਰਨ ਜਿਹਾ ਕਾਰਜ ਕਰਨਾ ਯਥਾਰਥ ਤੋਂ ਥਿੜਕਿਆ ਪ੍ਰਤੀਤ ਹੁੰਦਾ ਹੈ। ਰਾਬੀਆ ਦੁਆਰਾ ਆਤਮ ਹੱਤਿਆ ਦਾ ਕਦਮ ਚੁੱਕਣਾ ਕਹਾਣੀਕਾਰ ਦਾ ਅਵਚੇਤਨੀ ਦਖਲ ਅਤੇ ਬਿਰਤਾਂਤਕਾਰ ਪ੍ਰਤੀ ਨਿੱਜੀ ਹਮਦਰਦੀ ਪ੍ਰਤੀਤ ਹੁੰਦਾ ਹੈ। ਇਸ ਪ੍ਰਕਾਰ 'ਬੁਝਾਰਤ' ਕਹਾਣੀ ਆਧੁਨਿਕ ਸਮਾਜ ਵਿਚਲੇ ਸਰੀਰਕ ਬਣਤਰ ਔਰਤ ਤੇ ਮਰਦਾਵੀਂ ਮਾਨਸਿਕਤਾ ਵਾਲੇ ਪਾਤਰ (ਬਿਰਤਾਂਤਕਾਰ) ਦੇ ਔਰਤ ਨਾਲ ਪਿਆਰ ਅਤੇ ਸਰੀਰਕ ਖਿੱਚ ਕਾਰਨ ਸਮਲਿੰਗੀ ਸਬੰਧਾਂ ਤੋਂ ਵੱਖਰੇ ਨਵੇਂ ਸਬੰਧਾਂ ਦੀ ਵਿਆਕਰਨ ਦੀ ਬੁਝਾਰਤ ਪਾਉਂਦੀ ਹੈ।

ਕਹਾਣੀ ਸੰਗ੍ਰਹਿ ਵਿਚ ਤੀਜੀ ਕਹਾਣੀ 'ਪਿਲ ਟਕਾ' ਸਿਰਲੇਖ ਅਧੀਨ ਸ਼ਾਮਲ ਹੈ। ਇਸ ਵਿਚ ਬਿਰਤਾਂਤਕਾਰ ਸੁਨਿਆਰਾ ਜਾਤੀ ਨਾਲ ਸਬੰਧਿਤ ਹੈ ਅਤੇ ਉਹ ਘਟਨਾਵੀਂ ਕ੍ਰਮ ਕਾਰਨ ਆਪਣੀ ਸੰਤਾਨ ਪੈਦਾ ਕਰਨ ਦੀ ਸ਼ਕਤੀ ਗੁਆ ਬੈਠਦਾ ਹੈ। ਹਾਲਾਂਕਿ ਉਹ ਸਰੀਰਕ ਸਬੰਧ ਬਣਾਉਣ ਦੇ ਸਮਰੱਥ ਹੈ। ਪਰ ਆਪਣੀ ਬੱਚਾ ਪੈਦਾ ਕਰਨ ਦੀ ਅਸਮਰੱਥਾ ਕਾਰਨ ਉਹ ਨੀਮ ਪਾਗਲਾਂ ਦੀ ਸਥਿਤੀ ਵਿਚ ਪਹੁੰਚ ਜਾਂਦਾ ਹੈ। ਉਹ ਆਪਣੀ ਪਤਨੀ ਤੋਂ ਆਪਣੇ ਅਧੂਰੇਪਣ ਬਾਰੇ ਪਰਦਾ ਰੱਖਦਾ ਹੈ। ਵਾਸਤਵ ਵਿਚ ਪਤਨੀ ਤੋਂ ਛੁਪਾਏ ਸੱਚ ਅਤੇ ਬਾਹਰੀ ਸਮਾਜਕ ਦਬਾਅ ਕਾਰਨ ਉਸ ਦੀ ਸਥਿਤੀ ਬਦਤਰ ਹੋ ਜਾਂਦੀ ਹੈ। ਨੀਮ ਪਾਗਲਾਂ ਦੀ ਸਥਿਤੀ ਕਾਰਨ ਉਹ ਅਵਚੇਤਨੀ ਸਥਿਤੀ ਵਿਚ ਆਪਣੇ ਬਚਪਨ ਵਿਚ ਗੁਆਚਦਾ ਤੇ ਵਾਪਸ ਆਉਂਦਾ ਹੋਇਆ ਹੀ ਸਾਰੀ ਕਹਾਣੀ ਦਾ ਬਿਰਤਾਂਤ ਪੇਸ਼ ਕਰਦਾ ਹੈ। ਬਚਪਨ ਭਰਪੂਰ ਸ਼ਕਤੀ ਦਾ ਸੋਮਾ ਅਤੇ ਸਮਾਂ ਹੁੰਦਾ ਹੈ। ਇਸ ਕਾਰਨ ਬਿਰਤਾਂਤਕਾਰ ਦਾ ਅਵਚੇਤਨ ਆਪਣੀ ਸ਼ਕਤੀਹੀਣ ਸਥਿਤੀ ਤੋਂ ਮਕਤੀ ਲਈ ਹਰ ਵਾਰ ਬਚਪਨ ਵਿਚ ਗੁਆਚਦਾ ਹੈ ਅਤੇ ਉਸ ਸਥਿਤੀ ਵਿਚ ਵੀ ਉਹ ਹਾਰਦਾ ਹੀ ਮਹਿਸੂਸ ਕਰਦਾ ਹੈ ਕਿਉਂਕਿ ਉਹ ਮਾਨਸਿਕ ਪੱਖ ਤੋਂ ਪੂਰੀ ਤਰ੍ਹਾਂ ਟੁੱਟਿਆ ਹੋਇਆ ਹੈ। ਬੱਲੀ ਉਸਦੇ ਬਚਪਨ ਦਾ ਮਿੱਤਰ ਹੈ ਜੋ ਬਿਰਤਾਂਤਕਾਰ ਦੀ ਅਰਧ ਬੇਹੋਸ਼ੀ ਦੀ ਹਾਲਤ (ਸੁਪਨਮਈ) ਵਿਚ ਉਸਦੀਆਂ ਗੋਲੀਆਂ ਲੈ ਕੇ ਭੱਜ ਜਾਂਦਾ ਹੈ ਅਤੇ ਉਹ ਬੱਲੀ ਨੂੰ ਫੜਨ ਤੋਂ ਅਸਮਰੱਥ, ਉਸ ਦੇ ਤਰਲੇ ਹੀ ਕੱਢਦਾ ਹੈ। ਵਾਸਤਵ ਵਿਚ ਇਹ ਬਿਰਤਾਂਤ ਬਿਰਤਾਂਤਕਾਰ ਦੇ ਵਰਤਮਾਨ ਨੂੰ ਉਘਾੜਦਾ ਹੈ ਅਤੇ ਗੋਲੀਆਂ ਇਸ ਬਿਰਤਾਂਤ ਵਿਚ ਮਰਦਾਵੇਂ ਪ੍ਰਜਣਨ ਅੰਗ (ਪਤਾਲੂਆਂ) ਦੀਆਂ ਪ੍ਰਤੀਕ ਹਨ। ਬੱਲੀ ਦਾ ਉਸ ਦੀ

ਭੂਆ ਕੋਲ ਕੈਨੇਡਾ ਚਲੇ ਜਾਣਾ ਅਤੇ ਬੱਚੇ ਦੀ ਖੁਸ਼ੀ ਵਿਚ ਆਖੰਡ ਪਾਠ ਕਰਵਾਉਣ ਆਉਣਾ, ਅਜੋਕੀਆਂ ਸਮਾਜਕ ਸਥਿਤੀਆਂ ਦੇ ਸੰਦਰਭ ਵਿਚ ਪੂਜੀਵਾਦੀ ਨਿਜ਼ਾਮ ਵਲ ਸੰਕੇਤ ਕਰਦਾ ਹੈ। ਜੋ ਸਧਾਰਨ ਲੋਕਾਈ (ਬੁਰਜੂਆ) ਦਾ ਸ਼ੋਸ਼ਣ ਕਰ ਰਿਹਾ ਹੈ ਅਤੇ ਉਹਨਾਂ ਨੂੰ ਸੰਤਾਨ ਉਤਪੱਤੀ (ਇੰਨਕਲਾਬ) ਦੀ ਸ਼ਕਤੀ ਤੋਂ ਵੀ ਸੱਖਣਾ ਕਰ ਲਾਚਾਰ ਕਰ ਦਿੱਤਾ ਹੈ। ਇਸ ਸੰਦਰਭ ਵਿਚ ਬੱਲੀ ਨਾਂ ਵੀ ਬਲ (ਤਾਕਤ) ਦਾ ਪ੍ਰਤੀਕ ਪ੍ਰਤੀਤ ਹੁੰਦਾ ਹੈ। ਨਮੂਨਾ ਵੇਖੋ :

**"ਸੋਨੀ ਦੇ ਕਲੀ ਜੋਟਾ ਖੇਡਦਿਆਂ ਹੀ ਬੱਲੀ, ਉਸ ਦੇ ਹੱਥਾਂ 'ਤੇ ਝਪੁੱਟ ਮਾਰ, ਹੱਲਾ ਬੋਲ ਕੇ, ਗੋਲੀਆਂ ਖੋ ਕੇ ਭੱਜ ਜਾਂਦਾ ਹੈ। ਅਸੀਂ ਸਾਰੇ ਉਸਨੂੰ ਫੜਨ ਲਈ, ਉਹਦੇ ਪਿੱਛੇ-ਪਿੱਛੇ ਦੌੜਦੇ ਹਾਂ। ਬੱਲੀ ਦੀ ਸ਼ੂਟ ਮਿਲਖਾ ਤੋਂ ਵੀ ਤੇਜ਼ ਹੈ। . . . . . . . ਉਹ ਸਾਡੇ 'ਚੋਂ ਕਿਸੇ ਦੇ ਵੀ ਹੱਥ ਨਹੀਂ ਆਉਂਦਾ। . . . . . . . . . . ਮੈਂ ਉਸਦੇ ਤਰਲੇ ਕੱਢਣ ਲੱਗ ਪੈਂਦਾ ਹਾਂ। . . . . . . ਬੱਲੀ,ਓਏ ਬੱਲੀ. . . . . . .ਲਿਆ ਮੇਰੀਆਂ ਗੋਲੀਆਂ ਵਾਪਸ ਕਰ. . . . . . . . .।"6**

ਉਪਰਲੇ ਬਿਰਤਾਂਤ ਵਿਚ ਹੱਥਾਂ 'ਤੇ ਝਪੁੱਟ ਮਾਰਨਾ, ਕਿਰਤ ਦੀ ਲੁੱਟ ਕਰਨ ਅਤੇ ਆਪਣੀ ਉਜ਼ਰਤ ਪ੍ਰਾਪਤ ਕਰਨ ਲਈ ਤਰਲੇ ਕੱਢਣੇ ਪੂੰਜੀਵਾਦੀ ਮੈਟਾਫਰ ਦੀ ਪ੍ਰਤੀਤੀ ਕਰਵਾਉਂਦੇ ਮਹਿਸੂਸ ਹੁੰਦੇ ਹਨ।

'ਅਜੇ ਆਪਾਂ ਐਨੇ ਵੀ ਨਹੀਂ ਮਾੜੇ' ਕਹਾਣੀ ਸੰਗ੍ਰਹਿ ਵਿਚਲੀ ਚੌਥੀ ਕਹਾਣੀ ਹੈ। ਇਹ ਕਹਾਣੀ ਬਾਕੀ ਕਹਾਣੀਆਂ ਦੀ ਤਰ੍ਹਾਂ ਉੱਤਮ ਪੁਰਖੀ ਸ਼ੈਲੀ ਰਾਹੀਂ ਲਿਖੀ ਗਈ ਹੈ। ਬਿਰਤਾਂਤਕਾਰ (ਮੈਂ ਪਾਤਰ) ਆਪਣੀਆਂ ਆਰਥਿਕ ਸਮੱਸਿਆਵਾਂ ਨੂੰ ਰੂਪਮਾਨ ਕਰਨ ਲਈ ਕਈ ਪ੍ਰਕਾਰ ਦੇ ਵਸਤੂ ਵੇਰਵਿਆਂ ਦੇ ਬਿਰਤਾਂਤ ਪੇਸ਼ ਕਰਦਾ ਹੈ ਜਿਹਨਾਂ ਰਾਹੀਂ ਆਰਥਿਕਤਾ ਦੇ ਨਾਲ-ਨਾਲ ਸਮਾਜਕ, ਸਭਿਆਚਾਰਕ, ਮਾਨਸਿਕ ਅਤੇ ਰਾਜਨੀਤਕ ਮਸਲਿਆਂ ਨੂੰ ਵੀ ਉਭਾਰਿਆ ਗਿਆ ਹੈ। ਸਾਰੀ ਕਹਾਣੀ ਮਾੜਾ ਨਾਂ ਦੇ ਪਾਤਰ ਦੇ ਇਰਦ-ਗਿਰਦ ਘੁੰਮਦੀ ਹੈ ਜੋ ਦਲਿਤ ਸਮਾਜ ਨਾਲ ਸਬੰਧਿਤ ਹੈ ਅਤੇ ਆਪਣੀ ਗਰੀਬੀ ਕਾਰਨ ਪਰਿਵਾਰ ਦੇ ਪਾਲਣ-ਪੋਸ਼ਣ ਲਈ ਕਈ ਤਰ੍ਹਾਂ ਦੇ ਪਾਪੜ ਵੇਲਦਾ ਹੈ। ਉਹ ਇਕ ਮਿਹਨਤੀ, ਸਿਦਕੀ, ਸਿਰੜੀ ਅਤੇ ਇਮਾਨਦਾਰ ਇਨਸਾਨ ਹੈ ਪਰ ਜਣੇਪੇ ਦੌਰਾਨ ਬਿਮਾਰ ਹੋਣ ਕਾਰਨ ਉਸ ਦੀ ਪਤਨੀ 'ਤੇ ਕਾਫ਼ੀ ਖ਼ਰਚਾ ਹੋ ਜਾਂਦਾ ਹੈ। ਇਲਾਜ ਦੇ ਬਾਵਜੂਦ ਦੀਪੋ ਤੀਜੀ ਕੁੜੀ ਨੂੰ ਜਨਮ ਦੇ ਕੇ ਇਸ ਜ਼ਿੰਦਗੀ ਤੋਂ ਮੁਕਤ ਹੋ ਜਾਂਦੀ ਹੈ। ਮਾੜਾ ਇਹਨਾਂ ਹਾਲਾਤਾਂ ਵਿਚ ਬੱਚੀਆਂ ਨੂੰ ਸੰਭਾਲਦਾ ਹੋਇਆ ਸਰੀਰਕ ਅਤੇ ਮਾਨਸਿਕ ਪੀੜਾਂ ਝੱਲਦਾ ਹੈ।

ਇਸ ਕਹਾਣੀ ਵਿਚ ਰਾਜਸੀ ਸਥਿਤੀ ਅਤੇ ਰਾਜਨੀਤਕ ਰੈਲੀਆਂ ਦੇ ਜ਼ਮੀਨੀ ਯਥਾਰਥ ਦੀ ਕਰੂਪਤਾ ਨੂੰ ਬੜੀ ਮਾਹੀਨਤਾ ਨਾਲ ਚਿਤਰਿਆ ਗਿਆ ਹੈ। ਜਿੱਥੇ ਰਾਜਸੀ ਰੈਲੀਆਂ ਵਿਚ ਦਿਖਾਵੇ ਲਈ ਪੈਸੇ ਦੇ ਜ਼ੋਰ 'ਤੇ ਜਾਂ ਖਰੀਦ ਕੇ ਲੋਕਾਂ ਦਾ ਇਕੱਠ ਦਿਖਾਇਆ ਜਾਂਦਾ ਹੈ, ਉੱਥੇ ਹੀ ਉਹਨਾਂ ਨੂੰ ਨਸ਼ਾ ਵੀ ਬੜੇ ਖੁੱਲ੍ਹੇ ਤਰੀਕੇ ਨਾਲ ਵਰਤਾਇਆ ਜਾਂਦਾ ਹੈ। ਭਾਵੇਂ ਇਹ ਰਾਜਸੀ ਰੈਲੀਆਂ ਦਾ ਯਥਾਰਥ ਸਮਾਜਕ ਪਰਦੇ 'ਤੇ ਨਕਾਰਾਤਮਕ ਦਿਖਾਈ ਦਿੰਦਾ ਹੈ ਪਰ ਇਸੇ ਨਕਾਰਾਤਮਕਾ 'ਚੋਂ ਮਾੜੇ ਲਈ ਸਕਾਰਾਤਮਕਤਾ ਉਪਜਦੀ ਦਿਖਾਈ ਗਈ ਹੈ। ਉਸ ਲਈ ਸੌਖੀ ਦਿਹਾੜੀ ਤੇ ਖਾਣ ਲਈ ਗੋਲੀਆਂ (ਨਸ਼ਾ) ਆਸਾਨੀ ਨਾਲ ਮਿਲ ਜਾਂਦੀਆਂ ਹਨ। ਨਮੂਨਾ ਵੇਖੋ : **"ਆਜਾ . . . .ਲੰਬੜਦਾਰਾ ਕਿਵੇਂ ਆਉਣਾ ਹੋਇਆ ?"**

**"ਮਾੜਿਆ . . . . ਪਰਸੋਂ ਆਪਣੀ ਪਾਰਟੀ ਦੀ ਰੈਲੀ ਐ . . . . . . .ਤੂੰ ਚੱਲੀਂ ਸੱਤਰ ਰੁਪਏ ਦੇਵਾਂਗੇ. . . . . ਚੰਡੀਗੜ੍ਹ ਦੈਣੇ ਧਰਨਾ ਸਰਕਾਰੀ ਜ਼ਬਰ ਵਿਰੋਧੀ. . . . . ਦੋ ਪੱਤੇ ਵੀ ਦੇਊਂ ਤੈਨੂੰ।"7**



ਕਹਾਣੀ ਵਿਚ ਜਾਤੀ-ਜਮਾਤੀ ਚੇਤਨਾ ਤੇ ਜਮਾਤੀ ਸੰਘਰਸ਼ ਦੇ ਜ਼ਮੀਨੀ ਯਥਾਰਥ ਨੂੰ ਵੀ ਉਜਾਗਰ ਕੀਤਾ ਗਿਆ ਹੈ। ਦਲਿਤ ਜਾਤੀ ਨਾਲ ਸਬੰਧਿਤ ਮਾਸਟਰ ਜੋ ਪਹਿਲਾਂ ਦਲਿਤ ਚੇਤਨਾ ਅਤੇ ਦਲਿਤ ਵਰਗ ਸੰਘਰਸ਼ ਦੀ ਗੱਲ ਕਰਦਾ ਹੈ। ਪਰ ਜਦ ਉਹ ਚੰਗੀ ਸਰਕਾਰੀ ਨੌਕਰੀ ਪ੍ਰਾਪਤ ਆਪ ਇਕ ਨਵੇਂ ਦਲਿਤ ਕੁਲੀਨ ਵਰਗ ਵਿਚ ਸ਼ਾਮਲ ਹੋ ਜਾਂਦਾ ਹੈ ਤਾਂ ਉਸ ਲਈ ਜਾਤੀ-ਜਮਾਤੀ ਚੇਤਨਾ ਤੇ ਸੰਘਰਸ਼ ਪੂਰੀ ਤਰ੍ਹਾਂ ਫ਼ਜ਼ੂਲ ਅਤੇ ਬੇਬੁਨਿਆਦ ਹੋ ਜਾਂਦੇ ਹਨ। ਵਾਸਤਵ ਵਿਚ ਨਵੇਂ ਸਥਾਪਿਤ ਦਲਿਤ (ਜਾਤੀ) ਕੁਲੀਨ ਵਰਗ ਵਿਚੋਂ ਉਹ ਹੋਰ ਅੱਗੇ ਸਮਾਜਕ (ਜਮਾਤੀ) ਕੁਲੀਨ ਵਰਗ ਵਿਚ ਸ਼ਾਮਲ ਹੋਣ ਦਾ ਇੱਛੁਕ ਹੈ ਅਤੇ ਜਮਾਤੀ ਚੇਤਨਾ ਤੇ ਸੰਘਰਸ਼ ਵਿਚ ਸ਼ਾਮਲ ਵਿਚ ਹੋ ਕੇ ਉਹ ਆਪਣੇ ਸਮਾਜਕ ਰੁਤਬੇ ਤੇ ਸਰਕਾਰੀ ਨੌਕਰੀ ਨੂੰ ਖ਼ਤਰੇ ਵਿਚ ਨਹੀਂ ਪਾਉਂਣਾ ਚਾਹੁੰਦਾ। ਅਸਲ ਵਿਚ ਉਸ ਦੀ ਮਨੋਬਿਰਤੀ ਆਪਣੇ ਲੋਕਾਂ ਲਈ ਜਾਤੀ ਸੰਘਰਸ਼ ਕਰਕੇ ਜਨ-ਸੁਧਾਰ ਦੀ ਨਹੀਂ ਬਲਕਿ ਨਿੱਜ ਤਕ ਸੀਮਤ ਹੈ ਤਾਂ ਕਿ ਉਹ ਖ਼ੁਦ ਜਮਾਤੀ ਕੁਲੀਨ ਵਰਗ ਦਾ ਹਿੱਸਾ ਬਣ ਸਕੇ। ਇਸੇ ਮਨੋਬਿਰਤੀ ਅਧੀਨ ਹੀ ਉਹ ਬੁਰਜੂਆ ਜਮਾਤ (ਮਾੜਾ, ਜੋ ਉਸਦੇ ਘਰ ਦਿਹਾੜੀ ਕਰ ਰਿਹਾ ਹੈ) ਦਾ ਸ਼ੋਸ਼ਣ ਕਰਦਾ ਹੈ।

ਕਹਾਣੀ ਵਿਚ ਇਕ ਹੋਰ ਮਹੱਤਵਪੂਰਨ ਮਸਲਾ ਰਾਜਸੀ ਨੀਤੀਆਂ ਤੇ ਉਹਨਾਂ ਦੇ ਅਮਲ ਦਾ ਪੇਸ਼ ਕੀਤਾ ਗਿਆ ਹੈ। ਲੰਬੜਦਾਰ ਵਰਗੇ ਮਾੜੇ ਦੇ ਫਲੱਸ਼ ਵਾਲੇ ਪੱਕੇ ਟੋਏ ਦੇ ਰੁਪਏ ਵੀ ਡਕਾਰ ਜਾਂਦੇ ਹਨ ਅਤੇ ਸਰਕਾਰ ਦੇਸ਼ ਵਿਆਪੀ ਪੱਧਰ 'ਤੇ ਇਸੇ ਮਸਲੇ ਨੂੰ ਉਛਾਲ ਕੇ ਵਾਹ-ਵਾਹ ਖੱਟਦੀ ਹੈ ਅਤੇ ਆਪਣੇ-ਆਪ ਨੂੰ ਹਾਸ਼ੀਆਗਤ ਵਰਗਾਂ ਦੀ ਪੱਖੀ ਪੇਸ਼ ਕਰਦੀ ਹੈ। ਜਦ ਕਿ ਵਾਸਤਵਿਕਤਾ ਕੁਝ ਹੋਰ ਹੈ। ਕਹਾਣੀ ਵਿਚ ਲੰਬੜਦਾਰ ਤੇ ਮਾਸਟਰ ਪਾਤਰ ਕੁਲੀਨ ਵਰਗ ਦੀ ਧਿਰ ਵਜੋਂ ਰੂਪਮਾਨ ਹੋਏ ਹਨ। ਇਸ ਵਿਚ ਕਾਮੁਕ ਭੁੱਖ ਤੇ ਕਾਮੁਕ ਸਬੰਧਾਂ ਦਾ ਜ਼ਿਕਰ ਵੀ ਮਿਲਦਾ ਹੈ। ਮਾੜਾ ਜੋ ਪਹਿਲਾਂ ਆਪਣੀ ਭਰਜਾਈ ਪ੍ਰਤੀ ਸਭਿਅਕ ਨਜ਼ਰੀਆ ਰੱਖਦਾ ਹੈ, ਆਪਣੀ ਪਤਨੀ ਦੀ ਮੌਤ ਬਾਅਦ ਕਾਮੁਕ ਭੁੱਖ ਕਾਰਨ ਉਸੇ ਭਰਜਾਈ ਦਾ ਅਕਸ ਉਸਦੀ ਮਾਨਸਿਕਤਾ ਉੱਪਰ ਭਾਰੂ ਪੈ ਜਾਂਦਾ ਹੈ। ਕਹਾਣੀ ਵਿਚ ਮਾੜੇ ਦੁਆਰਾ ਆਪਣੀ ਤੀਜੀ ਬੇਟੀ ਦੀ ਕੁਰਬਾਨੀ (ਲੈਟਰੀਨ ਵਾਲੇ ਟੋਏ ਵਿਚ ਸੁੱਟ ਕੇ) ਦੇ ਕੇ ਬਾਕੀ ਪਰਿਵਾਰ ਦੀ ਜੂਨ ਸੁਧਾਰਨ ਦੀ ਕੋਸ਼ਿਸ਼ ਅਤੇ ਫਿਰ ਸਦਾਚਾਰਕਤਾ ਤੇ ਮਾਨਵੀ ਮੁੱਲਾਂ ਦੇ ਕਾਰਨ ਸੰਘਰਸ਼ ਨੂੰ ਤਰਜੀਹ ਦੇਣਾ ਸਿਖ਼ਰ ਹੋ ਨਿਬੜਦਾ ਹੈ। ਇਸ ਪ੍ਰਕਾਰ ਬੁਰਜੂਆ ਸ਼੍ਰੇਣੀ (ਮਾੜਾ) ਆਰਥਿਕ, ਸਮਾਜਕ, ਰਾਜਨੀਤਕ ਅਤੇ ਮਾਨਸਿਕ ਸਮੱਸਿਆਵਾਂ ਵਿਚ ਚੁਫ਼ੇਰਿਓਂ ਘਿਰੀ ਹੋਣ ਦੇ ਬਾਵਜੂਦ ਵੀ ਸੰਘਰਸ਼ ਤੇ ਰਾਹ ਨੂੰ ਚੁਣਦੀ ਹੈ। ਉਹ ਮਾਨਵੀ ਮੁੱਲਾਂ ਅਤੇ ਸਮਾਜਕ ਕਦਰਾਂ-ਕੀਮਤਾਂ ਤੋਂ ਥਿੜਕਦਾ ਜ਼ਰੂਰ ਹੈ ਪਰ ਟੁੱਟਦਾ ਨਹੀਂ।

'ਅੱਕ ਦਾ ਸੁਆਦ' ਕਹਾਣੀ ਬੜੇ ਹੀ ਅਹਿਮ ਮਸਲੇ ਨੂੰ ਪਾਠਕਾਂ ਦੇ ਸਾਹਮਣੇ ਪੇਸ਼ ਕਰਦੀ ਹੈ। ਇਹ ਕਹਾਣੀ ਭਜਨ ਸਿੰਘ ਦੇ ਪਰਿਵਾਰ ਦੇ ਇਰਦ-ਗਿਰਦ ਬੁਣੀ ਗਈ ਹੈ। ਭਜਨ ਸਿੰਘ ਜੋ ਆਪਣੇ ਪਹਿਲਵਾਨਾਂ ਦੇ ਖ਼ਾਨਦਾਨ ਉੱਪਰ ਮਾਣ ਕਰਦਾ ਹੈ ਅਤੇ ਆਪਣੇ ਪੁੱਤਰ ਨੂੰ ਤੇ ਫਿਰ ਆਪਣੇ ਪੋਤੇ ਨੂੰ ਪਹਿਲਵਾਨ ਬਣਾਉਣ ਦੀ ਲੋਚਾ ਰੱਖਦਾ ਹੈ। ਪਰ ਉਸ ਦਾ ਇਕਲੌਤਾ ਪੁੱਤਰ ਤਰਜੀਤ ਅਧੂਰੇਪਣ ਦਾ ਸ਼ਿਕਾਰ ਹੈ। ਉਹ ਸਿੱਧਰਾ ਹੋਣ ਦੇ ਨਾਲ-ਨਾਲ ਮਰਦਾਨਗੀ ਤੋਂ ਵੀ ਵਾਂਝਾ ਹੈ। ਇਸ ਦੇ ਕਾਰਨ ਨੂੰਹ (ਮਨਜੀਤ) ਘਰ ਦੀ ਇੱਜ਼ਤ ਨੂੰ ਸੰਭਾਲਦੀ ਮਾਨਸਿਕ ਪੀੜਾ ਸਹਿੰਦੀ ਹੈ ਅਤੇ ਸਮਾਜਕ ਇੱਜ਼ਤ ਤੇ ਸਮਾਜਕ ਮੁੱਲਾਂ ਦੇ ਦਬਾਓ ਕਾਰਨ ਕਿਸੇ ਪ੍ਰਕਾਰ ਦੀ ਗੱਲ ਬਾਹਰ ਨਸ਼ਰ ਨਹੀਂ ਕਰਦੀ। ਮਨਜੀਤ ਪੂਰੇ ਮਰਦ ਦੀ ਘਾਟ ਅਤੇ ਕਾਮੁਕ ਵੇਗਾਂ ਦੇ ਵਹਿਣ ਕਾਰਨ

ਸਮਾਜਕ ਤੇ ਸਦਾਚਾਰਕ ਤੌਰ 'ਤੇ ਤਿੜਕਦੀ-ਤਿੜਕਦੀ ਪੂਰੀ ਤਰ੍ਹਾਂ ਟੁੱਟ ਜਾਂਦੀ ਹੈ। ਉਸ ਦੀ ਸਦਾਚਾਰਕਤਾ ਦੇ ਤਿੜਕਣ ਦਾ ਸੰਕੇਤ ਉਸ ਸਮੇਂ ਮਿਲਦਾ ਹੈ ਜਦੋਂ ਉਹ ਆਪਣੇ ਸੱਸ-ਸੁਹਰੇ ਨੂੰ ਇਕੱਠਿਆਂ ਨੂੰ ਸੁੱਤਿਆਂ ਵੇਖਦੀ ਹੈ। ਭਜਨਾ ਵੀ ਆਪਣੀ ਵੇਲ੍ਹ ਵਧਾਉਣ ਦੇ ਲਾਲਚ ਵਸ ਮਨਜੀਤ ਵਲ ਝੁਕ ਜਾਂਦਾ ਹੈ। ਇਸੇ ਮਾਨਸਿਕ ਜਦੋ-ਜਹਿਦ ਅਤੇ ਸਮਾਜਕ, ਸਰੀਰਕ ਤੇ ਪਰਿਵਾਰਕ ਲੋੜਾਂ ਵਸ ਭਜਨੇ (ਸਹੁਰੇ) ਅਤੇ ਮਨਜੀਤ (ਨੂੰਹ) ਦੇ ਸਰੀਰਕ ਸਬੰਧ ਬਣਦੇ ਹਨ, ਜਿਹਨਾਂ ਦੇ ਸਿੱਟੇ ਵਜੋਂ ਸਿੱਪੀ ਦੇ ਰੂਪ ਵਿਚ ਪਰਿਵਾਰ ਦੀ ਮੂੰਹੀ ਅੱਗੇ ਤੁਰਦੀ ਹੈ। ਪਰ ਇਸ ਕਸ਼ਮ-ਕਸ਼ ਦੀ ਅਤੇ ਆਪਣੇ ਪੁੱਤਰ ਦੀ ਨਿਪੁੰਸਕਤਾ ਦੀ ਪੂਰੀ ਸੋਝੀ ਹਰਦੇਵ ਕੁਰ (ਭਜਨੇ ਦੀ ਪਤਨੀ) ਨੂੰ ਵੀ ਹੁੰਦੀ ਹੈ, ਜਿਸ ਕਾਰਨ ਮਨਜੀਤ ਦੀ ਕੁੱਖ ਹਰੀ ਹੋਣ 'ਤੇ ਉਸ ਦਾ ਭਜਨੇ ਪ੍ਰਤੀ ਵਿਵਹਾਰ ਸ਼ੱਕੀ ਅਤੇ ਗੁਸੈਲਾ ਹੋ ਜਾਂਦਾ ਹੈ। ਉਹ ਪਤੀ-ਪਤਨੀ ਦੇ ਰਿਸ਼ਤੇ ਦੀ ਮਰਿਆਦਾ 'ਚ ਬੱਝੀ ਹੋਈ, ਆਪਣੇ ਹੱਕ ਨੂੰ ਲੁੱਟਿਆ ਜਾਣਾ ਅਤੇ ਸਮਾਜਕ-ਪਰਿਵਾਰਕ ਰਿਸ਼ਤਿਆਂ ਦੇ ਮੁੱਲ ਵਿਧਾਨ ਦੀ ਕੰਧ ਦੇ ਢਹਿ-ਢੇਰੀ ਹੋਣ ਨੂੰ ਸਹਾਰ ਨਹੀਂ ਪਾਉਂਦੀ ਅਤੇ ਸਲ਼ਫਾਸ ਖਾ ਕੇ ਆਤਮ-ਹੱਤਿਆ ਕਰ ਲੈਂਦੀ ਹੈ। ਇਸ ਪ੍ਰਕਾਰ ਆਧੁਨਿਕ ਸਮਾਜ ਵਿਚ ਸਮਾਜਕ ਮੁੱਲਾਂ ਅਤੇ ਸਭਿਆਚਾਰਕ ਕਦਰਾਂ-ਕੀਮਤਾਂ ਤੋਂ ਉਲਟ ਉਸਰ ਰਹੇ ਰਿਸ਼ਤਿਆਂ ਅਤੇ ਬਦਲ ਰਹੀ ਰਿਸ਼ਤਿਆਂ ਦੀ ਵਿਆਕਰਨ ਦੀ ਚੂਲ, ਕਾਮੁਕਤਾ ਤੇ ਆਰਥਿਕਤਾ ਬਣੀ ਹੋਈ ਵਿਖਾਈ ਦਿੰਦੀ ਹੈ।

ਭਜਨੇ ਦੇ ਭਵਿੱਖ ਵਿਚ ਪਤੀ ਮਰਿਆਦਾ ਤੋਂ ਥਿੜਕਣ ਅਤੇ ਸਮਾਜਕ ਕਦਰਾਂ ਤੇ ਮੁੱਲ ਵਿਧਾਨ ਤੋਂ ਲਾਂਭੇ ਹੋਣ ਦਾ ਡਰ ਹਰਦੇਵ ਕੌਰ ਨੂੰ ਭਰ ਜਵਾਨੀ ਵਿਚ ਵੀ ਹੁੰਦਾ ਹੈ ਪਰ ਇਹ ਡਰ ਬੁਢੇਪੇ ਵਿਚ ਸੱਚ ਸਾਬਿਤ ਹੁੰਦਾ ਹੈ। ਹਰਦੇਵ ਕੌਰ ਦੇ ਡਰ ਸਬੰਧੀ ਬਿਰਤਾਂਤ ਦਾ ਨਮੂਨਾ ਵੇਖੋ :

**"ਇਕ ਵਾਰ ਉਸਨੇ ਇਸ ਮੋਰਨੀ ਨੂੰ ਵੇਖ ਮੈਨੂੰ ਕਿਹਾ ਸੀ, ਇੰਨਾ ਡਰ ਤਾਂ ਮੈਨੂੰ ਤੁਹਾਡੇ ਤੋਂ ਨਹੀਂ ਲੱਗਦਾ, ਜਿੰਨਾਂ ਇਸ ਮੋਰਨੀ ਤੋਂ ਲੱਗਦਾ ਹੈ।**
**ਅੱਛਾ ! ਇਹ ਗੱਲ ਹੈ ਤਾਂ ਚੱਲ ਲਕੋ ਲੈਨੇ ਹਾਂ ਇਸ ਨੂੰ।"8**

ਕਹਾਣੀ ਵਿਚ ਭਜਨੇ ਤੇ ਮਨਜੀਤ ਦੇ ਆਪਸੀ ਸਬੰਧਾਂ ਵਿਚ ਭਾਵੇਂ ਦੋਨਾਂ ਦੀ ਆਪਣੀਆਂ-ਆਪਣੀਆਂ ਅਕਾਂਖਿਆਵਾਂ, ਇੱਛਾਵਾਂ ਅਤੇ ਲੋੜਾਂ ਕਾਰਨ ਸਹਿਮਤੀ ਹੁੰਦੀ ਹੈ ਪਰ ਬਾਅਦ ਵਿਚ ਉਹਨਾਂ ਵਿਚਲਾ ਜੋ ਤਣਾਅ ਕਹਾਣੀ ਵਿਚ ਪੇਸ਼ ਹੋਇਆ ਹੈ, ਉਸ ਸਬੰਧੀ ਕੋਈ ਠੋਸ ਕਾਰਨ ਕਹਾਣੀ ਨਹੀਂ ਲੱਭਦਾ। ਉਹਨਾਂ ਦੇ ਰਿਸ਼ਤੇ ਵਿਚਲੇ ਤਣਾਅ ਦਾ ਕਾਰਨ ਸਰੀਰਕ ਹਾਣ ਦੀ ਘਾਟ ਅਤੇ ਕਿਸੇ ਤੀਜੇ ਵਿਅਕਤੀ ਦੇ ਆਉਣ ਕਾਰਨ ਵੀ ਹੋ ਸਕਦਾ ਹੈ ਜਿਸ ਬਾਰੇ ਕਹਾਣੀ ਵਿਚ ਗੁੱਝਾ ਇਸ਼ਾਰਾ ਕੀਤਾ ਮਿਲਦਾ ਹੈ।

ਇਸ ਕਹਾਣੀ ਸੰਗ੍ਰਹਿ ਦੀ ਅਗਲੀ ਕਹਾਣੀ 'ਵੇਲ੍ਹ' ਹੈ। ਇਹ ਕਹਾਣੀ ਨਿਮਨ ਕਿਸਾਨੀ ਦੇ ਆਰਥਿਕ ਸੰਕਟ ਨੂੰ ਹੋਰ ਗਹਿਰੇ ਹੋਣ ਦੀ ਸਥਿਤੀ ਨੂੰ ਪੇਸ਼ ਕਰਦੀ ਹੈ। ਇਸ ਕਹਾਣੀ ਵਿਚ ਕਹਾਣੀਕਾਰ ਨੇ ਕਈ ਸਮੱਸਿਆਵਾਂ ਨੂੰ ਇਕੋ ਸੂਤਰ ਵਿਚ ਪਰੋਣ ਦੀ ਕੋਸ਼ਿਸ਼ ਕੀਤੀ ਹੈ ਜਿਸ ਵਿਚ ਉਹ ਕਾਫ਼ੀ ਹੱਦ ਤਕ ਸਫ਼ਲ ਰਿਹਾ ਹੈ। ਬਿਰਤਾਂਤਕਾਰਾ ਆਪਣੇ ਪਰਿਵਾਰ ਦੇ ਕਿਸਾਨੀ ਸੰਕਟ ਦੇ ਗਹਿਰੇ ਅਤੇ ਗੰਭੀਰ ਹੋਣ ਦੀ ਸਾਰੀ ਵਾਰਤਾ ਵਰਤਮਾਨ ਸਮੇਂ ਵਿਚ ਵਿਚਰਦੀ ਮਨੋਬਚਨੀ ਅਤੇ ਪਿਛਲਝਾਤ ਦੀ ਜੁਗਤ ਸਹਾਰੇ ਪਾਠਕ ਨੂੰ ਸਣਾਉਂਦੀ ਹੈ। ਬਿਰਤਾਂਤਕਾਰ ਦਾ ਪਤੀ ਆਪਣੀ ਅਣ-ਗਹਿਲੀ ਤੇ ਨਸ਼ੇ ਦੀ ਹਾਲਤ ਕਾਰਨ ਇਕ ਦੁਰਘਟਨਾ ਵਿਚ ਆਪਣੀ ਜਾਨ ਗੁਆ ਬੈਠਦਾ ਹੈ। ਫਿਰ ਬਿਰਤਾਂਤਕਾਰਾ ਦਾ ਪੰਜਾਬੀ ਸਭਿਆਚਾਰ ਦੇ ਮੁੱਲ ਵਿਧਾਨ ਅਨੁਸਾਰ ਆਪਣੇ ਦਿਉਰ



ਨਾਲ ਵਿਆਹ ਕਰ ਦਿੱਤਾ ਜਾਂਦਾ ਹੈ। ਉਹ ਪੂਰੀ ਮਿਹਨਤ ਪਰਿਵਾਰ ਦੀ ਮਾਲੀ ਹਾਲਤ ਸੁਧਾਰਨ ਲਈ ਅਗਰਭੂਮੀ ਵਿਚ ਆਉਂਦਾ ਹੈ ਅਤੇ ਆਖਰ ਅਸਫ਼ਲ ਹੋ ਖ਼ੁਦਕੁਸ਼ੀ ਕਰ ਜਾਂਦਾ ਹੈ। ਖੇਤੀ ਵਿਚਲੀ ਮੰਦੀ ਦੇ ਕਈ ਰਾਜਨੀਤਕ, ਸਮਾਜਕ ਤੇ ਵਿਅਕਤੀਗਤ ਕਾਰਨ ਹਨ ਜੋ ਕਹਾਣੀ ਵਿਚ ਬੜੀ ਸਪੱਸ਼ਟਤਾ ਨਾਲ ਰੂਪਮਾਨ ਹਨ। ਇਸ ਪਰਿਵਾਰ ਦਾ ਸੰਕਟ ਉਸ ਸਮੇਂ ਹੋਰ ਗਹਿਰਾ ਹੋ ਜਾਂਦਾ ਹੈ ਜਦੋਂ ਦੋ ਮੌਤਾਂ ਬਾਅਦ ਬਿਰਤਾਂਤਕਾਰਾ ਦਾ ਪੁੱਤ ਚਿੱਟੇ ਵਰਗੇ ਨਸ਼ੇ ਦਾ ਆਦੀ ਹੋ ਕੇ ਆਪਣੀ ਜਿੰਦਗੀ ਤੋਂ ਹੱਥ ਧੋ ਬੈਠਦਾ ਹੈ। ਪਰਿਵਾਰ ਵਿਚ ਸਿਰਫ਼ ਤਿੰਨ ਔਰਤਾਂ ਬਿਰਤਾਂਤਕਾਰਾ, ਸੱਸ ਅਤੇ ਪੁੱਤਰੀ (ਸਿਮਰਨ) ਹੀ ਬਚਦੀਆਂ ਹਨ ਅਤੇ ਸਿਮਰਨ ਉੱਤਰ ਆਧੁਨਿਕੀ ਸੰਚਾਰ ਪ੍ਰਬੰਧ (ਮੋਬਾਇਲ ਤੇ ਬਲੂ ਵੇਲ੍ਹ ਗੇਮ) ਅਤੇ ਸਾਈਬਰ ਪ੍ਰਪੰਚ ਦੇ ਦਿਲ ਲਭਾਊ ਤੇ ਮਾਰੂ ਚਾਲਾਂ ਵਿਚ ਉਲਝ ਜਾਂਦੀ ਹੈ ਤੇ ਆਤਮ ਹੱਤਿਆ ਕਰਨ ਤਕ ਪਹੁੰਚ ਜਾਂਦੀ ਹੈ। ਬਿਰਤਾਂਤਕਾਰਾ ਜੋ ਖ਼ੁਦ ਪੂਰੀ ਕਹਾਣੀ ਵਿਚ ਨਕਾਰਾਤਮਕ ਸੋਚਾਂ ਵਿਚ ਗਲਤਾਨ ਹੈ, ਕਹਾਣੀ ਅੰਤ ਵਿਚ ਇੱਛਤ ਯਥਾਰਥ ਤੇ ਨਾਟਕੀ ਰੂਪਾਂਤਰਨ ਅਨੁਸਾਰ ਉਸਾਰੂ ਵਿਚਾਰਾਂ ਦੀ ਧਾਰਨੀ ਹੋ ਆਪਣੀ ਬੇਟੀ ਨੂੰ ਮੌਤ ਦੇ ਮੂੰਹ 'ਚੋਂ ਬਚਾ ਲਿਆਉਂਦੀ ਹੈ।

ਕਹਾਣੀਆਂ ਦੇ ਵਿਸ਼ਾ ਪੱਖ ਬਾਰੇ ਵਿਚਾਰ ਕਰਨ ਦੇ ਨਾਲ-ਨਾਲ ਰੂਪਕ ਪੱਖ ਬਾਰੇ ਵੀ ਵਿਚਾਰ ਕਰਨਾ ਬਣਦਾ ਹੈ। ਕਹਾਣੀਕਾਰ ਨੇ ਲਗਪਗ ਸਾਰੀਆਂ ਕਹਾਣੀਆਂ ਹੀ ਉੱਤਮ ਪੁਰਖੀ ਸ਼ੈਲੀ ਵਿਚ ਸਿਰਜੀਆਂ ਹਨ। ਉੱਤਮ ਪੁਰਖੀ ਸ਼ੈਲੀ ਬਾਰੇ ਕਿਰਪਾਲ ਕਜ਼ਾਕ ਕਹਿੰਦਾ ਹੈ ਕਿ ਜਿੱਥੇ ਇਹ ਸ਼ੈਲੀ ਲੇਖਕ ਨੂੰ ਕਈ ਸਹੂਲਤਾਂ ਪ੍ਰਦਾਨ ਕਰਦੀ ਹੈ, ਉੱਥੇ ਹੀ ਕੁਝ ਬੰਧੇਜ ਵੀ ਲਗਾਉਂਦੀ ਹੈ। ਬਿਰਤਾਂਤਕਾਰ ਉਹਨਾਂ ਸਥਾਨਾਂ, ਸਥਿਤੀਆਂ ਤੇ ਘਟਨਾਵਾਂ ਦੇ ਵਰਨਣ ਸਮੇਂ ਥਿੜਕ ਜਾਂਦਾ ਹੈ ਅਤੇ ਯਥਾਰਥਕਤਾ ਤੇ ਪ੍ਰਮਾਣਕਿਤਾ ਪੇਤਲੀ ਪੈ ਜਾਂਦੀ ਹੈ, ਜਿੱਥੇ ਕਹਾਣੀਕਾਰ ਖ਼ੁਦ ਨਹੀਂ ਪਹੁੰਚਿਆ ਹੁੰਦਾ। ਉੱਤਮ ਪੁਰਖੀ ਸ਼ੈਲੀ ਵਰਤਣ ਵਾਲੇ ਹਰ ਲੇਖਕ ਸਾਹਮਣੇ ਇਹ ਸਵਾਲ ਖੜ੍ਹਾ ਹੁੰਦਾ ਹੈ ਅਤੇ ਅਨੇਮਨ ਸਿੰਘ ਵੀ ਇਸ ਸਵਾਲ ਦੇ ਸਨਮੁੱਖ ਹੁੰਦਾ ਹੈ ਪਰ ਸਵਾਲ ਤੋਂ ਪਾਰ ਜਾਣ ਵਿਚ ਅਸਫ਼ਲ ਹੋ ਜਾਂਦਾ ਹੈ। ਇਸ ਸੰਦਰਭ ਵਿਚ 'ਵੇਲ੍ਹ' ਕਹਾਣੀ ਵਿਚਲਾ ਟਰੈਕਟਰ ਪਲਟਣ ਦਾ ਬਿਰਤਾਂਤ ਵੇਖਿਆ ਜਾ ਸਕਦਾ ਹੈ। ਕਿਉਂਕਿ ਕਹਾਣੀਕਾਰ ਖ਼ੁਦ ਖੇਤੀਬਾੜੀ ਦੇ ਨਿੱਜੀ ਅਨੁਭਵ ਤੋਂ ਕੋਰਾ ਹੈ। ਉੱਤਮ ਪੁਰਖੀ ਸ਼ੈਲੀ ਦੀ ਕਹਾਣੀ ਵਿਚ ਬਿਰਤਾਂਤਕਾਰ ਬਾਰੇ ਬਲਦੇਵ ਸਿੰਘ ਧਾਲੀਵਾਲ ਦਾ ਵਿਚਾਰ ਵੀ ਕਾਬਲ-ਏ-ਗੌਰ ਹੈ:

**"ਬਿਰਤਾਂਤਕਾਰ ਉਹ ਅਹਿਮ ਤੱਤ ਹੈ ਜਿਸ ਬਿਨ੍ਹਾਂ ਬਿਰਤਾਂਤ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਤੱਥ ਅਤੇ ਵੇਰਵੇ ਆਪਣੇ ਆਪ ਕੁਝ ਨਹੀਂ ਦੱਸ ਸਕਦੇ। ਉਨ੍ਹਾਂ ਨੂੰ ਪੇਸ਼ ਕਰਨ ਲਈ ਬਿਰਤਾਂਤਕਾਰ ਸਥਿਤੀ ਵਿਸ਼ੇਸ਼ ਅਨੁਸਾਰ ਬਿਰਤਾਂਤਕਾਰੀ ਦੇ ਦੋ ਢੰਗਾਂ 'ਚੋਂ ਕਿਸੇ ਇਕ ਰਾਹੀਂ ਆਪਣਾ ਬਿਰਤਾਂਤ ਪੇਸ਼ ਕਰਦਾ ਹੈ :**

**ਸਰਬ ਗਿਆਤਾ ਬਿਰਤਾਂਤਕਾਰ**
**ਚਰਿਤਰ ਰੂਪੀ ਬਿਰਤਾਂਤਕਾਰ।"9**

ਇਸ ਪ੍ਰਕਾਰ ਬਿਰਤਾਂਤਕਾਰ ਇਹਨਾਂ ਕਹਾਣੀਆਂ ਵਿਚ ਸਰਬ ਗਿਆਤਾ ਬਿਰਤਾਂਤਕਾਰ ਦੀ ਭੂਮਿਕਾ ਵਿਚ ਆਪਣਾ ਕਾਰਜ ਨੇਪਰੇ ਚਾੜ੍ਹਦਾ ਹੈ। ਜਿੱਥੇ ਬਿਰਤਾਂਤਕਾਰ ਪਾਤਰਾਂ ਦੇ ਮਨ ਦੀਆਂ ਗੁੰਝਲਾਂ, ਤੰਦਾ ਤੇ ਸ਼ੰਕਿਆਂ ਨੂੰ ਪੇਸ਼ ਕਰਦਾ ਹੈ ਤਾਂ ਉਸ ਦੇ ਰੱਬ ਹੋਣ ਦਾ ਭਰਮ ਪੈਦਾ ਹੁੰਦਾ ਹੈ।

ਅਨੇਮਨ ਸਿੰਘ ਆਪਣੀਆਂ ਕਹਾਣੀਆਂ ਵਿਚ ਹਾਸ਼ੀਆਗਤ ਵਰਗਾਂ (ਨਾਰੀ, ਨਿਮਨ ਕਿਸਾਨੀ, ਤੀਜਾ ਲਿੰਗ ਤੇ ਅਧੂਰੇ ਮਨੁੱਖ) ਦੀ ਵਸਤੂ ਸਥਿਤੀ ਨੂੰ ਬੜੀ ਮਾਹੀਨਤਾ ਨਾਲ ਯਥਾਰਥੀ ਰੰਗਾਂ ਨਾਲ ਚਿਤਰਦਾ ਹੈ। ਉਸ ਨੇ ਹਾਸ਼ੀਆਗਤ ਸਮੂਹਾਂ ਦੀ ਸਮਾਜਕ, ਸਭਿਆਚਾਰਕ, ਰਾਜਨੀਤਕ, ਆਰਥਿਕ ਅਤੇ ਖ਼ਾਸ ਤੌਰ 'ਤੇ ਮਾਨਸਿਕ ਸਥਿਤੀ ਨੂੰ ਨਿੱਜ ਦੇ ਨੇੜਿਓਂ ਪ੍ਰਤੀਪਾਦਿਤ ਕਰਨ ਵਿਚ ਸਫ਼ਲਤਾ ਪ੍ਰਾਪਤ ਕੀਤੀ ਹੈ ਅਤੇ ਹਾਸ਼ੀਆਗਤ ਵਰਗ ਦੀ ਪੇਸ਼ਕਾਰੀ ਪ੍ਰਤੀ ਪ੍ਰਤੀਬੱਧਤਾ ਇਸ ਕਹਾਣੀ ਸੰਗ੍ਰਹਿ 'ਚੋਂ ਝਲਕਦੀ ਹੈ। ਉਹ ਆਪਣੇ ਸਮੇਂ ਦੇ ਹਾਣਦਾ ਕਹਣੀਕਾਰ ਹੈ ਜੋ ਤਤਕਾਲੀਨ ਸਮਾਜਕ, ਆਰਥਿਕ, ਰਾਜਨੀਤਕ, ਸਭਿਆਚਾਰਕ ਅਤੇ ਮਨੋਵਿਗਿਆਨਕ ਮਸਲਿਆਂ ਨੂੰ ਕਹਾਣੀ ਵਿਚ ਪੇਸ਼ ਕਰਦਾ ਹੈ। ਆਉਣ ਵਾਲੇ ਸਮੇਂ ਦੀ ਕਹਾਣੀ ਦਾ ਮੁਹਾਂਦਰਾ ਅਨੇਮਨ ਦੀਆਂ ਕਹਾਣੀਆਂ ਵਿਚੋਂ ਵੇਖਿਆ ਜਾ ਸਕਦਾ ਹੈ। ਉਹ ਭਾਵੇਂ ਸੁਚੇਤ ਰੂਪ ਵਿਚ ਕਿਸੇ ਸਿਆਸੀ ਤੇ ਸਾਹਿਤਕ ਵਿਚਾਰਧਾਰਾ ਨਾਲ ਨਹੀਂ ਜੁੜਿਆ ਪਰ ਇਸ ਦਾ ਮਤਲਬ ਇਹ ਕਦੇ ਵੀ ਨਹੀਂ ਹੋ ਸਕਦਾ ਕਿ ਉਸ ਦੀ ਕਿਰਤ ਕਿਸੇ ਵਿਚਾਰਧਾਰਾ ਦੀ ਨਿਸ਼ਾਨਦੇਹੀ ਨਹੀਂ ਕਰਦੀ। ਇਸ ਸਬੰਧੀ ਰੋਮੀਲਾ ਥਾਪਰ ਦੀ ਟਿੱਪਣੀ ਧਿਆਨਯੋਗ ਹੈ :

**"ਹਰੇਕ ਬਿਰਤਾਂਤ ਦਾ ਇਕ** Content **ਹੁੰਦਾ ਹੈ ਜਿਹੜਾ ਸੁਚੇਤ ਜਾਂ ਅਚੇਤ ਕਿਸੇ ਵਿਸ਼ਵ ਦ੍ਰਿਸ਼ਟੀ** (World view) **ਅਤੇ ਵਿਚਾਰਧਾਰਾ ਤੋਂ ਉਤਪੰਨ ਹੁੰਦਾ ਹੈ। ........ਗਲਪ ਤਾਂ ਗਲਪ ਹੀ ਰਹੇਗੀ ਪਰ ਫਿਰ ਵੀ ਇਹ ਗਲਪ ਆਪਣੇ ਸਮੇਂ ਅਤੇ ਸਮਾਜ ਦੇ ਪਰਿਪੇਖ** (Prespective) **ਉਜਾਗਰ ਕਰ ਸਕਦੀ ਹੈ।"10**

ਉਪਰੋਕਤ ਵਿਚਾਰਚਰਚਾ ਦੇ ਅਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਅਨੇਮਨ ਸਿੰਘ ਅਜਿਹਾ ਕਹਾਣੀਕਾਰ ਹੈ ਜਿਸ ਨੇ ਪੰਜਾਬੀ ਕਹਾਣੀ ਵਿਚ ਰਿਵਾਇਤੀ ਵਿਸ਼ਿਆਂ ਤੋਂ ਹੱਟਵੇਂ ਅਤੇ ਨਵੇਕਲੇ ਵਿਸ਼ਿਆਂ ਨੂੰ ਪਾਲਕਾਂ ਦੇ ਸਾਹਵੇਂ ਲਿਆਂਦਾ ਹੈ। ਰੂਪਕ ਪੱਖ ਤੋਂ ਕਹਾਣੀ ਵਿਚ ਕੁਝ ਕਚਿਆਈਆਂ ਕਿਤੇ-ਕਿਤੇ ਮੌਜੂਦ ਹਨ ਜੋ ਨਜ਼ਰ-ਅੰਦਾਜ ਵੀ ਕੀਤੀਆਂ ਜਾ ਸਕਦੀਆਂ ਹਨ ਕਿਉਂਕਿ ਅਨੇਮਨ ਦੀ ਪ੍ਰਾਪਤੀ ਸਮਾਜ ਤੋਂ ਟੁੱਟੇ ਹੋਏ ਵਰਗ ਦੇ ਜੀਵਨ ਨੂੰ ਕਹਾਣੀ ਦੇ ਕੇਂਦਰ ਵਿਚ ਲਿਆਉਣ ਵਿਚ ਹੈ।

ਹਵਾਲੇ :


1) ਪ੍ਰੋ. ਕਿਸ਼ਨ ਸਿੰਘ, ਸਾਹਿਤ ਦੀ ਸਮਝ, ਪੰਨਾ ਨੰ. 119
2) ਉਹੀ, ਉਹੀ, ਪੰਨਾ ਨੰ. 118 3) ਅਨੇਮਨ ਸਿੰਘ, ਨੂਰੀ, ਜੈਕਟ।
4) ਉਹੀ, ਉਹੀ, ਪੰਨਾ ਨੰ. 19 5) ਉਹੀ, ਉਹੀ, ਪੰਨਾ ਨੰ. 15
6) ਉਹੀ, ਉਹੀ, ਪੰਨਾ ਨੰ. 37 7) ਉਹੀ, ਉਹੀ, ਪੰਨਾ ਨੰ. 57
8) ਉਹੀ, ਉਹੀ, ਪੰਨਾ ਨੰ. 65 9) ਬਲਦੇਵ ਸਿੰਘ ਧਾਲੀਵਾਲ, ਬਿਰਤਾਂਤ ਤੇ ਵਿਚਾਰਧਾਰਾ, ਪੰਨਾ ਨੰ. 12-13 10) ਉਹੀ, ਉਹੀ, ਪੰਨਾ ਨੰ. 11



ਪ੍ਰੋ. ਪਰਗਟ ਸਿੰਘ ਬਰਾੜ
(ਅਸਿਸ. ਪ੍ਰੋ.)
ਪੰਜਾਬੀ ਵਿਭਾਗ,
ਬਾਬਾ ਫ਼ਰੀਦ ਕਾਲਜ, ਦਿਉਣ (ਬਠਿੰਡਾ)।
ਸੰਪ. 9803704201




## 'ਸਿਆਸਤ ਖੇਡ, ਸਿਆਸਤ' ਇੱਕ ਪੜ੍ਹਤ /ਡਾ. ਗਗਨਦੀਪ ਕੌਰ

ਸਮਰੱਥ ਕਥਾਕਾਰ ਜਿੰਦਰ ਰਚਿਤ 'ਸਿਆਸਤ ਖੇਡ, ਸਿਆਸਤ' ਕਹਾਣੀ ਸੰਗ੍ਰਹਿ 2020 ਵਿੱਚ ਪ੍ਰਕਾਸ਼ਿਤ ਹੋਇਆ ਹੈ। ਇਸ ਕਥਾ ਪੁਸਤਕ ਵਿੱਚ ਵੀ ਜਿੰਦਰ ਦੀ ਕਥਾਕਾਰੀ ਪ੍ਰਤਿਭਾ ਅਤੇ ਮੌਲਿਕ ਅਨੁਭਵ ਲਗਾਤਾਰ ਵਿਕਾਸ ਕਰਦੇ ਨਜਰੀਂ ਪੈਂਦੇ ਹਨ। ਇਸ ਕਹਾਣੀ ਸੰਗ੍ਰਹਿ ਵਿੱਚ ਇੱਕ ਤੋਂ ਜ਼ਿਆਦਾ ਮਸਲੇ ਪਾਠਕਾਂ ਦੇ ਮੁਖ਼ਾਤਿਬ ਹੁੰਦੇ ਹਨ ਮਸਲਨ ਨਾਰੀ ਪਾਤਰਾਂ ਦਾ ਅਤਿ ਆਧੁਨਿਕੀਕਰਨ, ਔਰਤ-ਮਰਦ ਸੰਬੰਧਾਂ ਦੇ ਬਦਲਦੇ ਆਯਾਮ ਅਤੇ ਦਲਿਤ ਯਥਾਰਥ ਆਦਿ। ਇਸ ਪਰਚੇ ਵਿੱਚ ਅਸੀਂ ਨਵ ਪੂੰਜੀਵਾਦ 'ਚ ਆਏ ਬਦਲਾਅ ਤੇ ਚੁਣੌਤੀਆਂ ਕਿਵੇਂ ਨਾਰੀ ਪਾਤਰਾਂ ਦੀ ਜੀਵਨ ਜਾਂਚ ਅਤੇ ਉਨ੍ਹਾਂ ਦੇ ਸਮੁੱਚੇ ਜੀਵਨ ਦ੍ਰਿਸ਼ਟੀਕੋਣ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਉਨ੍ਹਾਂ ਵਿਚਲੀ ਮਾਨਸਿਕ ਟੁੱਟ-ਭੱਜ ਨੂੰ ਪ੍ਰਸਤੁਤ ਕੀਤਾ ਗਿਆ ਹੈ। ਇਸ ਕਹਾਣੀ ਸੰਗ੍ਰਹਿ ਦੀਆਂ ਗਿਆਰ੍ਹਾਂ ਕਹਾਣੀਆਂ ਹਨ, ਜਿਹੜੀਆਂ ਸਾਰੀਆਂ ਮੱਧਵਰਗੀ ਮਨੁੱਖ ਦੀਆਂ ਸਮਾਜਿਕ ਵਿਸੰਗਤੀਆਂ ਜਾਂ ਅਕਾਂਖਿਆਵਾਂ ਦੀ ਪੇਸ਼ਕਾਰੀ ਬੜੀ ਖ਼ੂਬਸੂਰਤੀ ਨਾਲ ਕਰਦੀਆਂ ਹਨ। ਉਤਰ ਆਧੁਨਿਕਤਾ ਵਿਚ ਨਾਰੀ ਪਾਤਰਾਂ ਦੀਆਂ ਮਾਨਸਿਕ ਸੰਵੇਦਨਾਵਾਂ ਦੀਆਂ ਗੁੰਝਲਾਂ 'ਸਿਆਸਤ ਖੇਡ, ਸਿਆਸਤ' ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਬਾਖ਼ੂਬੀ ਨਾਲ ਖੋਲਦੀਆਂ ਪ੍ਰਤੀਤ ਹੁੰਦੀਆਂ ਹਨ ਜਿਨ੍ਹਾਂ ਦੀ ਕਸ਼ਮਕਸ਼, ਬੇਚੈਨੀ, ਘਬਰਾਹਟ ਅਤੇ ਚਿੰਤਾ-ਤੌਖਲੇ ਸਭ ਪਾਠਕਾਂ ਨਾਲ ਆਪਣੀ ਸਾਂਝ ਪਾਉਂਦੇ ਹਨ ਅਤੇ ਇਸ ਸਾਂਝ ਦੀ ਆਧਾਰਭੂਮੀ ਇਸ ਦੇ ਕਥਾਕਾਰ ਦਾ 'ਅੱਜ ਦੀ ਕਹਾਣੀ' ਲਿਖਣਾ ਹੈ। 'ਸਿਆਸਤ ਖੇਡ, ਸਿਆਸਤ' ਕਥਾ ਪੁਸਤਕ ਵਿਚ ਵੀ ਔਰਤ ਦੀ ਮਾਨਸਿਕਤਾ ਦੇ ਬਦਲਦੇ ਪੈਮਾਨੇ ਪ੍ਰਸਤੁਤ ਹੁੰਦੇ ਹਨ ਕਿਉਂਕਿ ਸਰਮਾਏਦਾਰੀ ਧਿਰ ਨੇ ਬਾਜ਼ਾਰ ਭਾਵ ਮੰਡੀ ਨੂੰ ਨਾਰੀ ਦੇ ਹਰ ਜੀਵਨ ਸਰੋਕਾਰ ਦੇ ਸਾਹਵੇਂ ਲਿਆ ਕੇ ਰੱਖ ਦਿੱਤਾ ਜਿਸ ਕਰਕੇ ਨਾਰੀ ਦੀ ਜੀਵਨ ਜਾਂਚ ਨੂੰ ਬਾਜ਼ਾਰ ਪ੍ਰਭਾਵਿਤ ਕਰ ਰਿਹਾ ਹੈ ਅਤੇ ਇਸ ਬਾਜ਼ਾਰ ਤੋਂ ਉਪਜੀ ਉਸ ਦੀ ਸੋਚ ਅਸਰਅੰਦਾਜ਼ ਹੋ ਰਹੀ ਹੈ। ਮਰਿਆਦਾ ਨੂੰ ਲਾਂਭੇ ਕਰਕੇ ਸਿਰਫ਼ ਤੇ ਸਿਰਫ਼ ਪੈਸੇ ਦੀ ਚਕਾਚੌਂਧ ਕਾਰਨ ਬਾਹਰਲੇ (ਇੱਕ ਤੋਂ ਵਧੇਰੇ) ਮਰਦਾਂ ਨਾਲ ਸਰੀਰਕ ਸਬੰਧ ਕਾਇਮ ਕਰਦੇ ਹੋਏ ਦੇਹ ਵਪਾਰ ਦੀ ਦਲਦਲ ਵਿਚ ਫਸਣਾ, ਜਿਸ ਕਰਕੇ ਉਨ੍ਹਾਂ ਦੇ ਦਿਲੋ-ਦਿਮਾਗ ਵਿੱਚ ਅਸਥਿਰਤਾ ਹਾਵੀ ਰਹਿੰਦੀ ਹੈ। ਇਸ ਕਹਾਣੀ ਸੰਗ੍ਰਹਿ ਦੀਆਂ ਦੋ ਕਹਾਣੀਆਂ ਮੱਛੀ ਅਤੇ ਮੱਛੀ ਦੋ ਨਿਰੋਲ ਤੌਰ ਤੇ ਨਾਰੀ ਦਾ ਸੈਕਸ ਦੀ ਖੇਡ, ਭਾਵਨਾਵਾਂ ਦੀ ਖੇਡ, ਪੈਸੇ ਅਤੇ ਇਸ ਨਾਲ ਜੁੜੀਆਂ ਸ਼ਕਤੀ ਦੀਆਂ ਮਹੀਨ ਤੰਦਾਂ ਦੀ ਖੇਡ ਬੇਵੱਸੀ ਤੋਂ ਬਿਨਾਂ ਆਨੰਦ ਅਤੇ ਲਾਲਚ ਖ਼ਾਤਰ ਖੇਡਣ ਨੂੰ ਅਭਿਵਿਅਕਤ ਕਰਦੀਆਂ ਹਨ।

ਮੱਛੀ ਕਹਾਣੀ ਵਿਚ ਕਹਾਣੀਕਾਰ ਉਤਮ ਪੁਰਖੀ ਬਿਰਤਾਂਤਕ ਪਾਤਰ ਦੁਆਰਾ ਨੀਂਦ ਵਿੱਚ ਅੱਧ ਉਨੀਂਦਰੀ ਹਾਲਤ ਵਿੱਚ ਡੈੱਡ ਪਏ ਫੋਨ 'ਤੇ ਇੰਗਲੈਂਡ ਰਹਿੰਦੀ ਆਪਣੀ ਪਰਮ ਸਹੇਲੀ ਸ਼ਰਨਜੀਤ ਸਿੱਧੂ ਨਾਲ ਲੰਬੀਆਂ ਗੱਲਾਂ ਕਰਨ ਦਾ ਬਿਰਤਾਂਤ ਸਿਰਜਦਾ ਹੋਇਆ ਉਸ ਦੀ ਮਨੋਅਵਸਥਾ ਬਾਬਤ ਪਾਠਕਾਂ ਨੂੰ ਜਾਣੂ ਕਰਵਾਉਂਦਾ ਹੈ। ਇਹ ਹੋਰ ਗੱਲ ਹੈ ਕਿ ਪਾਠਕਾਂ ਨੂੰ ਫੋਨ ਦੇ ਡੈੱਡ ਹੋਣ ਦੀ ਜਾਣਕਾਰੀ ਅੰਤ ਵਿਚ ਮੈਂ ਪਾਤਰ ਦੀ ਸੱਸ ਦੇ ਬੋਲਾਂ ਤੋਂ ਹੁੰਦੀ ਹੈ ਅਤੇ ਇਸ ਅਵਸਥਾ ਵਿੱਚ ਮੈਂ ਪਾਤਰ ਆਪਣੀ ਕਾਲਜ ਦੀ ਸਹੇਲੀ ਨਾਲ ਗੱਲਾਂ ਕਰਕੇ ਆਪਣੇ ਮਾਂ, ਕੰਜਰੀ, ਕਾਲਗਰਲ, ਟੈਕਸੀ, ਸੈਕਸ ਵਰਕਰ, ਵੇਸ਼ਵਾ (ਨਾਵਾਂ ਦੀ ਸੂਚੀ ਬਹੁਤ ਲੰਮੇਰੀ ਹੈ) ਦੇ ਬਣਨ ਪਿੱਛੇ

ਦੀਆਂ ਸੰਚਾਲਕ ਸ਼ਕਤੀਆਂ ਦਾ ਬਿਓਰਾ ਦਿੰਦੀ ਹੈ ਅਤੇ ਕਿਤੇ ਨਾ ਕਿਤੇ ਆਪਣੇ ਸਤੀ-ਸਵਿਤਰੀ ਸੁਭਾਅ ਵਿਚ ਇੰਨਾ ਵੱਡਾ ਮੋੜਾ ਆ ਜਾਣ ਨੂੰ ਜਸਟੀਫਾਈ ਕਰਦੀ ਹੈ। ਦੇਹ ਵਪਾਰ ਦੇ ਧੰਦੇ ਵਿਚ ਆਉਣ ਦਾ ਕਾਰਨ ਮੈਂ ਪਾਤਰ ਆਪਣੇ ਪਤੀ ਮਨੋਹਰ ਦੀ ਦੁਰਘਟਨਾ ਵਿਚ ਮੌਤ ਦੇ ਨਾਲ ਅੱਠ ਸਾਲਾਂ ਦੀ ਧੀ ਸੁਨੀਤਾ ਅਤੇ ਛੇ ਸਾਲਾਂ ਦੇ ਪੁੱਤਰ ਰਵੀ ਨਾਲ ਸੱਸ ਦੀ ਜ਼ਿੰਮੇਵਾਰੀ, ਡੇਢ-ਦੋ ਹਜ਼ਾਰ ਦੀ ਤਨਖ਼ਾਹ ਵਾਲੀ ਨਿਗੁਣੀ ਨੌਕਰੀ ਦੇ ਨਾਲ ਆਪਣੇ ਭਰ-ਜੋਬਨ ਅਤੇ ਸੁਹੱਪਣ ਨੂੰ ਮੰਨਦੀ ਹੈ। ਕਹਾਣੀ ਵਿਚ ਸਾਨੂੰ ਇਹ ਵੀ ਪਤਾ ਚਲਦਾ ਹੈ ਕਿ ਮੈਂ ਪਾਤਰ ਦੇ ਮਨ ਦੀ ਖਾਹਿਸ਼ ਦੱਬੀ ਰਹਿੰਦੀ ਹੈ ਕਿ ਉਹ ਦੂਜਾ ਵਿਆਹ ਕਰਵਾ ਕੇ ਆਪਣੀ ਅਗਲੀ ਜ਼ਿੰਦਗੀ ਨੂੰ ਸੌਖਾਲੀ ਬਣਾਏ ਪਰ ਉਸ ਨੂੰ ਇਸ ਦਾ ਪੂਰਨ ਭਾਂਤ ਅਹਿਸਾਸ ਹੈ ਕਿ ਵਿਆਹ ਤੋਂ ਬਾਅਦ ਔਰਤ ਦਾ ਮੁੱਲ ਅੱਧਾ ਵੀ ਨਹੀਂ ਰਹਿੰਦਾ। ਇਹ ਵੀ ਸੱਚ ਹੈ ਕਿ ਇਸ ਪਿੱਛੇ ਗੈਰ-ਮਰਦਾਂ ਦੀਆਂ ਮੈਲੀਆਂ ਨਜ਼ਰਾਂ ਬਰਦਾਸ਼ਤ ਕਰਨਾ ਉਸ ਦੇ ਮਨ ਵਿਚ ਘੁਟਨ ਪੈਦਾ ਕਰਦਾ ਹੈ ਪਰ ਇਸ ਬਾਰੇ ਮੈਂ ਪਾਤਰ ਦੀ ਸੱਸ ਦਾ ਪ੍ਰਤੀਕਰਮ ਸੀ ਕਿ ਜਦੋਂ ਤੱਕ ਔਰਤ ਨਹੀਂ ਚਾਹੁੰਦੀ ਉਸ ਉੱਪਰ ਕੋਈ ਮਾਲਕਾਨਾ ਹੱਕ ਨਹੀਂ ਜਤਾ ਸਕਦਾ ਜਦਕਿ ਮੈਂ ਪਾਤਰ ਨੂੰ ਇਹ ਪਹਿਲੇ ਵੇਲਿਆਂ ਦੀਆਂ ਗੱਲਾਂ ਜਾਪਦੀਆਂ ਹਨ। ਪਾਠਕ ਦੇ ਤੌਰ ਤੇ ਸਾਨੂੰ ਲਗਦਾ ਹੈ ਕਿ ਮੈਂ ਮੁਖੀ ਬਿਰਤਾਂਤਕ ਪਾਤਰ ਆਪਣੇ ਚੜ੍ਹਦੇ ਜੋਬਨ ਅਤੇ ਮਦਹੋਸ਼ ਕਰਨ ਵਾਲੇ ਸੁਹੱਪਣ ਤੋਂ ਰੱਜ ਕੇ ਪਸ਼ੇਮਾਨ ਹੈ।

> **ਸੱਸ ਮੈਨੂੰ ਪੁੱਛਦੀ, "ਤੈਨੂੰ ਕਾਹਦਾ ਡਰ ?" "ਮੈਨੂੰ ਆਪਣੀ ਇਸਮਤ ਦਾ ਡਰ ਮਾਰਦਾ। ਉਨ੍ਹਾਂ ਨੂੰ ਮੇਰਾ ਕੰਮ ਨ੍ਹੀਂ ਪਿਆਰਾ। ਜਿਸਮ ਪਿਆਰਾ। ਮੇਰੀ ਸੁੰਦਰਤਾ ਹੀ ਮੇਰੀ ਦੁਸ਼ਮਣ ਬਣੀ ਹੋਈ ਏ। ਕਾਲੀ ਕਲੋਟੀ ਹੁੰਦੀ ਤਾਂ ਕਿਸ ਮੈਨੂੰ ਖਾ ਜਾਣ ਵਾਲੀਆਂ ਨਜ਼ਰਾਂ ਨਾਲ ਘੂਰਨਾ ਸੀ। ਮਾਤਾ-ਤੈਨੂੰ ਕਿਹੜੇ ਮੂੰਹ ਨਾਲ ਦੱਸਾਂ- ਉਹ ਮੈਥੋਂ ਕੀ-ਕੀ ਚਾਹੁੰਦੇ ਨੇ। ਜੋ ਕੁਸ਼ ਮੇਰੇ ਸਾਹਮਣੇ ਹੁੰਦਾ ਏ- ਉਹਨੂੰ ਦੇਖ-ਦੇਖ ਕੇ ਮੈਨੂੰ ਪਸੀਨਾ ਆ ਜਾਂਦਾ।"**[1]

ਦੇਹ ਵਪਾਰ ਦੇ ਧੰਦੇ ਵਿਚ ਮੈਂ ਮੁਖੀ ਬਿਰਤਾਂਤਕ ਪਾਤਰ ਨੂੰ ਧਕੇਲਣ ਲਈ ਉਸਦੀ ਦੀ ਸੱਸ ਵੀ ਕਾਰਜਸ਼ੀਲ ਭੂਮਿਕਾ ਨਿਭਾਉਂਦੀ ਹੈ ਜਿਹੜੀ ਆਪਣੇ ਵੱਲੋਂ ਇਸੇ ਕੰਮ ਵਿਚ ਉਸ ਨੂੰ ਉਤਸ਼ਾਹਤ ਕਰਨ ਵਾਸਤੇ ਇਕ ਕਹਾਣੀ ਵੀ ਸੁਣਾਉਂਦੀ ਹੈ। ਜਿਸ ਵਿਚ ਸਾਨੂੰ ਮੈਂ ਪਾਤਰ ਜੋਗਿੰਦਰੀ ਅਤੇ ਜੈਨ ਇਲੈਕਟ੍ਰਿਕ ਹਾਊਸ ਵਾਲਾ ਸਤੀਸ਼ ਜੈਨ ਅਤੇ ਮਲਸੀਆ ਸਰਦਾਰ ਸਭ ਇਕ ਦੂਜੇ ਦੇ ਰੂਪ ਦਿਖਾਈ ਦਿੰਦੇ ਹਨ। ਮੈਂ ਪਾਤਰ ਵੀ ਜੋਗਿੰਦਰੀ ਵਾਂਗ ਵਿਧਵਾ ਹੈ, ਸੁੰਦਰਤਾ ਦੀ ਮੂਰਤ ਹੈ, ਬਾਲ-ਬੱਚੇਦਾਰ ਹੈ ਅਤੇ ਜਿਹੜੀ ਅੱਗੇ ਵਧ ਕੇ ਖੁਦ ਦੇਹ ਵਪਾਰ ਦੀ ਦੁਨੀਆਂ ਵਿਚ 'ਟਰੈਪਡ'ਹੋ ਕੇ ਇਕ ਅਜਿਹੀ ਮੱਛੀ ਬਣਦੀ ਹੈ ਜੋ ਇਸ ਦੁਨੀਆਂ ਵਿੱਚ ਟਰੈਪਡ ਹੋ ਜਾਣ ਅਤੇ ਆਪਣੇ ਸਰੀਰ ਨੂੰ ਵੇਚਣਾ ਕੋਈ ਘਾਟੇ ਦਾ ਸੌਦਾ ਨਹੀਂ ਸਮਝਦੀ ਸਗੋਂ ਉਹ ਜਗ੍ਹਾ-ਜਗ੍ਹਾ ਤੇ ਆਪਣੇ ਆਪ ਨੂੰ ਸਹੀ ਸਿੱਧ ਕਰਦੀ ਹੈ ਕਿ ਜੇ ਉਹ ਦੇਹ ਵੇਚਣ ਦੇ ਕਾਰੋਬਾਰ ਵਿਚ ਨਾ ਫਸਦੀ ਤਾਂ ਉਹ ਆਪਣੇ ਘਰ ਨੂੰ ਸਹੂਲਤਾਂ ਨਾਲ ਕਿਵੇਂ ਤੁੰਨਦੀ ?



ਮੈਂ ਮੁਖੀ ਬਿਰਤਾਂਤਕ ਪਾਤਰ ਵਲੋਂ ਮੋਹਾਲੀ ਦੇ ਸੈਕਟਰ ਛੇ ਵਿੱਚ ਕਿਰਾਏ ਤੇ ਮਕਾਨ ਲੈਣਾ ਉਸ ਦੇ ਵੇਸ਼ਵਾਬਿਰਤੀ ਦੇ ਕੰਮ ਨੂੰ ਹੋਰ ਵਧਾ ਦਿੰਦਾ ਹੈ। ਰਾਤਾਂ ਨੂੰ ਬਾਹਰ ਰਹਿਣਾ ਜਾਂ ਦੇਰ ਨਾਲ ਆਉਣਾ ਇਸ ਬਾਬਤ ਮੈਂ ਪਾਤਰ ਦੀ ਸੱਸ ਤੋਂ ਗੁਆਢੀਆਂ ਰਾਹੀਂ ਪੁੱਛਣ ਤੇ ਉਸ ਦੀ ਸੱਸ ਆਪਣੀ ਸਮਾਜਿਕ ਸਾਖ ਨੂੰ ਬਚਾਉਂਦੀ ਹੋਈ ਅਤੇ ਹਮਦਰਦੀ ਪਾਉਣ ਦਾ ਹਰ ਸੰਭਵ ਯਤਨ ਕਰਦੀ ਦਿਸਦੀ ਹੈ :-

> **"ਫਰਮ 'ਚ ਓਵਰਟਾਈਮ ਲਾਉਣਾ ਪੈਂਦਾ। ਸਾਡੇ ਸਿਰ 'ਤੇ ਕਿਹੜਾ ਕੋਈ ਮਰਦ ਆ। ਭਾਈ ਸਾਰਾ ਘਰ ਇਸੇ ਵਿਚਾਰੀ ਦੇ ਸਿਰ 'ਤੇ ਚਲਦਾ।"**[2]

ਹਾਈਟੈਕ ਦੁਨੀਆਂ ਵਿਚ ਰਹਿਣ ਵਾਲੀ ਮੈਂ ਮੁਖੀ ਬਿਰਤਾਂਤਕ ਪਾਤਰ ਦੇ ਕਸਟਮਰਾਂ ਵਿਚ ਜੈਨ ਇਲੈਕਟ੍ਰਿਕ ਹਾਊਸ ਦਾ ਮਾਲਕ ਸਤੀਸ਼ ਜੈਨ, ਡੀ.ਐਸ.ਪੀ. ਰਣਜੀਤ ਸਿੰਘ, ਪੰਜਾਬ ਸਕੂਲ ਐਜੂਕੇਸ਼ਨ ਬੋਰਡ 'ਚ ਸੁਪਰਡੈਂਟ ਕੇਸਰ ਸਿੰਘ, ਸੈਕਟਰੀਏਟ ਵਿਚ ਬੈਠਣ ਵਾਲੇ ਭਾਵ ਵੱਡੇ ਹਾਈ ਕਲਾਸ ਅਫਸਰ ਸ਼ਾਮਲ ਹਨ। ਗਾਹਕਾਂ ਨੂੰ ਕਿਸ ਤਰ੍ਹਾਂ ਪੁੱਟਣਾ ਹੈ ਇਹ ਦੀ ਵੀ ਜਾਂਚ ਉਸ ਨੂੰ ਸੋਹਣੀ ਤਰ੍ਹਾਂ ਆ ਗਈ ਹੈ। ਬਣਾਉਟੀ ਹੱਸਣਾ, ਆਪਣੇ ਗਾਹਕਾਂ ਨੂੰ ਖੁਸ਼ ਰੱਖਣਾ, ਪਰਦਿਆਂ 'ਚ ਜਿਊਣਾ, ਗਿਰਗਟ ਵਾਂਗ ਰੰਗ ਬਦਲਣੇ, ਘੜੀ-ਮੁੜ-ਘੜੀ ਝੂਠ ਬੋਲਣਾ ਉਸਦੀ ਜ਼ਿੰਦਗੀ ਦੇ ਅਹਿਮ ਪਹਿਲੂ ਬਣ ਗਏ ਹਨ। ਇਹ ਕਹਾਣੀ ਗੰਭੀਰ ਕਿਸਮ ਦੇ ਪ੍ਰਸ਼ਨ ਪਾਠਕਾਂ ਅੱਗੇ ਖੜ੍ਹਾ ਕਰਦੀ ਹੈ ਜਿਨ੍ਹਾਂ ਵਿੱਚ ਪਹਿਲਾ ਇਹ ਹੈ ਕਿ ਛੱਬੀ ਵਰ੍ਹਿਆਂ ਦੀ ਗਰੈਜੂਏਸ਼ਨ ਦੀ ਡਿਗਰੀ ਵਾਲੀ ਵਿਧਵਾ ਔਰਤ ਦਾ ਆਪਣੇ ਬੱਚਿਆਂ ਦੇ ਪਾਲਣ ਪੋਸ਼ਣ ਲਈ ਦੇਹ ਵਪਾਰ ਦੇ ਧੰਦੇ ਵਿੱਚ 'ਏ' ਕਲਾਸ ਮੱਛੀ ਬਣਨਾ ਕਿਸ ਹੱਦ ਤੱਕ ਜਾਇਜ਼ ਹੈ ? ਪਰ ਨਾਵਲ ਦੇ ਅੰਤ ਵਿਚ ਦਾਰੂ ਦੇ ਸੇਵਨ ਤੋਂ ਬਾਅਦ ਨੀਂਦ ਵਿਚ ਆਪਣੀ ਸਹੇਲੀ ਨਾਲ ਗੱਲਾਂ ਕਰਦੀ ਹੋਈ ਹੱਦ ਤੋਂ ਜ਼ਿਆਦਾ ਬੇਚੈਨੀ ਉਸ ਦੀ ਮਾਨਸਿਕ ਗਿਰਾਵਟ ਦਾ ਵੀ ਪ੍ਰਗਟਾਵਾ ਜ਼ਰੂਰ ਕਰਦੀ ਹੈ।

'ਮੱਛੀ ਦੋ' ਕਹਾਣੀ ਮੱਛੀ ਕਹਾਣੀ ਦਾ ਹੀ ਕਿਤੇ ਨਾ ਕਿਤੇ ਦੂਜਾ ਭਾਗ ਪ੍ਰਤੀਤ ਹੁੰਦਾ ਹੈ ਜਿਸ ਵਿਚ ਮੈਂ ਮੁਖੀ ਬਿਰਤਾਂਤਕ ਪਾਤਰ ਹੇਜ ਦੀ ਮਸ਼ਹੂਰ ਕਾਲਗਰਲ ਹੈ। ਜਿਸ ਦੇ ਗਾਹਕਾਂ ਵਿਚ ਪਾਕਿਸਤਾਨੀ, ਜਮੈਕੀਏ, ਗੋਰੇ ਅਤੇ ਜਾਅਲੀ ਮੁੰਡੇ ਆਉਂਦੇ ਹਨ ਇਸ ਵਿਚ ਵੀ ਉਹ ਆਪਣੀ ਰਾਜ਼ਦਾਰ ਸਹੇਲੀ ਨੂੰ ਆਪਣੇ ਕਾਲਗਰਲ ਬਣਨ ਬਾਰੇ ਦੱਸਦੀ ਹੈ। ਮੈਂ ਮੁਖੀ ਬਿਰਤਾਂਤਕ ਪਾਤਰ ਦਾ ਵਿਆਹ ਇੰਗਲੈਂਡ ਦੇ ਰਹਿਣ ਵਾਲੇ ਹਰਮੀਤ ਨਾਲ ਹੁੰਦਾ ਹੈ ਜਿਸ ਦਾ ਵਿਵਹਾਰ ਵਿਆਹ ਤੋਂ ਸਿਰਫ਼ ਛੇ ਮਹੀਨੇ ਬਾਅਦ ਬਦਲ ਜਾਂਦਾ ਹੈ ਅਤੇ ਇਸ ਪਿੱਛੇ ਦੀ ਵਜ੍ਹਾ ਉਸਦਾ ਇਕ ਗੋਰੀ ਨਾਲ ਵਿਆਹ ਬਾਹਰੇ ਸੰਬੰਧਾਂ ਦਾ ਹੋਣਾ ਹੈ ਜਿਸ ਬਾਰੇ ਜਾਣ ਕੇ ਮੈਂ ਮੁਖੀ ਬਿਰਤਾਂਤਕ ਪਾਤਰ ਹਰਮੀਤ ਨੂੰ ਛੱਡਣ ਲਈ ਤਿਆਰ ਹੋ ਜਾਂਦੀ ਹੈ ਪਰ ਇੰਗਲੈਂਡ ਦੀ ਪੱਕੀ ਨਾਗਰਿਕਤਾ ਹਾਸਲ ਕਰਨ ਦੀ ਤਲਬ ਕਰਕੇ ਉਹ ਅੱਖਾਂ ਤੇ ਪੱਟੀ ਬੰਨ ਲੈਂਦੀ ਹੈ ਅਤੇ ਇਸੇ ਯੋਜਨਾ ਤਹਿਤ ਬੱਚਾ ਵੀ ਪੈਦਾ ਨਹੀਂ ਕਰਦੀ। ਦੂਜੇ ਪਾਸੇ ਹਰਮੀਤ ਵੀ ਉਸ ਦੀਆਂ ਖਾਹਿਸ਼ਾਂ ਤੋਂ ਪੂਰਨ ਤੌਰ ਤੇ ਪਾਸਾ ਵੱਟ ਲੈਂਦਾ ਹੈ। ਕੇਕ ਬਣਾਉਣ ਵਾਲੀ ਫੈਕਟਰੀ ਵਿਚ ਮੈਂ ਮੁਖੀ ਬਿਰਤਾਂਤਕ ਪਾਤਰ ਲਾਤੀਫ਼ ਜਿਹੜਾ ਪੇਸ਼ਾਵਰ (ਪਾਕਿਸਤਾਨ) ਤੋਂ ਇੰਗਲੈਂਡ ਵਿੱਚ ਆਇਆ ਜੋ ਇੱਕ ਘਰ ਪਰਿਵਾਰ ਵਾਲਾ ਬੰਦਾ ਹੈ ਅਤੇ ਜਿਹੜਾ ਦੋ ਸਾਲ ਪਹਿਲਾਂ ਇੰਗਲੈਂਡ 'ਚ ਪੱਕਾ ਹੋਇਆ ਹੈ ਉਸ ਦੇ ਬਹੁਤ ਨੇੜੇ ਆ ਜਾਂਦੀ

ਹੈ। ਇਸ ਨੇੜਤਾ ਕਰਕੇ ਉਹ ਲਾਤੀਫ਼ ਨੂੰ ਦੱਸਦੀ ਹੈ ਕਿ ਉਸਦੀ ਦਿਲੀ ਇੱਛਾ ਹੈ ਕਿ ਇੰਡੀਆ ਉਸਦੇ ਪੇਕਿਆਂ ਦੀ ਆਪਣੀ ਕੋਠੀ ਹੋਵੇ ਜਿਸ ਦਾ ਖਰਚਾ ਲਾਤੀਫ਼ ਦਿੰਦਾ ਹੈ ਅਤੇ ਨਾਲ ਹੀ ਉਹ ਮੈਂ ਮੁਖੀ ਬਿਰਤਾਂਤਕ ਪਾਤਰ ਦੇ ਭਰਾ ਸਤਿੰਦਰ ਨੂੰ ਇੰਗਲੈਂਡ ਬੁਲਾਉਣ ਦਾ ਹੀਲਾ ਵਸੀਲਾ ਵੀ ਸੋਚਦਾ ਹੈ। ਲਾਤੀਫ਼ ਦੀ ਜਨਮ ਦਿਨ ਪਾਰਟੀ 'ਚ ਲਾਤੀਫ਼ ਅਤੇ ਉਸ ਦੇ ਦੋਸਤਾਂ ਦੇ ਟੋਲੇ ਨਾਲ ਮੈਂ ਮੁਖੀ ਬਿਰਤਾਂਤਕ ਪਾਤਰ ਦੇ ਨਸ਼ਈ ਹੋਣ ਦੀ ਸੂਰਤ ਵਿਚ ਸਰੀਰਕ ਸਬੰਧ ਸਥਾਪਿਤ ਕਰਨ ਦੀ ਘਟਨਾ ਉਸ ਦੇ ਕਾਲਗਰਲ ਬਣਨ ਦੇ ਸਫ਼ਰੀ ਆਗਾਜ਼ ਨੂੰ ਸਾਹਮਣੇ ਲਿਆਉਂਦੀ ਹੈ। ਲਾਤੀਫ਼ ਅਤੇ ਉਸ ਦੇ ਦੋਸਤਾਂ ਦੀ ਆਪਸੀ ਵਾਰਤਾਲਾਪ ਰਾਤ ਦੇ ਸਾਰੇ ਘਟਨਾਕ੍ਰਮ ਨੂੰ ਬਿਆਨ ਕਰਦੀ ਹੈ :

> **"ਮੇਰੀ ਕਦੇ ਇੱਛਾ ਹੁੰਦੀ ਸੀ ਕਿ ਕਿਸੇ ਸਿੱਖੜੀ ਨਾਲ ਸੌਵਾਂ। ਲਾਤੀਫ਼, ਮੇਰੇ ਭਾਈ ਤੂੰ ਮੇਰੀ ਇੱਛਾ ਅੱਜ ਪੂਰੀ ਕਰ ਦਿੱਤੀ। ਇਹ ਸੌਦਾ ਤਾਂ ਪੰਜ ਸੌ ਪਾਉਂਡ 'ਚ ਵੀ ਮਹਿੰਗਾ ਨੀਂ ਲੱਗਦਾ।"**
> **ਲਾਤੀਫ਼ ਨੇ ਉਸ ਦਾ ਸਾਥ ਦਿੰਦਿਆਂ ਹੋਇਆ ਕਿਹਾ,**
> **"ਉਹ ਤਾਂ ਮੇਰੇ ਘੜੇ ਦੀ ਮੱਛੀ ਏ- ਜਦੋਂ ਚਾਹਾਂਗਾ ਘੰਡੀ ਮਰੋੜ ਕੇ ਸੁਆਦ ਲੈ ਲਾਵਾਂਗਾ।"**[3]

ਲਾਤੀਫ਼ ਅਤੇ ਉਸ ਦੇ ਟੋਲਾ ਮੈਂ ਮੁਖੀ ਬਿਰਤਾਂਤਕ ਪਾਤਰ ਤੋਂ ਖੁਸ਼ ਸੀ ਅਤੇ ਮੈਂ ਮੁਖੀ ਬਿਰਤਾਂਤਕ ਪਾਤਰ ਭਾਰਤ ਆਪਣੇ ਪੇਕਿਆਂ ਨੂੰ ਪੈਸੇ ਭੇਜ ਕੇ ਤਸੱਲੀ ਮਹਿਸੂਸ ਕਰਦੀ ਹੈ, ਇਸ ਕਰਕੇ ਲਾਤੀਫ਼ ਦਾ ਸੁਲਤਾਨ ਨੂੰ ਇਹ ਕਹਿੰਦਾ ਹੈ:

> **"ਇਹਨੂੰ ਬਹੁਤ ਸਾਰੇ ਪੈਸਿਆਂ ਦੀ ਲੋੜ ਏ। ਆਪਾਂ ਸਾਰਿਆਂ ਨੇ ਇਸ ਦੀ ਮੱਦਤ ਕਰਨੀ ਏ।"**[4]

ਮੈਂ ਮੁਖੀ ਬਿਰਤਾਂਤਕ ਪਾਤਰ ਭਾਵੇਂ ਹੇਜ ਦੀ ਵੱਡੀ ਸੈਕਸ ਵਰਕਰ ਬਣ ਗਈ ਹੈ ਪਰ ਉਸ ਦਾ ਵਿਅਕਤੀਗਤ ਸੁਪਨਾ ਜਿਸ ਨੂੰ ਪੂਰਾ ਕਰਨ ਲਈ ਉਹ ਇੰਗਲੈਂਡ ਆਉਂਦੀ ਹੈ ਉਹ ਅੱਧਵਾਟੇ ਹੀ ਚਕਨਾਚੂਰ ਹੋ ਜਾਂਦਾ ਹੈ ਜਿਸ ਵਿਚ ਉਹ ਕਿਸੇ ਦੀ ਵਿਆਹੁਤਾ ਪਤਨੀ ਅਤੇ ਮਾਂ ਦੇ ਫਰਜ਼ ਪੂਰੇ ਕਰਨਾ ਲੋਚਦੀ ਸੀ ਪਰ ਇਹ ਵੀ ਸੱਚ ਹੈ ਕਿ ਉਸ ਦੀ ਇੰਡੀਆਂ ਵਿਚ ਪੈਸੇ ਭੇਜਣ ਦੀ ਚਾਹਤ ਉਸ ਨੂੰ ਲਾਤੀਫ਼ ਵਰਗੇ ਦਲਾਲਾਂ ਦੇ ਸੰਪਰਕ ਵਿੱਚ ਲਿਆਉਂਦੀ ਹੈ ਅਤੇ ਨਾਲ ਹੀ ਉਸ ਦਾ ਆਪਣੀ ਇੰਡੀਆ ਰਹਿੰਦੀ ਸਹੇਲੀ ਦੀਪੀ ਨੂੰ ਇੰਗਲੈਂਡ ਬੁਲਾ ਕੇ ਸੈਕਸ ਵਰਕਰ ਬਣਨ ਦੇ ਗੁਰ ਦੱਸਣਾ ਸਦਾਚਾਰ ਤੋਂ ਕੋਹਾਂ ਦੂਰ ਲੱਗਦਾ ਹੈ।

ਜੋਗੀ ਕਹਾਣੀ ਵਿੱਚ ਪੰਜ ਨਾਰੀ ਪਾਤਰ ਹਨ ਕਮਲਾ, ਕਮਲੇਸ਼, ਰਤਨੋ ਅਤੇ ਉੱਤਮ ਪੁਰਖੀ ਬਿਰਤਾਂਤਕ ਪਾਤਰ (ਬਲਵੰਤ ਸਿੰਘ) ਦੀ ਪਤਨੀ ਅਤੇ ਰੇਸ਼ਮਾ। ਪਹਿਲੀ ਇਸਤਰੀ ਪਾਤਰ ਕਮਲਾ ਹੈ ਜਿਹੜੀ ਬਿਹਾਰ ਦੇ ਖੁਰਸ਼ੀਦ ਮੁਹੰਮਦ ਨਾਲ ਅੰਤਰ-ਜਾਤੀ ਵਿਆਹ ਕਰਵਾਉਂਦੀ ਹੈ ਪਰ ਉਸ ਦੇ ਐਕਸੀਡੈਂਟ ਤੋਂ ਬਾਅਦ ਅੱਠਵੀ 'ਚ ਪੜ੍ਹਦੀ ਕੁੜੀ ਅਤੇ ਪੰਜਵੀਂ 'ਚ ਪੜ੍ਹਦੇ ਮੁੰਡੇ ਦੀ ਜਿੰਮੇਵਾਰੀ ਕਮਲਾ 'ਤੇ ਆ ਜਾਂਦੀ ਹੈ। ਕਮਲਾ ਪੂਰੀ ਕਹਾਣੀ ਵਿੱਚ ਮੈਂ ਮੁਖੀ ਬਿਰਤਾਂਤਕ ਪਾਤਰ ਤੋਂ ਦੂਰੀ ਬਣਾ ਕੇ ਰੱਖਦੀ ਹੈ ਪਰ ਜਦ ਉਹ ਥੋੜ੍ਹੀ ਖੁੱਲ੍ਹ ਲੈਂਦਾ ਹੋਇਆ ਉਸ ਤੋਂ ਪਤੀ ਦੀ



ਮੌਤ ਤੋਂ ਬਾਅਦ ਅਤ੍ਰਿਪਤ ਦੇਹੀ ਲੋੜਾਂ ਬਾਰੇ ਪ੍ਰਸ਼ਨ ਕਰਦਾ ਹੈ ਤਾਂ ਕਮਲਾ ਦਾ ਜਵਾਬ ਉਸ ਨੂੰ ਚੌਂਕਾ ਦਿੰਦਾ ਹੈ:

> **ਇਕ ਦਿਨ ਉਸ ਨੂੰ ਚੰਗੇ ਮੂਡ 'ਚ ਦੇਖ ਕੇ ਮੈਂ ਪੁੱਛਿਆ,**
> **"ਤੇਰਾ ਬੰਦੇ ਬਿਨਾਂ ਕਿੱਦਾਂ ਸਰਦਾ ?"**
> **ਉਲਟਾ ਉਸ ਪੁੱਛ ਲਿਆ "ਤੁਹਾਡਾ ਔਰਤ ਬਿਨਾਂ ਕਿੱਦਾਂ ਸਰਦਾ ?"**[5]

ਕਮਲਾ ਪਤਨੀ ਤੋਂ ਦੂਰ ਰਹਿਣ ਵਾਲੇ ਮੈਂ ਮੁਖੀ ਬਿਰਤਾਂਤਕ ਪਾਤਰ ਨਾਲ ਉਚਿੱਤ ਦੂਰੀ ਕਾਇਮ ਰੱਖਦੀ ਹੈ। ਇਸ ਤਰ੍ਹਾਂ ਕਮਲਾ ਉਸ ਨਾਲ ਮਾਨਸਿਕ ਅਤੇ ਭਾਵਨਾਤਮਕ ਸਾਂਝ ਕਾਇਮ ਰੱਖਦੀ ਹੋਈ ਵੀ ਸਰੀਰਕ ਸਬੰਧਾਂ ਤੋਂ ਗੁਰੇਜ਼ ਕਰਦੀ ਹੈ। ਸ਼ਹਿਰ ਦੇ ਬਦਨਾਮ ਏਰੀਆ ਕਬੀਰ ਕਲੋਨੀ ਵਿੱਚ ਰਹਿਣ ਵਾਲੇ ਮੈਂ ਮੁਖੀ ਬਿਰਤਾਂਤਕ ਪਾਤਰ ਦੇ ਦੁੱਖ ਦੀ ਥਾਹ ਵੀ ਕਮਲਾ ਹੀ ਪਾਉਂਦੀ ਹੈ ਅਤੇ ਨਾਲ ਹੀ ਮੈਂ ਮੁਖੀ ਬਿਰਤਾਂਤਕ ਪਾਤਰ ਦੁਆਰਾ ਇਹ ਸਮਝਣਾ ਕਿ ਮੈਨੂੰ ਤਾਂ ਜਿੰਨੀਆਂ ਔਰਤਾਂ ਮਿਲੀਆਂ ਸਭ ਜਿਸਮ ਦੀਆਂ ਭੁੱਖੀਆਂ ਸਨ ਦੀ ਮਿੱਥ ਨੂੰ ਵੀ ਤੋੜਦੀ ਹੈ:

> **ਅੱਲ੍ਹਾ ਰਹਿਮਤ ਬਖ਼ਸ਼ੇ - ਕਿਸੇ ਬੱਚੇ ਦੀ ਮਾਂ ਨਾ ਮਰੇ। ਨ੍ਹੀਂ ਤਾਂ ਉਹ ਸਾਰੀ ਉਮਰ ਪਿਆਰ ਨੂੰ ਤਰਸਦਾ ਰਹਿੰਦਾ ਆ।"**[6]

ਦੂਜੀ ਨਾਰੀ ਪਾਤਰ ਸਾਇੰਸ ਟੀਚਰ ਕਮਲੇਸ਼ ਹੈ ਜੋ ਕਿ ਗੰਭੀਰ ਸੁਭਾਅ ਦੀ ਮਾਲਕ ਹੈ। ਉਹ ਸੋਸ਼ਲ ਬਿਲਕੁਲ ਨਹੀਂ ਹੈ ਇਸੇ ਕਰਕੇ ਉਹ ਕਿਸੇ ਨੂੰ ਵੀ ਨਾ ਮਿਲਦੀ ਅਤੇ ਨਾ ਹੀ ਬੁਲਾਉਂਦੀ ਹੈ। ਇਥੋਂ ਤੱਕ ਕਿ ਉਹ ਸਕੂਲ ਦੇ ਸਟਾਫ਼ ਰੂਮ 'ਚ ਵੀ ਜ਼ਿਆਦਾ ਘੁਲਦੀ ਮਿਲਦੀ ਨਹੀਂ। ਹਲਕੇ ਰੰਗ ਦੇ ਸੂਟ, ਚਿਹਰੇ 'ਤੇ ਮੇਕਅੱਪ ਨਾ ਕਰਨਾ, ਸਕੂਲ ਵਿਚ ਸਿਰਫ਼ ਪੀਰੀਅਡ ਲੈਣਾ ਜਾਂ ਵਿਹਲੇ ਸਮੇਂ ਗਰਾਊਂਡ 'ਚ ਸੈਰ ਕਰਨਾ ਹੀ ਉਸ ਦੇ ਸ਼ੁਗਲ ਹਨ ਅਤੇ ਇਹ ਹੀ ਉਸ ਨੂੰ ਦੂਜਿਆਂ ਦੀ ਨਜ਼ਰ ਵਿਚ ਕਮਾਲ ਦੀ ਔਰਤ ਬਣਾਉਂਦੇ ਹਨ। ਕਹਾਣੀਕਾਰ ਉਸ ਦੀਆਂ ਪਰਿਵਾਰਕ ਪ੍ਰੇਸ਼ਾਨੀਆਂ ਬਾਰੇ ਦੱਸਦਾ ਹੈ, ਪਰ ਇਹ ਜ਼ਿਕਰ ਨਹੀਂ ਕਰਦਾ ਕਿ ਇਹ ਪ੍ਰੇਸ਼ਾਨੀਆਂ ਕੀ ਹਨ ਅਤੇ ਇਨ੍ਹਾਂ ਦੀ ਅਸਲ ਵਜ੍ਹਾ ਕੀ ਹੈ ? ਇਸ ਬਾਰੇ ਬਣਦੀ ਸਪੇਸ 'ਚ ਕਹਾਣੀਕਾਰ ਨੂੰ ਦੱਸਣਾ ਚਾਹੀਦਾ ਸੀ। ਸੋਸਾਇਟੀ ਸਿਨੇਮਾ ਲੁਧਿਆਣੇ ਵਿੱਚ ਮੈਂ ਮੁਖੀ ਬਿਰਤਾਂਤਕ ਪਾਤਰ (ਬਲਵੰਤ ਸਿੰਘ) ਨਾਲ ਫਿਲਮ ਦੇਖਣ ਉਪਰੰਤ ਕਮਲੇਸ਼ ਦੀ ਆਪਣੇ ਪਤੀ ਨਾਲ ਰੱਜਵੀਂ ਲੜਾਈ ਅਤੇ ਉਸ ਦੇ ਤਲਾਕ ਲੈਣ ਦਾ ਫੈਸਲਾ ਸਾਹਮਣੇ ਆਉਂਦਾ ਹੈ। ਕਮਲੇਸ਼ ਮੈਂ ਮੁਖੀ ਬਿਰਤਾਂਤਕ ਪਾਤਰ ਨੂੰ ਰਾਤ ਨੂੰ ਬਾਹਰ ਲੈ ਕੇ ਜਾਣ ਅਤੇ ਉਸ ਨੂੰ ਬੁਰੀ ਤਰ੍ਹਾਂ ਥਕਾ ਲੈਣ ਲਈ ਜ਼ੋਰ ਪਾਉਂਦੀ ਹੈ ਤਾਂ ਕਿ ਉਸ ਨੂੰ ਗੂੜ੍ਹੀ ਨੀਂਦ ਆ ਸਕੇ ਕਿਉਂਕਿ ਉਹ ਪਿਛਲੇ ਦਸ ਦਿਨਾਂ ਦੀ ਉਨੀਂਦਰੀ ਸੀ। ਇਸ ਤਰ੍ਹਾਂ ਕਮਲੇਸ਼ ਵੀ ਮਾਨਸਿਕ ਅਤੇ ਸਰੀਰਕ ਪੱਖੋਂ ਵਿਆਹ ਬਾਹਰੇ ਸਬੰਧਾਂ ਲਈ ਤਿਆਰ ਹੈ ਪਰ ਮੈਂ ਮੁਖੀ ਬਿਰਤਾਂਤਕ ਪਾਤਰ ਅੱਗੇ ਵਧ ਕੇ ਅਜਿਹੀ ਇੱਛਾ ਨਹੀਂ ਕਰਦਾ ਕਿਉਂਕਿ ਉਹ ਉਸਦੇ ਜੀਵਨ ਨੂੰ ਵਿਆਹ ਬਾਹਰੇ ਸਬੰਧਾਂ ਵਿੱਚ ਉਲਝਾ ਕੇ ਉਸ ਦੀਆਂ ਮੁਸ਼ਕਿਲਾਂ ਵਿਚ ਵਾਧਾ ਨਹੀਂ ਕਰਨਾ ਚਾਹੁੰਦਾ।

ਮੈਂ ਮੁਖੀ ਬਿਰਤਾਂਤਕ ਪਾਤਰ ਦੀ ਪਤਨੀ ਦੁਆਰਾ ਕਮਲੇਸ਼ ਨਾਲ ਉਸ ਨੂੰ ਫਿਲਮ ਥੀਏਟਰ ਵਿਚ ਦੇਖਣਾ, ਅੱਗ ਬਬੂਲਾ ਹੋਣਾ ਅਤੇ ਧਮਕੀ ਦੇਣਾ ਜਿਸ ਬਾਰੇ ਮਰਿਆਦਾ ਵਿਚ ਰਹਿਣ ਵਾਲੀ

ਔਰਤ ਦੀ ਸੋਚ ਤੋਂ ਪਰੇ ਜਾਪਦਾ ਹੈ। ਆਪਣੀ ਧਮਕੀ ਵਿੱਚ ਇਹ ਪਾਤਰ ਮੈਂ ਮੁਖੀ ਬਿਰਤਾਂਤਕ ਪਾਤਰ ਨੂੰ ਛਟੀ ਦਾ ਦੁੱਧ ਯਾਦ ਕਰਵਾਉਣ ਲਈ ਹੋਰਨਾਂ ਮਰਦਾਂ ਨਾਲ ਸਰੀਰਕ ਸਬੰਧ ਸਥਾਪਿਤ ਕਰਨ ਦਾ ਐਲਾਨ ਕਰਦੀ ਹੈ ਉਸ ਦਾ ਅਜਿਹਾ ਵਿਹਾਰ ਬਿਲਕੁਲ ਅਟਪਟਾ ਅਤੇ ਗੈਰ ਵਾਜਬ ਜਾਪਦਾ ਹੈ:

> **"ਜੇ ਤੂੰ ਬਾਹਰ ਖੇਹ ਖਾ ਸਕਦਾ - ਤਾਂ ਮੈਂ ਹੁਣ ਤੇਰੇ ਸਾਹਮਣੇ ਬੰਦਾ ਰੱਖ ਕੇ ਦਿਖਾਊਂਗੀ। ਮੈਂ ਵੀ ਆਪਣੇ ਪਿਓ ਦੀ ਨ੍ਹੀਂ -ਕਿਸੇ ...... ੜ੍ਹੇ ਦੀ ਧੀ ਹੋਊਗੀ - ਜੇ ਐਦਾਂ ਨਾ ਕੀਤੀ ... ਜੇ ਤੈਨੂੰ ਮੇਰੀ ਇੱਜ਼ਤ ਪਿਆਰੀ ਨ੍ਹੀਂ ਤਾਂ ਮੈਂ ਕਿਉਂ ਭੁੱਖੀ ਰਹਾਂ... ਜਾਹ-ਤੇਰਾ ਮੇਰਾ ਸੰਬੰਧ ਖਤਮ...।"**[7]

ਰਤਨੋਂ ਮੈਂ ਮੁਖੀ ਬਿਰਤਾਂਤਕ ਪਾਤਰ ਦੇ ਸਕੂਲ 'ਚ ਚਪੜਾਸਣ ਅਤੇ ਬੜੀ ਧੜੱਲੇਦਾਰ ਔਰਤ ਹੈ। ਉਸ ਨੂੰ ਲੋਕ ਬੰਦੇਖਾਣੀ ਔਰਤ ਦਾ ਨਾਮ ਦਿੰਦੇ ਹਨ ਜਿਹੜੀ ਰੋਜ਼ ਰਾਤ ਨੂੰ ਅੱਧਾ ਕਿਲੋ ਮੀਟ ਤੇ ਪਾਈਆ ਸ਼ਰਾਬ ਪੀਂਦੀ। ਮੂੰਹ ਫਟ ਲੜਾਕੀ ਹੋਣ ਕਰਕੇ ਨਾ ਹੀ ਉਸ ਨੂੰ ਕੋਈ ਮੂੰਹ ਲਾਉਂਦਾ ਅਤੇ ਨਾ ਹੀ ਸ਼ਿਕਾਇਤ ਕਰਦਾ। ਸਰਦੀ ਵਿੱਚ ਚੁੱਲੇ ਦੀ ਅੱਗ ਦੇ ਸੇਕ ਨੂੰ ਔਰਤ ਦੇ ਦੇਹੀ ਸੁੱਖ ਨਾਲ ਤੁਲਨਾਉਣਾ ਅਤੇ ਇਸ ਸਬੰਧ ਵਿਚ ਖੁੱਲੀਆਂ ਗੱਲਾਂ ਕਰਨ ਦਾ ਪ੍ਰਸੰਗ ਪਾਠਕਾਂ ਨੂੰ ਕਿਤੇ ਨਾ ਕਿਤੇ ਬੇਲੋੜਾ ਜਾਪ ਸਕਦਾ ਹੈ:

> **ਪੱਟ 'ਤੇ ਹੱਥ ਮਾਰ ਕੇ ਕਹਿੰਦੀ - "ਆਓ-ਆਓ ਕਿਹੜਾ ਆਪਣੇ ਆਪ ਨੂੰ ਮਰਦ ਅਖਵਾਉਂਦਾ। ਮੈਂ ਵੀ ਦੇਖਾਂ ਉਹਦੀ ਮਰਦਾਨਗੀ। ਜੇ ਜਾਣ ਲੱਗਾ ਮੇਰੇ ਪੈਰੀਂ ਹੱਥ ਨਾ ਲਾ ਕੇ ਗਿਆ ਤਾਂ ਮੈਨੂੰ ਰਤਨੋ ਨਾ ਕਹਿਣਾ....।"**[8]

ਇਸ ਕਹਾਣੀ ਵਿੱਚ ਪੰਜਵੀਂ ਔਰਤ ਰੇਸ਼ਮਾ ਹੈ ਜਿਹੜੀ ਬਲਵੰਤ ਸਿੰਘ ਦੀ ਰਿਸ਼ਤੇ ਵਿਚ ਵੱਡੀ ਭਰਜਾਈ ਹੈ। ਰੇਸ਼ਮਾ ਆਪਣੇ ਪਤੀ ਕੰਤਾ ਦੀ ਗੈਰਹਾਜ਼ਰੀ ਵਿਚ ਬਲਵੰਤ ਨਾਲ ਸਰੀਰਕ ਸਬੰਧ ਬਣਾਉਂਦੀ ਹੈ ਅਤੇ ਮਰਿਆਦਾ ਛਿੱਕੇ ਟੰਗਦੀ ਹੋਈ ਉਹ ਦੇਹੀ ਆਨੰਦ ਵਿਚ ਗਲਤਾਨ ਦਿਸਦੀ ਹੈ। ਇਸ ਤਰ੍ਹਾਂ ਉਸ ਉਪਰ ਸਿਰਫ਼ ਤੇ ਸਿਰਫ਼ ਅਤਿ ਆਧੁਨਿਕਤਾ ਹਾਵੀ ਦਿਸਦੀ ਹੈ।

ਰਣਜੀਤਾਂ ਪਾਤਰ ਵਿਦਾਅ ਕਹਾਣੀ ਵਿਚ ਜਗਪਾਲ ਸਿੰਘ ਦੇ ਦਫ਼ਤਰ ਵਿੱਚ ਸੇਵਾਦਾਰਨੀ, ਦਫ਼ਤਰ ਦੇ ਬਾਬੂਆਂ ਦਾ ਚਿੱਟਾ ਛਿੱਥਾ ਜਾਣਨ ਵਾਲੀ, ਬੋਲਣ ਦੀ ਲਿਆਕਤ, ਗੱਲ ਕਰਨ ਅਤੇ ਆਪਣੀ ਗੱਲ ਮਨਵਾਉਣ ਦੀ ਕਲਾ ਨੂੰ ਜਾਣਨ ਵਾਲੀ ਪਰ ਬੇਹੱਦ ਗਾਲੜੀ ਕਿਸਮ ਦੀ ਪੰਤਾਲੀਆਂ ਦੀ ਉਮਰ ਨੂੰ ਲੰਘਾਉਣ ਵਾਲੀ ਤਜਰਬੇਕਾਰ ਨਾਰੀ ਪਾਤਰ ਦੇ ਰੂਪ ਵਿਚ ਸਾਡੇ ਸਾਹਮਣੇ ਆਉਂਦੀ ਹੈ। ਵਿਦਾਅ ਕਹਾਣੀ ਦੀ ਪਹਿਲੀ ਲਾਈਨ ਵਿਚ ਉਸ ਦੀ ਹੇਠਲੀ ਸਟੇਟਮੈਂਟ ਦੇਣਾ ਉਸ ਨੂੰ ਇਕ ਬੋਲਡ ਕਰੈਕਟਰ ਦੇ ਰੂਪ ਵਿਚ ਸਾਡੇ ਸਾਹਮਣੇ ਲੈ ਆਉਂਦਾ ਹੈ।

> **"ਸਰਦਾਰ ਜੀ, ਤੁਹਾਨੂੰ ਸਾਰਿਆਂ ਬੰਦਿਆਂ ਨੂੰ ਮੇਰੀ ਧੁੰਨੀ ਤੋਂ ਹੇਠਲਾ ਪਾਸਾ ਹੀ ਕਿਉਂ ਦਿਸਦਾ ?"**[9]

ਇਸ ਕਹਾਣੀ ਵਿੱਚ ਉਹ ਮੈਂ ਮੁਖੀ ਬਿਰਤਾਂਤਕ ਪਾਤਰ (ਜਗਪਾਲ ਸਿੰਘ) ਨੂੰ ਗਲੋਬਲ ਵੀਲੇਜ, ਗਲੋਬਲਾਈਜੇਸ਼ਨ, ਸਨਸੈਕਸ, ਹੈਪੀ ਨੌਨ-ਵਰਜੈਨਿਟੀ, ਯੱਕਾ ਜੋੜਨਾ, ਮਿੱਠੇ ਚੌਲ ਦੀ ਸਮਝ ਦਿੰਦੀ ਦਿਖਾਈ ਦਿੰਦੀ ਹੈ। ਦਫ਼ਤਰ ਵਿਚ ਉਸ ਦਾ ਅਸੂਲ ਹੈ ਕਿ ਉਹ ਉਸ ਦੇ ਹੀ ਕੰਮ ਕਰਦੀ ਹੈ ਜੋ ਉਸ ਨੂੰ ਬਣਦਾ ਮਾਣ ਤਾਣ ਦਿੰਦਾ ਹੈ। ਇਸ ਦੀ ਵੀ ਉਹ ਪੂਰੀ ਸੋਝੀ ਰਖਦੀ ਹੈ ਕਿ



ਕਿਹੜਾ ਬੰਦਾ ਕੁਰੱਪਟ ਹੈ ਅਤੇ ਕਿਹੜਾ ਈਮਾਨਦਾਰ। ਰਣਜੀਤਾਂ ਔਰਤ ਮੁਲਾਜ਼ਮਾਂ ਦੇ ਈਮਾਨਦਾਰ ਹੋਣ ਦੀ ਪੂਰੀ ਗਾਰੰਟੀ ਲੈਂਦੀ ਹੈ। ਉਸ ਦੀ ਆਪਣੀ ਜੀਵਨ ਫਿਲਾਸਫ਼ੀ ਅਨੁਸਾਰ ਉਹ ਹਰ ਮਾਮਲੇ ਵਿਚ ਸਪੱਸ਼ਟ ਹੈ ਜਿਵੇਂ ਉਹ ਧਰਮ ਕਰਮ ਦੇ ਕੰਮ ਨੂੰ ਬੇਈਮਾਨੀ ਤੋਂ ਅਲੱਗ ਰੱਖਣਾ ਚਾਹੁੰਦੀ ਹੈ। ਜਿਵੇਂ ਉਕਤ ਕਹਾਣੀ ਵਿਚਲੇ ਲਏ ਹੋਏ ਹਵਾਲੇ ਤੋਂ ਪਤਾ ਚਲਦਾ ਹੈ ਕਿ ਉਹ ਖੁੱਲੀਆਂ ਗੱਲਾਂ ਕਰਦੀ ਹੈ ਪਰ ਜੇ ਕੋਈ ਮਰਦ ਜਿਆਦਾ ਉਸ ਦੇ ਜ਼ਿਆਦਾ ਨੇੜੇ ਹੁੰਦਾ ਤਾਂ ਉਸਦੀ ਆਵਾਜ਼ ਸਖ਼ਤ ਹੋ ਜਾਂਦੀ ਹੈ:

> **"ਤੈਥੋਂ ਪਰ੍ਹਾ ਨ੍ਹੀਂ ਹੋ ਕੇ ਖੜੋਇਆ ਜਾਂਦਾ ।ਪਤਾ ਨ੍ਹੀਂ ਕਿਉਂ ਅਕਲ ਤਾਂ ਨੇੜੇ ਨ੍ਹੀ ਆਈ ਦਿਸਦੀ।"**[10]

ਉਪਰੋਕਤ ਵਿਆਖਿਆ ਰਣਜੀਤਾਂ ਪਾਤਰ ਦੇ ਸਮਾਜਿਕ ਜੀਵਨ ਬਾਰੇ ਸੀ। ਇਸ ਦੇ ਨਾਲ ਹੀ ਉਸ ਦੇ ਵਿਅਕਤੀਗਤ ਜੀਵਨ ਦੀ ਗੱਲ ਕਰੀਏ ਤਾਂ ਕੁਝ ਬਹੁਤ ਹੀ ਦਿਲ ਟੁੰਬਵੇਂ ਪੱਖ ਉਸ ਦੀ ਸ਼ਖ਼ਸੀਅਤ ਬਾਰੇ ਆਉਂਦੇ ਹਨ ਜਿਸ ਵਿਚ ਰਣਜੀਤਾਂ ਤੇਈ ਸਾਲਾਂ ਦੀ ਭਰਪੂਰ ਜੁਆਨ ਔਰਤ, ਗੋਰਾ ਨਿਛੋਹ ਰੰਗ, ਦਰਮਿਆਨਾ ਤਿੱਖਾ ਨੱਕ, ਕਾਲੇ ਸ਼ਾਹ ਵਾਲ, ਬਿੱਲੀਆਂ ਅੱਖਾਂ, ਬਰੀਕ-ਬਰੀਕ ਬੁੱਲ੍ਹ, ਛੋਟੇ ਕੰਨ, ਭਾਰੀਆਂ ਛਾਤੀਆਂ, ਤਿੰਨ ਧੀਆਂ ਦੀ ਮਾਂ, ਆਪਣੇ ਪਤੀ ਹੁਕਮ ਸਿੰਘ ਨੂੰ ਸੰਪੂਰਨ ਮਰਦ ਸਮਝਣ ਵਾਲੀ ਅਤੇ ਪਤੀ ਦਾ ਪੂਰਾ ਖਿਆਲ ਰੱਖਦੀ ਹੋਈ ਉਸ ਨੂੰ 'ਸਾਬ੍ਹ' (ਸਾਹਿਬ) ਕਹਿ ਕੇ ਬੁਲਾਉਣ ਵਾਲੀ ਪਤਨੀ ਸੀ। ਰਣਜੀਤਾਂ ਆਪਣੇ ਪਤੀ ਦੇ ਇੱਕ ਐਕਸੀਡੈਂਟ ਵਿਚ ਮਾਰੇ ਜਾਣ ਦੀ ਘਟਨਾ ਨੂੰ ਜਦ ਜਗਪਾਲ ਸਿੰਘ ਪਾਤਰ ਅੱਗੇ ਦੁਹਰਾਉਂਦੀ ਹੈ ਤਾਂ ਉਹ ਹੁਕਮ ਸਿੰਘ ਦੇ ਆਖੇ ਸ਼ਬਦਾਂ ਨੂੰ ਵੀ ਗਹਿਰਾਈ ਨਾਲ ਚਿਤਾਰਦੀ ਦਿਸਦੀ ਹੈ।

> **ਉਸ ਇਕੋ ਵਾਰ ਮੈਨੂੰ ਸਮਝਾਇਆ ਸੀ ਕਿ ਉਹ ਡਰਾਈਵਰ ਹੈ। ਜੇ ਕਿਤੇ ਉਸ ਨਾਲ ਹਬੀ-ਨਬੀ ਹੋ ਗਈ ਤਾਂ ਪਿੱਛੋਂ ਮੈਂ ਮਰਦ ਬਣ ਕੇ ਜੀਵਾਂ। ਜੇ ਕਿਤੇ ਮੈਂ ਡੋਲਾਂ ਤਾਂ ਮੈਂ ਉਹਨੂੰ ਯਾਦ ਕਰ ਲਵਾਂ। ਸੱਚ ਜਾਣੇਂਓ ਉਹਦੀ ਇਸੇ ਗੱਲ ਨੇ ਮੈਨੂੰ ਕਦੇ ਡੋਲ੍ਹਣ ਨ੍ਹੀਂ ਦਿੱਤਾ।"**[11]

ਪਤੀ ਦੀ ਮੌਤ ਤੋਂ ਬਾਅਦ ਅਨਪੜ੍ਹ ਰਣਜੀਤਾਂ ਦਾ ਆਧੁਨਿਕਤਾ ਦੇ ਨੇੜੇ ਹੋਣ ਵਾਲਾ ਸਰੂਪ ਉਭਰਦਾ ਹੈ ਜਿਸ ਵਿਚ ਪਹਿਲਾ ਕਦਮ ਹੈ ਕਿ ਉਹ ਸਰਕਾਰੀ ਨੌਕਰੀ ਕਰਦੀ ਹੈ ਭਾਵੇਂ ਉਸ ਦੇ ਕੁਰੱਖਤ ਸੁਭਾਅ ਵਾਲੀ ਸੱਸ ਦੀਆਂ ਵਧੀਕੀਆਂ, ਆਪਣੀਆਂ ਤਿੰਨ ਧੀਆਂ ਦੀ ਪਾਲਣਾ ਅਤੇ ਚੌਥਾ ਆਪਣੇ ਸਹੁਰੇ ਪਰਿਵਾਰ ਦੁਆਰਾ ਛੜੇ ਜੇਠ ਵਲੋਂ ਚਾਦਰ ਪਾਉਣ ਤੋਂ ਮਨ੍ਹਾ ਕਰਨਾ ਸ਼ਾਮਲ ਹੈ ਇਹ ਤਿੰਨੇ ਕਦਮ ਚੁੱਕਦੀ ਹੋਈ ਉਹ ਸਾਨੂੰ ਇਕ ਸ਼ੇਰਨੀ ਵਾਲਾ ਦਲੇਰਾਨਾ ਸੁਭਾਅ ਅਪਣਾਉਂਦੀ ਦਿਸਦੀ ਹੈ ਜਿਸ ਵਿਚ ਉਹ ਨਾ ਸਿਰਫ਼ ਆਪਣੀ ਹਿਫਾਜ਼ਤ ਕਰਦੀ ਹੈ ਬਲਕਿ ਆਪਣੀਆਂ ਧੀਆਂ ਦੇ ਪਾਲਣ ਪੋਸ਼ਣ ਦੀ ਜ਼ਿੰਮੇਵਾਰੀ ਆਪਣੀ ਮਾਂ ਦੀ ਮਦਦ ਨਾਲ ਬੜੇ ਸਲੀਕੇ ਨਾਲ ਨਿਭਾਉਂਦੀ ਹੈ। ਇਸ ਕੰਮ ਵਿਚ ਉਸ ਨੂੰ ਆਪਣੀ ਸੱਸ ਦੇ ਅਸਹਿਯੋਗੀ ਵਤੀਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਰਣਜੀਤਾਂ ਦੀ ਸੱਸ ਸਹੀ ਮਾਅਨਿਆਂ ਵਿਚ ਸੱਸਾਂ ਬਾਰੇ ਬਣੀ-ਬਣਾਈ ਧਾਰਨਾ ਤੋਂ ਉਪਰ ਨਹੀਂ ਉਠਦੀ ਪਰ ਇਸ ਸਭ ਵਿਚ ਰਣਜੀਤਾਂ ਦੀ ਨਿਵੇਕਲੀ ਸ਼ਖ਼ਸੀਅਤ ਬਣਦੀ ਹੈ। ਜਗਪਾਲ ਪਾਤਰ ਵਲੋਂ ਰਣਜੀਤਾਂ ਨੂੰ ਇਹ ਪੁੱਛਣਾ ਕਿ ਉਸ ਨੂੰ ਇਕੱਲੇ ਡਰ ਨਹੀਂ ਲਗਦਾ ਦਾ ਜਵਾਬ ਉਹ ਬੜੀ ਹਾਜਰਜ਼ਵਾਬੀ ਨਾਲ ਦਿੰਦੇ ਹੋਏ ਉਸ ਦਾ ਇਹ ਕਹਿਣਾ ਕਿ ਉਹ ਤਾਂ ਤੇਈ ਸਾਲ ਦੀ ਉਮਰ

ਵਿੱਚ ਵਿਧਵਾ ਹੋਣ ਤੇ ਨਹੀਂ ਡਰੀ ਸੀ ਜਦਕਿ ਉਸ ਸਮੇਂ ਵੀ ਉਸਦੀ ਆਪਣੀ ਰਿਸ਼ਤੇਦਾਰੀ ਵਿਚ ਉਸ ਦੇ ਇਕੱਲੇ ਰਹਿ ਜਾਣ ਕਰਕੇ ਉਸ ਦੇ ਆਪਣੇ ਹੀ ਅੰਗ ਸਾਕਾਂ ਵਿਚ ਮਰਦ ਉਸ 'ਤੇ ਹੱਥ ਸਾਫ ਕਰਨਾ ਚਾਹੁੰਦੇ ਸਨ। ਜੀਵਨ, ਸਦਾਚਾਰ, ਮਰਿਆਦਾ ਅਤੇ ਸਭ ਦੇ ਨਾਲ ਆਜ਼ਾਦੀ ਬਾਰੇ ਉਹ ਪੂਰਨ ਤੌਰ ਤੇ ਸਪੱਸ਼ਟਵਾਦੀ ਹੈ। ਪਾਠਕ ਉਸ ਦੇ ਇਸ ਸੁਭਾਅ ਦੀ ਖ਼ੂਬੀ ਤੋਂ ਜਾਣੂ ਹੋ ਜਾਂਦਾ ਹੈ ਕਿ ਉਹ ਆਪਣੇ ਜੀਵਨ ਦੇ ਕਿਸੇ ਪੜਾਅ 'ਤੇ ਵੀ ਦੋਚਿੱਤੀ ਤੋਂ ਗ੍ਰਸਤ ਨਹੀਂ ਹੈ। ਅੱਧਖੜ੍ਹ ਉਮਰ ਵਿਚਲੀ ਆਜ਼ਾਦੀ ਜਿਹੜੀ ਉਸ ਨੂੰ ਤਿੰਨ ਧੀਆਂ ਦੇ ਵਿਆਹ ਤੋਂ ਬਾਅਦ ਅਤੇ ਨੌਕਰੀ ਕਰਦੇ ਹੋਏ ਮਿਲਦੀ ਹੈ ਉਸ ਵਿਚ ਵੀ ਉਹ ਬੋਰੀਅਤ ਨੂੰ ਲਾਗੇ ਨਹੀਂ ਫਟਕਣ ਦਿੰਦੀ:

> **ਕਾਹਦੀ ਕੱਲਤਾ। ਘਰੇ ਟੀ.ਵੀ. ਆ। ਦੋ ਘੰਟੇ ਦੇਖਦੀ ਆਂ। ਆਪਣੇ ਮਨਪਸੰਦ ਦਾ ਬਣਾਉਂਦੀ ਆ। ਜੇ ਧੀਆਂ ਕੋਲ ਚਲੇ ਜਾਵਾਂ ਤਾਂ ਮੇਰੀ ਆਜ਼ਾਦੀ ਖੁਸ ਜਾਣੀ। ਜਿੰਨਾ ਚਿਰ ਮੇਰੇ ਹੱਡ ਪੈਰ ਚਲਦੇ ਆ- ਮੈਂ ਆਪਣੇ ਘਰ ਨ੍ਹੀਂ ਛੱਡਣਾ।**"12

ਭਰੀ-ਜੁਆਨੀ ਵਿਚ ਵਿਧਵਾ ਔਰਤ ਦੀਆਂ ਸਰੀਰਕ ਲੋੜਾਂ ਪ੍ਰਤੀ ਵੀ ਰਣਜੀਤਾਂ ਚੇਤੰਨ ਹੈ ਇਸ ਨੂੰ ਉਹ ਜਗਪਾਲ ਸਿੰਘ ਅੱਗੇ ਨਿਸੰਗ ਹੋ ਕੇ ਸਵੀਕਾਰ ਵੀ ਕਰਦੀ ਹੈ। ਇਨ੍ਹਾਂ ਲੋੜਾਂ ਅੱਗੇ ਜਦ ਉਹ ਬੇਵੱਸੀ ਮਹਿਸੂਸ ਕਰਦੀ ਹੈ ਤਾਂ ਉਹ ਪ੍ਰਭੂ ਸਿਮਰਨ ਕਰਨ ਵਿਚ ਲੀਨ ਹੋ ਜਾਂਦੀ ਹੈ ਅਤੇ ਆਪਣੀ ਬੇਚੈਨੀ 'ਤੇ ਕਾਬੂ ਪਾ ਵੀ ਲੈਂਦੀ ਹੈ ਪਰ ਮੱਛੀ ਦੇ ਕਹਾਣੀ ਦੀ ਨਾਇਕਾ ਵਾਂਗ ਆਪਣੇ ਪਤੀ ਹਰਮੀਤ ਦੇ ਅਣਭਿੱਜ ਵਰਤਾਉ ਤੋਂ ਤੰਗ ਆ ਕੇ ਬੇਗਾਨੇ ਮਰਦਾਂ ਦੇ ਚੁੰਗਲ ਵਿਚ ਨਹੀਂ ਫਸਦੀ। ਵਿਦਾਅ ਕਹਾਣੀ ਦੇ ਅਖੀਰ ਵਿਚ ਮਹਾਤਮਾ ਬੁੱਧ ਵਲੋਂ ਗਿਆਨ ਪ੍ਰਾਪਤੀ ਲਈ ਆਪਣੀ ਪਤਨੀ ਯਸ਼ੋਧਰਾ ਦੇ ਨਾਲ ਆਪਣੇ ਪਤੀ ਹੁਕਮ ਸਿੰਘ ਦੇ ਦੂਰ ਚਲੇ ਜਾਣ ਦੀ ਤੁਲਨਾ ਕਰਕੇ ਉਹ ਪਾਠਕਾਂ ਨੂੰ ਹੈਰਾਨ ਕਰ ਦਿੰਦੀ ਹੈ:

> **ਉਸ ਸਹਿਜੇ-ਸਹਿਜੇ ਕਿਹਾ, "ਮੈਂ ਤਾਂ ਉਸੇ ਰਾਤ ਤੁਹਾਨੂੰ ਵਿਦਾਇਗੀ ਦੇ ਦਿੱਤੀ ਸੀ।' ...... ਪਰ ਮੇਰੀ ਗੱਲ ਤਾਂ ਹੋਰ ਹੀ ਆ ...... ਨਾ ਤਾਂ ਮੇਰੇ ਸਾਈਂ ਨੇ ਮੈਥੋਂ ਵਿਦਾਅ ਲਈ ਸੀ ਨਾ ਹੀ ਮੈਂ ਕਦੇ ਉਹਨੂੰ ਵਿਦਾਅ ਕੀਤਾ...... ਸਰਦਾਰ ਜੀ, ਸਮਝੇ ਮੇਰੀ ਗੱਲ ਨੂੰ ......।**"13

ਹਾਫ਼ ਟਾਈਮ ਕਹਾਣੀ ਵਿੱਚ ਮੈਂ ਪਾਤਰ ਆਪਣੇ ਪਤੀ ਮਨੋਜ ਦੀ ਮੌਤ ਤੋਂ ਬਾਅਦ ਵਿਆਹ ਨਾ ਕਰਵਾਉਣ ਦਾ ਨਿਰਣਾ ਕਰਦੀ ਹੈ ਪਰੰਤੂ ਇਸ ਦੇ ਬਾਵਜੂਦ ਜਸਬੀਰ ਨਾਂ ਦੇ ਮਰਦ ਪਾਤਰ ਦਾ ਉਸ ਦੇ ਜੀਵਨ ਵਿਚ ਪ੍ਰਵੇਸ਼ ਇਕ ਦੋਸਤ (ਹਮਦਰਦ) ਦੇ ਰੂਪ ਵਿੱਚ ਹੁੰਦਾ ਹੈ, ਜਿਸ ਦੇ ਸ਼ਬਦਾਂ ਵਿੱਚ ਹਮਦਰਦੀ ਦੀ ਚਾਸ਼ਣੀ ਨਾਲ ਮੈਂ ਮੁਖੀ ਬਿਰਤਾਂਤਕ ਪਾਤਰ ਖਿੱਚੀ ਜਾਂਦੀ ਹੈ। ਜਸਬੀਰ ਉਸ ਨੂੰ ਸਮਝਾਉਂਦਾ ਹੈ ਕਿ ਭਾਵੇਂ ਉਨ੍ਹਾਂ ਦੇ ਆਪਣੇ ਫਰਜ਼ ਵੀ ਹਨ ਪਰ ਇਸ ਦਾ ਅਰਥ ਇਹ ਨਹੀਂ ਕਿ ਉਹ ਆਪਣੀਆਂ ਇੱਛਾਵਾਂ ਦਾ ਗਲਾ ਘੁੱਟ ਦੇਣ। ਮੈਂ ਮੁਖੀ ਬਿਰਤਾਂਤਕ ਪਾਤਰ ਇਹ ਮਹਿਸੂਸ ਕਰਦੀ ਹੈ ਕਿ ਜਸਬੀਰ ਦੇ ਮਿਲਣ ਤੋਂ ਪਹਿਲਾਂ ਉਹ ਸ਼ਾਂਤ ਸੀ ਅਤੇ ਉਸ ਦਾ ਜੀਵਨ ਆਪਣੀ 'ਸੁਭਾਵਕ ਤੌਰ' ਤੁਰੀ ਜਾ ਰਿਹਾ ਸੀ। ਜਦ ਕਿ ਮੌਜੂਦਾ ਸਮੇਂ ਵਿੱਚ ਜਸਬੀਰ ਦੀ ਆਮਦ ਪਿੱਛੋਂ 'ਸਾਰਾ ਕੁਝ' ਨਹੀਂ ਫੇਰ ਵੀ 'ਕਾਫੀ ਕੁਝ' ਬਦਲਦਾ ਜਾ ਰਿਹਾ ਸੀ ਜਿਸ ਵਿਚ ਮੈਂ ਮੁਖੀ ਬਿਰਤਾਂਤਕ ਪਾਤਰ ਦੇ ਵਜ਼ਨ ਦਾ ਘੱਟਣਾ, ਚਿਹਰੇ 'ਤੇ ਚਮਕ, ਸ਼ੋਖ ਰੰਗ ਦੇ ਕੱਪੜੇ ਪਾਉਣਾ, ਜਸਬੀਰ ਦਾ ਫੋਨ ਨਾ ਆਉਣ ਤੇ ਆਪ ਫੋਨ ਕਰਨਾ, ਜਸਬੀਰ ਦਾ ਫੇਸਬੁੱਕ ਤੇ ਮੈਸਿਜ ਨਾ



ਆਉਣ ਤੇ ਉਸ ਦਾ ਬੇਚੈਨੀ ਮਹਿਸੂਸ ਕਰਨਾ ਆਦਿ। ਜਸਬੀਰ ਉਸ ਦੇ ਨਜ਼ਦੀਕ ਆ ਰਿਹਾ ਹੈ, ਜਿਸ ਦੀ ਵਜ੍ਹਾ ਉਹ ਜਸਬੀਰ ਦਾ ਮਨੋਜ ਨਾਲ ਮਿਲਦਾ-ਜੁਲਦਾ ਮੂੰਹ-ਮੁਹਾਂਦਰਾ, ਮਨੋਜ ਵਾਂਗ ਹੀ ਜਸਬੀਰ ਦਾ ਗੱਲਬਾਤ ਕਰਨ ਦਾ ਸਲੀਕਾ ਅਤੇ ਨਾਲ-ਨਾਲ ਆਪਣੀ ਪਿਆਰੀ ਧੀ ਅਨੀਤਾ ਵਲੋਂ ਉਸ ਨੂੰ ਦੂਜੇ ਵਿਆਹ ਲਈ ਉਤਸ਼ਾਹਤ ਕਰਨਾ ਵੀ ਸ਼ਾਮਿਲ ਹੈ। ਦੇਹੀ ਲੋੜਾਂ ਅੱਗੇ ਬੇਵਸ ਹੋ ਕੇ ਉਹ ਵੀ ਰਣਜੀਤਾਂ ਦੀ ਤਰ੍ਹਾਂ ਸ਼ਬਦ ਬੋਲਦੀ ਅਤੇ ਪਾਠ ਕਰਦੀ ਹੈ।

ਹਾਫ਼ ਟਾਈਮ ਕਹਾਣੀ ਵਿਚ ਦੂਜੀ ਪਾਤਰ ਅਨੀਤਾ ਹੈ ਜਿਹੜੀ ਮੈਂ ਮੁੱਖੀ ਬਿਰਤਾਂਤਕ ਪਾਤਰ ਦੀ ਧੀ ਹੈ। ਅਨੀਤਾ ਆਪਣੇ ਪਿਤਾ ਮਨੋਜ ਦੀ ਮੌਤ ਤੋਂ ਬਾਅਦ ਆਪਣੀ ਮਾਂ ਲਈ ਇਕ ਚੰਗਾ ਜੀਵਨ ਚਾਹੁੰਦੀ ਹੈ ਜਿਸ ਵਿਚ ਉਸ ਦੀ ਮਾਂ ਨੂੰ ਪਿਆਰ ਕਰਨ ਵਾਲੇ ਪਤੀ ਦਾ ਸਾਥ ਮਿਲੇ। ਅਨੀਤਾ ਇਕ ਅਜਿਹੀ ਜ਼ਿੰਮੇਵਾਰ ਧੀ ਦੇ ਰੂਪ ਵਿਚ ਇਸ ਕਹਾਣੀ ਵਿਚ ਦਿਖਾਈ ਦਿੰਦੀ ਹੈ ਜਿਹੜੀ ਉਸ ਦੇ ਖਾਣ-ਪੀਣ, ਸੌਣ, ਹਾਸੇ-ਉਦਾਸੀ ਦਾ ਵਿਸ਼ੇਸ਼ ਧਿਆਨ ਰੱਖਦੀ ਹੈ। ਨੌਕਰੀ ਦੇ ਨਾਲ ਉਹ ਘਰ ਦੇ ਕੰਮ ਅਤੇ ਰਸੋਈ ਵਿੱਚ ਪੂਰਾ ਹੱਥ ਵਟਾਉਂਦੀ ਹੈ ਤਾਂ ਜੋ ਲੋਕਾਂ ਦੇ ਕੱਪੜਿਆਂ ਦੀ ਸਿਲਾਈ ਕਰਦੀ ਉਸਦੀ ਮਾਂ ਨੂੰ ਕੁਝ ਆਰਾਮ ਮਿਲ ਸਕੇ। ਅਨੀਤਾ ਨੂੰ ਜਦ ਨੌਕਰੀ ਮਿਲਦੀ ਹੈ ਤਾਂ ਉਹ ਆਪਣੀ ਮਾਂ ਨੂੰ ਜ਼ਿਆਦਾ ਕੰਮ ਕਰਨਾ ਛੱਡ ਕੇ ਆਰਾਮ ਨਾਲ ਰਹਿਣ ਲਈ ਪ੍ਰੇਰਦੀ ਹੈ। ਅਨੀਤਾ ਵੱਲੋਂ ਆਪਣੀ ਮਾਂ ਦਾ ਧਿਆਨ ਪੌਜ਼ਟਿਵ ਪਾਸੇ ਬਣਾਈ ਰੱਖਣ ਲਈ ਉਸ ਨੂੰ ਇਕ ਛੋਟੀ ਬੱਚੀ ਦੀ ਤਰ੍ਹਾਂ ਲਾਡ ਲਡਾਉਂਦੇ ਦੇਖਣਾ ਸੱਚਮੁੱਚ ਬਹੁਤ ਹੀ ਦਿਲਚਸਪ ਲਗਦਾ ਹੈ। ਇਸ ਦੇ ਨਾਲ ਹੀ ਉਹ ਹਰ ਅਵਸਰ 'ਤੇ ਸਿਆਣੀ ਧੀ ਅਤੇ ਭੈਣ ਦੇ ਰੂਪ ਵਿੱਚ ਦਿਖਾਈ ਦਿੰਦੀ ਹੈ। ਆਪਣੀ ਮਾਂ ਵਲੋਂ ਦੂਜਾ ਵਿਆਹ ਨਾ ਕਰਵਾਉਣ ਦੇ ਨਿਰਣੇ ਨੂੰ ਉਹ ਕਦਾਚਿਤ ਨਿਆਂਇਕ ਨਹੀਂ ਸਮਝਦੀ:

> **''ਤੁਸੀਂ ਦੋਬਾਰਾ ਵਿਆਹ ਕਿਉਂ ਨ੍ਹੀ ਕੀਤਾ ?''**
> **''ਆਪਣੇ ਬੱਚਿਆਂ ਕਰਕੇ।''**
> **''ਜਿੱਥੇ ਤੁਸੀਂ ਜਾਂਦੇ ਉੱਥੇ ਅਸੀਂ ਭੈਣ-ਭਰਾ ਚਲੇ ਜਾਂਦੇ''**
> **''ਮੈਨੂੰ ਰੱਖਣ ਵਾਲੇ ਬਥੇਰੇ ਸੀ ਪਰ ਤੁਹਾਨੂੰ ਮੈਂ ਕਿੱਥੇ ਧੱਕਾ ਦੇਂਦੀ।''**
> **''ਸਾਡੇ ਲਈ ਐਡੀ ਵੱਡੀ ਕੁਰਬਾਨੀ। ਔਰਤ ਨੂੰ ਜਿਉਣ ਲਈ ਬੰਦੇ ਦੇ ਸਾਥ ਦੀ ਲੋੜ ਆ। ਭਾਵੇਂ ਇਹ ਕਿਸੇ ਵੀ ਰੂਪ 'ਚ ਕਿਉਂ ਨਾ ਹੋਵੇ।''**14

ਅਨੀਤਾ ਤਕਨਾਲੋਜੀ ਦੇ ਜ਼ਮਾਨੇ ਦੀ ਪਾਤਰ ਹੋਣ ਕਰਕੇ ਆਪਣੀ ਚੇਤੰਨਤਾ ਪਿੱਛੇ ਫੇਸਬੁੱਕ ਨੂੰ ਕਾਰਨ ਮੰਨਦੀ ਹੈ ਜਿੱਥੇ ਉਸ ਨੇ ਆਪਣੇ ਹਮਖ਼ਿਆਲ ਲੋਕਾਂ ਦਾ ਗਰੁੱਪ ਬਣਾਇਆ ਹੋਇਆ ਹੈ ਅਤੇ ਜਿੱਥੇ ਉਹ ਆਪਣੀ ਮਾਂ ਨਾਲ ਸੰਬੰਧਿਤ ਪੋਸਟ ਪਾਉਂਦੀ ਹੈ ਅਤੇ ਉਸ ਦੇ ਫੇਸਬੁੱਕ ਦੋਸਤਾਂ ਦਾ ਵਿਚਾਰ ਹੈ ਕਿ ਉਸ ਦੀ ਮਾਂ ਨੂੰ ਵਿਆਹ ਕਰਵਾ ਲੈਣਾ ਚਾਹੀਦਾ ਹੈ। ਵਿਆਹ ਦੇ ਕੰਮ 'ਚ ਅੜਚਣ ਬਣਨ ਵਾਲੀ ਉਸ ਦੇ ਛੋਟੇ ਭਰਾ ਜੈਪਾਲ ਦੀ ਪੜ੍ਹਾਈ ਦਾ ਖ਼ਰਚਾ ਅਤੇ ਸਾਰੇ ਘਰ ਦਾ ਖਰਚ ਆਪਣੇ ਮੋਢਿਆਂ ਤੇ ਉਠਾਉਣ ਲਈ ਵੀ ਅਨੀਤਾ ਤਿਆਰ-ਬਰ-ਤਿਆਰ ਹੈ।

> **... ਮਰ ਗਿਆਂ ਨਾਲ ਰਿਸ਼ਤੇ ਮੁੱਕ ਜਾਂਦੇ ਹੁੰਦੇ ਨੇ।**
> **ਹੁਣ ਤੁਹਾਡੀ ਜ਼ਿੰਦਗੀ ਦੀ ਫਿਲਮ ਦਾ ਹਾਫ਼ ਟਾਈਮ ਸ਼ੁਰੂ ਹੋਣਾ। ਅਸੀਂ ਦਰਸ਼ਕ ਬਣ ਕੇ ਦੇਖਾਂਗੇ। ਮੁੱਕਦੀ ਗੱਲ-ਅੰਕਲ ਜਸਬੀਰ ਨੂੰ ਤੁਹਾਡੀ ਲੋੜ ਆ ਤੇ ਤੁਹਾਨੂੰ ਉਨ੍ਹਾਂ ਦੀ। ਫੇਰ ਝਿਜਕ ਕਾਸ ਦੀ ? ਕਾਸ ਲਈ ?''**15

'ਆਊਟਸਾਈਡਰ' ਕਹਾਣੀ ਵਿਚ ਨਾਇਕਾ ਸਿਮਰੋ ਬਾਰੇ ਜਾਣਕਾਰੀ ਮਿਲਦੀ ਹੈ ਜੋ ਪਹਿਲੇ ਪਤੀ ਦੀ ਮੌਤ ਤੋਂ ਬਾਅਦ ਦੇਵ ਨਾਂ ਦੇ ਪਾਤਰ ਨਾਲ ਦੂਜਾ ਵਿਆਹ ਕਰਵਾ ਲੈਂਦੀ ਹੈ। ਦੇਵ ਦੀ ਪਤਨੀ ਅੰਮ੍ਰਿਤ ਦੀ ਮੌਤ ਹੋ ਚੁੱਕੀ ਹੈ। ਉਸ ਦੇ ਤਿੰਨ ਬੱਚਿਆਂ ਬਲਵਿੰਦਰ, ਜਗਜੀਤ ਅਤੇ ਕੁਲਦੀਪ ਦੀ ਜ਼ਿੰਮੇਵਾਰੀ ਸਿਮਰੋ ਦੇ ਸਿਰ 'ਤੇ ਹੈ। ਇਸ ਵਿਆਹ ਤੋਂ ਬਾਅਦ ਸਿਮਰੋ ਆਪਣੇ ਪਹਿਲੇ ਵਿਆਹ ਤੋਂ ਹੋਏ ਮੁੰਡੇ ਸੰਦੀਪ ਨੂੰ ਆਪਣੀ ਪੇਕੇ ਪਿੰਡ ਆਪਣੀ ਮਾਂ ਕੋਲ ਛੱਡ ਆਉਂਦੀ ਹੈ। ਜਿਸ ਕਰਕੇ ਉਹ ਦੋਹਰੇ ਸੰਤਾਪ ਨੂੰ ਹੰਢਾਉਂਦੀ ਹੈ ਕਿਉਂਕਿ ਇਕ ਪਾਸੇ ਉਸ ਨੂੰ ਪੁੱਤਰ ਸੰਦੀਪ ਦੀ ਯਾਦ ਸਤਾਉਂਦੀ ਹੈ ਅਤੇ ਦੂਜੇ ਪਾਸੇ ਉਸ ਦੇ ਆਪਣੇ ਦੂਜੇ ਪਤੀ ਦੇ ਘਰ ਵਿਚ ਉਸ ਦਾ ਦਮ ਘੁੱਟਦਾ ਹੈ। ਦੇਵ ਦੇ ਮਾਸਕਟ ਜਾਣ ਕਰਕੇ ਉਹ ਦੋਹਰੀ ਜ਼ਿੰਮੇਵਾਰੀ ਨਿਭਾਉਂਦੀ ਹੈ ਜਿਸ ਕਰਕੇ ਘਰ ਅਤੇ ਬੱਚਿਆਂ ਦੀ ਸਾਰੀ ਦੇਖਭਾਲ ਉਸ ਦੇ ਸਿਰ ਹੈ। ਸਿਮਰੋ ਅਤੇ ਉਸ ਦਾ ਆਪਣਾ ਮੁੰਡਾ ਇਕ ਦੂਜੇ ਦੇ ਪਿਆਰ ਨੂੰ ਸਹਿਕਦੇ ਰਹਿੰਦੇ ਹਨ ਅਤੇ ਦੂਜੇ ਪਾਸੇ ਦੇਵ ਦੇ ਦੋਵੇਂ ਮੁੰਡੇ ਲੋੜ ਪੈਣ ਤੇ ਉਸ ਨੂੰ ਮੰਮੀ ਜੀ- ਮੰਮੀ ਜੀ ਕਹਿ ਕੇ ਪਿੱਛੇ-ਪਿੱਛੇ ਘੁੰਮਦੇ ਹਨ ਪਰ ਕੰਮ ਨਿਕਲਣ ਤੋਂ ਬੁਲਾਏ ਵੀ ਨਹੀਂ ਬੋਲਦੇ। ਇਸ ਤਰ੍ਹਾਂ ਉਨ੍ਹਾਂ ਨਾਲ ਉਸ ਦਾ ਰਿਸ਼ਤਾ ਓਪਰਿਆਂ ਵਰਗਾ ਹੈ। ਸਿਮਰੋ ਉਨ੍ਹਾਂ ਨੂੰ ਮਾਂ ਵਾਲਾ ਪਿਆਰ ਦੇ ਕੇ ਪੁੱਤਰਾਂ ਵਾਲਾ ਸੁੱਖ ਨਸੀਬ ਨਾ ਹੋਣ ਤੇ ਝੋਰਾ ਕਰਦੀ ਹੈ। ਘਰ 'ਚ ਸਭ ਤੋਂ ਪਹਿਲਾਂ ਉਠਣਾ ਅਤੇ ਸਭ ਤੋਂ ਬਾਅਦ ਸੌਣ ਤੇ ਵੀ ਉਸ ਨੂੰ ਦੇਵ ਦਾ ਘਰ ਬੇਗਾਨਾ ਜਾਪਦਾ ਹੈ ਜਿੱਥੇ ਉਸ ਦਾ ਆਪਣਾ ਕੁਝ ਵੀ ਨਹੀਂ ਹੈ ਅਤੇ ਵਾਰ-ਵਾਰ ਉਸ ਨੂੰ ਆਪਣੇ ਸਾਰੇ ਜੀਵਨ ਦੇ ਖਾਲੀਪਣ ਦਾ ਅਹਿਸਾਸ ਹੁੰਦਾ ਹੈ। ਇਸ ਪਿੱਛੇ ਦੇਵ ਦਾ ਇਕ ਪਤੀ ਦੇ ਰੂਪ ਵਿਚ ਉਸ ਨਾਲ ਬੇਲਾਗ ਵਰਤਾਉ ਹੈ:

> **...ਜੇ ਉਹ ਮੇਰੇ ਕੋਲ ਵੀ ਬੈਠਾ ਹੋਵੇ ਤਾਂ ਮੈਨੂੰ ਇਹੀ ਭੁਲੇਖਾ ਪੈਂਦਾ ਰਹਿੰਦਾ ਹੈ ਕਿ ਉਹ ਗੈਰ-ਹਾਜ਼ਰ ਹੈ। ਉਹਨੂੰ ਮੇਰੀ ਰੂਹ ਨਹੀਂ, ਸਿਰਫ਼ ਤੇ ਸਿਰਫ਼ ਖੂਬਸੂਰਤ ਜਿਸਮ ਚਾਹੀਦਾ ਹੈ। ਜਿੰਦਾਂ-ਜਿੰਦਾਂ ਉਸ ਦੀਆਂ ਛੁੱਟੀਆਂ ਘੱਟਦੀਆਂ ਜਾਂਦੀਆਂ ਹਨ ਤਿਵੇਂ-ਤਿਵੇਂ ਭੁਲੇਖਾ ਯਕੀਨ 'ਚ ਬਦਲ ਜਾਂਦਾ ਹੈ। ਮੇਰਾ ਮਨ ਤੇ ਤਨ ਦੋਵੇਂ ਸੌਂ ਜਾਂਦੇ ਹਨ। ਨਿਰਜਿੰਦ। ਸਰੀਰ ਸਿੱਕੇ ਵਾਂਗ ਭਾਰਾ ਹੋ ਜਾਂਦਾ ਹੈ। ਜਿੰਦਾਂ ਉਹ ਚਾਹੁੰਦਾ, ਮੈਂ ਚੁੱਪਚਾਪ ਕਰਦੀ ਹਾਂ। ਮੈਥੋਂ ਵਿਰੋਧ ਨਹੀਂ ਕਰ ਹੁੰਦਾ। ਮੇਰੀ ਸੋਚਣ ਸ਼ਕਤੀ ਜੁਆਬ ਦੇ ਜਾਂਦੀ ਹੈ। ਮੈਂ ਮਸ਼ੀਨ ਬਣ ਜਾਂਦੀ ਹੈ।[16]**

ਸਿਮਰੋ ਦੇ ਦੇਵ ਨਾਲ ਵਿਆਹ ਨੂੰ ਪੰਦਰਾਂ ਸਾਲ ਹੋ ਗਏ ਹਨ ਪਰ ਫੇਰ ਵੀ ਇਹ ਘਰ ਦੇਵ ਅਤੇ ਉਸਦੇ ਮੁੰਡਿਆਂ ਦਾ ਹੀ ਰਿਹਾ ਹੈ, ਜਿਸ ਵਿੱਚ ਸਿਮਰੋ ਅਤੇ ਉਸ ਦਾ ਮੁੰਡਾ ਸੰਦੀਪ ਆਪਣੇ ਆਪ ਨੂੰ ਆਊਟਸਾਈਡਰ ਮਹਿਸੂਸ ਕਰਦੇ ਹਨ, ਜਿਸ ਦੀ ਵਜ੍ਹਾਂ ਸ਼ਾਇਦ ਸਿਮਰੋ ਦਾ ਦੇਵ ਦੀ ਦੂਜੀ ਘਰਵਾਲੀ ਹੋਣਾ ਹੈ ਅਤੇ ਇਹ 'ਦੂਜੀ' ਸ਼ਬਦ ਨਾਲ ਉਸ ਨੂੰ ਸਖ਼ਤ ਚਿੜ੍ਹ ਹੈ ਭਾਵੇਂ ਕਹਿਣ ਨੂੰ ਸਿਮਰੋ ਦੇ ਬੈਂਕ ਅਕਾਊਂਟ 'ਚ ਦਸ ਲੱਖ ਰੁਪਏ ਜਮ੍ਹਾਂ ਹਨ ਅਤੇ ਇੱਥੋਂ ਤੱਕ ਕਿ ਦੇਵ ਉਸ ਦੇ ਨਾਂ ਤੇ ਘਰ ਵੀ ਕਰਨ ਨੂੰ ਤਿਆਰ ਸੀ ਪਰ ਫੇਰ ਵੀ ਸਿਮਰੋ ਨੂੰ ਦੇਵ ਡਰਾਮੇਬਾਜ਼ ਲਗਦਾ ਹੈ ਕਿਉਂਕਿ ਆਪਣੀ ਮਨਵਾਉਣ ਲਈ ਉਹ ਕਦੇ ਦਸ ਸਾਲਾਂ ਦਾ ਬੱਚਾ ਬਣ ਜਾਂਦਾ ਹੈ ਅਤੇ ਕਦੇ ਪੰਜਾਹ ਸਾਲਾਂ ਦਾ ਸਿਆਣਾ। ਸਿਮਰੋ ਨੇ ਉਸ ਨੂੰ ਜ਼ਰੂਰਤ ਮੁਤਾਬਕ ਸਮਝ ਲਿਆ ਪਰ ਦੇਵ ਨੇ ਇਸ ਨੂੰ 'ਅਣਲੋੜੀਂਦਾ' ਸਮਝ ਕੇ ਅਣਗੌਲਿਆ ਹੀ ਕੀਤਾ ਹੈ। ਸਿਮਰੋ ਦਾ ਮਨ ਉਸ ਨਾਲ ਗੱਲਾਂ ਕਰਨ ਨੂੰ



ਕਰਦਾ ਜਾਂ ਕਿਸੇ ਮਸ਼ਵਰੇ 'ਤੇ ਉਸ ਦੀ ਸਲਾਹ ਦੀ ਲੋੜ ਹੁੰਦੀ ਤਾਂ ਉਹ ਓਪਰੀਆਂ ਗੱਲਾਂ ਕਰਦਾ ਅਤੇ ਸਿਮਰੋ ਕੋਲੋਂ ਇਕੱਲਤਾ ਚਾਹੁਣ ਲਗਦਾ। ਸਿਮਰੋ ਆਪਣੇ ਪਹਿਲੇ ਪਤੀ ਗਿਆਨ ਦੀਆਂ ਯਾਦਾਂ ਦਾ ਇਜ਼ਹਾਰ ਦੇਵ ਅੱਗੇ ਨਹੀਂ ਕਰਦੀ ਪਰ ਦੇਵ ਸ਼ਾਨਮੱਤਾ ਹੋਇਆ ਆਪਣੀ ਮਰੀ ਪਤਨੀ ਅੰਮ੍ਰਿਤ ਦੀਆਂ ਸਿਮਰਤੀਆਂ ਦਾ ਪਿਟਾਰਾ ਹਰ ਮੌਕੇ-ਬੇਮੌਕੇ ਖੋਲ੍ਹਦਾ ਰਹਿੰਦਾ ਹੈ। ਇਹ ਸਾਰਾ ਕੁਝ ਸਿਮਰੋ ਨੂੰ ਮਾਨਸਿਕ ਤੌਰ ਤੇ ਉਸ ਤੋਂ ਦੂਰ ਕਰਦਾ ਹੈ। ਇਹ ਵੀ ਧਿਆਨ ਦੇਣ ਯੋਗ ਹੈ ਕਿ ਸਿਮਰੋ ਅੰਮ੍ਰਿਤ ਦੇ ਘਰ ਵਿਚਲੇ ਸਮਾਨ ਨਾਲ ਆਪਣੀ ਨਣਦ ਦੇ ਕਹਿਣ 'ਤੇ ਕੋਈ ਸੌਂਕਣ ਮੋਹਰਾ ਨਹੀਂ ਕਰਦੀ ਪਰ ਦੇਵ ਦੁਆਰਾ 'ਸੁੱਕੀਆਂ ਮੌਜਾਂ' ਦੇ ਪ੍ਰਸੰਗ ਨੂੰ ਦੁਹਰਾਉਣਾ ਸਿਮਰੋ ਨੂੰ ਪੂਰੀ ਕਹਾਣੀ ਵਿਚ ਕਸ਼ਮਕਸ਼ ਵਿਚ ਪਾਈ ਰੱਖਦਾ ਹੈ ਜੋ ਕਿ ਇਸ ਤਰ੍ਹਾਂ ਹੈ :

> **ਮੈਨੂੰ ਸ਼ਰਾਬੀ ਹੋਇਆ ਮਨ ਦੀਆਂ ਗੰਢਾਂ ਖੋਲ੍ਹਦਾ ਹੈ। ਸੱਚ ਬੋਲਦਾ ਹੈ।... "ਮੈਂ ਤਾਂ ਖੱਟ ਲਿਆ। ਪਟੋਲੇ ਵਰਗੀ ਜਨਾਨੀ ਮਿਲ ਗਈ। ਆਉਂਦੀ ਨੇ ਘਰ ਬਾਰ ਸਾਂਭ ਲਿਆ। ਮੁੰਡਿਆਂ ਦਾ ਪੂਰਾ ਖਿਆਲ ਰੱਖਦੀ। ਇਹਦੇ ਮੁੰਡੇ ਸੰਦੀਪ ਨੂੰ ਉਹਦੀ ਨਾਨੀ ਦੇ ਹਵਾਲੇ ਕੀਤਾ ਹੋਇਆ। ਵੱਡਾ ਡਰ ਤਾਂ ਨਿਆਣੇ ਦਾ ਹੁੰਦਾ, ਨਿਆਣਾ ਜਮਾਉਣ ਵਾਲਾ ਕਜੀਆ ਤਾਂ ਮੈਂ ਅੰਮ੍ਰਿਤ ਦੇ ਹੁੰਦਿਆਂ ਹੀ ਸਦਾ ਸਦਾ ਲਈ ਨਬੇੜ ਦਿੱਤਾ ਸੀ। ਹੁਣ ਸੁੱਕੀਆਂ ਮੌਜਾਂ ਲਈਦੀਆਂ...।'[17]**

ਇਸ ਤਰ੍ਹਾਂ ਅਸੀਂ ਇਹ ਕਹਿ ਸਕਦੇ ਹਾਂ ਕਿ 'ਸਿਆਸਤ ਖੇਡ, ਸਿਆਸਤ' ਕਹਾਣੀ ਸੰਗ੍ਰਹਿ ਵਿਚਲੀਆਂ ਛੇ ਕਹਾਣੀਆਂ 'ਮੱਛੀ', 'ਮੱਛੀ ਦੋ', 'ਜੋਗੀ', 'ਵਿਦਾਅ', 'ਹਾਫ਼ ਟਾਈਮ' ਅਤੇ 'ਆਊਟਸਾਈਡਰ' ਵਿਚਲੇ ਨਾਰੀ ਪਾਤਰਾਂ ਦੀਆਂ ਵਿਲੱਖਣਤਾ ਨਵ-ਪੂੰਜੀਵਾਦ ਵਿਚ ਬੜੀ ਤੇਜ਼ੀ ਨਾਲ ਬਦਲਦੇ ਅਤੇ ਬਣ ਰਹੇ ਜੀਵਨ ਸਮੀਕਰਣ ਉਨ੍ਹਾਂ ਦੇ ਬਹੁਪਰਤੀ ਜੀਵਨ ਦੀ ਝਲਕ ਪੇਸ਼ ਕਰਦੇ ਹਨ। ਬਹੁਪਰਤੀ ਇਸ ਲਈ ਕਿਉਂਕਿ ਜਿੰਦਰ ਸਮੇਂ ਤੋਂ ਪਹਿਲਾਂ ਅਤੇ ਸਮੇਂ ਤੋਂ ਬਾਅਦ ਬਿਰਤਾਂਤਕਾਰੀ ਨਹੀਂ ਕਰਦਾ ਸਗੋਂ 'ਅੱਜ' ਨੂੰ ਉਭਾਰਦਾ ਹੈ ਜਿਸ ਵਿਚ ਉਹ ਨਾਰੀ ਪਾਤਰਾਂ ਦੀ ਮਾਨਸਿਕ, ਸਰੀਰਕ, ਭਾਵਨਾਤਮਕ ਅਤੇ ਸਮਾਜਿਕ ਉਥਲ-ਪੁਥਲ ਨੂੰ ਬੜੀ ਸੰਵੇਦਨਸ਼ੀਲਤਾ ਨਾਲ ਛੋਂਹਦਾ ਹੈ। ਇਸ ਕਰਕੇ ਮੱਛੀ ਅਤੇ ਮੱਛੀ ਦੋ ਕਹਾਣੀਆਂ ਵਿੱਚ ਨਾਰੀ ਪਾਤਰਾਂ ਦੇ ਦੇਹ-ਵਪਾਰ ਦੇ ਧੰਦੇ ਦੇ ਚਿਤਰਣ ਸਮੇਂ ਕਾਮ (ਸੈਕਸ) ਦੀ ਪੇਸ਼ਕਾਰੀ ਨਵ-ਪੂੰਜੀਵਾਦ ਦੇ ਇਕ ਕੌੜੇ ਸੱਚ ਦੇ ਰੂਪ ਵਿਚ ਹੁੰਦੀ ਹੈ ਨਾ ਕਿ ਪਾਠਕਾ ਨੂੰ ਬੇਲੋੜਾ ਸੁਹਜ-ਸੁਆਦ ਦੇਣ ਲਈ ਕਿਉਂਕਿ ਕਥਾਕਾਰ ਪਾਠਕਾਂ ਦੀਆਂ ਇਸ ਕਿਸਮ ਦੀਆਂ ਭਾਵਨਾਵਾਂ ਨੂੰ ਉਤੇਜਿਤ ਕਰਨ ਤੋਂ ਗੁਰੇਜ਼ ਕਰਦਾ ਹੈ। ਬਾਕੀ ਚਾਰ ਕਹਾਣੀਆਂ ਵਿਚਲੇ ਸਾਰੇ ਪਾਤਰ ਜਿਵੇਂ ਜੋਗੀ ਦੀ ਕਮਲਾ, ਕਮਲੇਸ਼, ਬਲਵੰਤ ਸਿੰਘ ਦੀ ਪਤਨੀ ਰਤਨੋ, ਵਿਦਾਅ ਦੀ ਰਣਜੀਤਾਂ, ਹਾਫ਼ ਟਾਈਮ ਦੀ ਉਤਮ ਪੁਰਖੀ ਬਿਰਤਾਂਤਕ ਪਾਤਰ ਅਤੇ ਆਊਟਸਾਈਡਰ ਦੀ ਸਿਮਰੋ ਸਾਰੀਆਂ ਦੇ ਕਿਰਦਾਰ ਮਿਸ਼ਰਤ ਕਿਸਮ ਦੇ ਲਗਦੇ ਹਨ, ਜਿਨ੍ਹਾਂ ਬਾਰੇ ਪੜ੍ਹਨਾ ਜਾਣਕਾਰੀ ਵੀ ਦਿੰਦਾ ਹੈ ਅਤੇ ਇਕ ਸੁਨੇਹਾ ਵੀ ਕਿਉਂਕਿ ਇਨ੍ਹਾਂ ਨਾਰੀ ਪਾਤਰਾਂ ਦੀਆਂ ਜੀਵਨ ਪ੍ਰਸਥਿਤੀਆਂ ਵੱਖਰੀਆਂ ਹਨ ਤਾਂ ਇਨ੍ਹਾਂ ਦੇ ਜੀਵਨ ਉਦੇਸ਼ ਅਤੇ ਇਨ੍ਹਾਂ ਤੋਂ ਨਿਕਲਣ ਵਾਲੇ ਨਤੀਜੇ ਵੀ ਅਲੱਗ ਭਾਂਤ ਦੇ ਹੋਣਗੇ। ਜਿੰਦਰ ਦੀ ਕਥਾਕਾਰੀ ਦੀ ਹੀ ਇਹ ਸਿਫ਼ਤ ਹੈ ਕਿ ਪਾਠਕ ਆਪਣੀ ਵਿਚਾਰਧਾਰਾ ਦੇ ਮੇਚ ਨਾਲ 'ਸਿਆਸਤ

ਖੇਡ, ਸਿਆਸਤ' ਕਹਾਣੀ ਸੰਗ੍ਰਹਿ ਦੇ ਨਾਰੀ ਪਾਤਰਾਂ ਦੇ ਚਰਿੱਤਰ ਨੂੰ ਨਵ-ਪੂੰਜੀਵਾਦ ਦੇ ਸੰਦਰਭ ਵਿਚ ਵਾਚਦਿਆਂ ਹੋਇਆ ਮਹਿਸੂਸਦਾ ਹੈ ਕਿ ਨਵੇਂ ਪਰਿਵਰਤਨ ਅਤੇ ਚੁਣੌਤੀਆਂ ਉਨ੍ਹਾਂ ਦੇ ਜੀਵਨ ਦੀ ਦਸ਼ਾ-ਦਿਸ਼ਾ ਵਿਚ ਨਵੇਂ ਟਰਨਿੰਗ ਪੋਇੰਟ (ਮੋੜ) ਲੈ ਕੇ ਆਉਂਦੇ ਹਨ।

**ਹਵਾਲੇ ਅਤੇ ਟਿੱਪਣੀਆਂ :**

1. ਜਿੰਦਰ, 'ਸਿਆਸਤ ਖੇਡ, ਸਿਆਸਤ', ਸੰਗਮ ਪਬਲੀਕੇਸ਼ਨਜ਼, ਸਮਾਣਾ (ਪਟਿਆਲਾ) 2020 ਪੰਨਾ-53.
2. ਉਹੀ, ਪੰਨਾ-56.
3. ਉਹੀ, ਪੰਨਾ 62-63.
4. ਉਹੀ, ਪੰਨਾ-63.
5. ਉਹੀ, ਪੰਨਾ-11.
6. ਉਹੀ, ਪੰਨਾ-19
7. ਉਹੀ, ਪੰਨਾ-16
8. ਉਹੀ, ਪੰਨਾ-18
9. ਉਹੀ, ਪੰਨਾ-20
10. ਉਹੀ, ਪੰਨਾ-27
11. ਉਹੀ, ਪੰਨਾ-28
12. -ਉਹੀ-
13. ਉਹੀ, ਪੰਨਾ-29
14. ਉਹੀ, ਪੰਨਾ-73
15. ਉਹੀ, ਪੰਨਾ-77
16. ਉਹੀ, ਪੰਨਾ-82
17. ਉਹੀ, ਪੰਨਾ-89

ਸਹਾਇਕ ਪ੍ਰੋਫ਼ੈਸਰ (ਪੰਜਾਬੀ)
ਡੀ.ਏ.ਵੀ. ਕਾਲਜ (ਲਾਹੌਰ)
ਅੰਬਾਲਾ ਸ਼ਹਿਰ।



## ਖਣਿਨ ਦਾ ਨਿਘਾਰ-ਵਿਹਾਰ: ਸ਼ੋਅ-ਰੂਮ/ਡਾ. ਚੰਦਰ ਪ੍ਰਕਾਸ਼

ਜੀਵਨ ਵਿਚ ਸਮਝਣਯੋਗ ਨੂੰ ਸਮਝਣਾ ਜਾਂ ਸਮਝਾਉਣਾ ਹੀ ਨਾਵਲ ਦਾ ਕੰਮ ਨਹੀਂ। ਜੀਵਨ ਦਾ ਬਹੁਤ ਸਾਰਾ ਅੰਗ ਸਾਡੀ ਪ੍ਰਾਪਤ ਸੂਝ ਤੋਂ ਪਰ੍ਹਾਂ ਵੀ ਰਹਿੰਦਾ ਹੈ। ਇਸ ਲਈ ਸਮਝੋਂ-ਪਰ੍ਹੇ ਨੂੰ ਸਮਝੋਂ-ਪਰ੍ਹੇ ਵਾਂਗ ਪਛਾਣ ਲੈਣਾ ਵੀ ਇਕ ਤਰ੍ਹਾਂ ਦੀ ਸਮਝ ਹੈ। (ਹਰਿਭਜਨ ਸਿੰਘ)[1]

**ਪ੍ਰਵੇਸ਼ਿਕਾ**

ਚਰਚਾ ਸ਼ੁਰੂ ਕਰਨ ਲਈ ਮਦਦ ਵੱਜੋਂ ਉਤਾਰੇ ਗਏ ਉਪਰੋਕਤ ਹਵਾਲੇ ਵਿਚ ਸਮਝਣਯੋਗ-ਸਮਝਣਾ-ਸਮਝਾਉਣਾ-ਸੂਝ-ਸਮਝੋਂ ਪਰ੍ਹੇ-ਸਮਝ ਮਹੱਤਵਪੂਰਨ ਸ਼ਬਦ ਹਨ। ਜੋ ਸਾਹਿਤ-ਸਿਰਜਣਾ/ਆਲੋਚਨਾ 'ਚ ਡੂੰਘੇ ਅਰਥ ਰੱਖਦੇ ਹਨ। ਤੇ ਜਿੱਥੋਂ ਤੱਕ ਪਰਵਾਨੇ ਦੀ ਸਿਰਜਣਕਾਰੀ ਦਾ ਸੰਬੰਧ ਹੈ: ਕਹਿਣਾ ਬਣਦਾ ਹੈ ਕਿ ਉਸ ਕੋਲ ਸਮਝੋਂ-ਪਰ੍ਹੇ ਨੂੰ ਸਮਝੋਂ-ਪਰ੍ਹੇ ਵਾਂਗ ਪਛਾਣਨ/ਸਮਝਣ ਵਾਲੀ ਦ੍ਰਿਸ਼ਟੀ/ਕਲਮ ਹੈ। ਸਬੂਤ: ਵਿਭਿੰਨ ਵਿਧਾਵਾਂ (ਗੀਤ- ਕਵਿਤਾ- ਮਿੰਨੀ ਕਹਾਣੀ/ਕਹਾਣੀ- ਨਾਵਲ- ਖੋਜ-ਚਿੰਤਨ- ਪੱਤਰਕਾਰੀ ਆਦਿ) ਦਾ ਲੇਖਕੀ-ਅਨੁਭਵ। ਖ਼ਾਸ ਕਰ: ਨਾਵਲ। 2007 ਤੋਂ 2020 (ਹੁਣ ਤੱਕ): ਜਿੰਨੇ-ਕੁ ਸਾਲ: ਉਨ੍ਹੇ-ਕੁ ਨਾਵਲ (ਬਾਰ੍ਹਾਂ)। ਉਸ ਅਨੁਸਾਰ ਨਾਵਲ-ਲਿਖਤ *ਚਿੰਤਨ*[2] ਵੀ ਹੈ। ਇਉਂ: ਨਾਵਲ 'ਚ ਮਾਰਕਸੀ ਫਲਸਫ਼ੇ ਨੂੰ ਮਜ਼ਬੂਤੀ ਦੇਣ ਲਈ ਧਰਮ- ਇਤਿਹਾਸ- ਮਿਥਹਾਸ- ਦਰਸ਼ਨ- ਮਨੋਵਿਗਿਆਨ- ਅਨੁਵਾਦ ਦਾ ਅਧਿਐਨ ਵੀ ਕਰਦਾ ਹੈ ਅਤੇ ਲੋੜ ਪੈਣ ਉੱਤੇ ਖੇਤਰੀ ਖੋਜ-ਕਾਰਜ ਵੀ। ਜਿਵੇਂ: ਸ਼ੋਅ-ਰੂਮ ਦੀ ਸਿਰਜਣਾ ਵੇਲੇ: ਖਣਿਨ ਮਾਫ਼ੀਏ ਦੇ ਧੰਦੇ ਨੂੰ ਜਾਣਨ ਲਈ ਡਰਾਉਣੇ ਖਤਾਨਾਂ ਦੇ ਗੇੜੇ ਲਾਉਣੇ; ਕਰੈਸ਼ਰ-ਪਲਾਂਟ- ਪ੍ਰਬੰਧਕਾਂ-ਵਰਕਰਾਂ- ਖਣਿਨ ਵਿਰੋਧੀ ਅੰਦੋਲਨਕਾਰੀਆਂ ਨਾਲ ਮੁਲਾਕਾਤਾਂ: ਪੱਤਰਕਾਰੀ ਅਵਚੇਤਨ ਤੋਂ ਕੰਮ ਲੈਂਦਿਆਂ ਬਿਜਲਈ ਮੀਡੀਆ ਸਮੇਤ ਖ਼ਬਰਾਂ/ਰਿਪੋਰਤਾਜ- ਇਸ਼ਤਿਹਾਰਾਂ ਦੀ ਘੋਖ-ਪੜਤਾਲ/ਮੁਲਾਂਕਣ ਆਦਿ ਆਦਿ।

ਪਰਵਾਨਾ ਨਾਵਲਾਂ ਨੂੰ 'ਥੀਸਸ-ਸ਼ਕਲ' ਦੇਣਾ ਪਸੰਦ ਕਰਦਾ ਹੈ; *ਵਿਚਾਰਧਾਰਕ ਆਧਾਰਾਂ ਨੂੰ ਸਾਹਿਤ ਦੀ ਭੂਮਿਕਾ ਨਾਲ ਜੋੜਦਾ ਸਿਧਾਂਤ ਤੋਂ ਵਿਹਾਰ ਤੱਕ ਨਾਵਲ ਨੂੰ ਫੈਲਾਉਂਦਾ ਹੈ*[3] ਇਹ ਫੈਲਾਅ ਕਈ ਵਾਰ ਨਾਵਲ-ਲੜੀ ਤੱਕ ਫੈਲ ਜਾਂਦਾ ਹੈ। ਤੇ ਨਾਵਲ-ਲੜੀ (ਪ੍ਰੋਜੈਕਟ: ਬਹੁਤ ਸਾਰੇ ਚੁਰੱਸਤੇ (ਚੌ-ਲੜੀ)) 'ਚ ਪੂਰੀ ਮੁਹਾਰਤ ਹੈ ਉਸਨੂੰ। 'ਸ਼ੋਅ-ਰੂਮ' ਦੇ *ਬੀਜ*[4] ਵੀ 'ਅੰਬਰ ਵੱਲ ਉਡਾਣ'- 'ਬੰਜਰ ਧਰਤੀ' 'ਚ ਖਿਲਰੇ ਪਏ ਨੇ। ਬਿਰਤਾਂਤਕ ਕਥਾ 'ਚ ਪਾਤਰ- ਘਟਨਾਵਾਂ ਨੂੰ ਮੋੜ/ਵਿਸਥਾਰ ਮਿਲਦਾ ਰਹਿੰਦਾ ਹੈ: ਕਥਾ ਅੱਗੇ ਤੁਰਦੀ ਰਹਿੰਦੀ ਹੈ। (ਉਮੀਦ: ਕਥਾ ਤੁਰਦੀ ਰਹੇਗੀ) *ਪਾਠਕ ਘਟਨਾਕਾਰੀ ਦਾ ਸਹਿਜ ਦਰਸ਼ਕ ਬਣ ਇਹਦੀਆਂ ਤੈਹਾਂ ਸਮਝਣ ਦੇ ਯੋਗ ਹੋਈ ਜਾਂਦਾ ਹੈ*[5] ਬਚਵਾਹੀ/ਕੰਢੀ-ਪਹਾੜੀ ਕਸਬਈ ਵਾਤਾਵਰਣ- ਜੀਵਨ-ਜਾਚ- ਚੱਜ-ਵਿਹਾਰ ਜਾਣਨ 'ਚ ਵੀ ਉਤਸੁਕਤਾ ਬਣੀ ਰਹਿੰਦੀ ਹੈ।

ਨਾਵਲਕਾਰ ਨੂੰ ਪੂਰੀ ਸੂਝ ਹੈ ਕਿ ਅਨੁਭਵ-ਰਹਿਤ ਬੁਣਤਕਾਰੀ ਨਾਵਲ-ਬਣਤਰ ਹਿਲਾ ਸਕਦੀ ਹੈ। ਸੋ ਅਨੁਭਵ- ਕਲਪਨਾ ਨੂੰ *ਗਿਆਨ*[6] ਨਾਲ ਜੋੜ ਕੇ ਠੋਸ ਲਿਖਤ ਬਣਾਉਂਦਾ

ਹੈ। ਠੋਸ ਲਿਖਤ ’ਚੋਂ ਹੀ ਸੰਵਾਦ/ਸਵਾਲ ਉਦੈ ਹੁੰਦੇ ਹਨ। ਤੇ ‘ਸ਼ੋਅ-ਰੂਮ’ ਪੜ੍ਹਦਿਆਂ ਅਨੇਕਾਂ ਸਵਾਲ ਮਨ ’ਚ ਖੌਰੂ ਪਾਉਂਦੇ ਹਨ।

**ਮਾਈਨਿੰਗ ਦੇ ਅਣਦਿੱਸਦੇ ਪੱਖ**

ਜ਼ਿੰਦਗੀ ਦੇ ਕਈ ਪੱਖ ਬੇਚਿਹਰਾ-ਬੇਪਛਾਣ ਹੁੰਦੇ ਨੇ। ਨਵੀਂ ਜ਼ਿੰਦਗੀ ’ਚ ਬਹੁਤ ਕੁਝ ਅਜੇਹਾ ਵਾਪਰ ਰਿਹਾ ਹੈ; ਜਿਸਦੀ ਤੋਰ-ਨੁਹਾਰ ਧੁੰਦਲੀ/ਅਸਪੱਸ਼ਟ ਹੈ। ਸਾਧਾਰਨ ਬੰਦਾ ਨਵੀਆਂ ਉਲਝਣਾਂ/ਮੁਸ਼ਕਲਾਂ ਦੀ ਪ੍ਰਕਿਰਤੀ/ਮੁਹਾਂਦਰੇ ਤੋਂ ਅਣਜਾਣ ਹੈ ਅਜੇ। ਕਿਉਂਕਿ: ਉਸਦੀ ਸੋਚਣੀ ਮੁਤਾਬਕ:- ‘ਬਦਲਾਉ’- ‘ਕੁਦਰਤ ਦਾ ਅਟੱਲ ਨਿਯਮ’ ਹੈ। ਜਦੋਂ ਕਿ ‘ਬਦਲਾਉਸ਼ੀਲਤਾ’- ‘ਪੂੰਜੀ ਨਿਯੰਤਰਿਤ’ ਵੀ ਹੁੰਦੀ ਹੈ ਤੇ ‘ਸੱਤਾ ਸੰਚਾਲਕ’ ਵੀ। ਇੰਜ ‘ਸ਼ਕਤੀ ਸੰਰਚਨਾਵਾਂ’ ਸਹੂਲਤ/ਸੁਵਿਧਾ ਅਨੁਕੂਲ- ਵਿਵਸਥਾ ਵਿਵਸਥਿਤ ਕਰਦੀਆਂ ਹਨ: ਤਾਂ: ‘ਮਾਨਵੀ-ਮਾਹੌਲ’ ਬਦਲ ਜਾਂਦਾ ਹੈ। ਜੋ ਅਕਸਰ ‘ਲੋਕ-ਮੁੱਖ’ ਦੀ ਥਾਂ ‘ਲੋਕ-ਵਿਰੋਧੀ’ ਹੁੰਦਾ ਹੈ। ਇਸ ਨੀਤੀ ਤੇ ਚੱਲਦਿਆਂ ਮਾਈਨਿੰਗ ਮਾਫ਼ੀਆ ਵੱਡੀ ‘ਮਾਇਨਸ’ ਭੂਮਿਕਾ ਨਿਭਾ ਰਿਹਾ ਹੈ। ਇਸ ਬਾਰੇ ਮੀਡੀਆ-ਰਾਜਨੀਤੀ ’ਚ ਵੀ ਸਰਗਰਮੀ ਬਣੀ ਰਹਿੰਦੀ ਹੈ। ਪਰ ਇਸਦੇ ਅਣਦਿੱਸਦੇ ਪੱਖ ਘਣੇ ਘਾਤਕ ਹਨ।

ਮਾਈਨਿੰਗ ‘ਕੁਦਰਤ’ ਨੂੰ ‘ਵਸਤ’ ’ਚ ‘ਤਬਦੀਲ’ ਕਰਦੀ ਹੈ। ਉਨ੍ਹਾਂ ਦੀ ਬੋਲੀ ’ਚ ‘ਸ਼ੁੱਧ ਸੋਨਾ’ ਹਨ: ਰੇਤ-ਪੱਥਰ। ਤੇ ਇਸ ਕੁਦਰਤੀ ਦੌਲਤ ਨੂੰ ਹਥਿਆਉਣ ਲਈ ਕਰੈਸ਼ਰ ਸੰਚਾਲਕਾਂ ਵੱਲੋਂ (ਮਿੱਤਲ ਸਟੋਨ ਕਰੈਸ਼ਰ) ਇਲਾਕੇ (ਮਿਰਜ਼ਾਪੁਰ- ਭੱਲੋਵਾਲ- ਧਰਮਪੁਰ- ਮੋਹਰਗੜ੍ਹ- ਕੁੱਲੀਆਂ ਆਦਿ) ਦੀਆਂ ਵਿਕਾਊ- ਪੰਚਾਇਤੀ-ਸ਼ਾਮਲਾਟਾਂ- ਝਗੜੇ ਵਾਲੀਆਂ ਜ਼ਮੀਨਾਂ ਦੀ ਸੂਹ ਕੱਢਣ ਲਈ ਖੜਪੈਂਚਾਂ-ਲੱਠਮਾਰਾਂ (ਦੀਪਾ- ਪਾਲਾ ਸਿੰਘ ਜੱਥੇਦਾਰ) ਦੀ ਚੋਣ ਕੀਤੀ ਜਾਂਦੀ ਹੈ; ਲੋਕ-ਲੁਭਾਵਣੇ ਸੁਪਨੇ ਸਿਰਜ ਕੇ ਜ਼ਮੀਨ ’ਚੋਂ ਯਕੀਨ ਖ਼ਤਮ ਕਰਨ ਦਾ ਪ੍ਰਥਮ ਕਦਮ ਪੁੱਟਿਆ ਜਾਂਦਾ ਹੈ। ਕਰੈਸ਼ਰ ਪ੍ਰਚਾਰਕ ਵੱਜੋਂ ਜੱਥੇਦਾਰ ਪਾਲਾ ਸਿੰਘ ਭਰਵੀਂ ਹਾਜ਼ਰੀ ਲਗਵਾਉਂਦਾ ਹੈ: *ਸਾਡੇ ਪਿੰਡ ਨੂੰ ਮੌਜ ਹੋ ਜੂ...ਕਿੱਥੇ ਅੱਗੇ ਬਜਰੀ ਦੀ ਟਰਾਲੀ ਅਠਾਈ ਸੌ ਦੀ ਆਉਂਦੀ ਸੀ ਤੇ ਰੇਤ ਦੀ ਢਾਈ ਹਜ਼ਾਰ ਦੀ...ਇਹ ਹੁਣ ਦੋ ਹਜ਼ਾਰ ਨੂੰ ਮਿਲਣ ਲਗ ਜੂ...ਫਿਰ ਲੈਣ ਵੀ ਤਲਵਾੜੇ ਜਾਂ ਮੀਰਥਲ ਵਲ ਨਈ ਪੈਣਾ...ਆਹ ਸਮਾਧ ਥਾਣੀ ਭਾਵੇਂ ਸਿੱਧੇ ਜਾ ਵੜੋ ਭਰਨ।*[7] ਯੋਜਨਾਬੰਦੀ ਅਧੀਨ ਪਥਰੀਲੀ ਜ਼ਮੀਨ ਨੂੰ ਮੁਫ਼ਤ ਪੱਧਰੀ ਕਰਨ ਦਾ ਲਾਲਚ ਵੀ ਦਿੱਤਾ ਜਾਂਦਾ ਹੈ। ਛੇਤੀ-ਛੇਤੀ ਅਮੀਰ ਹੋਣ ਦੇ ਚੱਕਰ ਵਿੱਚ ਦੀਪੇ ਵਰਗੇ ਨੌਜਵਾਨ ਜ਼ਮੀਨ ਤੋਂ ਵੀ ਹੱਥ ਧੋ ਬੈਠਦੇ ਹਨ; ਉਪਰੋਂ ਜੇਲ ਦੀ ਹਵਾ ਵੀ ਖਾਂਦੇ ਹਨ। ਤੇ ਅੰਤ ਮਾਰ-ਮੁਕਾ ਦਿੱਤੇ ਜਾਂਦੇ ਹਨ।

ਜੇ. ਸੀ. ਬੀ.-ਟਿੱਪਰਾਂ ਦੇ ਪ੍ਰਵੇਸ਼ ਨਾਲ ਉਜਾੜੇ ਦਾ ਵਿਧੀਵਤ ਆਰੰਭ ਹੁੰਦਾ ਹੈ। ਭੂਮੀ ਦੀ ਤਾਕਤ ਨੂੰ ਜੜ੍ਹੋਂ ਨਸ਼ਟ ਕਰਨ ਲਈ ਅੱਸੀ-ਅੱਸੀ- ਸੌ-ਸੌ ਫੁੱਟ ਡੂੰਘੇ ਖਤਾਨ ਪੁੱਟੇ ਜਾਂਦੇ ਹਨ: ਦਲਦਲੀ ਤੈਹ ਤੱਕ। ਵਾਹੀਯੋਗ ਜ਼ਮੀਨ ਜਿੱਥੇ ਬਰਬਾਦ ਕੀਤੀ ਜਾ ਰਹੀ ਹੈ ਉੱਥੇ ਢਿੱਗਾਂ ਡਿੱਗਣ ਕਾਰਣ ਪਸ਼ੂ-ਧਨ ਦਾ ਵੀ ਨੁਕਸਾਨ ਹੁੰਦਾ ਹੈ। ਜੰਗਲ- ਪਹਾੜ- ਦਰਿਆ- ਜੀਵ-ਪ੍ਰਜਾਤੀਆਂ ਦੇ ਸੁੰਘੜਨ ਨਾਲ ਨਵੇਂ ਸੰਕਟ ਸਾਹਮਣੇ ਆ ਰਹੇ ਹਨ। ਦੂਸ਼ਿਤ ਆਬੋ-ਹਵਾ ਨਾ-ਮੁਰਾਦ ਬੀਮਾਰੀਆਂ ਸਹੇੜ ਰਹੀ ਹੈ। ਪਲਾਂਟ ਤੇ ਚੱਲਦੀਆਂ ਮਸ਼ੀਨਾਂ ਦਾ ਕੰਨ-ਪਾਟਵਾਂ ਸ਼ੋਰ ਰਾਤ ਦੀ ਨੀਂਦ ’ਚ ਖ਼ਲਲ ਪਾਉਂਦਾ ਹੈ; ਰੇਤ-ਪੱਥਰਾਂ ਦੀ ਧੂੜ-ਕਣ ਸਾਹ-ਅੱਖਾਂ ਦੀ ਭਿਅੰਕਰ ਬੀਮਾਰੀ ਨੂੰ ਦਾਵਤ ਦੇ ਰਹੇ ਨੇ। ਬੱਚੇ (ਅਵੀ) ਬਜ਼ੁਰਗ (ਠਾਕਰੀ) ਇਸ ਦੀ ਗ੍ਰਿਫ਼ਤ ’ਚ ਵਧੇਰੇ ਆਉਂਦੇ ਨੇ। ਭਾਂਡੇ- ਕੱਪੜੇ- ਸਾਧਨਾਂ ਦਾ ਮੈਲਾਪਨ ਅਗਲੀ ਕੜੀ ਹੈ।



ਰੇਤ-ਬੱਜਰੀ ਤੇ ਕੱਚਾ ਮਾਲ ਢੋਂਦੇ ਟਰੱਕ, ਟਿੱਪਰ, ਟਰੈਕਟਰ (ਭਾਰੀ ਵਾਹਨ) ਸੜਕਾਂ, ਪਹੀਆਂ, ਰਾਹਾਂ ਨੂੰ ਤਹਿਸ-ਨਹਿਸ ਕਰ ਰਹੇ ਨੇ। ਨਾਵਲਕਾਰ ਭਵਿੱਖੀ ਫ਼ਿਕਰਮੰਦੀ ਜ਼ਾਹਰ ਕਰਦਾ ਹੈ: *ਇਸ ਇਲਾਕੇ ’ਚ ਤੀਹ ਦੇ ਲੱਗਭੱਗ ਕਰੈਸ਼ਰ ਹਨ ਇਲਾਕੇ ਦੀ ਚਾਰ-ਕੁ ਸੌ ਏਕੜ ਜ਼ਮੀਨ ਉਹ ਇੱਕ ਸਾਲ ’ਚ ਡੂੰਘੇ ਖੱਡਿਆਂ ’ਚ ਬਦਲ ਰਹੇ ਹਨ। ਜਿਵੇਂ ਕਰੈਸ਼ਰ ਵਧੀ ਜਾ ਰਹੇ ਐ, ਆਉਣ ਵਾਲੇ ਦਸਾਂ-ਵੀਹਾਂ ਸਾਲਾਂ ’ਚ ਇਲਾਕੇ ਦੀ ਕੀ ਦੁਰਦਸ਼ਾ ਹੋ ਜਾਵੇਗੀ, ਇਹ ਸਮਝਣਾ ਕੋਈ ਔਖਾ ਨਹੀਂ।*[8] ਬਿਆਸ ਦਰਿਆ ਦੀ ਖਣਿਨ ਨਾਲ ਪੌਂਗ ਡੈਮ ਤੱਕ ਖ਼ਤਰੇ ਪੈਦਾ ਕੀਤੇ ਜਾ ਰਹੇ ਹਨ। ਕੁਦਰਤ ਦੀ ਗੋਦ ਵਿੱਚ ਵੱਸਿਆ ਹੁਸ਼ਿਆਰਪੁਰ ਜ਼ਿਲ੍ਹੇ ਦਾ ਕੰਢੀ ਏਰੀਆ ਦਿਨ-ਬ-ਦਿਨ ਬੇਪਛਾਣ ਹੋ ਰਿਹਾ ਹੈ।

ਜੰਗਲਾਤ/ਪ੍ਰਦੂਸ਼ਣ ਕੰਟਰੋਲ ਬੋਰਡ ਜਾਂ ਹੋਰ ਅਦਾਰਿਆਂ ਨੂੰ ਵਾਤਾਵਰਣ ਵਿਗਾੜ ਦਾ ਕੋਈ ਫ਼ਰਕ ਨਹੀਂ ਪੈਂਦਾ। ਅਸਲ ’ਚ ਇਹ ਤਬਾਹਕੁੰਨ ਕਾਰੋਬਾਰ ਪ੍ਰਸ਼ਾਸਨਿਕ/ਰਾਜਸੀ ਸਰਪ੍ਰਸਤੀ ਹੇਠ ਹੀ ਚੱਲਦਾ ਹੈ। (ਪਾਲਾ ਸਿੰਘ ਲਲਕਾਰ ਕੇ ਆਖਦਾ ਹੈ: *ਇਹ ਸਰਕਾਰੀ ਬੰਦਿਆਂ ਦਾ-ਸਰਕਾਰ ਇਹਦੇ ਪਿਛੇ ਐ*[9]) ਗ਼ੈਰ-ਕਾਨੂੰਨੀ ਧੰਦੇ ਦਾ ਦ੍ਰਿਸ਼ ਵੇਖੋ: *ਰਾਤ ਨੂੰ ਕਈ ਵਾਰ ਬਿਆਸ ਦਰਿਆ ਦੇ ਬੈੱਡ ’ਚੋਂ ਮਟੀਰੀਅਲ ਭਰਨ ਤੁਰ ਪੈਂਦੇ। ਪਹੀ ਤੋਂ ਵਿੱਚੋਂ-ਵਿੱਚੀਂ ਕੱਚੀਆਂ ਆਰਜ਼ੀ ਬਣਾਈਆਂ ਰਾਹਾਂ ਤੋਂ ਕਾਂਜੂਪੀਰ ਥਾਣੀ ਟਿੱਪਰ ਤੇ ਜੇ. ਸੀ. ਬੀ. ਮਸ਼ੀਨਾਂ ਦਰਿਆ ਦੇ ਪੁਰਾਣੇ ਵਹਿਣ ਵਾਲੇ ਥਾਂ ਜਾ ਪੁੱਜਦੀਆਂ। ਉਦੋਂ ਸਾਰੀ ਰਾਤ ‘ਮਟੀਰੀਅਲ’ ਕੱਢਿਆ ਜਾਂਦਾ। ਪਾਣੀ ਦੇ ਵਹਿਣ ਨਾਲ ਧੋਤੇ ਹੋਏ ਪੱਥਰ- ਰੇਤ। ਕਰੈਸ਼ਰਾਂ ਦੀ ਬੋਲੀ ’ਚ ‘ਸ਼ੁੱਧ ਸੋਨਾ’...ਪੁਲੀਸ ਜਾਂ ਖਣਿਨ ਅਧਿਕਾਰੀਆਂ ਨੂੰ ਸਾਰੇ ਕਰੈਸ਼ਰਾਂ ਵਾਲੇ ਮਹੀਨਾ ਭਰਦੇ। ਜਦੋਂ ਲੋਕਾਂ ਦੇ ਮੁਜ਼ਹਾਰੇ ਵਧ ਜਾਂਦੇ- ਪ੍ਰੈੱਸ ’ਚ ਰੌਲਾ ਪੈਂਦਾ ਤਾਂ ਪੁਲੀਸ ਇੱਕ-ਦੋ ਟਿੱਪਰ- ਟਰੈਕਟਰ ਜਾਂ ਮਸ਼ੀਨਾਂ ਫੜ੍ਹ ਕੇ ਚਲਾਨ ਕੱਟ ਦਿੰਦੀ...ਪਰ ਇਹ ਰੇਡ ਮਾਲਕਾਂ ਨਾਲ ਗਿਣਮਿੱਥ ਕੇ ਹੁੰਦੇ...ਅੰਦੋਲਨਾਂ ਦੇ ਅੱਖਾਂ ’ਚ ਘੱਟਾ ਪਾਉਣ ਲਈ।*[10] ਪੁਲੀਸ ਹਮਾਇਤ ਨਾਲ ਅੰਤਰਰਾਜੀ (ਹਿਮਾਚਲ ਪ੍ਰਦੇਸ਼) ਸੰਬੰਧ ਵਿਕਸਤ ਹੁੰਦੇ ਹਨ। ਤਲਵਾੜਾ-ਹਾਜ਼ੀਪੁਰ ਕਰੈਸ਼ਰ ਐਸੋਸੀਏਸ਼ਨ ਦਾ ਪ੍ਰਧਾਨ (ਹਰਬੰਸ ਲਾਲ) ਤੇ ਮਿੱਤਲ ਸਟੋਨ ਕਰੈਸ਼ਰ ਮਾਲਕ (ਬਨਾਰਸੀ ਦਾਸ ਮਿੱਤਲ) ਪੁਲੀਸ-ਅਫ਼ਸਰਸ਼ਾਹੀ ਨਾਲ ਨਿਪਟਣ ਲਈ ਸਾਰੀਆਂ ਜ਼ੁੰਮੇਵਾਰੀਆਂ ਬੌਬੀ ਨੂੰ ਸੌਂਪਦੇ ਹਨ। ਉਸਦਾ ਸ਼ਾਤਿਰ ਦਿਮਾਗ:- ਰੰਗੀਨ ਐਸ. ਪੀ. ਰੰਧਾਵਾ ਨੂੰ ਖ਼ੁਸ਼ ਕਰਦਾ ਹੈ; (ਦੀਪੇ ਦੀ ਭੈਣ ਸੁੱਖੀ ਨੂੰ ਸੇਜ ਮਾਣਨ ਲਈ ਮਜਬੂਰ ਕਰਨਾ) ਦੀਪੇ ਘਰ ਪੁਲੀਸ ਹੱਥ ਸ਼ਰਾਬ ਭੇਜ ਯਾਰੀ ਗੰਢਦਾ ਹੈ (ਯਾਰ-ਮਾਰ): ਇਮਾਨਦਾਰ ਅਫ਼ਸਰ (ਐਸ. ਡੀ. ਐਮ. ਦਿਨੇਸ਼ ਰਾਣਾ) ਤੇ ਸੱਚੇ ਪੱਤਰਕਾਰ (ਦਿਲਬਾਗ ਸਿੱਧੂ) ਦਾ ਦੀਪੇ ਹੱਥੋਂ ਐਕਸੀਡੈਂਟਲ ਕਤਲ ਕਰਵਾਉਂਦਾ ਹੈ: ਅੰਦੋਲਨਕਾਰੀਆਂ ਨੂੰ ਦਬਕਾਉਂਦਾ ਹੈ। ਮੁੱਖ-ਮੰਤਰੀ/ਨੇਤਾਵਾਂ ਤੱਕ ਸਿੱਧੀ ਪਹੁੰਚ ਸਥਾਪਤੀ ਕਰਨ ਦਾ ਅਭਿਆਸ ਕਿੱਤੇ ’ਚੋਂ ਹੀ ਸਿੱਖਦਾ ਹੈ। ਗੈਂਗਸਟਰ ਤੇ ਮਾਰਖੋਰੇ ਬੰਦਿਆਂ ਦਾ ਸਾਥ ਵੀ ਲਾਹੇਵੰਦ ਸਿੱਧ ਹੁੰਦਾ ਹੈ। ਸ਼ਰਾਬ-ਸ਼ਬਾਬ ਲਈ ‘ਅਮਰੀਕਨ ਕੋਠੀ’ ਹਮੇਸ਼ਾ ਤਿਆਰ ਰੱਖਦਾ ਹੈ।

ਮਾਂ ਰੂਪੀ ਧਰਤੀ ਪੂੰਜੀ ’ਚ ਬਦਲ ਗਈ ਹੈ। ਪਿੰਡ *ਸ਼ੋਅ-ਰੂਮ*[11]ਦਾ ਭੇਸ ਵਟਾ ਰਹੇ ਨੇ। ਜੇ ਸਰਕਾਰ ਨੇ ਸਿਕਸ-ਏਟ ਲੇਨ ਸੀਮੈਂਟਡ/ਫਲਾਈਓਵਰ ਬਣਾਉਣੇ ਹਨ; ਆਦਮਕੱਦ ਇਮਾਰਤਾਂ ਉਸਾਰਨੀਆਂ ਹਨ; ਮਹਿਲ ਬਣਨੇ ਹਨ- ਤਾਂ ਮਾਈਨਿੰਗ ਨੂੰ ਲਗਾਮ ਕਿਵੇਂ ਪਵੇਗੀ ? ਵੱਡਾ ਸਵਾਲ ਬਣਿਆ ਰਹੇਗਾ।

**ਰਿਸ਼ਤਿਆਂ ਦੇ ਬਦਲਦੇ ਸਮੀਕਰਣ**

ਉਪਭੋਗੀ ਸਭਿਆਚਾਰ ਕਾਰਣ ਮਨੁੱਖੀ ਰਿਸ਼ਤਿਆਂ ਵਿੱਚ ਪੈਦਾ ਹੋਣ ਵਾਲੀ ਤਬਦੀਲੀ ਸਹਿਜ-ਸਮੀਕਰਣਾਂ ਨੂੰ ਪਸਤ ਕਰਦੀ ਹੈ।

ਪਿੰਡ ਦੀ ਸਾਂਝ/ਅਣਖ ਜੀਉਂਦੀ ਰੱਖਣ ਖ਼ਾਤਰ ਮੁਣਸ਼ਾ ਸਿੰਘ ਸ਼ਹੀਦੀ ਪਾਉਂਦਾ ਹੈ: ਠਾਕਰੀ ਪੰਜ ਨਿਆਣਿਆਂ ਨੂੰ ਮਰਦ ਬਣ ਪਾਲਦੀ ਹੈ: ਪੂਰਾ ਪਿੰਡ ਸਾਥ ਨਿਭਾਉਂਦਾ ਹੈ ਠਾਕਰੀ ਦਾ। (*ਉਹ ਮੁਹੰਮਦੇ ਦੇ ਕੋਹਲੂ 'ਤੇ ਕਿਸੇ ਨੂੰ ਸਰ੍ਹੋਂ ਦੇ ਕੇ ਘਾਣੀ ਕਢਾਉਣ ਲਈ ਭੇਜਦੀ- ਉਹ ਪੈਸੇ ਨਾ ਲੈਂਦਾ। ਸਿੱਬੂ ਘਰਾਟੀਆ ਆਟਾ ਪੀਹਣ ਦੀ ਕਾਟ ਨਾ ਕੱਟਦਾ। ਫਸਲ ਦੀ ਬਿਜਾਈ-ਵਢਾਈ ਮੌਕੇ ਲੋਕ ਆਪ ਹੀ ਸਲਾਹ ਕਰਕੇ ਉਹਨਾਂ ਦੀ ਫਸਲ ਵੱਢ- ਭਰੀਆਂ ਬੰਨ੍ਹ ਪਲਵਾੜੇ 'ਚ ਸਾਂਭ ਦਿੰਦੇ। ਆਪਣੇ ਘਰੋਂ ਰੋਟੀ ਖਾ ਕੇ ਆਉਂਦੇ ਤੇ ਸ਼ਾਮ ਨੂੰ ਆਪਣੇ ਘਰ ਹੀ ਜਾ ਕੇ ਖਾਂਦੇ। ਗਾਹੁਣ ਦਾ ਫਲ੍ਹਾਂ ਵੀ ਆਪ ਚਾੜ੍ਹ ਦਿੰਦੇ ਸਨ।*[12]) ਉਹ ਫ਼ਖ਼ਰ ਮਹਿਸੂਸਦੀ। (*ਮੈਂ ਮੁਣਸ਼ੀ ਦੀ ਰੰਨ ਆਂ- ਮੁਣਸ਼ੀ ਦੀ...*[13]) ਲੇਕਿਨ ਉਸ ਦੀ ਅੰਸ਼ (ਪਰਗਟ- ਦੀਪਾ- ਸੁੱਖੀ) ਭਾਈਚਾਰਕ ਪ੍ਰਬੰਧ ਨੂੰ ਦਾਗ਼ ਲਾਉਂਦੀ ਹੈ:-ਲੋਕਾਂ ਦਾ ਪਰਿਵਾਰਕ ਨਜ਼ਰੀਆ ਬਦਲਦਾ ਹੈ: *"ਸਾਲਾ ਦੱਲਾ!" ਦੀਪਾ...ਬੀਰੀ ਦੀ ਨਣਾਨ ਨਾਲ ਫਸਿਆ ਹੋਇਆ- ਉਹੀ ਜੀਹਦਾ ਘਰਵਾਲੇ ਨਾਲ ਕੇਸ ਚੱਲ ਰਿਹਾ।"..."ਪਰ ਮੁੱਛਾਂ ਨੂੰ ਵੱਟ ਚਾੜ੍ਹ ਕੇ ਐਂ ਗੱਲ ਕਰੂ ਜਿਵੇਂ ਮੁਰੱਬਿਆਂ ਦਾ ਸਰਦਾਰ ਹੁੰਦਾ।"...ਦੋਹਾਂ ਪਿਉ-ਪੁੱਤਾਂ ਕੋਲ ਹੈ ਕੀ- ਫੋਕੀ ਆਕੜ ਤੋਂ ਬਿਨਾਂ...ਉਹ ਉਥੇ ਗੁਜਰਾਂ ਦੇ ਡੇਰੇ ਵੜਿਆ ਰਹਿੰਦਾ ਤੇ ਇਹ ਥਾਂ-ਕੁਥਾਂਅ-ਮੂੰਹ ਮਾਰਦਾ ਫਿਰਦਾ...ਨਾ ਕੋਈ ਰਿਸ਼ਤਾ ਨਾਤਾ ਦੇਖੇ- ਨਾ ਮਾਣ-ਮਰਿਆਦਾ।*[14] ਇਸ ਲੜੀ 'ਚ ਪੋਰਨ ਸਾਈਟਾਂ 'ਚੋਂ ਜਿਸਮ-ਆਨੰਦ ਲੱਭਣ ਵਾਲੀ ਸੁੱਖੀ- ਗਰੀਬ ਘਰ ਦੀਆਂ ਸੁਹਣੀਆਂ ਕੁੜੀਆਂ ਨੂੰ ਫਾਹ ਕੇ ਦੇਹ-ਵਪਾਰ ਧੰਦਾ ਚਲਾਉਣ ਤੱਕ ਦਾ ਸਫ਼ਰ ਤੈਅ ਕਰਦੀ ਹੈ।

×××

ਸ਼ਹੀਦ ਮੁਣਸ਼ਾ ਸਿੰਘ ਦੀ ਸਮਾਧ ਮਾਈਨਿੰਗ/ਕਲੱਬ ਦੀ ਭੇਂਟ ਚੜ੍ਹਦੀ ਹੈ। ਠਾਕਰੀ ਤੋਂ ਚੋਰੀਉਂ ਜ਼ਮੀਨ ਦਾ ਸੌਦਾ ਹੁੰਦਾ ਹੈ: ਬਿਆਨਵੇਂ ਸਾਲ ਦੀ ਤੰਦਰੁਸਤ ਬੇਬੇ ਬੀਤੇ ਨੂੰ *ਝੂਰਦੀ*[15] ਹੈ: ਉਸਦੀ ਬੀਮਾਰੀ ਨੂੰ 'ਉਤਸਵ' ਵਾਂਗ ਮਨਾਇਆ ਜਾਂਦਾ ਹੈ: ਉਹ ਆਪਣੀ ਯੁੱਗ ਸਿਆਣਪ; ਭਾਈਚਾਰਕ ਸਾਂਝ ਨੂੰ ਢਾਹ ਲੱਗਦੀ ਵੇਖਦੀ ਹੈ: ਗ਼ਮ ਨਾ ਸਹਾਰਦੀ ਹੋਈ ਮਰ ਮੁਕ ਜਾਂਦੀ ਹੈ।

×××

ਸਭ ਆਪਣੀਆਂ ਗਿਣਤੀਆਂ-ਮਿਣਤੀਆਂ 'ਚ ਉਲਝੇ ਘਾਤ ਲਈ ਚਾਲਾਂ ਚੱਲਦੇ ਹਨ। ਜੱਥੇਦਾਰ ਪਾਲਾ ਸਿੰਘ ਵੱਲੋਂ ਡਾ. ਰਾਜਿੰਦਰ ਨਾਲ ਮੇਲ-ਮਿਲਾਪ ਵਧਾ ਕੇ ਭਾਣਜੀ ਦੇ ਰਿਸ਼ਤੇ ਦੀ ਪੇਸ਼ਕਸ਼ ਕਰਨੀ; (ਪਰ ਸੂਝਵਾਨ ਡਾਕਟਰ ਕੋਸ਼ਿਸ਼ ਨੂੰ ਅਸਫ਼ਲ ਕਰ ਦੇਂਦਾ ਹੈ।) ਬੌਬੀ ਵੱਲੋਂ ਸੁੱਖੀ- ਦੀਪੇ- ਨੰਦੂ ਤੇ ਹੋਰ ਅਧਿਕਾਰੀਆਂ ਨੂੰ ਰਣਨੀਤੀ ਦਾ ਸ਼ਿਕਾਰ ਬਣਾਉਣਾ; ਪਰਗਟ-ਦੀਪੇ ਦੀਆਂ ਪਰਿਵਾਰਕ-ਘੁਣਤਰਬਾਜ਼ੀਆਂ ਪ੍ਰਮੁੱਖ ਉਦਾਹਰਣਾਂ ਹਨ।

×××

ਮਿਰਜ਼ਾਪੁਰ ਦੇ ਨੰਦੂ ਭਈਏ ਦਾ ਪਿੰਡ ਦੀ ਕੁੜੀ (ਮਿੰਦੀ) ਨੂੰ ਭਜਾਉਣਾ ਵੀ ਬਦਲਦੇ ਸਮੀਕਰਣਾਂ 'ਚ ਸ਼ਾਮਲ ਹੈ।

×××



ਲਿਵ-ਇਨ/ਸਿੰਗਲ ਮਾਪਾ/ਇਕੱਲੇ ਰਹਿਣ ਦਾ ਰੁਝਾਨ ਵੱਧ ਰਿਹਾ ਹੈ। ਪਰਵਾਨੇ ਦੇ ਨਾਵਲ ਅਜਿਹੇ ਮਸਲਿਆਂ ਨੂੰ ਚੰਗੀ ਤਰ੍ਹਾਂ ਵਿਚਾਰਦੇ ਹਨ। ਡਾ. ਰਾਜਿੰਦਰ ਤੇ ਯੋਗਿਤਾ ਨਵੇਂ ਰਿਸ਼ਤਿਆਂ ਨੂੰ ਮਾਨਤਾ ਦੇਣ ਦੇ ਹੱਕ 'ਚ ਭੁਗਤਦੇ ਹਨ। ਪ੍ਰਮਾਣ ਲਈ ਸੰਵਾਦ ਪੇਸ਼ ਹੈ: *ਜੀਨਜ਼ 'ਚ ਤਬਦੀਲੀ ਬਿਨਾਂ ਸ਼ਾਇਦ ਹੱਲ ਸੰਭਵ ਨਹੀਂ ਹੈ।...ਤੇ ਇਸ ਬਦਲਵੇਂ ਰਾਹ 'ਚੋਂ ਹੀ ਇਕ ਸੀ- ਉਸਦਾ ਵਿਆਹ ਨਾ ਕਰਾਉਣ ਦਾ ਫੈਸਲਾ। ਬੰਦਾ ਕਿੰਨਾਂ ਵੀ ਦ੍ਰਿੜ ਰਹੇ- ਸੱਚੇ ਇਰਾਦੇ ਵਾਲਾ ਹੋਵੇ- ਇਹ ਸੰਸਥਾ ਹੌਲੀ-ਹੌਲੀ ਉਸ ਨੂੰ ਖਾ ਜਾਂਦੀ ਹੈ...! "ਲਿਵ-ਇਨ 'ਚ ਵੀ ਨਹੀਂ- ਇਹ ਵੀ ਇਕ ਤਰ੍ਹਾਂ ਦਾ ਪਰਿਵਾਰ ਹੀ ਬਣਦਾ ਜਾ ਰਿਹਾ ਹੈ...ਨਹੀਂ...ਬਿਲਕੁਲ ਨਹੀਂ...ਅਸੀਂ ਮਿਲਾਂਗੇ ਵੀ- ਇਕ ਦੂਸਰੇ ਦੀ ਔਖੇ ਭਾਰੇ ਵੇਲੇ ਮਦਦ ਵੀ ਕਰਾਂਗੇ- 'ਕੱਠੇ ਘੁੰਮਾ-ਫਿਰਾਂਗੇ ਵੀ...ਪਰ ਆਪਣੇ ਢੰਗ ਨਾਲ- ਆਪਣੀ-ਆਪਣੀ ਜ਼ਿੰਦਗੀ ਜੀਉਂਦਿਆਂ...ਇਹ ਨਹੀਂ ਕਿ ਇਕ ਸਾਂਝੀ ਛੱਤ ਹੇਠਾਂ ਹਰ ਵੇਲੇ ਇਕ ਦੂਸਰੇ ਦੇ ਮੋਢਿਆਂ ਤੇ ਚੜੇ ਰਹੀਏ...ਸਾਡੀ ਆਪਣੀ-ਆਪਣੀ ਜ਼ਿੰਦਗੀ ਹੋਵੇਗੀ।"*[16] ਨਾਵਲ ਦਾ ਬਾਰ੍ਹਵਾਂ ਕਾਂਡ ਵਿਆਹ-ਵਿਵਸਥਾ ਤੇ ਹੀ ਕਿੰਤੂ ਕਰਦਾ ਹੈ।

**ਅੰਦੋਲਨਕਾਰੀਆਂ ਦੇ ਧਰਨੇ/ਮੁਜ਼ਾਹਰੇ**

*ਕਈ ਵਾਰ ਬੰਦਾ ਆਪਣੇ ਨਾਲ ਧੱਕਾ ਤਾਂ ਜਰ ਲੈਂਦਾ- ਪਰ ਜਦੋਂ ਭਵਿੱਖ ਦੀ ਪੀੜ੍ਹੀ ਬਾਰੇ ਗੱਲ ਆਉਂਦੀ ਹੈ ਤਾਂ ਉਸ ਤੋਂ ਸਹਿ ਨਹੀਂ ਹੁੰਦੀ।*[17] ਸਿਧਾਂਤ ਤੇ ਅਮਲ ਕਰਦਿਆਂ ਡਾ. ਰਾਜਿੰਦਰ- ਰਣਜੀਤ- ਸੁਰਜੀਤ- ਕਾਮਰੇਡ ਪਿਆਰੇ- ਮਾਸਟਰ ਜੁਗਿੰਦਰ- ਹਰਪਾਲ ਸਿੰਘ- ਕਰਮਜੀਤ ਸਿੰਘ ਆਦਿ ਸਮਾਜਕ ਕਾਰਕੁੰਨ ਹਾਜੀਪੁਰ 'ਚ ਵੱਡਾ ਇਕੱਠ ਕਰਕੇ ਤਾਕਤ ਦਾ ਮੁਜਾਹਰਾ ਕਰਦੇ ਹਨ। ਭਾਵੇਂ ਅਫ਼ਸਰਸ਼ਾਹੀ ਮੁਜ਼ਾਹਰੇ ਨੂੰ ਫੇਲ ਕਰਨ ਲਈ ਪੱਬਾਂ ਭਾਰ ਜ਼ੋਰ ਲਾਉਂਦੀ ਹੈ। ਪਰ ਵਿਪਰੀਤ ਸਥਿਤੀਆਂ ਵਿੱਚ ਵੀ 'ਲੋਟੂ ਪ੍ਰਬੰਧ ਮੁਰਦਾਬਾਦ' ਦੇ ਨਾਹਰੇ ਗੂੰਜਦੇ ਹਨ। ਰੈਲੀ ਇਸ ਨਤੀਜੇ ਤੇ ਪਹੁੰਚਦੀ ਹੈ: *ਇਸ ਭ੍ਰਿਸ਼ਟ ਨਿਜ਼ਾਮ ਨੂੰ ਬਦਲ ਕੇ- ਲੋਕ ਹਿਤੂ ਨਿਜ਼ਾਮ ਸਿਰਜਣ ਨਾਲ ਹੀ ਸਹੀ ਅਰਥਾਂ 'ਚ ਲੋਕਾਂ ਦੀਆਂ ਤਕਲੀਫ਼ਾਂ ਦਾ ਅੰਤ ਹੋਵੇਗਾ...ਉਦੋਂ ਤੱਕ ਪਰ ਸਾਨੂੰ ਆਪਣੀਆਂ ਛੋਟੀਆਂ-ਛੋਟੀਆਂ ਲੜਾਈਆਂ ਜਾਰੀ ਰੱਖਣੀਆਂ ਪੈਣਗੀਆਂ।*[18] ਹਕੀਕਤ ਵਿਚ *ਧਰਮਿੰਦਰ ਸਿੰਘ ਸਿੰਬਲੀ*[19] ਵਰਗੇ ਨੌਜਵਾਨ ਇਸ ਮਿਸ਼ਨ 'ਚ ਲੱਗੇ ਹੋਏ ਹਨ। ਨਾਵਲੀ ਕਥਾ ਅਨੁਸਾਰ: *ਰਣਜੀਤ ਵੀ ਕਮਾਲਾਂ ਕਰੀ ਜਾਂਦੀ ਐ। ਜਦੋਂ ਕਿਤੇ ਮੁਜ਼ਾਹਰਾ ਹੁੰਦਾ ਤਾਂ ਪਿੰਡ 'ਚੋਂ ਟਰਾਲੀ ਭਰਕੇ ਔਰਤਾਂ ਨੂੰ ਨਾਲ ਲੈ ਕੇ ਜਾਊ। ਨਾ ਡਰੇ ਨਾ ਘਾਬਰੇ। ਪਰ ਕਹਿੰਦੇ ਉਸਦੀ ਸਾਰੀ ਸਰਗਰਮੀ ਪਿੱਛੇ ਉਸਦੀ ਨਣਾਨ ਸੁਰਜੀਤ ਦਾ ਹੱਥ ਐ। ਉਹ ਯੂਨੀਵਰਸਿਟੀ 'ਚ ਕੋਈ ਖੋਜ ਕਰਦੀ ਹੈ ਅੱਜਕਲ੍ਹ*[20]। ਡਿਸਪੈਂਸਰੀ ਦਾ ਸੇਵਾਦਾਰ ਸ਼ਰਨ ਸਿੰਘ ਵਾਤਾਵਰਣ ਸਾਂਭ-ਸੰਭਾਲ ਦਾ ਪੂਰਾ ਖਿਆਲ ਰੱਖਦੇ ਹੋਏ ਫੁੱਲ-ਬੂਟਿਆਂ ਦੀ ਸੇਵਾ ਜਾਰੀ ਰੱਖਦਾ ਹੈ: ਡਾਕਟਰ ਰਾਜਿੰਦਰ ਦੇ ਬੋਲ ਪੁਗਾਉਂਦਾ ਹੈ।

**ਨਾਵਲ ਤਕਨੀਕ**

ਸਰਲ ਭਾਸ਼ਾ; ਪਾਤਰਾਂ ਦੀ ਭਾਵ-ਭਰਪੂਰ ਪੇਸ਼ਕਾਰੀ; ਸ਼ਾਨਦਾਰ ਦ੍ਰਿਸ਼ ਵਿਉਂਤਕਾਰੀ; ਬੱਝਵੀਂ ਘਟਨਾਵੀਂ ਬੁਣਤ ਆਦਿ ਗੁਣ ਨਾਵਲ ਨੂੰ ਬੇਰਸ ਹੋਣ ਤੋਂ ਬਚਾਉਂਦੇ ਹਨ। ਪਰ ਪਰਤਵੀਂ ਝਾਤ- ਸਮਾਨ ਵੇਰਵਿਆਂ/ਵਿਸਥਾਰ ਵਾਲੇ ਪਾਸੇ ਵੀ ਧਿਆਨ ਦੇਣ ਦੀ ਲੋੜ ਹੈ। ਬਿਊਟੀ ਪਾਰਲਰ-ਬੁਟੀਕ- ਖੁੱਲ੍ਹ-ਖੇਡ- ਰਿਜ਼ੋਰਟ ਆਦਿ ਪਰਵਾਨੇ ਦੇ ਪਸੰਦੀਦਾ ਨਾਵਲੀ ਸੰਕੇਤ ਹਨ। 'ਸ਼ੋਅ-ਰੂਮ' 'ਚ ਇਨ੍ਹਾਂ ਦਾ ਸੰਕੁਚਿਤ ਪ੍ਰਯੋਗ ਹੋਇਆ ਹੈ। (ਇਸ ਨੂੰ ਪਲਟਾਇਆ ਵੀ ਜਾ ਸਕਦਾ ਹੈ)

ਵਿਚਾਰਧਾਰਕ ਪ੍ਰਤੀਬੱਧਤਾ ਤੇ ਖਰੇ ਉਤਰਨ ਲਈ ਰਾਜਿੰਦਰ ਦੇ ਸਮਵਿਥ ਰਣਜੀਤ ਕੌਰ- ਸੁਰਜੀਤ ਕੌਰ ਨੂੰ ਉਤਾਰ ਕੇ ਨਵਾਂ ਤਜ਼ਰਬਾ ਕੀਤਾ ਹੈ। ਇਸ ਨਾਲ ਨੌਜਵਾਨਾਂ ਦੀ ਨਿਵਾਣ-ਸਥਿਤੀ ਨੂੰ ਵੀ ਹੱਲ ਕਰਨ ਦਾ ਮੌਕਾ ਮਿਲਿਆ ਹੈ। (ਪਰਵਾਨੇ ਦੇ ਨਾਵਲਾਂ 'ਚ ਨੌਜਵਾਨੀ ਬਾਰੇ ਸਵਾਲ ਉਠਦੇ ਹਨ) ਇਨ੍ਹਾਂ ਦੋਹਾਂ ਪਾਤਰਾਂ ਬਾਰੇ ਭਵਿੱਖੀ ਟਿੱਪਣੀ ਕਰਨੀ ਜਲਦਬਾਜ਼ੀ ਹੋਵੇਗੀ ਕਿਉਂਕਿ ਕੰਵਲ (ਬਹੁਤ ਸਾਰੇ ਚੁਰੱਸਤੇ)- ਮਨਜੀਤ (ਸਿਮਟਦਾ ਆਕਾਸ਼) ਦੀਆਂ ਮੁਟਿਆਰਾਂ/ਔਰਤਾਂ- ਜੱਥੇਬੰਦੀਆਂ ਤੋਂ ਮੂੰਹ ਮੋੜ ਚੁੱਕੀਆਂ ਹਨ। ਪਰ ਇਨ੍ਹਾਂ ਦੋਹਾਂ ਦੇ ਕਾਰ-ਵਿਹਾਰ ਤੋਂ ਸੰਭਾਵਨਾ ਬਣਦੀ ਹੈ ਕਿ ਸਰਗਰਮ ਸਾਰਥਕਤਾ ਬਣੀ ਰਹੇਗੀ।

ਮਾਈਨਿੰਗ ਦੇ ਨਾਲ-ਨਾਲ ਠਾਕਰੀ ਟੱਬਰ ਦੀ ਹੋਣੀ ਵੀ ਬਿਰਤਾਂਤਕ ਕਥਾ ਦਾ ਹਿੱਸਾ ਬਣਦੀ ਹੈ। ਆਜ਼ਾਦੀ ਵੇਲਿਆਂ ਤੋਂ ਲੈ ਕੇ ਆਮ ਆਦਮੀ ਪਾਰਟੀ ਦੇ ਵੇਲੇ ਤੱਕ ਦਾ ਸਮਾਜੀ/ ਰਾਜਸੀ ਵਿਵਰਣ ਵੀ ਮਿਲਦਾ ਹੈ ਨਾਵਲ 'ਚੋਂ।

**ਅੰਤਿਕਾ**

'ਢਾਈ' ਸਫ਼ਿਆਂ ਦੀ 'ਅੰਤਿਕਾ' ਪੌਣੇ ਦੋ ਸੌ ਸਫ਼ਿਆਂ 'ਚ 'ਜਾਨ' ਪਾਉਂਦੀ ਹੈ।

ਗਿਆਨ- ਅਨੁਭਵ ਤੇ ਦਲੇਰੀ ਤੋਂ ਬਿਨਾਂ ਅਜਿਹਾ ਨਾਵਲ ਲਿਖਣਾ ਔਖਾ ਹੈ।

**ਹਵਾਲੇ ਤੇ ਟਿੱਪਣੀਆਂ**

1. ***ਸਾਹਿੱਤ ਅਧਿਐਨ***- ਗੁਰੂ ਨਾਨਕ ਦੇਵ ਯੂਨੀਵਰਸਿਟੀ- ਅੰਮ੍ਰਿਤਸਰ- 2002- ਸਫ਼ਾ: 52.
2. *ਨਾਵਲ ਲੇਖਨ ਚਿੰਤਨ ਵੀ ਹੋਣਾ ਚਾਹੀਦਾ ਹੈ। ਨਾਵਲ ਲਿਖਣ ਢੰਗ ਤੋਂ ਅੱਗੇ ਤੁਰਦਾ ਹੈ;* ***ਗੋਸ਼ਟੀ: ਨਾਵਲ ਦਾ ਵਿਧਾ-ਸ਼ਾਸਤਰ- ਸੰਵਾਦ-10 (ਜੁਲਾਈ-ਦਸੰਬਰ-2019)***- ਸਫ਼ਾ: 165.

   Ï% **ਖੇਤਾਂ ਦਾ ਰੁਦਨ- ਸਿਮਟਦਾ ਆਕਾਸ਼- ਖਾਂਡਵ ਦਾਹ ਆਦਿ ਨਾਵਲਾਂ 'ਚ ਇਤਿਹਾਸ-ਮਿਥਹਾਸ ਦਾ ਸਮਕਾਲੀ ਰੂਪਾਂਤਰਨ ਪ੍ਰਮਾਣ ਬਣਦਾ ਹੈ।**
3. ਰਜਨੀਸ਼ ਬਹਾਦਰ ਸਿੰਘ- ***ਪੰਜਾਬੀ ਸਾਹਿਤ ਚਿੰਤਨ ਆਧਾਰ ਤੇ ਉਸਾਰ***- ਚੇਤਨਾ ਪ੍ਰਕਾਸ਼ਨ- ਲੁਧਿਆਣਾ- 2010- ਸਫ਼ਾ: 131.
4. *ਬੰਜਰ ਧਰਤੀ 'ਚ ਇਸ ਤਬਾਹਕੁੰਨ ਵਰਤਾਰੇ ਬਾਰੇ ਕੁਝ ਛੋਹਾਂ ਚਿਤਰੀਆਂ- ਜਿੰਨੀਆਂ- ਕੁ ਉਸਦੇ ਪਲਾਟ 'ਚ ਸੰਭਵ ਸੀ;* ***ਫ਼ਿਲਹਾਲ-29***- ਸਫ਼ਾ: 228.

   Ï% **ਅੰਬਰ ਵੱਲ ਉਡਾਣ- ਬੰਜਰ ਧਰਤੀ- ਨਾਵਲਾਂ 'ਚ ਕਰੈਸ਼ਰ/ਭਈਆਂ ਦੀ ਭੂਮਿਕਾ ਦੇ ਪੂਰੇ-ਪੂਰੇ ਸੰਕੇਤ ਮਿਲਦੇ ਹਨ। ਕੁਦਰਤੀ ਸਰੋਤਾਂ ਸੰਬੰਧੀ ਫਿਕਰਮੰਦੀ ਵੀ ਇਨ੍ਹਾਂ ਨਾਵਲਾਂ 'ਚ ਜ਼ਾਹਰ ਕੀਤੀ ਗਈ ਹੈ। ਅੰਬਰ ਵੱਲ ਉਡਾਣ ਦੀ ਪਾਲੀ 'ਖੂਬਸੂਰਤੀ ਆਸਰੇ ਗਰੀਬੀ ਦੀਆਂ ਦੀਵਾਰਾਂ ਉਲੰਘ ਜਾਵਾਂਗੀ' (ਸਫ਼ਾ: 53) ਦਾ ਖਵਾਬ ਸਿਰਜਦੀ ਹੈ ਤੇ 'ਸ਼ੋਅ-ਰੂਮ' ਦੀ ਸੁੱਖੀ ਆਪਣੇ ਆਪ ਨੂੰ 'ਮੈਂ ਕਿਸੇ ਕੈਟਰੀਨਾ ਜਾਂ ਕਰੀਨਾ ਨਾਲੋਂ ਘੱਟ ਹਾਂ' ਸਮਝਦੀ ਹੈ। (ਸਫ਼ਾ 55-) ਇਤਫ਼ਾਕ ਵੱਸ ਦੋਵੇਂ ਨਾਵਲਾਂ ਦੇ ਸੰਵਾਦ ਅੱਠਵੇਂ ਕਾਂਡ 'ਚ ਆਉਂਦੇ ਹਨ। (ਇਕ ਦੇ ਮੁੱਢ 'ਚ ਤੇ ਦੂਜੇ ਦੇ ਅੰਤ 'ਚ) ਸੁੱਖੀ ਨੂੰ ਦੀਪੀ ਦੇ ਚਰਿਤਰਕ ਵਿਕਾਸ ਦੇ ਅਗਲੇ ਪੜਾਅ 'ਚ ਰੱਖਿਆ ਜਾ ਸਕਦਾ ਹੈ।**
5. ਗੁਰਬਚਨ- ***ਬਲਬੀਰ ਪਰਵਾਨਾ ਦੀ ਨਾਵਲਕਾਰੀ- ਫ਼ਿਲਹਾਲ-19***- ਸਫ਼ਾ: 176.
6. *ਅਨੁਭਵ ਅਤੇ ਕਲਪਨਾਵਾਂ ਨੂੰ ਗਿਆਨ ਦਾ ਤੜਕਾ ਨਵੀਆਂ ਉਚਾਈਆਂ ਬਖਸ਼ਦਾ। ਜਿੰਨੀ ਇਹ ਗ੍ਰਹਿਣ ਕਰਨ ਦੀ ਦਿਸ਼ਾ ਸਹੀ ਦਿਸ਼ਾ 'ਚ ਹੋਵੇਗੀ- ਲਿਖਤ ਉਨੀਂ ਹੀ ਸਮਰੱਥ ਹੋਵੇਗੀ*।- ਬਲਬੀਰ ਪਰਵਾਨਾ- ***ਲੇਖਕ- ਲਿਖਤ ਤੇ ਵਿਚਾਰਧਾਰਾ***- ਲੋਕਗੀਤ ਪ੍ਰਕਾਸ਼ਨ- ਚੰਡੀਗੜ੍ਹ- 2019- ਸਫ਼ਾ: 16.
7. ਬਲਬੀਰ ਪਰਵਾਨਾ- **ਸ਼ੋਅ-ਰੂਮ**- ਲੋਕਗੀਤ ਪ੍ਰਕਾਸ਼ਨ- ਚੰਡੀਗੜ੍ਹ- 2020- ਸਫ਼ਾ: 46.
8. ***ਉਹੀ***- ਸਫ਼ਾ: 137.
9. ***ਉਹੀ***- ਸਫ਼ਾ: 64.
10. ***ਉਹੀ***- ਸਫ਼ਾ: 87.
11. *ਹੁਣ ਤਾਂ ਚੌਂਕ ਦੇ ਚੋਹੀਂ ਪਾਸੀਂ ਸੜਕਾਂ ਨਾਲ ਅੱਧੇ ਅੱਧੇ ਕਿਲੋਮੀਟਰ ਤੱਕ ਪੂਰਾ ਬਾਜਾਰ ਬਣਿਆ ਲੱਗਦਾ। ਭਾਂਤ ਸੁਭਾਂਤੀਆਂ ਦੁਕਾਨਾਂ। ਸੀਮੈਂਟ- ਸਰੀਏ ਤੋਂ ਲੈ ਕੇ ਮੋਬਾਇਲ- ਟੀ. ਵੀ. ਰਿਪੇਅਰ- ਕਰਿਆਨੇ- ਮਨਿਆਰੀ ਤੱਕ ਦੀਆਂ- ਹੇਅਰ ਡਰੈਸਰ- ਬਿਊਟੀ ਪਾਰਲਰ- ਜਿੰਮ ਵੀ*।- **ਸ਼ੋਅ-ਰੂਮ**- ਸਫ਼ਾ: 14.
12. ***ਉਹੀ***- ਸਫ਼ਾ: 42.
13. ***ਉਹੀ***- ਸਫ਼ਾ: 41.
14. ***ਉਹੀ***- ਸਫ਼ਾ: 16.
15. *ਜਦੋਂ ਰੌਲੇ ਪਏ ਚੌਧਰੀ ਅਤਾ ਮੁਹੰਮਦ ਧਾਹਾਂ ਮਾਰਦਾ ਪਿੰਡੋਂ ਨਿਕਲਿਆ ਸੀ: "ਲੋਕੋ- ਮੈਂ ਕਿਥੋਂ ਲੱਭਾਂਗਾ ਜਾ ਕੇ ਇਹ ਪਿੰਡ ਦਾ ਬੋਹੜ- ਖੂਹ- ਪਾਣੀ...ਗਰਮੀਆਂ ਦੀਆਂ ਰਾਤਾਂ ਨੂੰ ਵਗਦੇ ਢਾਬੂ ਦੀ ਠੰਡੀ ਹਵਾ।"*- **ਸ਼ੋਅ-ਰੂਮ**- ਸਫ਼ੇ: 92-93.
16. ***ਉਹੀ***- ਸਫ਼ਾ: 81.
17. ***ਉਹੀ***- ਸਫ਼ਾ: 124.
18. ***ਉਹੀ***- ਸਫ਼ੇ: 128-129.
19. **ਇਹ ਨੌਜਵਾਨ ਕਾਰਕੁੰਨ ਸਰਕਾਰਾਂ ਨਾਲ ਦਸਤਪੰਜਾ ਲੈਂਦਿਆਂ ਖਣਿਨ ਵਿਰੋਧੀ ਲਹਿਰ 'ਚ ਸਰਗਰਮ ਭੂਮਿਕਾ ਨਿਭਾ ਰਿਹਾ ਹੈ। ਸੋਸ਼ਲ ਸਾਇਟਾਂ (ਫੇਸਬੁੱਕ) ਤੇ ਵੀ ਜਾਣਕਾਰੀ ਸਾਂਝੀ ਕਰਦਾ ਹੈ। ਪਰਵਾਨੇ ਨੇ ਨਾਵਲ ਸਮਰਪਣ 'ਚ ਵੀ ਜ਼ਿਕਰ ਕੀਤਾ ਹੈ। ਦੀਪਕ ਠਾਕੁਰ ਤੇ ਪ੍ਰਭਜੀਤ ਪੱਤਰਕਾਰਾਂ ਦੀ ਭੂਮਿਕਾ ਨੂੰ ਵੀ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ।**
20. ***ਉਹੀ***- ਸਫ਼ਾ: 186.

**ਡਾ. ਚੰਦਰ ਪ੍ਰਕਾਸ਼-ਅਸਿਸਟੈਂਟ ਪ੍ਰੋਫ਼ੈਸਰ**
ਐੱਮ. ਐੱਮ. ਡੀ. ਡੀ. ਏ. ਵੀ. ਕਾਲਜ- ਗਿੱਦੜਬਾਹਾ
85281-00088- 97948-00007

# ਦਲਿਤ ਚੇਤਨਾ ਦਾ ਪ੍ਰਵਚਨ : 'ਅਸੀਂ ਨੀ ਜਾਣਾ ਪਤਾਲ ਲੋਕ'

-ਡਾ. ਕੰਵਲਜੀਤ ਸਿੰਘ

'ਅਸੀਂ ਨੀ ਜਾਣਾ ਪਤਾਲ ਲੋਕ' ਹਰਮੇਸ਼ ਮਾਲੜੀ ਦਾ ਲਿਖਿਆ ਦੂਸਰਾ ਨਾਵਲ ਹੈ। ਇਸ ਤੋਂ ਪਹਿਲਾਂ ਉਹ 'ਹੇਠਲੀ ਬੋਰੀ' ਨਾਵਲ ਲਿਖ ਚੁੱਕਾ ਹੈ। ਵਿਚਾਰ ਅਧੀਨ ਨਾਵਲ ਦਲਿਤ ਮੁਸਲਮਾਨ ਪਾਤਰਾਂ ਦੀ ਸੰਤਾਪ-ਗ੍ਰਸਤ ਹੋਣੀ ਦਾ ਮਾਰਮਿਕ ਬਿਰਤਾਂਤ ਹੈ। ਦਲਿਤ ਭਾਵੇਂ ਕਿਸੇ ਵੀ ਧਰਮ ਦਾ ਹੋਵੇ, ਰਿਹਾ ਉਹ ਸਦੀਆਂ ਤੋਂ ਹਾਸ਼ੀਆਗਤ ਹੀ ਹੈ। ਨਾਵਲ ਜਿੱਥੇ ਪਹਿਲੀ ਵਾਰ ਮੁਸਲਮਾਨ ਦਲਿਤਾਂ ਦੀ ਤ੍ਰਾਸਦਿਕ ਹੋਣੀ ਨੂੰ ਰੂਪਮਾਨ ਕਰਦਾ ਹੈ, ਉੱਥੇ ਦਲਿਤਾਂ ਵਿੱਚ ਹਾਸ਼ੀਆਗਤ ਸਥਿਤੀ ਪ੍ਰਤੀ ਪ੍ਰਚੰਡ ਹੋ ਰਹੀ ਚੇਤਨਾ ਦੀ ਟੋਹ ਵੀ ਦੇਂਦਾ ਹੈ।

ਨਾਵਲ ਦੇ ਕਥਾਨਕ ਵਿੱਚ ਪਿੰਡ ਦੀ ਦੋ ਧਿਰਾਂ ਵਿੱਚ ਦਰਜਾਬੰਦੀ ਹੋਈ ਦ੍ਰਿਸ਼ਟੀਗੋਚਰ ਹੁੰਦੀ ਹੈ : ਇਕ ਜ਼ਿਮੀਂਦਾਰ ਸਰਦਾਰਾਂ ਦੀ ਤੇ ਦੂਜੀ ਮੁਸਲਮਾਨ ਦਲਿਤਾਂ ਦੀ। ਬਿਰਤਾਂਤ ਦੇ ਆਰੰਭ ਵਿੱਚ ਦੋਹਾਂ ਧਿਰਾਂ ਵਿੱਚ ਸਹਿਚਾਰ ਵੀ ਹੈ ਤੇ ਖਿੱਚੋਤਾਣ ਵੀ। ਬਿਰਤਾਂਤ ਜਿਉਂ-ਜਿਉਂ ਗਤੀਸ਼ੀਲ ਹੁੰਦਾ ਹੈ ਦੋਹਾਂ ਧਿਰਾਂ ਦੀ ਖਹਿਬਾਜ਼ੀ ਸਿਖ਼ਰ 'ਤੇ ਪੁੱਜ ਜਾਂਦੀ ਹੈ। ਅਜਿਹਾ ਦਲਿਤਾਂ ਵਿੱਚ ਫ਼ੈਲ ਰਹੀ ਚੇਤਨਾ ਦੀ ਬਦੌਲਤ ਵਾਪਰਦਾ ਹੈ।

ਜ਼ਿਮੀਂਦਾਰਾਂ ਦੇ ਵਿਭਿੰਨ ਪਰਿਵਾਰਾਂ ਵਿੱਚ ਵੀ ਭਾਵੇਂ ਆਪਸੀ ਰੰਜ਼ਿਸ਼ ਸਾਹਮਣੇ ਆਉਂਦੀ ਹੈ ਪਰ ਜਦੋਂ ਦਲਿਤਾਂ ਨਾਲ ਖਹਿਬੜਨ ਦਾ ਮਸਲਾ ਪੈਦਾ ਹੁੰਦਾ ਹੈ ਤਾਂ ਜੱਟ ਲਾਣੇ ਆਪਸੀ ਮਤਭੇਦ ਲਾਂਭੇ ਰੱਖ ਕੇ ਇਕੱਠੇ ਹੋ ਜਾਂਦੇ ਹਨ। ਸਿਵੀਆਂ ਦੇ ਘਰ ਸੰਨ੍ਹ ਲਾਉਣ ਦੇ ਝੂਠੇ ਇਲਜ਼ਾਮ ਵਿੱਚ ਨਾਵਲ ਦੇ ਕੇਂਦਰੀ ਪਾਤਰ ਜੋਗੇ ਦੇ ਫੜ੍ਹੇ ਜਾਣ ਤੋਂ ਬਾਅਦ ਜੋਗੇ ਦਾ ਪਿਓ ਲਾਲੂ ਗੁਰਬਖਸ਼ ਦੇ ਹਾੜੇ ਕੱਢਦਾ ਹੈ। ਪਰ ਗੁਰਬਖਸ਼ ਸਿੰਘ ਅੱਗੋਂ ਟਕੇ ਵਰਗਾ ਜਵਾਬ ਦੇਂਦਾ ਹੈ। ਜੋਗੇ ਦਾ ਫੁੱਫੜ ਸੋਹਣ ਆਪਣੇ ਸਰਦਾਰਾਂ ਦੀ ਉੱਚ ਪਹੁੰਚ ਹੋਣ ਕਾਰਨ ਜੋਗੇ ਨੂੰ ਬਚਾਉਣ ਲਈ ਮਿੰਨਤਾਂ ਕਰਦਾ ਹੈ। ਇਹ ਸਰਦਾਰ ਵੀ ਕੋਈ ਹੱਥ-ਪੱਲਾ ਨਹੀਂ ਫੜਾਉਂਦਾ। ਜੋਗੇ ਦਾ ਸਰਦਾਰ ਕਰਮ ਸਿੰਘ ਵੀ ਉਸ ਦੀ ਬਾਂਹ ਨਹੀਂ ਫੜਦਾ। ਫੀਰੇ ਦੇ ਕਤਲ ਕੇਸ ਵਿੱਚ ਜੋਗਾ ਦੂਸਰੀ ਵਾਰੀ ਫੜਿਆ ਜਾਂਦਾ ਤਾਂ ਉੱਚ ਜਾਤੀ ਦੇ ਜੌੜੇ ਖੂਹ ਵਾਲਾ ਹਰਮੇਲ ਤੇ ਖੋਦ੍ਹੀਏ ਆਪਸੀ ਮੱਤਭੇਦ ਭੁਲਾ ਕੇ ਜੋਗੇ ਨੂੰ ਝੂਠੇ ਕਤਲ ਕੇਸ ਵਿੱਚ ਫਸਾਉਣ ਲਈ ਥਾਣੇਦਾਰ ਨੂੰ ਰਾਹ ਸੁਝਾਉਂਦੇ ਹਨ। ਫੀਰੇ ਦੇ ਕਤਲ ਤੋਂ ਪਹਿਲਾਂ ਉਹ ਫੀਰੇ ਨੂੰ ਸਰਪੰਚੀ ਤੋਂ ਹਟਾਉਣ ਲਈ ਘਿਓ-ਖਿੱਚੜੀ ਹੋਏ ਦਿਸਦੇ ਹਨ। ਸਿਵੀਆਂ ਦਾ ਮਿੰਦਰ, ਆਪਣੇ ਨਿੱਜੀ ਮੁਫ਼ਾਦ ਖ਼ਾਤਿਰ ਵਿਹੜੇ ਵਾਲਿਆਂ ਨਾਲ ਕੁਝ ਦੇਰ ਨਿੱਭਦਾ ਹੈ ਪਰ ਜਦੋਂ ਉਸ ਨੂੰ ਹਰਮੇਲ ਨਾਲ ਦੁਸ਼ਮਣੀ ਕਾਰਨ ਸੇਕ ਲੱਗਣ ਦਾ ਖ਼ਤਰਾ ਭਾਸਦਾ ਹੈ ਤਾਂ ਉਹ ਗ਼ਲਤ ਨਿਸ਼ਾਨਦੇਹੀ ਲਈ ਪੁੱਟੇ ਟੋਏ ਦੀ ਭਿਣਕ ਨਹੀਂ ਕੱਢਦਾ ਤੇ ਦੜ ਵੱਟ ਜਾਂਦਾ ਹੈ। ਗਲਪਕਾਰ ਬਿਰਤਾਂਤ ਵਿੱਚ ਸਿਰਜਿਤ ਪਰਿਸਥਿਤੀਆਂ ਰਾਹੀਂ ਬੜੀ ਕਲਾਤਮਕ ਵਿਧੀ 'ਚ ਰੂਪਮਾਨ ਕਰਦਾ ਹੈ ਕਿ ਉੱਚ ਸ਼੍ਰੇਣੀ ਨੇ ਦਲਿਤ ਵਰਗ ਦਾ ਸ਼ੋਸ਼ਣ ਕਰਨ ਤੇ ਦਾਬੇ ਹੇਠ ਰੱਖਣ ਦਾ ਸਦੀਆਂ ਤੋਂ ਪ੍ਰਤੱਖ ਤੇ ਕਦੀ ਮੂਕ ਸਮਝੌਤਾ ਕੀਤਾ ਹੋਇਆ ਹੈ।

ਜੋਗੇ ਦੀ ਤਰਾਸਦੀ ਦੀ ਵਜ੍ਹਾ ਹੀ ਜੱਟਾਂ ਦੇ ਦਾਬੇ ਤੋਂ ਹਲਕੀ ਖੁੱਲ੍ਹ ਲੈ ਕੇ ਆਪਣੀ ਤਰਜ਼ ਦੀ ਜ਼ਿੰਦਗੀ ਜਿਊਣ ਵੱਲ ਉਠਾਇਆ ਪਹਿਲਾ ਕਦਮ ਬਣਦਾ ਹੈ। ਅਜਿਹਾ ਕਦਮ ਉਸ ਦੇ ਪੂਰੇ ਪਰਿਵਾਰ ਲਈ ਦੁਖਾਂਤ ਬਣ ਨਿਬੜਦਾ ਹੈ। ਬਹੁਤੀਆਂ ਮੁਸਲਮਾਨੀ ਰਸਮਾਂ ਦਾ ਅਨੁਸਰਨ



ਕਰਨ ਕਰਕੇ, ਜੋਗੇ ਤੋਂ ਪਹਿਲਾਂ ਵਿਹੜੇ ਦੇ ਕਿਸੇ ਆਦਮੀ ਨੇ ਕੇਸ ਨਹੀਂ ਰੱਖੇ ਸਨ ਪਰ ਜੋਗਾ ਇਸ 'ਅਵੱਲੇ ਕੰਮ' ਕਰਕੇ ਸਰਦਾਰਾਂ ਦੀਆਂ ਨਜ਼ਰਾਂ ਵਿੱਚ ਰੜਕਣ ਲਗ ਪਿਆ।[1] ਪਿੰਡ ਦਾ ਸਭ ਤੋਂ ਵੱਡਾ ਜ਼ਿਮੀਂਦਾਰ ਗੁਰਬਖਸ਼ ਸਿੰਘ ਜੋਗੇ ਦੇ ਇਸ ਸ਼ੌਂਕ ਨੂੰ 'ਜੱਟਾਂ ਦੀਆਂ ਰੀਸਾਂ' ਕਹਿੰਦਾ ਹੈ।[2] ਉਹ ਜੋਗੇ ਨੂੰ ਤਾੜਨ ਦਾ ਮੌਕਾ ਤਲਾਸ਼ਦਾ ਹੈ। ਸੁਰਜਨ ਦੇ ਖੇਤਾਂ ਨੂੰ ਪਾਣੀ ਲਾਉਂਦਿਆਂ ਉਸ ਨੂੰ ਮੌਕਾ ਮਿਲ ਵੀ ਜਾਂਦਾ ਹੈ। ਉਹ ਜੋਗੇ ਦੇ ਗਲ ਪੈਂਦਿਆਂ ਉਸ ਦੀ ਹੇਠੀ ਕਰਦਾ ਕਹਿੰਦਾ ਹੈ, 'ਸਾਲਿਆ! ਰਹਿਣਾ ਤਾਂ ਲਾਲੂ ਦਾ ਮੁੰਡਾ ਈ ਆ... ਕੇਸ ਰੱਖ ਕੇ ਜੱਟ ਤਾਂ ਨਹੀਂ ਬਣ ਜਾਣਾ...'[3] ਜੋਗੇ ਦੇ ਬਚਪਨ ਵਿੱਚ ਵੀ ਇੱਕ ਵਾਰ ਗੀਤ ਗਾਉਣ 'ਤੇ ਉਹ ਜ਼ੋਰ ਦੀ ਚਪੇੜ ਜੜ ਚੁੱਕਾ ਹੈ। ਜਿਸ ਦੀ ਚੀਸ ਜੋਗੇ ਨੂੰ ਹੁਣ ਵੀ ਮਹਿਸੂਸ ਹੁੰਦੀ ਹੈ। ਪਿੰਡ ਦਾ ਜੱਟ ਤਬਕਾ ਜੋਗੇ ਨੂੰ ਦੋ ਵਾਰ ਝੂਠੇ ਕੇਸਾਂ ਵਿੱਚ ਫਸਾ ਕੇ ਉਸ ਦੀ ਦੁਖਾਂਤਿਕ ਹੋਣੀ ਨਿਸ਼ਚਿਤ ਕਰਦਾ ਹੈ। ਦਰਅਸਲ ਵਿਹੜੇ ਦਾ ਜਿਹੜਾ ਵੀ ਸ਼ਖ਼ਸ ਉੱਚ-ਜਾਤੀ ਦੇ ਦਾਬੇ ਤੋਂ ਮੁਕਤ ਹੋਣ ਦੀ ਕੋਸ਼ਿਸ਼ ਕਰਦਾ ਹੈ, ਇਹ ਸਮਰੱਥ ਸ਼੍ਰੇਣੀ ਜੋਗੇ ਨਾਲੋਂ ਵੀ ਉਸ ਦਾ ਬੁਰਾ ਹਸ਼ਰ ਕਰਦੀ ਹੈ।

ਜੋਗੇ ਦੇ ਪਰਿਵਾਰ 'ਚੋਂ ਭਰਾ ਫੀਰਾ ਜਿੰਨੀ ਦੇਰ ਗੁਰਬਖਸ਼ ਦੇ ਮੁੰਡੇ ਹਰਮੇਲ ਦੀ ਅਧੀਨਗੀ ਵਿੱਚ ਰਹਿੰਦਾ ਹੈ, ਹਰਮੇਲ ਉਸ ਨੂੰ ਆਪਣੇ ਨਾਲ ਜੋੜੀ ਰੱਖਦਾ ਹੈ ਅਤੇ ਚਾਲਾਕੀ ਨਾਲ ਵਰਤਦਾ ਰਹਿੰਦਾ ਹੈ ਪਰ ਫੀਰਾ ਜਦੋਂ ਆਪਣੀ ਚਾਚੀ ਮਿੰਦੋ ਦੀ ਹਮਾਇਤ 'ਤੇ ਖੜ੍ਹਦਾ ਹੈ ਤਾਂ ਹਰਮੇਲ ਨੂੰ ਲੱਗਦਾ ਹੈ ਕਿ ਇਹ ਮੇਰੀ ਨਾਬਰੀ ਕਰ ਰਿਹਾ। ਹਰਮੇਲ ਉਸ ਦਾ ਵੈਰੀ ਬਣ ਜਾਂਦਾ ਹੈ। ਉਸ ਨੂੰ ਸੀਰੀ ਦੇ ਕੰਮ ਤੋਂ ਹਟਾ ਦੇਂਦਾ ਹੈ। ਸਰਪੰਚੀ ਤੋਂ ਲਾਹੁੰਣ ਲਈ ਆਪਣਾ ਪੂਰਾ ਟਿੱਲ ਲਾਉਂਦਾ ਹੈ। ਅਖ਼ੀਰ ਹਾਲਾਤ ਅਜਿਹੇ ਬਣਾ ਦੇਂਦਾ ਹੈ ਕਿ ਖੋਦ੍ਹੀਏ ਉਸ ਦਾ ਕਤਲ ਕਰ ਦੇਂਦੇ ਹਨ। ਜੱਟ ਤਬਕਾ ਜੋਗੇ ਦੀ ਪਤਨੀ ਮਿੰਦੋ ਨੂੰ ਨਾਬਰੀ ਕਾਰਨ ਨੀਮ ਪਾਗ਼ਲਾਂ ਵਾਲੀ ਅਵੱਸਥਾ ਵੱਲ ਧਕੇਲ ਦੇਂਦਾ ਹੈ। ਜਿਸ ਦਾ ਜ਼ਿਕਰ ਅਸੀਂ ਥੋੜ੍ਹਾ ਅੱਗੇ ਜਾ ਕੇ ਕਰਾਂਗੇ।

ਨਾਵਲ ਦਾ ਬਿਰਤਾਂਤ ਨੌਵੇਂ ਦਹਾਕੇ ਵਿੱਚ ਵਿਕਸਿਤ ਹੋਈ ਦਲਿਤ ਚੇਤਨਾ ਦੀ ਪੁਨਰ ਸਿਰਜਨਾ ਕਰਦਾ ਹੈ। ਪੰਜਾਬ ਵਿੱਚ ਇਸ ਦਹਾਕੇ ਨੂੰ ਕਾਲ਼ੇ ਦੌਰ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਰਾਸ਼ਟਰੀ ਪੱਧਰ 'ਤੇ ਦਲਿਤ ਚੇਤਨਾ ਦੀ ਚਰਚਾ ਇਸ ਤੋਂ ਪਹਿਲਾਂ ਆਰੰਭ ਹੋ ਚੁੱਕੀ ਸੀ। ਪੰਜਾਬ ਸੰਤਾਪ ਦੌਰਾਨ ਦਲਿਤ ਸ਼ੋਸ਼ਣ ਦੀ ਚਰਚਾ ਕੁਝ ਮੱਧਮ ਪੈ ਗਈ। ਨਾਵਲ ਦਾ ਬਿਰਤਾਂਤ ਇਸੇ ਕਾਲ ਖੰਡ ਵਿੱਚ ਦਲਿਤ ਮੁਕਤੀ ਦਾ ਗਲਪੀ ਚਿਤਰਨ ਸਿਰਜਦਾ ਹੈ। ਨਾਵਲ ਦਾ ਸਿਰਲੇਖ 'ਅਸੀਂ ਨੀ ਜਾਣਾ ਪਤਾਲ ਲੋਕ' ਅਜਿਹੀ ਚੇਤਨਾ ਦਾ ਸੂਚਕ ਹੈ।

ਦਲਿਤ ਚੇਤਨਾ ਦਾ ਪਿੰਡ ਵਿੱਚ ਵਾਹਕ ਇੱਕ ਪਾਸੇ ਸੁਰੈਣਾ ਬਣਦਾ ਹੈ ਤੇ ਦੂਸਰੇ ਪਾਸੇ ਜੋਗਾ ਤੇ ਉਸ ਦਾ ਪਰਿਵਾਰ। ਸੁਰੈਣਾ ਜਵਾਨੀ ਵੇਲੇ ਕੁਝ ਅਰਸਾ ਸਿੰਘਾਪੁਰ ਰਹਿ ਕੇ ਆਇਆ ਹੈ। ਉੱਥੇ ਰਹਿ ਕੇ ਉਸਨੂੰ ਅਹਿਸਾਸ ਹੋਇਆ ਕਿ ਜਾਤੀ ਅਧਾਰਿਤ ਆਰਥਿਕ, ਸਮਾਜਿਕ ਵੰਡ ਭਾਰਤੀ ਸੰਸਕ੍ਰਿਤੀ ਦਾ ਹੀ ਖ਼ਾਸਾ ਹੈ। ਸਿੰਘਾਪੁਰ ਧਾਰਮਿਕ ਵਖਰੇਵਾਂ ਤਾਂ ਉਸ ਦੀ ਨਜ਼ਰੀਂ ਪੈਂਦਾ ਹੈ ਪਰ ਜਾਤੀ ਅਧਾਰਿਤ ਜਮਾਤੀ ਵੰਡ ਉਸ ਨੂੰ ਕਿਤੇ ਨਹੀਂ ਲੱਭੀ। ਸੁਰੈਣਾ ਪਿੰਡ ਵਾਪਸ ਪਹੁੰਚ ਕੇ ਵਿਹੜੇ ਵਾਲਿਆਂ ਦੇ ਹਿੱਤ ਵਿੱਚ ਆਵਾਜ਼ ਬੁਲੰਦ ਕਰਦਾ ਹੈ। ਵਿਹੜੇ ਵਾਲਿਆਂ ਦੀ ਹਾਲਤ ਦੇਖ ਕੇ ਉਸ ਖਿੱਝ ਚੜ੍ਹਦੀ ਹੈ। ਉਹ ਕਹਿੰਦਾ ਹੈ, 'ਓਏ ਕਿਤੇ ਬਾਹਰ ਨਿੱਕਲੋ ਤਾਂ 'ਤਾਨੂੰ ਪਤਾ ਲੱਗੇ ਕਿ ਦੁਨੀਆਂ ਕਿੱਥੇ ਵਸਦੀ ਹੈ।'[4] ਉਸ ਦਾ ਗੁੱਸਾ ਵਿਹੜੇ ਵਾਲਿਆਂ 'ਤੇ ਨਿਕਲਦਾ, ਜਿਹੜੇ ਇਸ ਅਛੂਤ ਵਿਵਹਾਰ ਨੂੰ ਅਜੇ ਮਹਿਸੂਸਦੇ ਨਹੀਂ ਸਨ। ਪ੍ਰਾਚੀਨ ਕਾਲ ਤੋਂ ਹੀ ਸੱਤਾ 'ਤੇ

ਸਥਾਪਤ ਬ੍ਰਾਹਮਣੀ ਸ਼ਕਤੀਆਂ ਨੇ ਦੈਵੀਅਤਾ ਦਾ ਪ੍ਰਪੰਚ ਰਚ ਕੇ ਦਲਿਤ ਸ਼੍ਰੇਣੀਆਂ ਦੇ ਆਰਥਿਕ-ਸਭਿਆਚਾਰਕ ਸ਼ੋਸ਼ਣ ਨੂੰ ਰੱਬੀ ਸਿਧਾਂਤ ਬਣਾ ਘੜਿਆ। ਜਿਸ ਦਾ ਸਿੱਟਾ ਦਲਿਤਾਂ ਵਿੱਚ ਆਪਣੇ ਸ਼ੋਸ਼ਣ ਪ੍ਰਤੀ ਚੇਤਨਾ ਪੁੰਗਰ ਹੀ ਨਹੀਂ ਪਾਈ। ਲੋਕਤੰਤਰੀ ਕਦਰਾਂ-ਕੀਮਤਾਂ ਦੇ ਵਿਕਸਿਤ ਹੋਣ ਨਾਲ ਉਨ੍ਹਾਂ ਨੂੰ ਆਪਣੀ ਬਦਤਰ ਹੋਣੀ ਤੇ ਸ਼ਕਤੀ ਦਾ ਅਹਿਸਾਸ ਹੋਣਾ ਸ਼ੁਰੂ ਹੋਇਆ। ਨਾਵਲ ਵਿੱਚ ਦਲਿਤ ਚੇਤਨਾ ਦੇ ਵੇਰਵੇ ਥਾਂ-ਪੁਰ-ਥਾਂ ਖਿੰਡੇ ਪਏ ਹਨ ਜਿਨ੍ਹਾਂ ਨੂੰ ਥੋੜ੍ਹੇ ਤਰੱਦਦ ਨਾਲ ਇੱਕ ਲੜੀ ਵਿੱਚ ਪ੍ਰੋਇਆ ਜਾ ਸਕਦਾ ਹੈ।

ਜੋਗੇ ਹੋਰਾਂ ਦੀਆਂ ਪਹਿਲੀਆਂ ਤਿੰਨ ਪੀੜ੍ਹੀਆਂ ਗੁਰਬਖਸ਼ ਸਿੰਘ ਦੇ ਵੱਡੇ-ਵਡੇਰਿਆਂ ਕੋਲ ਸੀਰੀ ਰਹਿ ਚੁੱਕੀਆਂ ਹਨ। ਜੋਗੇ ਦਾ ਪਿਉ ਲਾਲੂ ਤੇ ਉਸ ਦੇ ਭਰਾ ਦਾ ਮੁੰਡਾ ਅਮਰੂ ਅਜੇ ਵੀ ਇਸ ਪਰਿਵਾਰ ਦੇ ਕਾਮੇ ਹਨ। ਉਹ ਗੁਰਬਖਸ਼ ਦੀਆਂ ਪੈਲੀਆਂ ਵਿੱਚ ਹੱਡ-ਭੰਨਵੀਂ ਮਿਹਨਤ ਵੀ ਕਰਦੇ ਹਨ ਅਤੇ ਗੁਰਬਖਸ਼ ਕੋਲੋਂ ਗਾਲ਼ਾਂ ਤੇ ਪਰੈਣੀਆਂ ਵੀ ਖਾਂਦੇ ਹਨ। ਜੋਗਾ ਵੀ ਪਹਿਲਾਂ ਗੁਰਬਖਸ਼ ਦਾ ਕਾਮਾ ਸੀ। ਪਰ ਉਸਦਾ ਗੁਰਬਖਸ਼ ਸਿੰਘ ਨਾਲ 'ਕੂਰਾ' ਨਾ ਰਲਣ ਕਰਕੇ ਉਸ ਵੱਲੋਂ ਹਟ ਕੇ ਉਨ੍ਹਾਂ ਦੇ ਪਰਿਵਾਰ ਵਿੱਚੋਂ ਸੁਰਜਨ ਦਾ ਸੀਰੀ ਬਣ ਜਾਂਦਾ ਹੈ। ਆਪਸੀ ਲਾਗਤਬਾਜ਼ੀ ਕਾਰਨ ਇਹ ਜੋਗੇ ਨੂੰ ਸੁਰਜਨ ਵੱਲੋਂ ਵੀ ਕੱਢਵਾ ਦੇਂਦੇ ਹਨ। ਉਹ ਲਾਗਲੇ ਪਿੰਡ ਚਮਿਆਰੀ ਦੇ ਕਰਮ ਸਿੰਘ ਦਾ ਕਾਮਾ ਬਣ ਜਾਂਦਾ ਹੈ। ਇਸੇ ਪਿੰਡ ਵਿੱਚੋਂ ਵਾਪਸ ਆਉਂਦਾ ਉਹ ਕਮਾਦ ਵਿੱਚੋਂ ਚੋਰੀ ਦੇ ਦੋਸ਼ ਵਿੱਚ ਫੜ੍ਹਿਆ ਜਾਂਦਾ ਹੈ। ਫ਼ਿਰੋਜ਼ਪੁਰ ਜੇਲ੍ਹ ਕੱਟਣ ਦੌਰਾਨ ਉਸ ਨੂੰ ਪਿੰਡੋਂ ਬਾਹਰਲੀ ਦੁਨੀਆਂ ਦੀ ਸੋਝੀ ਮਿਲਦੀ ਹੈ। ਪਰ ਵੱਡਾ ਝਟਕਾ ਉਦੋਂ ਲੱਗਦਾ ਹੈ ਜਦੋਂ ਸੁਆਮੀ ਦੀਨ ਦਿਆਲ ਨੀਵੀਂ ਜਾਤੀ ਦਾ ਹੋਣ ਕਰਕੇ ਉਸਨੂੰ ਦੀਕਸ਼ਾ ਦੇਣ ਤੋਂ ਕੋਰੀ ਨਾਂਹ ਕਰ ਦਿੰਦਾ ਹੈ। ਪਿੰਡ ਵਾਪਸ ਪਹੁੰਚ ਕੇ ਫੀਰੇ ਦੇ ਕਾਤਲਾਂ 'ਤੇ ਕਾਰਵਾਈ ਕਰਨ ਲਈ, ਉਹ ਸਭ ਤੋਂ ਅੱਗੇ ਹੋ ਕੇ, ਥਾਣੇਦਾਰ ਨੂੰ ਸ਼ੱਕੀ ਨਾਂਵਾਂ ਦੀ ਜਾਣਕਾਰੀ ਦੇਂਦਾ ਹੈ। ਪਰ ਵਿਡੰਬਣਾ ਇਹ ਹੈ ਕਿ ਪੁਲਿਸ ਫੀਰੇ ਦੇ ਕਤਲ ਵਿੱਚ ਓਸੇ ਨੂੰ ਚੁੱਕ ਕੇ ਲੈ ਜਾਂਦੀ ਹੈ। ਇਸ ਤੋਂ ਪਹਿਲਾਂ ਉਹ ਵਿਹੜੇ ਵਾਲਿਆਂ ਨੂੰ ਸੁਆਮੀ ਸ਼ਾਮ ਜੀ ਕੋਲੋਂ ਸੁਣੀ ਕਥਾ ਰਾਹੀਂ, ਸੱਤਾ ਦੀਆਂ ਧਿਰਾਂ ਦੇ ਜ਼ੁਲਮ ਖ਼ਿਲਾਫ਼ ਲੜਨ ਦਾ ਲੁਕਵਾਂ ਸੁਨੇਹਾ ਦੇ ਜਾਂਦਾ ਹੈ। ਸੁਆਮੀ ਜੀ ਵਲੋਂ ਸੁਣਾਏ ਗਏ ਪ੍ਰਸੰਗ ਦਾ ਸਾਰ ਕੁਝ ਇਸ ਤਰ੍ਹਾਂ ਹੈ। ਦੁਆਪਰ ਜੁੱਗ ਸਮਾਪਤ ਹੋਣ 'ਤੇ ਸੰਸਾਰ ਵਿੱਚ ਪਾਪ ਬਹੁਤ ਵੱਧ ਗਏ। ਸੂਰਯਿਆ ਵੰਸ਼ ਦੇ ਮਹਾਂਗੁਰੂ ਨੇ ਆਪਣੇ ਸ਼ਿਸ਼ ਸੱਤਿਆ ਨੂੰ ਸੱਚ ਦੀ ਜਿੱਤ ਲਈ ਜਿਹੜਾ ਸ਼ਕਤੀ ਪੁੰਜ ਦਿੱਤਾ ਉਹ ਗੁਰੂ ਜੀ ਦੇ ਦੂਸਰੇ ਸ਼ਿਸ਼ ਵੱਜਰ ਬਾਹੂ ਨੇ ਧੋਖੇ ਨਾਲ ਪ੍ਰਾਪਤ ਕਰ ਲਿਆ। ਉਸ ਨੇ ਸੱਤਿਆ ਨੂੰ ਯੁੱਧ ਵਿੱਚ ਮਾਰ ਕੇ ਸਾਰੀਆਂ ਕਾਲੀਆਂ ਸ਼ਕਤੀਆਂ ਹਾਸਲ ਕਰ ਲਈਆਂ ਅਤੇ ਸੂਰਯਿਆ ਵੰਸ਼ੀਆਂ ਦਾ ਨਾਸ਼ ਕਰਨਾ ਸ਼ੁਰੂ ਕਰ ਦਿੱਤਾ। ਬੱਚੇ, ਬੁੱਢੇ ਤੇ ਇਸਤਰੀਆਂ ਨੂੰ ਉਸ ਨੇ ਚੁਣ-ਚੁਣ ਕੇ ਕਤਲ ਕੀਤਾ। ਮਹਾਂਗੁਰੂ ਦੀ ਆਤਮਾ ਨੇ ਆ ਕੇ ਸੰਦੇਸ਼ ਦਿੱਤਾ ਕਿ ਜੇ ਤੁਸੀਂ ਆਪਣੇ ਵੰਸ਼ ਨੂੰ ਬਚਾਉਣਾ ਚਾਹੁੰਦੇ ਹੋ ਤਾਂ ਸਾਰਿਆਂ ਨੂੰ ਲੈ ਕੇ ਪਤਾਲ ਲੋਕ ਚਲੇ ਜਾਓ। ਨਾਵਲ ਦੇ ਬਿਰਤਾਂਤ ਵਿੱਚ ਇਸ ਮਿਥਿਹਾਸਕ ਕਥਾ ਦਾ ਪ੍ਰਸੰਗ ਪਲਟ ਜਾਂਦਾ ਹੈ। ਕਥਾ ਵਿੱਚ ਸੂਰਯਿਆ ਵੰਸ਼ੀਆਂ ਨੂੰ ਪਤਾਲ ਵਿੱਚ ਜਾਣ ਦਾ ਸੁਨੇਹਾ ਹੈ। ਪਰ ਦਲਿਤ ਤਾਂ ਪਹਿਲਾਂ ਹੀ ਸਦੀਆਂ ਤੋਂ 'ਕਾਲੀਆਂ ਸ਼ਕਤੀਆਂ' ਨੇ ਪਤਾਲ (ਹਾਸ਼ੀਏ) ਵਿੱਚ ਧਕੇਲੇ ਹੋਏ ਹਨ। ਅਜੋਕਾ ਦੌਰ ਤਾਂ ਉਨ੍ਹਾਂ ਦਾ ਪਤਾਲ ਵਿੱਚੋਂ ਨਿਕਲ ਕੇ ਸਨਮਾਨਯੋਗ ਜੀਵਨ ਹਾਸਲ ਕਰਨ ਦਾ ਹੈ। ਨਾਵਲ ਦੇ ਬਿਰਤਾਂਤ ਵਿੱਚ ਜਿਸ ਦਾ ਬਿਗਲ ਬੜੇ ਨਾਟਕੀ ਅੰਦਾਜ਼ ਵਿੱਚ ਜੋਗਾ ਵਜਾ ਦੇਂਦਾ ਹੈ, '... ਜੋਗਾ ਹੁਬਕਲੀ ਮਾਰ ਕੇ ਉੱਠਿਆ... ਅਸੀਂ ਨੀ ਜਾਣਾ ਪਤਾਲ



ਲੋਕ... ਅਸੀਂ ਇੱਥੇ ਲੜ ਕੇ ਮਰਾਂਗੇ... ਕਿੱਥੇ ਆ ਮੇਰਾ ਖੂੰਡਾ... ਲਿਆਓ ਉਰਾਂ... ਓ ਮੁਲਕਾ ਰੋਣ ਦਾ ਕੋਈ ਫ਼ਾਇਦਾ ਨਹੀਂ...'[5] ਹਰਮੇਲ ਵਿੱਚ ਉਸਨੂੰ ਵਜਰਬਾਹੂ ਦਿਸਦਾ ਹੈ। ਦੁਆਪਰ ਯੁੱਗ ਦੀ ਸਮਾਪਤੀ ਵੇਲੇ ਜਿੱਤੀਆਂ ਕਾਲੀਆਂ ਸ਼ਕਤੀਆਂ ਨੂੰ ਹੁਣ ਹਰਾਉਣ ਦਾ ਵੇਲਾ ਆ ਗਿਆ ਹੈ।

ਵਿਹੜੇ ਦੇ ਲੋਕਾਂ ਵਿੱਚ ਚੇਤਨਾ ਦੀ ਪ੍ਰਵਾਹ ਤੋਰਨ ਵਾਲਾ ਦੂਸਰਾ ਮਹੱਤਵਪੂਰਨ ਪਾਤਰ ਫੀਰਾ ਹੈ। ਉਹ ਜੱਟ ਸ਼੍ਰੇਣੀ ਦਾ ਤਿੱਖਾ ਵਿਦਰੋਹੀ ਬਣ ਕੇ ਉਭਰਦਾ ਹੈ। ਫੀਰੇ ਦੀ ਨਾਬਰੀ ਕਾਰਨ ਹਰਮੇਲ ਉਸ ਨੂੰ ਸੀਰੀ ਤੋਂ ਹਟਾ ਦੇਂਦਾ ਹੈ। ਉਹ ਪਹਿਲਾਂ ਮੱਝਾਂ ਲਈ ਸਰਕਾਰੀ ਕਰਜ਼ਾ ਲੈਂਦਾ ਹੈ ਅਤੇ ਫਿਰ ਲੱਕੜ ਦਾ ਵਪਾਰੀ ਬਣਦਾ ਹੈ। ਜੱਟਾਂ ਨੂੰ ਉਸ ਦਾ ਆਰਥਿਕ ਪੱਖੋਂ ਕੁਝ ਸੌਖਾ ਹੋਣਾ ਚੁੱਬਦਾ ਹੈ। ਉਹ ਜੱਟਾਂ ਨਾਲ ਦਸਤ ਪੰਜਾ ਲੈਂਦਾ ਹੋਇਆ ਖ਼ੈਰਾਤ ਵਿੱਚ ਮਿਲੀ ਸਰਪੰਚੀ ਤਿਆ.ਗਣ ਲਈ ਤਾਂ ਤਿਆਰ ਹੋ ਜਾਂਦਾ ਹੈ ਪਰ ਉਨ੍ਹਾਂ ਦੀ ਉੱਚ ਜਾਤੀ ਧੌਂਸ ਨੂੰ ਨਕਾਰਦਾ ਹੋਇਆ ਪੰਚਾਇਤੀ ਜ਼ਮੀਨ ਦੀ ਬੋਗਸ ਬੋਲੀ ਲਈ ਤਿਆਰ ਕੀਤੇ ਸਰਕਾਰੀ ਕਾ.ਗਜ਼ਾਂ 'ਤੇ ਦਸਖ਼ਤ ਕਰਨ ਲਈ ਤਿਆਰ ਨਹੀਂ ਹੁੰਦਾ। ਜੱਟਾਂ ਦੀ ਹੈਂਕੜ ਖ਼ਿਲਾ.ਫ ਨਾਬਰੀ ਵਾਲਾ ਵਤੀਰਾ ਉਸ ਨੂੰ ਵਿਹੜੇ ਦੇ ਲੋਕਾਂ ਵਿੱਚ ਨਾਇਕ ਬਣਾ ਦੇਂਦਾ ਹੈ। ਭਾਵੇਂ ਉਹ ਵੱਢਿਆ-ਟੁੱਕਿਆ ਜਾਂਦਾ ਹੈ ਪਰ ਵਿਹੜੇ ਵਿੱਚ ਚੇਤਨਾ ਦੀ ਚਿਣਗ ਮਘਾ ਦਿੰਦਾ ਹੈ।

ਉੱਚ ਸ਼੍ਰੇਣੀ ਵੱਲ ਜ਼ੋਰਦਾਰ ਲਲਕਾਰ ਸੁੱਟਣ ਵਾਲੀ ਅਗਲੀ ਪਾਤਰ ਮਿੰਦੋ ਹੈ। ਨਾਵਲ ਦਾ ਬਿਰਤਾਂਤ ਉਸ ਦੇ ਕਸ਼ਟਾਂ ਨਾਲ ਆਰੰਭ ਹੁੰਦਾ ਹੈ ਅਤੇ ਉਸ ਦੇ ਕਸ਼ਟਾਂ ਨਾਲ ਖ਼ਤਮ ਹੋ ਜਾਂਦਾ ਹੈ। ਉਹ ਉਚ ਜਾਤੀ ਦੇ ਦੋਹਰੇ ਸ਼ੋਸ਼ਣ ਦੀ ਸ਼ਿਕਾਰ ਹੈ। ਬਾਕੀ ਕਾਮਾ ਵਰਗ ਵਾਂਗ ਉਹ ਆਰਥਿਕ ਲੁੱਟ ਦਾ ਸ਼ਿਕਾਰ ਤਾਂ ਬਣਦੀ ਹੈ। ਖ਼ੂਬਸੂਰਤ ਹੋਣ ਕਰਕੇ ਜੱਟ ਸਰਦਾਰਾਂ ਦੀਆਂ ਮੈਲ਼ੀਆਂ ਨਜ਼ਰਾਂ ਦੀ ਹੋਣੀ ਵੀ ਭੋਗਦੀ ਹੈ। ਕੋਈ ਜੱਟ ਸ਼੍ਰੇਣਿਕ ਉੱਚਤਾ ਵਾਲੇ ਅਧਿਕਾਰ ਤੇ ਕੋਈ ਸਾਜ਼ਸ਼ੀ ਆਰਥਿਕ ਮਦਦ ਕਰਕੇ ਉਸ ਦੇ ਬਦਨ ਨੂੰ ਮਾਨਣਾ ਚਾਹੁੰਦਾ ਹੈ। ਹਰਮੇਲ ਪੈਲੀਆਂ ਵਿੱਚ ਆਲੂ ਛਾਂਟਦੀ ਮਿੰਦੋ ਦੀਆਂ ਗੋਲਾਈਆਂ 'ਤੇ ਨਾਲੇ ਟਿਕਟਿਕੀ ਲਗਾ ਰੱਖਦਾ ਹੈ ਅਤੇ ਨਾਲੇ ਜੋਗੇ ਬਾਰੇ ਕਾਟਵੀਆਂ ਚੋਬਾਂ ਲਾ ਕੇ ਉਸ ਦਾ ਨਿਰਾਦਰ ਕਰਦਾ ਹੈ। ਵਿਹੜੇ ਵਿੱਚੋਂ ਲੰਘਦਾ ਉਹ ਮਿੰਦੋ ਵੱਲ ਟੇਢੀਆਂ ਨਜ਼ਰਾਂ ਨਾਲ ਝਾਕਦਾ ਰਹਿੰਦਾ ਹੈ ਪਰ ਮਿੰਦੋ ਕਦੀ ਵੀ ਉਸ ਵੱਲ ਉਚੇਚਾ ਨਹੀਂ ਦੇਖਦੀ। ਖੋਢ੍ਹਿਆਂ ਦਾ ਕਰਨੈਲ ਉਸ ਦੀ ਆਰਥਿਕ ਮਜ਼ਬੂਰੀ ਦਾ .ਫਾਇਦਾ ਉਠਾ ਕੇ ਉਸ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ। ਕਰਨੈਲ ਦੀ ਗਵਾਹੀ ਨਾਲ ਮੱਝ ਲਈ ਲਏ ਕਰਜ਼ੇ ਨਾਲ ਮਿੰਦੋ ਹੜ੍ਹਾਂ ਵਿੱਚ ਢੱਠੇ ਕੋਠੇ ਨੂੰ ਛੱਤ ਲੈਂਦੀ ਹੈ। ਨਤੀਜਨ ਬੈਂਕ ਦੀਆਂ ਕਿਸ਼ਤਾਂ ਉਤਾਰਨਾ ਮਿੰਦੋ ਲਈ ਡਾਢਾ ਮੁਸ਼ਕਲ ਹੋ ਜਾਂਦਾ ਹੈ। ਕਰਨੈਲ ਲਈ ਇਹ ਬਿੱਲੀ ਭਾਣੇ ਛਿੱਕਾ ਟੁੱਟਣ ਦੇ ਬਰਾਬਰ ਮੌਕਾ ਹੈ। ਉਹ ਬੈਂਕ ਦੀਆਂ ਕਿਸ਼ਤਾਂ ਉਤਾਰਨ ਬਦਲੇ, ਮਿੰਦੋ ਨੂੰ ਹਰ ਮਹੀਨੇ ਕਿਸ਼ਤ ਅਦਾ ਕਰਦੀ ਰਹਿਣ ਦਾ ਗੁੱਜਾ ਇਸ਼ਾਰਾ ਕਰਦਾ ਹੈ। ਮਿੰਦੋ ਉਸ ਦੀ ਬਦਨੀਤ ਸਮਝ ਦਿਆਲ ਬਾਣੀਏ ਕੋਲ ਕੋਠੇ ਬਦਲੇ ਕਰਜ਼ਾ ਲੈਣ ਲਈ ਤਰਲਾ ਮਾਰਦੀ ਹੈ। ਬਾਣੀਏ ਦੀ ਨਜ਼ਰ ਵੀ ਮਿੰਦੋ ਦੀ ਦੇਹ ਉੱਤੇ ਹੀ ਹੈ। ਆਪਣੀ ਦਾਲ਼ ਗਲ਼ਦੀ ਨਾ ਵੇਖ, ਸਰਕਾਰੀ ਗ੍ਰਾਂਟ 'ਤੇ ਕੋਠਾ ਬਣਿਆ ਹੋਣ ਦਾ ਬਹਾਨਾ ਬਣਾ ਉਹ ਮਿੰਦੋ ਨੂੰ ਮਕਾਨ 'ਤੇ ਤਾਂ ਪੈਸੇ ਦੇਣ ਤੋਂ ਇਨਕਾਰੀ ਹੈ ਪਰ ਕਰਨੈਲ ਦੀ ਗਵਾਹੀ 'ਤੇ ਕਰਜ਼ਾ ਦੇਣ ਲਈ ਤਿਆਰ ਹੈ। ਦਿਆਲ ਬਾਣੀਏ ਦਾ ਕਰਨੈਲ ਨਾਲ ਕੀ ਗੁਪਤ ਸੌਦਾ ਹੋਇਆ ਹੈ ਨਾਵਲ ਦਾ ਬਿਰਤਾਂਤ ਇਸ ਪਾਸੇ ਸੰਕੇਤ ਨਹੀਂ ਕਰਦਾ।

ਕਰਨੈਲ ਬੈਂਕ ਮੈਨੇਜਰ ਦਾ ਕਿਸ਼ਤਾਂ ਜਮ੍ਹਾਂ ਕਰਵਾਉਣ ਲਈ ਆਇਆ ਕਾਰਡ ਜੇਬ ਵਿੱਚ ਪਾ ਕੇ ਲਲਚਾਈ ਨੀਤ ਨਾਲ ਮਿੰਦੋ ਘਰ ਆਉਂਦਾ ਹੈ। ਇਕ ਵਾਰ ਤਾਂ ਮਿੰਦੋ ਬੇਵਸੀ ਵਿੱਚ ਕਰਨੈਲ ਨੂੰ ਮੂਕ ਸਹਿਮਤੀ ਭਰ ਦੇਂਦੀ ਹੈ। ਉਹ ਅੰਦਰੋਂ ਟੁੱਟੀ ਜੋਗੇ ਨੂੰ ਹੂਕ ਮਾਰਦੀ ਹੈ, 'ਜੋਗੇ ਬੰਦਿਆ... ਤੇਰੀ ਮਿੰਦੋ...' [6] ਉਸ ਦੀ ਇਹ ਹੂਕ ਪੂਰੀ ਦਲਿਤ ਔਰਤ ਦੇ ਹੁੰਦੇ ਸਰੀਰਕ ਸ਼ੋਸ਼ਣ ਦੀ ਆਹ ਬਣ ਨਿਬੜਦੀ ਹੈ। ਉਹ ਅਗਲੀ ਸਵੇਰ ਫਿਰ ਹਿੰਮਤ ਫੜਦੀ ਹੈ ਅਤੇ ਘਰ ਆਏ ਕਰਨੈਲ ਨੂੰ ਕੋਰੀ ਨਾਂਹ ਕਰ ਦੇਂਦੀ ਹੈ। ਉਹ ਜੋਗੇ ਨਾਲ ਜੇਲ੍ਹ ਵਿੱਚ ਸਹੁਰੇ ਦੀ ਪੱਗ ਨੂੰ ਦਾਗ਼ ਨਾ ਲੱਗਣ ਦੇਣ ਦਾ ਵਾਅਦਾ ਤੋੜ ਤੱਕ ਨਿਭਾਉਂਦੀ ਹੈ। ਚਾਚੀ ਘਰ ਉੱਚੀ ਬੋਲਦੇ ਕਰਨੈਲ ਨਾਲ ਫੀਰੇ ਦਾ ਝਗੜਾ ਹੋ ਜਾਂਦਾ ਹੈ। ਫੀਰਾ ਚਾਰ ਧੌਲਾਂ ਕਰਨੈਲ ਦੇ ਜੜ ਦੇਂਦਾ ਹੈ। ਹਥਿਆਰ ਚੁੱਕੀ ਖੋਦ੍ਹਿਆਂ ਦਾ ਕੁਨਬਾ ਤੇ ਵਿਹੜਾ ਆਹਮੋ-ਸਾਹਮਣੇ ਆ ਖਲੋਂਦੇ ਹਨ। ਸੁਰੈਣੇ ਵਰਗੇ ਬੰਦਿਆਂ ਦੇ ਵਿੱਚ ਪੈਣ ਨਾਲ ਖ਼ੂਨੀ ਟੱਕਰ ਤੇ ਟਲ ਜਾਂਦੀ ਹੈ ਪਰ ਦੁਸ਼ਮਣੀ ਵੱਧ ਜਾਂਦੀ ਹੈ। ਜੋ ਫੀਰੇ ਦੇ ਕਤਲ, ਜੋਗੇ ਦੇ ਇਸ ਇਲਜ਼ਾਮ ਵਿੱਚ ਫੜੇ ਜਾਣ ਤੇ ਮਿੰਦੋ ਦੇ ਨੀਮ ਪਾਗ਼ਲ ਵਾਲੀ ਮਾਨਸਿਕ ਅਵਸਥਾ ਵੱਲ ਵਧਣ ਦੀ ਤਤਕਾਲੀ ਵਜ੍ਹਾ ਬਣਦੀ ਹੈ। ਉਸ ਦੇ ਨੀਮ ਪਾਗਲਪਨ ਦਾ ਇੱਕ ਵੱਡਾ ਕਾਰਨ ਫੀਰੇ ਨਾਲ 'ਮਾੜੀ' ਹੋਣ ਦਾ ਲੱਗਾ ਦੋਸ਼ ਵੀ ਹੈ। ਮਿੰਦੋ ਅਜਿਹੀ ਮਾਨਸਿਕ ਅਵਸਥਾ ਵਿੱਚ ਜੋਗੇ ਦਾ ਪ੍ਰਤੀਕਾਤਮਕ ਖੂੰਡਾ ਸੰਭਾਲ ਵਿਹੜੇ ਵਾਲਿਆਂ ਨੂੰ ਇਕੱਠੇ ਹੋ ਕੇ ਇੱਥੇ ਹੀ ਲੜਨ-ਮਾਰਨ ਦਾ ਸੁਨੇਹਾ ਦੇਂਦੀ ਹੈ, 'ਚਾਚਾ ਸੁਰੈਣਿਆਂ... ਦੇਖਦੇ ਕੀ ਆਂ... ਆ ਜੋ ਹੁਣ ਚੱਲੀਏ ਥਾਣੇ... 'ਕੱਲ੍ਹੇ-'ਕੱਲ੍ਹੇ ਨੂੰ ਮਾਰੀ ਜਾਂਦੇ ਆ... ਵੇ ਬੁੱਧੂ... ਨੀ ਬੀਰ੍ਹੀਏ... ਚੱਕ ਲੋ ਜੋ ਹੱਥ ਆਉਂਦਾ... ਮੈਂ ਤਾਂ ਸੀਰਮੇ ਪੀਜੂ...' [7] ਨਾਵਲ ਦਾ ਅੰਤ ਸੁਰੈਣੇ ਵਲੋਂ ਵਿਹੜੇ ਦੇ ਹਰੇਕ ਘਰ ਵਿੱਚ ਅਗਲੇ ਦਿਨ ਇਕੱਠੇ ਹੋ ਕੇ ਥਾਣੇ ਜਾਣ ਦਾ ਸੁਨੇਹਾ ਦੇਣ ਨਾਲ ਹੁੰਦਾ ਹੈ। ਇਸ ਤਰ੍ਹਾਂ ਨਾਵਲ ਦਾ ਬਿਰਤਾਂਤ ਹਾਸ਼ੀਆਗਤ ਜਾਤੀਆਂ ਦੇ ਦੁਖਾਂਤ ਦੀ ਕਥਾ ਸਿਰਜਦਾ ਉਨ੍ਹਾਂ ਵਿੱਚ ਵੱਧ ਰਹੀ ਚੇਤਨਾ ਨੂੰ ਰੂਪਮਾਨ ਕਰਦਾ ਹੈ।

ਨਾਵਲ ਦੇ ਪਲਾਟ ਵਿੱਚ ਸੱਤਾ ਦੀਆਂ ਏਜੰਸੀਆਂ ਦੀ ਪੱਖਪਾਤੀ ਭੂਮਿਕਾ ਉਜਾਗਰ ਹੁੰਦੀ ਹੈ। ਸੱਤਾ ਦੀਆਂ ਸਹਾਇਕ ਏਜੰਸੀਆਂ ਸਦੀਆਂ ਤੋਂ ਤਾਕਤਵਰ ਉੱਚ-ਸ਼੍ਰੇਣੀਆਂ ਦੇ ਹੱਕ ਵਿੱਚ ਭੁਗਤਦੀਆਂ ਆਈਆਂ ਹਨ ਅਤੇ ਅਖ਼ੌਤੀ ਲੋਕਤੰਤਰੀ ਪ੍ਰਣਾਲੀ ਵਿੱਚ ਵੀ ਭੁਗਤ ਰਹੀਆਂ ਹਨ। ਚੋਰੀ ਦੇ ਝੂਠੇ ਕੇਸ ਵਿੱਚ ਜੋਗੇ ਨੂੰ ਸਜ਼ਾ ਦਿਵਾਉਣ ਲਈ, ਮੋਟੀ ਰਕਮ ਲੈ ਕੇ ਥਾਣੇਦਾਰ ਸਰਪੰਚ ਦੇ ਪੁੱਛਣ 'ਤੇ, ਸਿਵੀਆਂ ਨੂੰ ਰਾਹ ਸੁਝਾਉਂਦਾ ਹੈ। ਮ੍ਹਾਤੜ ਆਦਮੀ ਨੂੰ ਫਸਾਉਣ ਲਈ ਪੁਲਿਸ ਤੇ ਅਦਾਲਤੀ ਪ੍ਰਬੰਧ ਵਿੱਚ ਬਥੇਰੇ ਚੋਰ ਰਾਹ ਹਨ। ਜੋਗੇ ਦੇ ਕੇਸ ਵਿੱਚ ਇਨ੍ਹਾਂ ਰਾਹਾਂ ਦੀ ਖੁੱਲ੍ਹ ਕੇ ਵਰਤੋਂ ਕੀਤੀ ਜਾਂਦੀ ਹੈ। ਥਾਣੇਦਾਰ ਸਿਵੀਆਂ ਕੋਲੋਂ ਚੋਰੀ ਦੀਆਂ ਵਸਤਾਂ ਲੈ ਕੇ ਬਰਾਮਦਗੀ ਜੋਗੇ ਕੋਲੋਂ ਦਿਖਾਉਂਦਾ ਹੈ। ਅਦਾਲਤ ਵਿੱਚ ਝੂਠੇ ਗਵਾਹ ਭੁਗਤਾਏ ਜਾਂਦੇ ਹਨ। ਫੀਰੇ ਦੇ ਕਤਲ ਵਿੱਚ ਥਾਣੇਦਾਰ ਅਸਲੀ ਕਾਤਲਾਂ ਨੂੰ ਲੱਭਣ ਵੱਲ ਤਾਂ ਤੁਰਦਾ ਨਹੀਂ ਪਰ ਜੋਗੇ ਨੂੰ ਗ੍ਰਿਫ਼ਤਾਰ ਕਰਕੇ ਮੋਢੇ 'ਤੇ ਸਟਾਰ ਲਾਉਣ ਲਈ ਉਤਾਵਲਾ ਹੈ। ਬਨਾਰਸ ਦੀ ਪੁਲਿਸ ਵੀ ਪਿੰਡ ਦੇ ਜ਼ਿਮੀਂਦਾਰਾਂ ਤੇ ਮੁਖੀਆਂ ਦੇ ਪ੍ਰਭਾਵ ਅਧੀਨ ਸੁਆਮੀ ਸ਼ਾਮ ਜੀ ਨੂੰ ਕਤਲ ਦੇ ਕੇਸ ਵਿੱਚ ਨਜਾਇਜ਼ ਫਸਾ ਕੇ ਸਜ਼ਾ ਦਿਵਾਉਂਦੀ ਹੈ। ਸੁਆਮੀ ਜੀ ਦੇ ਮਾਮਲੇ ਕਾਰਨ ਇਹ ਰਾਜੀ ਨਹੀਂ ਸਗੋਂ ਅੰਤਰਰਾਜੀ ਅਤੇ ਜਾਤੀ ਨਾ ਰਹਿ ਕੇ ਜਮਾਤੀ ਵਰਤਾਰਾ ਬਣ ਨਿਬੜਦਾ ਹੈ। ਜੰਗਲ ਰਾਜ ਅੱਜ ਵੀ ਕਾਇਮ ਹੈ। ਹੁਣ ਵੀ, ਵੱਡੀ ਮੱਛੀ ਛੋਟੀ ਮੱਛੀ ਨੂੰ ਨਿਗਲਦੀ ਜਾ ਰਹੀ ਹੈ।



ਸਰਕਾਰੀ ਅਫ਼ਸਰਾਂ ਦੀ ਮਿਲੀ-ਭੁਗਤ ਨਾਲ ਦਲਿਤਾਂ ਲਈ ਰਾਖ਼ਵੀਂ ਜ਼ਮੀਨ ਦੀ ਬੋਲੀ ਪਿਛਲੇ ਵੀਹਾਂ ਸਾਲਾਂ ਤੋਂ ਅੰਦਰ-ਖ਼ਾਤੇ ਲਾਲੂ, ਅਮਰੂ ਤੇ ਫੀਰੇ ਦੇ ਨਾਂ 'ਤੇ ਟੁੱਟਦੀ ਰਹੀ ਹੈ। ਜਦੋਂਕਿ ਜ਼ਮੀਨ ਵਾਹੁੰਦੇ ਜੱਟ ਰਹੇ ਹਨ। ਭੇਦ ਖੁੱਲ੍ਹ ਜਾਣ 'ਤੇ ਵੀ ਜੱਟ ਧੱਕੇ ਨਾਲ ਦਲਿਤਾਂ ਲਈ ਰਾਖ਼ਵੀਂ ਜ਼ਮੀਨ ਦਾ ਕਬਜ਼ਾ ਆਪਣੇ ਕੋਲ ਰੱਖਣਾ ਚਾਹੁੰਦੇ ਹਨ। ਫੀਰਾ ਇਸ 'ਤੇ ਤਿੱਖਾ ਵਿਰੋਧ ਜਤਾਉਂਦਾ ਹੈ। ਨਿਮਨ-ਸ਼੍ਰੇਣੀਆਂ ਵਿੱਚ ਆਰਥਿਕ-ਸਮਾਜਿਕ ਸ਼ੋਸ਼ਣ ਖ਼ਿਲਾਫ਼ ਰੋਹ ਨਿਰੰਤਰ ਵਧ ਰਿਹਾ ਹੈ। ਜੋਗੇ ਦੇ ਚੋਰੀ ਦੇ ਕੇਸ ਵਿੱਚ ਫੜੇ ਜਾਣ 'ਤੇ ਵਿਹੜੇ ਵਿੱਚ ਕੋਈ ਹਿਲਜੁੱਲ ਨਹੀਂ ਹੁੰਦੀ। ਬਲਕਿ ਵਿਹੜੇ ਵਿੱਚ ਭੈਅ ਪਸਰ ਜਾਂਦਾ ਹੈ। 'ਅਖੇ ਪੁਲਿਸ ਨੇ ਪਤਾ ਨੀ ਹਾਲੇ ਕਿੰਨਿਆਂ ਕੁ ਨੂੰ ਅੜੁੰਗਣਾ...।' [8] ਡਰਦਾ ਮਾਰਾ ਕੋਈ ਜੋਗੇ ਦੇ ਘਰ ਨਹੀਂ ਜਾਂਦਾ। ਪਰ ਜੋਗੇ ਦੇ ਦੂਸਰੀ ਵਾਰ ਪੁਲਿਸ ਵੱਲੋਂ ਚੁੱਕੇ ਜਾਣ 'ਤੇ ਵਿਹੜੇ ਵਿੱਚ ਪੂਰੀ ਸਰਗਰਮੀ ਹੈ। ਟਰਾਲੀਆਂ ਭਰ ਕੇ ਥਾਣੇ ਤੇ ਇਲਾਕੇ ਦੇ ਮੈਂਬਰ ਪਾਰਲੀਮੈਂਟ ਚੌਧਰੀ ਵਰਿੰਦਰ ਸਿੰਘ ਕੋਲ ਜਾ ਰਹੀਆਂ ਹਨ। ਥਾਣੇਦਾਰ ਨੂੰ ਉਪਰਲੇ ਅਫ਼ਸਰਾਂ ਦਾ ਡਰ ਹੈ। ਗੁਰਮੇਲ ਨੂੰ ਡਰ ਹੈ ਕਿ ਵਿਹੜੇ ਵਾਲਿਆਂ ਦੀ ਅਗਵਾਈ ਕਰਨ ਕੋਈ ਰਾਸ਼ਟਰੀ ਪੱਧਰ ਦਾ ਦਲਿਤ ਨੇਤਾ ਪਿੰਡ ਨਾ ਆ ਜਾਵੇ। ਚੌਧਰੀ ਵਰਿੰਦਰ ਦਾ ਪੂਰਾ ਵਿਹੜਾ ਪੱਕੀਆਂ ਵੋਟਾਂ ਹਨ। ਦੂਸਰੇ ਪਾਸੇ ਹਰਮੇਲ ਦਾ ਪਰਿਵਾਰ ਵੀ ਪੱਕਾ ਕਾਂਗਰਸੀ ਤੇ ਪਹੁੰਚ ਵਾਲਾ ਹੈ। ਇਸ ਕੇਸ ਦਾ ਕੀ ਨਤੀਜਾ ਨਿਕਲੇਗਾ ? ਜੋਗੇ ਦਾ ਕੀ ਪਹਿਲੇ ਜਿਹਾ ਹਸ਼ਰ ਹੋਵੇਗਾ ? ਮੈਂਬਰ ਪਾਰਲੀਮੈਂਟ ਕਿੰਨਾਂ ਕਿਸ ਦੇ ਵੱਲ ਭੁਗਤੇਗਾ ? ਨਾਵਲ ਦਾ ਬਿਰਤਾਂਤ ਇਸ ਪੱਖੋਂ ਖੁੱਲ੍ਹੇ ਸਿਰੇ ਵਾਲਾ ਹੈ। ਖੁੱਲ੍ਹੇ ਸਿਰੇ ਵਾਲੇ ਬਿਰਤਾਂਤ ਦੀ ਇਹ ਖ਼ਾਸੀਅਤ ਰਹਿੰਦੀ ਹੈ ਕਿ ਇਹ ਪਾਠਕ ਦੀ ਸੋਚ ਨੂੰ ਝੰਜੋੜਦਾ ਖੁਲ੍ਹੇ ਛੱਡੇ ਸਵਾਲਾਂ 'ਤੇ ਸੋਚਣ ਲਈ ਮਜਬੂਰ ਕਰਦਾ ਹੈ। ਨਤੀਜਨ ਪਾਠਕ ਦੀ ਨਾਵਲ ਵਿੱਚ ਸਿਰਜਿਤ ਪਰਿਸਥਿਤੀਆਂ ਪ੍ਰਤੀ ਸਮਝ ਸਤੱਹੀ ਨਹੀਂ ਰਹਿੰਦੀ ਬਲਕਿ ਉਹ ਇਨ੍ਹਾਂ ਦੀਆਂ ਡੂੰਘੀਆਂ ਤਹਿਆਂ ਵਿੱਚ ਲਹਿ ਜਾਂਦਾ ਹੈ। ਇਨ੍ਹਾਂ ਪਰਿਸਥਿਤੀਆਂ ਨਾਲ ਗਹਿਗੱਚ ਹੁੰਦੀ ਉਸ ਦੀ ਸੋਚ ਵਿੱਚ ਇੱਕ ਵਿਚਾਰਧਾਰਕ ਪ੍ਰਤੀਬੱਧਤਾ ਉਭਰਨ ਲੱਗ ਪੈਂਦੀ ਹੈ। ਜੋ ਆਮ ਤੌਰ 'ਤੇ ਗਲਪਕਾਰ ਦੇ ਸਮਰੂਪ ਰਹਿੰਦੀ ਹੈ ਕਿਉਂਕਿ ਗਲਪਕਾਰ ਦੀ ਵਿਚਾਰਧਾਰਕ ਪ੍ਰਤੀਬੱਧਤਾ ਹਮੇਸ਼ਾ ਸ਼ੋਸ਼ਿਤ ਵਰਗ ਦੀ ਹਮਾਇਤ 'ਚ ਲੁਪਤ ਹੁੰਦੀ ਹੈ। ਜਿਸ ਦੀ ਵਜ੍ਹਾ ਗਲਪਕਾਰ ਦਾ ਸਭ ਤੋਂ ਪਹਿਲਾ ਸਾਹਿਤਕ ਧਰਮ ਮਾਨਵਵਾਦੀ ਹੋਣਾ ਹੁੰਦਾ ਹੈ। ਪਾਠਕ ਨੂੰ ਨਾਵਲੀ ਬਿਰਤਾਂਤ ਵਿੱਚ ਲੁਪਤ ਵਿਚਾਰਧਾਰਾ ਦਾ ਹਮਾਇਤੀ ਬਣਾ ਲੈਣਾ ਗਲਪਕਾਰ ਦਾ ਹਾਸਿਲ ਰਹਿੰਦਾ ਹੈ। ਹਰਮੇਸ਼ ਮਾਲੜੀ ਇਸ ਦ੍ਰਿਸ਼ਟੀ ਤੋਂ ਸਫ਼ਲ ਨਾਵਲਕਾਰ ਹੈ।

ਨਾਵਲ ਦੇ ਕਥਾਨਕ ਵਿੱਚ ਛੋਟੀ ਜਾਂ ਦਰਮਿਆਨੀ ਕਿਸਾਨੀ ਦੀ ਪ੍ਰਤੀਨਿਧਤਾ ਕਰਨ ਵਾਲਾ ਕੋਈ ਪਾਤਰ ਹਾਜ਼ਰ ਨਹੀਂ। ਉਨ੍ਹਾਂ ਦੀਆਂ ਆਰਥਿਕ-ਸਮਾਜਿਕ ਦੁਸ਼ਵਾਰੀਆਂ ਨੂੰ ਨਾਵਲੀ ਬਿਰਤਾਂਤ ਵਿੱਚ ਸਪੇਸ ਪ੍ਰਾਪਤ ਨਹੀਂ। ਨਾਵਲੀ ਕਥਾ ਵਿੱਚ ਲਿਆ ਸਮਾਂ ਛੋਟੀ ਤੇ ਦਰਮਿਆਨੀ ਕਿਸਾਨੀ ਦੇ ਕਰਜ਼ੇ ਦੀ ਦਲਦਲ ਵਿੱਚ ਗਰਕਣ ਦੀ ਸ਼ੁਰੂਆਤ ਦਾ ਸਮਾਂ ਹੈ ਜੋ ਕਿਸਾਨੀ ਨੂੰ ਖ਼ੁਦਕੁਸ਼ੀਆਂ ਦੀ ਭਿਆਨਕ ਹੋਣੀ ਤੱਕ ਖਿੱਚ ਲਿਆਇਆ। ਫਿਰ ਛੋਟੀ ਤੇ ਦਰਮਿਆਨੀ ਕਿਸਾਨੀ ਨੂੰ ਨਾਵਲੀ ਪਲਾਟ ਵਿੱਚ ਥਾਂ ਨਾ ਮਿਲਣ ਕਰਕੇ ਦੋਵਾਂ ਸ਼੍ਰੇਣੀਆਂ ਦੀ ਖਹਿਬਾਜ਼ੀ ਵਿੱਚ ਉਨ੍ਹਾਂ ਦੀ ਭੂਮਿਕਾ ਦਾ ਸਵਾਲ ਵੀ ਅਣਸੁਲਝਿਆ ਰਹਿ ਗਿਆ ਹੈ। ਨਾਵਲੀ ਬਿਰਤਾਂਤ ਵਿੱਚ ਜੱਟ ਤੇ ਦਲਿਤ ਸ਼੍ਰੇਣੀ ਤੋਂ ਇਲਾਵਾ ਸਿਰਫ਼ ਇੱਕੋ-ਇੱਕ ਪਾਤਰ ਦਿਆਲ ਖੱਬੂ ਬਾਣੀਆਂ ਜਾਤੀ ਦੀ ਪ੍ਰਤਿਨਿਧਤਾ ਕਰਨ ਲਈ ਹਾਜ਼ਰ ਹੈ, ਜੋ ਆਪਣੇ ਸ਼੍ਰੇਣਿਕ ਖ਼ਾਸੇ ਹਿੱਤ ਜੱਟ ਸ਼੍ਰੇਣੀ ਦੇ ਹੱਕ ਵਿੱਚ

ਭੁਗਤਦਾ ਹੈ। ਉਹ ਦੋਹੀਂ ਹੱਥੀਂ ਲੁੱਟਦਾ ਹੈ : ਵਿਆਜੀ ਪੈਸੇ ਦੇ ਕੇ ਵੀ ਅਤੇ ਹੱਟੀ 'ਤੇ ਸੌਦਾ ਵੇਚ ਕੇ ਵੀ। ਉਹ ਗਾਹਕਾਂ ਕੋਲੋਂ ਦਾਣਿਆਂ ਦੀਆਂ ਝੋਲੀਆਂ ਤੱਕੜੀ ਵਿੱਚ ਸੁਟਵਾਉਂਦਾ ਹੈ ਤੇ ਬੁੱਕਾਂ ਵਿੱਚ ਚੀਜ਼ਾਂ ਦੇ ਕੇ ਤੋਰਦਾ ਹੈ। ਵਿਆਜ 'ਤੇ ਪੰਜਾਹ ਸੌ ਦੇਣ ਲਈ ਵੀ ਪਹਿਲਾਂ ਕਾਗ਼ਜ਼ 'ਤੇ ਅੰਗੂਠਾ ਲਗਵਾਉਂਦਾ ਹੈ। ਉਹ ਥੋੜ੍ਹੇ ਜਿਹੇ ਅਰਸੇ ਵਿੱਚ ਆਰਥਿਕ ਸੰਪਨਤਾ ਹਾਸਲ ਕਰ ਲੈਂਦਾ ਹੈ।

ਨਾਵਲੀ ਬਿਰਤਾਂਤ ਦੋ ਸਮਵਿੱਥ ਕਥਾਵਾਂ ਰਾਹੀਂ ਗਤੀਸ਼ੀਲ ਹੁੰਦਾ ਹੈ। ਇੱਕ ਦੇ ਕੇਂਦਰ ਵਿੱਚ ਮਿੰਦੋ ਅਤੇ ਉਸ ਨਾਲ ਜੁੜਦੀਆਂ ਪਰਿਸਥਤੀਆਂ ਹਨ। ਦੂਸਰੇ ਦੇ ਕੇਂਦਰ ਵਿੱਚ ਜੋਗਾ ਤੇ ਕਮਲੇਸ਼ਵਰ ਮੱਠ ਹੈ। ਇੱਕ ਦਾ ਘਟਨਾ ਸਥਲ ਜਲੰਧਰ ਦਾ ਪਿੰਡ ਮੱਲਾਂਵਾਲੀ ਅਤੇ ਦੂਸਰੇ ਦਾ ਹਰਿਦੁਆਰ ਹੈ। ਸੁਆਮੀ ਸ਼ਾਮ ਜੀ ਦੀ ਤਰਾਸਦੀ ਨੂੰ ਚਿਤਰਨ ਲਈ ਬਿਰਤਾਂਤ ਕੁਝ ਸਮੇਂ ਲਈ ਬਨਾਰਸ ਤੇ ਉਨ੍ਹਾਂ ਦੇ ਜੋਗੇ ਨਾਲ ਮੇਲ ਲਈ ਫ਼ਿਰੋਜ਼ਪੁਰ ਵੀ ਜਾਂਦਾ ਹੈ। ਵੈਸੇ, ਵਧੇਰੇ ਬਿਰਤਾਂਤ ਦਾ ਹਿੱਸਾ ਮੱਲਾਂਵਾਲੀ ਪਿੰਡ ਵਿੱਚ ਗਤੀਸ਼ੀਲ ਰਹਿੰਦਾ ਹੈ। ਨਾਵਲ ਦੇ ਕੁਲ ਅੱਠ ਕਾਂਡਾਂ ਵਿੱਚੋਂ ਕਮਲੇਸ਼ਵਰ ਮੱਠ ਨਾਲ ਜੁੜਵੇਂ ਦੋ ਕਾਂਡਾਂ ਵਿੱਚ ਜਿੱਥੇ ਧਾਰਮਿਕ ਡੇਰਿਆਂ ਦੇ ਅੰਦਰੂਨੀ ਸੱਚ ਨੂੰ ਰੂਪਮਾਨ ਕੀਤਾ ਗਿਆ ਉੱਥੇ ਅਖ਼ੌਤੀ ਸਰਵ-ਸ਼੍ਰੇਸਠ ਧਰਮ ਵਿੱਚ ਨਿਮਨ ਜਾਤੀਆਂ ਦੀ ਬੇਕਦਰੀ ਨੂੰ ਵੀ ਉਭਾਰਿਆ ਗਿਆ ਹੈ। ਧਾਰਮਿਕ ਤੇ ਜਾਤੀ ਵੰਡ ਤੋਂ ਉੱਪਰ ਸੋਚਣ ਵਾਲੇ ਸੁਆਮੀ ਸ਼ਾਮ ਜੀ ਦੀ ਧਾਰਮਿਕ ਡੇਰਿਆਂ ਵਿੱਚ ਵੀ ਕੋਈ ਕਦਰ ਨਹੀਂ। ਉਨ੍ਹਾਂ ਨੂੰ ਕਮਲੇਸ਼ਵਰ ਪਦਵੀ ਤੋਂ ਲਾਂਭੇ ਰੱਖਣ ਲਈ ਮੱਠ ਦੇ ਸਾਧੂ ਕਈ ਸਾਜ਼ਿਸ਼ਾਂ ਰਚਦੇ ਹਨ। ਉਨ੍ਹਾਂ ਨੂੰ ਖ਼ਤਮ ਕਰਨ ਲਈ ਖਾਣੇ ਵਿੱਚ ਸੰਖੀਆ ਦਿੱਤਾ ਜਾਂਦਾ ਹੈ। ਜੋਗਾ ਇਸ ਮੱਠ ਵਿੱਚ ਕਰੀਬ ਅੱਠ ਸਾਲ ਸਾਧੂਆਂ ਦੀ ਨਿਸ਼ਕਾਮ ਸੇਵਾ ਕਰਦਾ ਹੈ। ਪਰ ਜਦੋਂ ਦੀਕਸ਼ਾ ਲੈਣ ਦਾ ਵੇਲਾ ਆਉਂਦਾ ਹੈ ਤਾਂ ਮੱਠ ਦਾ ਕਰਤਾ-ਧਰਤਾ ਸੁਆਮੀ ਦੀਨ ਦਿਆਲ ਕਹਿੰਦਾ ਹੈ, 'ਐਹਤ ਤੇਰੀ ! ਸੁਆਮੀ ਜੀ ਨੇ ਇੱਕਦਮ ਹਕਾਰਤ ਨਾਲ ਜੋਗੇ ਦੇ ਹੱਥਾਂ ਤੋਂ ਆਪਣੇ ਪੈਰ ਪਿਛਾਂਹ ਕਰ ਲਏ... ਦੀਕਸ਼ਾ ਮਾਂਗਤਾ ਹੈ ਨੀਚ... ਸੁਆਮੀ ਜੀ ਦੋ ਕਰਮਾਂ ਪਿਛਾਂਹ ਹੋ ਕੇ ਖੜੋ ਗਏ... ਨੀਚ ਭੰਗੀ ਚੋਰ... ਜੇਲ੍ਹ ਸੇ ਸੀਧਾ ਜਹਾਂ ਆ ਕਰ ਦੀਕਸ਼ਾ ਮਾਂਗਤਾ ਹੈ... ਇਤਨੇ ਸਾਲੋਂ ਸੇ ਜਹਾਂ ਰੋਟੀਆਂ ਤੋੜਤਾ ਹੈ... ਤੁਮਹੇਂ ਮਾਲੂਮ ਨਹੀਂ... ਨੀਚੀ ਜਾਤੀ ਕੋ ਹਮ...'[9] ਸ਼ੂਦਰ ਸ਼੍ਰੇਣੀ ਨੂੰ ਬ੍ਰਾਹਮਣੀ ਧਰਮ ਵਿੱਚ ਨਾ ਪਹਿਲੇ ਕੋਈ ਸਨਮਾਨਯੋਗ ਸਥਾਨ ਪ੍ਰਾਪਤ ਸੀ ਤੇ ਨਾ ਅੱਜ ਹੈ। ਪਹਿਲਾਂ ਬਾਣੀ ਦੇ ਬੋਲ ਕੰਨਾਂ ਵਿੱਚ ਪੈ ਜਾਣ 'ਤੇ ਸ਼ੂਦਰ ਦੇ ਕੰਨਾਂ ਵਿੱਚ ਸਿੱਕਾ ਢਾਲ਼ ਕੇ ਪਾ ਦਿੱਤਾ ਜਾਂਦਾ ਸੀ ਤੇ ਅੱਜ ਨੀਚ, ਭੰਗੀ ਕਹਿ ਕੇ ਦੁਤਕਾਰ ਦਿੱਤਾ ਜਾਂਦਾ ਹੈ।

ਨਾਵਲੀ ਬਿਰਤਾਂਤ ਨੌਂਵੇਂ ਦਹਾਕੇ ਦੇ ਆਰ-ਪਾਰ ਫ਼ੈਲਿਆ ਹੋਇਆ ਹੈ। ਇਸੇ ਸਮੇਂ ਦੌਰਾਨ ਪੰਜਾਬ ਸੰਤਾਪ ਦਾ ਆਰੰਭ, ਸਿਖ਼ਰ ਤੇ ਅੰਤ ਹੁੰਦਾ ਹੈ। ਨਾਵਲੀ ਬਿਰਤਾਂਤ ਵਿੱਚ ਪੰਜਾਬ ਦੁਖਾਂਤ ਨਾਲ ਸੰਬੰਧਿਤ ਘਟਨਾਵਾਂ ਬਿਨਾਂ ਕੋਈ ਹਲਚੱਲ ਮਚਾਇਆਂ ਸਹਿਜ ਨਾਲ ਦਾਖਲ ਹੁੰਦੀਆਂ ਹਨ ਅਤੇ ਓਸੇ ਸਹਿਜ ਨਾਲ ਨਾਵਲੀ ਕਥਾਨਕ ਵਿੱਚੋਂ ਬਾਹਰ ਹੋ ਜਾਂਦੀਆਂ ਹਨ। ਪਰ ਗਲਪਕਾਰ ਬੜੀਆਂ ਸੰਕੇਤਕ ਛੋਹਾਂ ਨਾਲ ਖਾੜਕੂਵਾਦ ਦੇ ਕੁਝ ਪ੍ਰਭਾਵਾਂ ਨੂੰ ਦ੍ਰਿਸ਼ਟਮਾਨ ਕਰ ਜਾਂਦਾ ਹੈ। ਬਿੰਦਰ ਦੇ ਖਾੜਕੂਆਂ ਨਾਲ ਸੰਬੰਧ ਹੋਣ ਕਾਰਨ ਅਤੇ ਉਨ੍ਹਾਂ ਦੇ ਹਰਮੇਲ ਘਰ ਆ ਕੇ ਰਹਿਣ ਕਾਰਨ, ਉਹ ਜੱਟਾਂ ਨੂੰ ਵੀ ਵੱਟਾਂ ਬੰਨ੍ਹਿਆਂ ਤੋਂ ਘੂਰਨ ਲੱਗ ਪੈਂਦਾ ਹੈ। ਕਰਨੈਲ ਦਾ ਭਤੀਜਾ ਜੱਗੀ ਵੀ 'ਅਜਿਹੇ' ਮੁੰਡਿਆਂ ਦੇ ਸਾਥ ਨਾਲ ਫੀਰੇ ਦਾ ਕਤਲ ਕਰਦਾ ਹੈ। ਇਸ ਦੌਰ



ਵਿੱਚ ਕਈ ਲੋਕਾਂ ਨੇ ਤੇ ਖ਼ਾਸ ਕਰਕੇ ਜੱਟਾਂ ਨੇ ਕਈ ਨਿੱਜੀ ਕਿੜਾਂ ਕੱਢੀਆਂ। ਹਰਮੇਲ ਫੀਰੇ ਨੂੰ ਵੀ 'ਮੁੰਡਿਆਂ' ਕੋਲੋਂ ਦਾਬਾ ਮਰਵਾਉਣ ਦੀ ਸੋਚਦਾ ਹੈ ਪਰ ਸਰਪੰਚ ਸੰਤੋਖ ਦੀ ਸਲਾਹ 'ਤੇ ਚੁੱਪ ਹੋ ਜਾਂਦਾ ਹੈ। ਸਰਪੰਚ ਸੰਤੋਖ ਖ਼ੁਦ ਖਾੜਕੂਆਂ ਤੋਂ ਡਰਦਾ ਸਰਪੰਚੀ ਤੇ ਪਿੰਡ ਛੱਡ ਕੇ ਵਿਦੇਸ਼ ਆਪਣੇ ਮੁੰਡਿਆਂ ਕੋਲ ਭੱਜ ਜਾਂਦਾ ਹੈ। ਹਰਮੇਲ ਰਾਖ਼ਵੇਂ ਕੋਟੇ ਵਿੱਚੋਂ ਫੀਰੇ ਨੂੰ ਸਰਪੰਚ ਬਣਾ ਦੇਂਦਾ ਹੈ। ਦਲਿਤਾਂ ਲਈ ਰਾਖ਼ਵੀਂ ਜ਼ਮੀਨ ਵਾਂਗ ਰਾਖ਼ਵੀਆਂ ਸੀਟਾਂ 'ਤੇ ਵੀ ਜੱਟ ਤਬਕੇ ਦੀ ਹੀ ਚੱਲਦੀ ਹੈ। ਉਨ੍ਹਾਂ ਦਿਨਾਂ ਵਿੱਚ ਪਿੰਡ 'ਚ ਪੰਜ ਵਜੇ ਹੀ ਰਾਤ ਪੈ ਜਾਂਦੀ ਸੀ। ਪਿੰਡਾਂ ਵਿੱਚ ਦਿਨੇ ਸਰਕਾਰ ਦਾ ਪਰ ਰਾਤ ਨੂੰ ਖਾੜਕੂਆਂ ਦਾ ਰਾਜ ਕਾਇਮ ਹੋ ਜਾਂਦਾ ਸੀ। ਨਾਵਲ ਦਾ ਫ਼ੋਕਸ ਦਲਿਤ ਸ਼ੋਸ਼ਣ 'ਤੇ ਹੋਣ ਕਰਕੇ ਖਾੜਕੂਆਂ ਦੀਆਂ ਵਧੇਰੇ ਪਰਤਾਂ ਨਾਵਲੀ ਬਿਰਤਾਂਤ ਦਾ ਹਿੱਸਾ ਨਹੀਂ ਬਣੀਆਂ।

ਗਲਪਕਾਰ ਨੇ ਨਾਵਲੀ ਬਿਰਤਾਂਤ ਦਾ ਧੁਰਾ ਬਣੀਆਂ ਤਿੰਨੇ ਘਟਨਾਵਾਂ ਨੂੰ ਮੌਕਾਮੇਲ ਦੀ ਮੱਧਕਾਲੀ ਜੁਗਤ ਰਾਹੀਂ ਸਿਰਜਿਆ ਹੈ : ਜੋਗੇ ਦਾ ਚੋਰੀ ਦੇ ਕੇਸ ਵਿੱਚ ਪਹਿਲੀ ਵਾਰੀ ਫੜਿਆ ਜਾਣਾ। ਦਸ ਸਾਲ ਬਾਅਦ ਫਿਰ ਫੀਰੇ ਦੇ ਕਤਲ ਵਿੱਚ ਗ੍ਰਿਫ਼ਤਾਰ ਹੋਣਾ ਅਤੇ ਫੀਰੇ ਦਾ ਕਤਲ। ਜੋਗਾ ਨੇੜਲੇ ਪਿੰਡੋਂ ਕੰਮ ਮੁਕਾ ਕੇ ਘਰ ਪਹੁੰਚਣ ਲਈ ਠੀਕ ਓਸੇ ਵਕਤ ਓਸੇ ਕਮਾਦ ਕੋਲ ਪਹੁੰਚਦਾ ਤੇ ਲੁਕਦਾ ਹੈ ਜਦੋਂ ਸਿਵੀਆਂ ਦਾ ਲਾਣਾ ਚੋਰ ਨੂੰ ਲੱਭਣ ਲਈ ਕਮਾਦ ਫੋਲ ਰਿਹਾ ਹੁੰਦਾ ਹੈ। ਵੈਸੇ ਵੀ ਜੋਗੇ ਨੂੰ ਕਮਾਦ ਵਿੱਚ ਲੁਕਣ ਦੀ ਲੋੜ ਹੀ ਕੀ ਸੀ ? ਉਹ ਪਿੰਡ ਦਾ ਬੰਦਾ ਸੀ, ਕੋਈ ਬੇਗ਼ਾਨਾ ਨਹੀਂ। ਉਹ ਵਹੀਰ ਨੂੰ ਚਮਿਆਰੀ ਪਿੰਡੋਂ ਕਰਮ ਸਿੰਘ ਵੱਲੋਂ ਵਾਪਸ ਆਉਣ ਦਾ ਦੱਸਦਾ ਤਾਂ ਇਹ ਉਸ ਦੇ ਬਚਾਅ ਵਿੱਚ ਜ਼ਿਆਦਾ ਠੀਕ ਹੁੰਦਾ। ਦੂਸਰੀ ਵਾਰ ਜੋਗਾ ਦਸ ਸਾਲ ਬਾਅਦ ਠੀਕ ਉਸੇ ਸ਼ਾਮ ਸਿੱਧਾ ਵਿੱਛੀ ਸੱਥਰ 'ਤੇ ਪਹੁੰਚਦਾ ਹੈ ਜਿਸ ਸਵੇਰ ਫੀਰੇ ਦਾ ਕਤਲ ਹੁੰਦਾ ਹੈ। ਮੌਕਾਮੇਲ ਦੀ ਵਿਧੀ ਨਾਲ ਗਲਪਕਾਰ ਨੇ ਬਿਰਤਾਂਤ ਨੂੰ ਗੁਲਾਈ ਦਿੱਤੀ ਹੈ। ਫੀਰਾ ਵੀ ਠੀਕ ਓਸੇ ਵਕਤ ਟਾਹਲੀ ਦੀ ਗ਼ਲਤ ਨਿਸ਼ਾਨਦੇਹੀ ਦਿਖਾਉਣ ਲਈ ਜੱਗੀ ਹੋਰਾਂ ਵੱਲੋਂ ਪੁੱਟੇ ਤੇ ਪੂਰੇ ਜਾ ਰਹੇ ਟੋਏ ਕੋਲ ਪਹੁੰਚਦਾ ਹੈ। ਜਦੋਂਕਿ ਆਮ ਕਰਕੇ ਸਿਵਿਆਂ ਵੱਲ ਕੋਈ ਜਾਂਦਾ ਨਹੀਂ। ਫੀਰਾ ਵੀ ਜੰਗਲ ਪਾਣੀ ਹੋ ਕੇ ਚੰਗਾ-ਭਲਾ ਘਰ ਨੂੰ ਮੁੜਦਾ-ਮੁੜਦਾ ਬਿਨਾਂ ਵਜ੍ਹਾ ਹੀ ਓਧਰ ਨੂੰ ਮੁੜ ਗਿਆ। ਸਾਰਾ ਪਿੰਡ ਹੈਰਾਨ ਹੈ ਕਿ ਉਹ ਮੂੰਹ ਹਨੇਰੇ ਉਸ ਪਾਸੇ ਕਿਉਂ ਗਿਆ ? ਫਿਰ ਘੜੀ ਸਾਜ਼ਿਸ਼ ਅਨੁਸਾਰ ਜੱਗੀ ਤੇ ਉਸ ਦੇ ਸਾਥੀਆਂ ਨੇ ਅੱਧੀ ਰਾਤ ਤੱਕ ਟੋਏ ਦਾ ਕੰਮ ਨਬੇੜ ਲੈਣਾ ਸੀ। ਪਰ ਰਾਤ ਦਾਰੂ ਜ਼ਿਆਦਾ ਪੀਣ ਕਰਕੇ ਉਨ੍ਹਾਂ ਦੀ ਅੱਖ ਦੇਰ ਨਾਲ ਖੁੱਲ੍ਹੀ। ਫਿਰ ਉਹ ਟੋਏ ਦਾ ਕੰਮ ਨਿਬੇੜ ਕੇ ਤੁਰਨ ਹੀ ਵਾਲੇ ਸਨ ਜਦੋਂ ਫੀਰਾ ਉੱਥੇ ਕਤਲ ਹੋਣ ਲਈ ਖ਼ੁਦ ਆਪ ਹੀ ਪਹੁੰਚ ਗਿਆ। ਫ਼ਿਲਮੀ ਅੰਦਾਜ਼ ਵਾਲੇ, ਮੌਕਾਮੇਲ ਵਿੱਚ ਮੌਕਾਮੇਲ ਸਿਰਜੇ ਗਏ ਹਨ। ਨਾਵਲਕਾਰ ਨੇ ਅਜਿਹੀਆਂ ਸਬੱਬੀ ਜੁਗਤਾਂ ਨਾਲ ਨਾਵਲੀ ਬਿਰਤਾਂਤ ਨੂੰ ਦਿਲਚਸਪ ਤੇ ਗਤੀਸ਼ੀਲ ਬਣਾਇਆ ਹੈ। ਪਰ ਕਲਾਤਮਕ ਨਾਵਲੀ ਬਿਰਤਾਂਤ ਦੀ ਪਹਿਲੀ ਵਫ਼ਾ ਸੰਭਾਵਿਕਤਾ ਨਾਲ ਹੈ। ਸਬੱਬ ਜਾਂ ਮੌਕਾਮੇਲ ਜ਼ਿੰਦਗੀ ਦਾ ਪ੍ਰਤੀਨਿਧ ਯਥਾਰਥ ਨਹੀਂ, ਬਲਕਿ ਦੁਰਲੱਭ ਤੇ ਉਪਵਾਦ ਹੈ। ਜਦੋਂਕਿ ਨਾਵਲ ਦਾ ਵਿਧਾਗਤ ਨੇਮ ਪ੍ਰਤੀਨਿੱਧ ਵਰਤਾਰਿਆਂ ਦੀ ਪੇਸ਼ਕਾਰੀ ਹੈ।


ਵੈਸੇ ਨਾਵਲ ਕਾਫ਼ੀ ਹੱਦ ਤੱਕ ਕਲਾਤਮਕ ਪ੍ਰੋੜਤਾ ਵਾਲਾ ਹੈ। ਹਰਮੇਸ਼ ਮਾਲੜੀ ਦੀ ਪਾਤਰਾਂ ਦੀ ਮਣੋ-ਬਣਤਰ ਉੱਤੇ ਖ਼ਾਸੀ ਯਥਾਰਥਕ ਪਕੜ ਹੈ। ਭਾਵੇਂ ਪਾਤਰ ਜੱਟ ਸ਼੍ਰੇਣੀ ਨਾਲ ਸੰਬੰਧਿਤ ਹਨ ਤੇ ਭਾਵੇਂ ਦਲਿਤ ਸ਼੍ਰੇਣੀ ਨਾਲ। ਨਾਵਲੀ ਬਿਰਤਾਂਤ ਵਿੱਚ ਵਾਤਾਵਰਨ ਬੜੀ

ਕਲਾਤਮਕ ਛੋਹਾਂ ਨਾਲ ਉਸਾਰਿਆ ਗਿਆ ਹੈ। ਵਾਧੂ ਵਿਸਥਾਰ, ਫੀਰੇ ਦੀ ਲਾਸ਼ ਨੂੰ ਪਹਿਲੀ ਵਾਰ ਦੇਖਣ ਵਾਲੇ ਦੇ ਉੱਥੇ ਤੱਕ ਪਹੁੰਚਣ ਤੋਂ ਇਲਾਵਾ ਹੋਰ ਕਿਤੇ ਰੜਕਦਾ ਨਹੀਂ। ਬਹੁਤੀ ਗੱਲ ਕਹਾਣੀ ਵਾਲੀ ਸੰਜਮੀ ਵਿਧੀ ਰਾਹੀਂ ਦ੍ਰਿਸ਼ਟੀਗੋਚਰ ਹੋਈ ਹੈ। ਬਿਰਤਾਂਤ ਵਿੱਚ ਕੁਝ ਕੁ ਥਾਵਾਂ 'ਤੇ ਗਲਪਕਾਰ ਦਾ ਪ੍ਰਵਚਨੀ ਦਖ਼ਲ ਜ਼ਰੂਰ ਰੜਕਦਾ ਹੈ। ਦਲਿਤ ਔਰਤ ਦੇ ਸਰੀਰਕ ਸ਼ੋਸ਼ਣ ਨੂੰ ਚਿਤਰਦੇ ਵਧੇਰੇ ਨਾਵਲਕਾਰ ਪਾਠਕ ਨੂੰ ਕਾਮਕ ਰਸ ਵੱਲ ਤੋਰ ਲੈਂਦੇ ਹਨ। ਇਹ ਨਾਵਲ ਅਜਿਹੀ ਊਣ ਤੋਂ ਸੱਖਣਾ ਹੈ।

**ਹਵਾਲੇ ਤੇ ਟਿੱਪਣੀਆਂ :-**

1. ਹਰਮੇਸ਼ ਮਾਲੜੀ, **'ਅਸੀਂ ਨੀ ਜਾਣਾ ਪਤਾਲ ਲੋਕ'**, ਪੰਜ ਆਬ ਪ੍ਰਕਾਸ਼ਨ, ਜਲੰਧਰ, 2020, ਪੰਨਾ : 14
2. **ਉਹੀ**, ਪੰਨਾ : 15
3. **ਉਹੀ**, ਪੰਨਾ : 15-16
4. **ਉਹੀ**, ਪੰਨਾ : 29
5. **ਉਹੀ**, ਪੰਨਾ : 126
6. **ਉਹੀ**, ਪੰਨਾ : 79
7. **ਉਹੀ**, ਪੰਨਾ : 135
8. **ਉਹੀ**, ਪੰਨਾ : 13
9. **ਉਹੀ**, ਪੰਨਾ : 89-90

**ਅਸਿਸਟੈਂਟ ਪ੍ਰੋਫੈਸਰ, ਡੀ. ਏ. ਵੀ. ਕਾਲਜ,**
**ਜਲੰਧਰ**



ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ



# ਮਾਨਸਿਕ ਸੱਧਰਾਂ ਦਾ ਬਿਰਤਾਂਤ ਕਹਾਣੀ-ਸੰਗ੍ਰਹਿ 'ਪੂਰਨ ਅਪੂਰਨ'

-ਡਾ.ਗੁਰਪ੍ਰੀਤ ਕੌਰ

'ਪੂਰਨ ਅਪੂਰਨ' ਕਹਾਣੀ-ਸੰਗ੍ਰਹਿ ਕੁਲਦੀਪ ਸਿੰਘ ਬੇਦੀ ਦੀ ਸਿਰਜਣਾ ਹੈ। ਕੁਲਦੀਪ ਸਿੰਘ ਬੇਦੀ ਦਾ ਪੰਜਾਬੀ ਗਲਪ ਦੇ ਖੇਤਰ ਵਿਚ ਵਿਸ਼ੇਸ਼ ਮੁਕਾਮ ਹੈ। ਉਨ੍ਹਾਂ ਪੰਜਾਬੀ ਸਾਹਿਤ ਦੀ ਝੋਲੀ 'ਦਾਅ ਪੇਚ','ਜੇਕਰ', 'ਕਾਸ਼ !', 'ਰੰਗ ਤਮਾਸ਼ਾ ' ਅਤੇ 'ਸੰਗਲ ਨਾ ਫੜ੍ਹ' ਨਾਵਲਾਂ ਤੋਂ ਇਲਾਵਾ 'ਕਿੰਨੇ ਹੀ ਵਰ੍ਹਿਆਂ ਬਾਅਦ',' ਓਪਰੀ ਮਿੱਟੀ ' ਅਤੇ ' ਪੂਰਨ ਅਪੂਰਨ'ਕਹਾਣੀ-ਸੰਗ੍ਰਹਿ ਪਾ ਕੇ ਸਾਹਿਤ ਨੂੰ ਅਮੀਰੀ ਬਖ਼ਸ਼ੀ। ਉਨ੍ਹਾਂ ਦੀਆਂ ਕਹਾਣੀਆਂ ਵਿਚ ਜਿੱਥੇ ਮਾਨਵੀ ਸੰਵੇਦਨਾਵਾਂ ਮੂਰਤੀਮਾਨ ਹੁੰਦੀਆਂ ਹਨ , ਉੱਥੇ ਹੀ ਉਸਦੀਆਂ ਕਹਾਣੀਆਂ ਦੇ ਜ਼ਿਆਦਾਤਰ ਪਾਤਰ ਸਮਾਜਿਕ ਮਰਿਯਾਦਾ ਦੀ ਉਲੰਘਣਾ ਕਰਕੇ ਆਪਣੀਆਂ ਮਾਨਸਿਕ ਸੱਧਰਾਂ ਦੀ ਪੂਰਤੀ ਕਰਨ ਵੱਲ ਰੁਚਿਤ ਹਨ।

'ਪੂਰਨ ਅਪੂਰਨ' ਕਹਾਣੀ-ਸੰਗ੍ਰਹਿ ਵਿਚ ਕੁੱਲ ਅੱਠ ਕਹਾਣੀਆਂ ਸ਼ਾਮਿਲ ਹਨ। ਇਹ ਕਹਾਣੀਆਂ ਪਿਛਲੀ ਸਦੀ ਦੇ ਸਮੇਂ ਨੂੰ ਮੂਰਤੀਮਾਨ ਕਰਦੀਆਂ ਹਨ ਜਦੋਂ ਸਮਾਰਟ ਮੋਬਾਇਲ ਫੋਨ ਹੋਂਦ ਵਿਚ ਨਹੀਂ ਸੀ ਆਏ। ਉਸ ਦੇ ਪਾਤਰ ਆਪਣੇ ਪ੍ਰੇਮੀਆਂ ਨਾਲ ਚਿੱਠੀਆਂ ਅਤੇ ਲੈਂਡਲਾਈਨ ਫੋਨ ਰਾਹੀਂ ਗੱਲਬਾਤ ਕਰਦੇ ਹਨ। ਇਸ ਸੰਬੰਧੀ ਕਹਾਣੀਕਾਰ ਖ਼ੁਦ ਲਿਖਦਾ ਹੈ, "ਇਨ੍ਹਾਂ ਕਹਾਣੀਆਂ 'ਚੋਂ ਪਾਠਕਾਂ ਨੂੰ ਪੁਰਾਣੇ ਵੇਲਿਆਂ ਦੇ ਦਰਸ਼ਨ ਹੋਣਗੇ। ਪਰ ਵਿਸ਼ੇ ਵਸਤੂ ਵਿਚ ਉਹਾਨੂੰ ਬੇਹਾਪਣ ਮਹਿਸੂਸ ਨਹੀਂ ਹੋਵੇਗਾ।"[1] ਕੁਲਦੀਪ ਸਿੰਘ ਬੇਦੀ ਦੀ ਧਾਰਨਾ ਹੈ ਕਿ ਮਨੁੱਖ ਨੂੰ ਜੇਕਰ ਆਪਣੀਆਂ ਮਾਨਸਿਕ ਸੱਧਰਾਂ ਨੂੰ ਪੂਰੀਆਂ ਕਰਨ ਲਈ ਜ਼ਿੰਦਗੀ ਵਿਚ ਜੇਕਰ ਇਕ ਪਲ ਵੀ ਮਿਲ ਜਾਵੇ ਤਾਂ ਵੀ ਜ਼ਿੰਦਗੀ ਵਧੀਆਂ ਗੁਜ਼ਰੀ ਸਮਝੋ।

'ਮੂਰਤੀਆਂ ਹੁੰਗਾਰਾ ਨਹੀਂ ਭਰਦੀਆਂ' ਕਹਾਣੀ ਵਿਚ ਮੈਂ ਪਾਤਰ ਵੱਲੋਂ ਕੇਵਲ ਤੀਹ ਸਾਲ ਦੀ ਉਮਰ ਵਿਚ ਵਿਧਵਾ ਹੋ ਜਾਣ ਤੋਂ ਬਾਅਦ ਵੀ ਆਪਣੀਆਂ ਮਾਨਸਿਕ ਸੱਧਰਾਂ ਨੂੰ ਆਪਣੇ ਅੰਦਰ ਹੀ ਦਬਾ ਕੇ ਰੱਖਣ ਦਾ ਬਿਰਤਾਂਤ ਪੇਸ਼ ਹੋਇਆ ਹੈ। ਕਹਾਣੀ ਵਿਚ ਅਸੀਂ ਦੇਖਦੇ ਹਾਂ ਕਿ ਮੈਂ ਪਾਤਰ ਇੱਕ ਵਿਆਹ ਵਿਚ ਮਹਿਮਾਨ ਪ੍ਰੀਤਮ ਵਿਚੋਂ ਆਪਣੇ ਪੰਦਰਾਂ ਸਾਲ ਪਹਿਲਾ ਮਰ ਚੁੱਕੇ ਪਤੀ ਦਾ ਅਕਸ ਲੱਭਦੀ ਹੈ। ਪ੍ਰੀਤਮ ਨੂੰ ਦੇਖਦਿਆਂ ਹੀ ਉਸਨੂੰ ਇਕਬਾਲ ਦਾ ਭੁਲੇਖਾ ਪੈਂਦਾ ਹੈ। ਉਸਦਾ ਕੱਦ ,ਪੱਗ ,ਦਾੜ੍ਹੀ ,ਹੱਸਣਾ ਅਤੇ ਖਿੜਖਿੜਾਉਂਣਾ ਸਭ ਇਕਬਾਲ ਦੀ ਯਾਦ ਦਿਵਾਉਂਦੇ ਹਨ। ਉਸ ਨੂੰ ਪ੍ਰੀਤਮ ਦੇ ਨਜ਼ਦੀਕ ਰਹਿ ਕੇ ਕੁਝ ਸਮੇਂ ਲਈ ਇੱਕ ਵਾਰ ਫਿਰ ਤੋਂ ਇਕਬਾਲ ਨਾਲ ਗੁਜ਼ਾਰੇ ਪਲਾਂ ਦੀ ਰੰਗੀਨ ਜ਼ਿੰਦਗੀ ਵਰਗਾ ਸੁੱਖ ਅਨੁਭਵ ਹੁੰਦਾ ਹੈ। ਜਦੋਂ ਪ੍ਰੀਤਮ ਉਸਨੂੰ ਇੱਕ ਪਾਸੇ ਲਿਜਾ ਕੇ ਉਸਦੇ ਬੁੱਲ੍ਹਾਂ 'ਤੇ ਆਪਣੇ ਬੁੱਲ੍ਹ ਰੱਖਦਾ ਹੈ ਤਾਂ ਉਹ ਬਿਨਾਂ ਹਿੱਲੇ ਖੜ੍ਹੀ ਰਹਿੰਦੀ ਹੈ ਅਤੇ ਕੋਈ ਹੁੰਗਾਰਾ ਨਹੀਂ ਭਰਦੀ ਅਤੇ ਕਹਿੰਦੀ ਹੈ ਕਿ, "ਮੈਂ ਮੂਰਤੀ ਹਾਂ ਪ੍ਰੀਤਮ ! ਇਕ ਤਰਾਸ਼ੀ ਹੋਈ ਮੂਰਤੀ। ਇਨ੍ਹਾਂ ਮੂਰਤੀਆਂ ਵਾਂਗ ਹੀ ਹਨੇਰੀ ਗੁਫ਼ਾ 'ਚ ਪਈ ਹਾਂ। ਮੂਰਤੀ 'ਚ ਸਭ ਕੁਝ ਹੁੰਦਾ ਹੈ ਪਰ ਰੂਹ ਨਹੀਂ ਹੁੰਦੀ ਮੈਨੂੰ ਲੱਗਦਾ , ਮੇਰੇ ਅੰਦਰ ਸਭ ਕੁਝ ਮਰ ਚੁਕੈ, ਤੂੰ ਕਿਸੇ ਦਾ ਭੁਲੇਖਾ ਪਾਇਆ ਸੀ, ਮੈਂ ਸੱਚ ਸਮਝ ਬੈਠੀ ਸਾਂ ਮੈਨੂੰ ਨਹੀਂ ਸੀ ਪਤਾ ਕਿ ਮੇਰੀ ਆਵਾਜ਼ ਦਾ ਹੁੰਗਾਰਾ ਤੁਸੀਂ ਭਰੋਗੇ, ਕੋਈ ਫਾਇਦਾ ਨਹੀਂ , ਤੁਸੀਂ ਹੁੰਗਾਰਾ ਭਰਿਆ ਹੈ ਤਾਂ ਮੇਰੀ ਕਹਾਣੀ ਮੁੱਕ ਗਈ ਹੈ।"[2]

ਮੈਂ ਪਾਤਰ ਦੀ ਆਤਮਾ ਉਸਨੂੰ ਝੰਜੋੜਦੀ ਹੈ ਕਿ ਇਹ ਇਕਬਾਲ ਨਹੀਂ ਤਾਂ ਉਹ ਆਪਣੀਆਂ ਸੱਧਰਾਂ ਨੂੰ ਆਪਣੇ ਅੰਦਰ ਹੀ ਦਬਾ ਲੈਂਦੀ ਹੈ। ਉਹ ਆਪਣੀ ਬਾਕੀ ਰਹਿੰਦੀ ਜ਼ਿੰਦਗੀ ਆਪਣੀਆਂ ਸੁੱਖਮਈ ਯਾਦਾਂ ਸਹਾਰੇ ਗੁਜ਼ਾਰਨ ਦਾ ਫੈਸਲਾ ਕਰਦੀ ਹੈ।

'ਕੀ ਹੈ ਇਸ ਰਿਸ਼ਤੇ ਦਾ ਨਾਂ' ਕਹਾਣੀ ਵਿਚ ਸਮਾਜ ਵੱਲੋਂ ਅਪ੍ਰਵਾਨਿਤ ਰਿਸ਼ਤਿਆਂ ਦੇ ਨਾਂ ਨਾ ਹੋਣ ਦਾ ਬਿਰਤਾਂਤ ਪੇਸ਼ ਹੋਇਆ ਹੈ। ਕਹਾਣੀ ਵਿਚ ਅਸੀਂ ਦੇਖਦੇ ਹਾਂ ਕਿ ਐਕਸਾਈਜ਼ ਅਫ਼ਸਰ ਕੁਲਬੀਰ ਆਪਣੀ ਪਤਨੀ ਦਿਲਜੋਤ ਅਤੇ ਦੋ ਬੱਚਿਆਂ ਨਾਲ ਸੰਤੁਸ਼ਟ ਜੀਵਨ ਬਤੀਤ ਕਰਦਾ ਹੈ। ਉਹ ਆਪਣੇ ਪਰਿਵਾਰ ਦੀ ਹਰ ਲੋੜ ਅਤੇ ਖੁਸ਼ੀ ਦਾ ਧਿਆਨ ਰੱਖਦਾ ਹੈ ਪ੍ਰੰਤੂ ਉਹ ਆਪਣੀ ਪਤਨੀ ਦੀਆਂ ਸਰੀਰਕ ਸੱਧਰਾਂ ਦੀ ਪੂਰਤੀ ਕਰਨ ਤੋਂ ਅਸਮਰੱਥ ਰਹਿੰਦਾ ਹੈ:

> "ਦਿਲਜੋਤ ਨੂੰ ਪਿਛਲੇ ਕੁਝ ਸਾਲਾਂ ਤੋਂ ਮਹਿਸੂਸ ਹੁੰਦਾ ਸੀ ਕਿ ਕੁਲਬੀਰ ਉਸਦੀ ਜਿਸਮਾਨੀ ਲੋੜ ਵੱਲ ਬਿਲਕੁਲ ਧਿਆਨ ਨਹੀਂ ਦਿੰਦਾ। ਉਂਞ ਵੀ ਉਹ ਦਿਲਜੋਤ ਦੀ ਖ਼ੂਬਸੂਰਤੀ ਦੇ ਬਾਵਜੂਦ ਉਸਦਾ ਓਨਾ ਸਾਥ ਨਹੀਂ ਮਾਣਦਾ ਜਿੰਨਾ ਉਹਨੂੰ ਮਾਣਨਾ ਚਾਹੀਦਾ ਸੀ।"[3]

ਕੁਲਬੀਰ ਵਰਗੇ ਨੇਕ ਦਿਲ ਪਤੀ ਦੇ ਹੁੰਦਿਆਂ ਵੀ ਦਿਲਜੋਤ ਆਪਣੀਆਂ ਮਾਨਸਿਕ ਸੱਧਰਾਂ ਨੂੰ ਪੂਰੀਆਂ ਕਰਨ ਲਈ ਸਮਾਜਿਕ ਮਰਿਯਾਦਾ ਨੂੰ ਤੋੜਦੀ ਹੋਈ ਹਰਵੰਤ ਨਾਲ ਨਜਾਇਜ਼ ਸੰਬੰਧ ਸਥਾਪਿਤ ਕਰਦੀ ਹੈ। ਹਰਵੰਤ ਦੀ ਪਤਨੀ ਦੀ ਮੌਤ ਹੋ ਚੁੱਕੀ ਹੁੰਦੀ ਹੈ । ਉਹ ਵੀ ਆਪਣੀ ਜ਼ਿੰਦਗੀ ਦਾ ਖਲਾਅ ਦਿਲਜੋਤ ਦੇ ਸਾਥ ਰਾਹੀਂ ਭਰਦਾ ਹੈ। ਹਰਵੰਤ ਇੱਕ ਮਾਸਕ ਪੱਤਰ ਦਾ ਸੰਪਾਦਕ ਹੁੰਦਾ ਹੈ। ਹਰਵੰਤ ਦੀ ਪ੍ਰੇਰਨਾ ਨਾਲ ਦਿਲਜੋਤ ਤੇਜ਼ੀ ਨਾਲ ਕਵਿਤਾਵਾਂ ਲਿਖਣ ਲੱਗ ਪਈ ਸੀ, ਜਿਨ੍ਹਾਂ ਨੂੰ ਹਰਵੰਤ ਆਪਣੇ ਮੈਗਜ਼ੀਨ ਵਿਚ ਛਾਪਦਾ ਸੀ। ਦਿਲਜੋਤ ਨੇ ਉਸ ਨੂੰ ਆਪਣੇ ਸਾਹਿਤਕ ਗੁਰੂ ਵੱਜੋਂ ਕੁਲਬੀਰ ਨਾਲ ਮਿਲਾਇਆ ਅਤੇ ਦੋਵਾਂ ਵਿਚ ਬਹੁਤ ਗੂੜ੍ਹੀ ਦੋਸਤੀ ਹੋ ਗਈ। ਕੁਲਬੀਰ ਕਹਿੰਦਾ ਹੈ ਕਿ ਜਦੋਂ ਉਹ ਚੰਡੀਗੜ੍ਹ ਆਵੇ ਉਨ੍ਹਾਂ ਦੇ ਘਰ ਹੀ ਠਹਿਰੇ। ਹਰਵੰਤ ਜਦੋਂ ਵੀ ਚੰਡੀਗੜ੍ਹ ਕੰਮ ਦੇ ਸਿਲਸਿਲੇ 'ਚ ਆਉਂਦਾ ਉਹ ਉਨ੍ਹਾਂ ਦੇ ਘਰ ਹੀ ਠਹਿਰਦਾ ਅਤੇ ਇਸ ਤਰ੍ਹਾਂ ਉਸਨੂੰ ਦਿਲਜੋਤ ਨਾਲ ਸਮਾਂ ਬਿਤਾਉਣ ਦਾ ਵਕਤ ਮਿਲ ਜਾਂਦਾ। ਕਦੇ-ਕਦੇ ਤਾਂ ਉਹ ਦੋਵੇਂ ਸੋਲਨ ਘੁੰਮ ਆਉਂਦੇ ਸਨ। ਦਿਲਜੋਤ ਦੇ ਬੱਚਿਆਂ ਦਾ ਵੀ ਹਰਵੰਤ ਹਰਮਨਪਿਆਰਾ ਅੰਕਲ ਬਣ ਗਿਆ।

ਹੌਲੀ -ਹੌਲੀ ਹਰਵੰਤ ਦੇ ਸਾਥ ਸਦਕਾ ਦਿਲਜੋਤ ਨੇ ਕਵਿਤਾਵਾਂ ਦੀ ਪੁਸਤਕ ਪ੍ਰਕਾਸ਼ਿਤ ਕਰਵਾਈ। ਕੁਲਬੀਰ ਨੇ ਆਪਣੀ ਪਤਨੀ ਦੀ ਪੁਸਤਕ ਰਿਲੀਜ਼ ਕਰਨ ਲਈ ਵੱਡਾ ਸਮਾਗਮ ਕੀਤਾ। ਜਿਸ ਵਿਚ ਸ਼ਹਿਰ ਦੇ ਵੱਡੇ-ਵੱਡੇ ਅਫ਼ਸਰ ਤੇ ਉਨ੍ਹਾਂ ਦੀਆਂ ਪਤਨੀਆਂ ਸ਼ਾਮਿਲ ਹੋਈਆਂ। ਸਾਰਿਆਂ ਨੇ ਦਿਲਜੋਤ ਦੀਆਂ ਕਵਿਤਾਵਾਂ ਦੀ ਬਹੁਤ ਪ੍ਰਸ਼ੰਸ਼ਾ ਕੀਤੀ। ਕੁਲਬੀਰ ਨੇ ਪੁਸਤਕ ਲਈ ਹਰਵੰਤ ਦਾ ਧੰਨਵਾਦ ਕੀਤਾ। ਹਰਵੰਤ ਦਿਲਜੋਤ ਨਾਲ ਕੁਝ ਦਿਨ ਬਾਹਰ ਇਕੱਠੇ ਬਿਤਾਉਣ ਲਈ ਉਸਦਾ ਨਾਂ ਬੰਗਲੌਰ ਹੋ ਰਹੇ ਪੰਜ ਭਾਸ਼ਾਵਾਂ ਦੇ ਕਵੀ ਦਰਬਾਰ ਵਿਚ ਸ਼ਾਮਿਲ ਕਰਵਾ ਦਿੰਦਾ ਹੈ। ਉੱਥੇ ਜਾ ਕੇ ਦਿਲਜੋਤ ਦੀ ਨੇੜਤਾ ਡਾ.ਪ੍ਰਕਾਸ਼ ਨਾਲ ਹੋ ਜਾਂਦੀ ਹੈ ਜੋ ਉਸ ਦੀ ਕਵਿਤਾ ਨੂੰ ਵਧੇਰੇ ਵਡਿਆਉਂਦਾ ਹੈ। ਫਿਰ ਵਾਪਸ ਆ ਕੇ ਦਿਲਜੋਤ ਹਰਵੰਤ ਨਾਲੋਂ ਦੂਰੀ ਵਧਾਉਣ ਲੱਗ ਜਾਂਦੀ ਹੈ ਅਤੇ ਡਾ.ਪ੍ਰਕਾਸ਼ ਨਾਲ ਮਿਲਦੀ ਰਹਿੰਦੀ ਹੈ ਪ੍ਰੰਤੂ ਹਰਵੰਤ ਦਾ ਦਿਲਜੋਤ ਦੇ ਬੱਚਿਆ ਨਾਲ ਰਿਸ਼ਤਾ ਬੜਾ ਗੂੜ੍ਹਾ ਹੁੰਦਾ ਹੈ ,ਜਦੋਂ ਉਸਦੀ ਧੀ ਸੁਰੁਚੀ ਨੂੰ ਪੀਲੀਆਂ ਹੋ ਜਾਂਦਾ ਹੈ ਤਾਂ ਉਹ ਹਸਪਤਾਲ ਵਿਚ ਆਪਣੇ ਪਿਆਰੇ ਅੰਕਲ ਹਰਵੰਤ ਨੂੰ ਚੇਤੇ ਕਰਦੀ ਹੈ । ਹਰਵੰਤ ਵੀ ਪਤਾ ਲੱਗਣ 'ਤੇ ਤੁਰੰਤ ਹਸਪਤਾਲ ਪੁੱਜ ਜਾਂਦਾ ਹੈ। ਫਿਰ ਇੱਕ ਦਿਨ ਹਰਵੰਤ ਚੰਡੀਗੜ੍ਹ ਆਉਂਦਾ ਹੈ ਤਾਂ ਕੁਲਬੀਰ ਨੂੰ ਫੋਨ ਕਰਕੇ ਘਰ ਆ ਜਾਂਦਾ



ਹੈ। ਸੁਰੁਚੀ ਨੇ ਫਾਈਨ ਆਰਟਸ ਦੀ ਵਰਕਸ਼ਾਪ ਲਈ ਲੁਧਿਆਣੇ ਜਾਣਾ ਹੁੰਦਾ ਹੈ। ਕੁਲਬੀਰ ਕਹਿੰਦਾ ਹੈ ਕਿ ਉਹ ਆਪਣੇ ਅੰਕਲ ਹਰਵੰਤ ਦੇ ਘਰੇ ਰੁੱਕ ਜਾਵੇਗੀ। ਹਰਵੰਤ ਵੀ ਹਾਮੀ ਭਰ ਦਿੰਦਾ ਹੈ ਪਰ ਦਿਲਜੋਤ ਡਰ ਜਾਂਦੀ ਹੈ ਕਿ ਕਿਤੇ ਉਹ ਉਸਦਾ ਬਦਲਾ ਉਸਦੀ ਧੀ ਤੋਂ ਨਾ ਲੈ ਲਵੇ। ਇਸ ਬੇਚੈਨੀ 'ਚ ਉਹ ਸਾਰੀ ਰਾਤ ਨਹੀਂ ਸੌਂਦੀ। ਅਗਲੇ ਦਿਨ ਉਹ ਹਰਵੰਤ ਨੂੰ ਸੁਰੁਚੀ ਦਾ ਧਿਆਨ ਰੱਖਣ ਲਈ ਕਹਿੰਦੀ ਹੈ ਤਾਂ ਅੱਗੋਂ ਹਰਵੰਤ ਉਸਨੂੰ ਭਰੋਸਾ ਦਿਵਾਉਂਦਾ ਹੈ ਕਿ ਸੁਰੁਚੀ ਮੇਰੀ ਧੀ ਏ, ਮੈਂ ਇਸ ਪਵਿੱਤਰ ਰਿਸ਼ਤੇ ਨੂੰ ਕਦੇ ਕਲੰਕਿਤ ਨਹੀਂ ਕਰਾਂਗਾ। ਇਹ ਸੁਣ ਕੇ ਦਿਲਜੋਤ ਉਸਦੇ ਪੈਰਾਂ 'ਤੇ ਡਿੱਗ ਜਾਂਦੀ ਹੈ । ਕਹਾਣੀਕਾਰ ਇਸ ਕਹਾਣੀ ਦਾ ਅੰਤ ਇੱਕ ਪ੍ਰਸ਼ਨ ਨਾਲ ਕਰਦਾ ਹੈ ਜਿਸ ਵਿਚ ਦਿਲਜੋਤ ਹਰਵੰਤ ਨੂੰ ਕਹਿੰਦੀ ਹੈ ਕਿ ਸਾਡੇ ਰਿਸ਼ਤੇ ਦਾ ਕੀ ਨਾਂ ਹੈ ? ਕਿਉਂਕਿ ਸਮਾਜ ਵਿਚ ਅਪ੍ਰਵਾਨਿਤ ਰਿਸ਼ਤਿਆਂ ਦੇ ਕੋਈ ਨਾਂ ਨਹੀਂ ਹੁੰਦੇ ਅਤੇ ਕਿਸੇ ਦੇ ਭਰੋਸੇ ਨੂੰ ਤੋੜ ਕੇ ਸਥਾਪਿਤ ਕੀਤੇ ਅਜਿਹੇ ਰਿਸ਼ਤਿਆਂ ਦੀ ਉਮਰ ਵੀ ਥੋੜ੍ਹੀ ਹੁੰਦੀ ਹੈ।

'ਤੂੰ ਓਥੇ ਦਾ ਓਥੇ' ਕਹਾਣੀ ਵਿਚ ਨਿਮਨ ਵਰਗ ਨਾਲ ਸੰਬੰਧਿਤ ਚੇਤ ਰਾਮ ਨੂੰ ਮਾਸਟਰ ਮੁਲਕ ਰਾਜ ਵਿਧਾਨ ਸਭਾ ਦੀਆਂ ਚੋਣਾਂ ਵਿਚ ਪੰਥਕ ਪਾਰਟੀ ਦੇ ਉਮੀਦਵਾਰ ਕੁਲਦੀਪ ਸਿੰਘ ਫਰਾਲਾ ਅਤੇ ਦੂਜੀ ਪਾਰਟੀ ਦੇ ਸਰਜੰਗ ਸਿੰਘ ਜਿਸ ਦਾ ਵਤੀਰਾ ਅੱਤਵਾਦ ਦੇ ਦਿਨਾਂ ਵਿਚ ਬਹੁਤ ਬੁਰਾ ਰਿਹਾ ਸੀ ,ਦੇ ਵਿਰੁੱਧ ਚੋਣ ਲੜਨ ਲਈ ਖੜ੍ਹਾ ਕਰਵਾ ਦਿੰਦਾ ਹੈ। ਚੇਤ ਰਾਮ ਨੂੰ ਵੀ ਲੱਗਦਾ ਹੈ ਕਿ ਸ਼ਾਇਦ ਉਹ ਚੋਣਾਂ ਵਿਚ ਖੜ੍ਹ ਕੇ ਕੁਲਦੀਪ ਸਿੰਘ ਫਰਾਲਾ ਦੇ ਪੁੱਤਰ ਦੁਆਰਾ ਉਸਦੀ ਧੀ ਨਾਲ ਕੀਤੀ ਵਧੀਕੀ ਦਾ ਬਦਲਾ ਲੈ ਸਕੇ। ਚੇਤ ਰਾਮ ਦੀ ਲੜਕੀ ਸੀਬੋ ਇੱਕ ਦਿਨ ਖੇਤਾਂ ਵਿਚੋਂ ਘਾਹ ਖੋਤਣ ਜਾਂਦੀ ਹੈ ਤਾਂ ਫਰਾਲੇ ਦੇ ਮੁੰਡੇ ਮੀਤੇ ਨੇ ਉਸਦੀ ਬਾਂਹ ਫੜ ਲਈ,ਉਹ ਮਸਾਂ ਬਾਂਹ ਛੁਡਾ ਕੇ ਭੱਜੀ। ਜਦੋਂ ਚੇਤ ਰਾਮ ਕੁਲਦੀਪ ਸਿੰਘ ਦੇ ਘਰ ਉਸਦੇ ਮੁੰਡੇ ਦੀ ਘਟੀਆਂ ਕਰਤੂਤ ਬਾਰੇ ਦੱਸਣ ਜਾਂਦਾ ਹੈ ਤਾਂ ਉਹ ਕਹਿੰਦਾ ਹੈ ਕਿ ਮਾੜੀ-ਮੋਟੀ ਛੇੜਖਾਨੀ ਤਾਂ ਚਲਦੀ ਰਹਿੰਦੀ ਹੈ ਤੂੰ ਆਪਣੀ ਕੁੜੀ ਨੂੰ ਸਮਝਾ ਜੇ ਰੱਖਿਆਂ ਕਰ ਐਵੇਂ ਹਿੜਹਿੜ ਕਰੀ ਜਾਂਦੀ ਹੈ। ਚੇਤ ਰਾਮ ਉਦੋਂ ਤੋਂ ਹੀ ਆਪਣੇ ਮਨ ਵਿਚ ਉਸ ਤੋਂ ਬਦਲਾ ਲੈਣ ਦੀ ਧਾਰ ਲੈਂਦਾ ਹੈ।

ਮਾਸਟਰ ਮੁਲਕ ਰਾਜ ਚਾਹੁੰਦਾ ਹੁੰਦਾ ਹੈ ਕਿ ਸਰਜੰਗ ਸਿੰਘ ਨਾ ਜਿੱਤੇ , ਇਸ ਲਈ ਉਹ ਉਸਦੀਆਂ ਵੋਟਾਂ ਤੋੜਨ ਲਈ ਚੇਤ ਰਾਮ ਨੂੰ ਆਜ਼ਾਦ ਉਮੀਦਵਾਰ ਵਜੋਂ ਖੜ੍ਹਾ ਕਰਦਾ ਹੈ। ਸਰਜੰਗ ਸਿੰਘ ਨੇ ਤਾਂ ਵੀਹ ਹਜ਼ਾਰ ਰੁਪਏ ਚੇਤ ਰਾਮ ਨੂੰ ਵੀ ਦੇਣ ਦੀ ਪੇਸ਼ਕਸ਼ ਕੀਤੀ ਪ੍ਰੰਤੂ ਚੇਤ ਰਾਮ ਕੁਲਦੀਪ ਸਿੰਘ ਫਰਾਲਾ ਤੋਂ ਆਪਣਾ ਬਦਲਾ ਲੈਣ ਦਾ ਇਹ ਮੌਕਾ ਆਪਣੇ ਹੱਥੋਂ ਨਹੀਂ ਸੀ ਗੁਆਉਣਾ ਚਾਹੁੰਦਾ। ਇਸ ਲਈ ਉਹ ਸਰਜੰਗ ਨੂੰ ਨਾਂ ਵਾਪਸ ਲੈਣ ਤੋਂ ਇਨਕਾਰ ਕਰ ਦਿੰਦਾ ਹੈ। ਚੇਤ ਰਾਮ ਗਰੀਬ ਹੋਣ ਕਾਰਨ ਲੋਕਾਂ ਨੂੰ ਖੁਸ਼ ਨਾ ਕਰ ਸਕਿਆ। ਕੁਲਦੀਪ ਸਿੰਘ ਫਰਾਲਾ ਅਤੇ ਸਰਜੰਗ ਸਿੰਘ ਨੇ ਪੈਸੇ ਅਤੇ ਸ਼ਰਾਬ ਨਾਲ ਵੋਟਾਂ ਖਰੀਦੀਆਂ। ਵੋਟਾਂ ਦਾ ਨਤੀਜਾ ਚੇਤ ਰਾਮ ਦੀ ਰੀਝ ਤੋਂ ਬਿਲਕੁਲ ਅਲੱਗ ਆਉਂਦਾ ਹੈ,ਕੁਲਦੀਪ ਸਿੰਘ ਫਰਾਲਾ ਜਿੱਤ ਜਾਂਦਾ ਹੈ ਕਿਉਂਕਿ ਸਰਜੰਗ ਸਿੰਘ ਦੀਆਂ ਵੋਟਾਂ ਚੇਤ ਰਾਮ ਦੇ ਖੜ੍ਹਨ ਨਾਲ ਟੁੱਟ ਜਾਂਦੀਆਂ ਹਨ। ਮਾਸਟਰ ਮੁਲਕ ਰਾਜ ਤਾਂ ਆਪਣੀ ਯੋਜਨਾ ਵਿਚ ਸਫ਼ਲ ਹੋ ਜਾਂਦਾ ਹੈ ਪ੍ਰੰਤੂ ਚੇਤ ਰਾਮ ਦੀਆਂ ਕੁਲਦੀਪ ਸਿੰਘ ਫਰਾਲਾ ਨੂੰ ਹਰਾਉਣ ਦੀਆਂ ਸੱਧਰਾਂ ਮਨ ਵਿਚ ਹੀ ਰਹਿ ਜਾਂਦੀਆਂ ਹਨ। ਕਹਾਣੀਕਾਰ ਨੇ ਇਸ ਕਹਾਣੀ ਰਾਹੀਂ ਰਾਜਨੀਤਿਕ ਹਾਲਾਤਾਂ ਨੂੰ ਵੀ ਦ੍ਰਿਸ਼ਟੀਗੋਚਰ ਕੀਤਾ ਹੈ, ਜਿਸ ਵਿਚ ਦੋ ਮੁੱਖ ਪਾਰਟੀਆਂ ਵਿਚੋਂ ਹੀ ਕੋਈ ਇੱਕ ਪਾਰਟੀ ਪੈਸੇ ਅਤੇ

ਸ਼ਰਾਬ ਵੰਡਣ ਦੇ ਜ਼ੋਰ ਨਾਲ ਵੋਟਾਂ ਖਰੀਦ ਕੇ ਜਿੱਤ ਪ੍ਰਾਪਤ ਕਰ ਲੈਂਦੀ ਹੈ ਭਾਵੇਂ ਉਨ੍ਹਾਂ ਦਾ ਉਮੀਦਵਾਰ ਕਿੰਨਾ ਵੀ ਭ੍ਰਿਸ਼ਟ ਤੇ ਅੱਤਿਆਚਾਰੀ ਵਿਅਕਤੀ ਹੀ ਕਿਉਂ ਨਾ ਹੋਵੇ।

ਪੁਸਤਕ ਦੇ ਸਿਰਲੇਖ ਵਾਲੀ ਕਹਾਣੀ 'ਪੂਰਨ ਅਪੂਰਨ' ਵਿਚ ਪਤਨੀ ਦੀ ਜ਼ਿੰਦਗੀ ਵਿਚ ਪਤੀ ਦੀ ਅਹਿਮੀਅਤ ਦਾ ਬਿਰਤਾਂਤ ਪੇਸ਼ ਹੋਇਆ ਹੈ। ਪਤੀ ਭਾਵੇਂ ਜਿਹੋ-ਜਿਹਾ ਮਰਜ਼ੀ ਹੋਵੇ ਪ੍ਰੰਤੂ ਜਦੋਂ ਤੱਕ ਉਸ ਦਾ ਸਾਇਆ ਪਤਨੀ ਦੇ ਸਿਰ 'ਤੇ ਹੁੰਦਾ ਹੈ , ਪਤਨੀ ਆਜ਼ਾਦ ਹੁੰਦੀ ਹੈ ਅਤੇ ਉਸਨੂੰ ਸਮਾਜ ਦੀਆਂ ਗੰਦੀਆਂ ਨਜ਼ਰਾਂ ਦਾ ਸ਼ਿਕਾਰ ਨਹੀਂ ਹੋਣਾ ਪੈਂਦਾ। ਕਹਾਣੀ ਵਿਚ ਅਸੀਂ ਦੇਖਦੇ ਹਾਂ ਕਿ ਬਿੰਦੀ (ਬਲਵਿੰਦਰ) ਗਜ਼ਟਿਡ ਪੋਸਟ 'ਤੇ ਤਇਨਾਤ ਹੈ ਅਤੇ ਉਸਦਾ ਪਤੀ ਬੈਂਕ ਵਿਚ ਨੌਕਰੀ ਕਰਦਾ ਹੈ। ਉਹ ਗੱਲ-ਗੱਲ 'ਤੇ ਬਿੰਦੀ ਨੂੰ ਗਾਲਾਂ ਕੱਢਦਾ ਰਹਿੰਦਾ ਹੈ ਅਤੇ ਉਸਨੂੰ ਅਹਿਸਾਸ ਕਰਵਾਉਂਦਾ ਹੈ ਕਿ ਪਤਨੀ ਭਾਵੇਂ ਜਿੰਨੀ ਮਰਜ਼ੀ ਵੱਡੀ ਨੌਕਰੀ ਕਰਦੀ ਹੋਵੇ ਉਹ ਆਦਮੀ ਤੋਂ ਨੀਵੀਂ ਹੀ ਹੁੰਦੀ ਹੈ। ਬਿੰਦੀ ਨੂੰ ਉਸਦੇ ਵਰਤਾਓ 'ਤੇ ਖਿੱਝ ਆਉਂਦੀ ਸੀ। ਉਹ ਪਿਆਰ ਦੀ ਭੁੱਖੀ ਸੀ ਜੋ ਉਸਨੂੰ ਪਤੀ ਕੋਲੋਂ ਨਹੀਂ ਸਗੋਂ ਪੂਰਨ ਕੋਲੋਂ ਮਿਲਦਾ ਹੈ। ਉਹ ਪੂਰਨ ਨੂੰ ਕਹਿੰਦੀ ਹੈ ਕਿ, "ਤੂੰ ਮੇਰਾ ਪਿਆਰ ਏਂ,ਜ਼ਿੰਦਗੀ 'ਚ ਸਭ ਤੋਂ ਪਹਿਲਾ ਮਰਦ ਜਿਸਨੂੰ ਮੈਂ ਟੁੱਟ ਕੇ ਮੁਹੱਬਤ ਕੀਤੀ ਹੈ। ਤੈਨੂੰ ਪਤੈ ਪੂਰਨ,ਔਰਤ ਜ਼ਿੰਦਗੀ 'ਚ ਸਿਰਫ ਇਕੋ ਮਰਦ ਨੂੰ ਪਿਆਰ ਕਰਦੀ ਹੈ,ਉਹ ਭਾਵੇਂ ਕਿਸੇ ਵੀ ਉਮਰ 'ਚ ਮਿਲ ਜਾਏ।"[4]

ਬਿੰਦੀ ਅਤੇ ਪੂਰਨ ਪਤੀ-ਪਤਨੀ ਵਾਂਗ ਕਦੇ ਸੋਲਨ ,ਕਦੇ ਚੰਡੀਗੜ੍ਹ ਤੇ ਕਦੇ ਰੋਪੜ ਇਕੱਠੇ ਰਹਿੰਦੇ ਸਨ। ਇਸ ਤਰ੍ਹਾਂ ਉਹ ਦਸ ਸਾਲ ਰਹਿੰਦੇ ਰਹੇ ਪ੍ਰੰਤੂ ਫਿਰ ਇੱਕ ਦਿਨ ਬਿੰਦੀ ਦਾ ਪਤੀ ਗੰਭੀਰ ਹਾਦਸੇ ਦਾ ਸ਼ਿਕਾਰ ਹੋ ਜਾਂਦਾ ਹੈ ਅਤੇ ਕੁਝ ਦਿਨ ਕੋਮਾ ਵਿਚ ਰਹਿਣ ਉਪਰੰਤ ਉਸਦਾ ਦੇਹਾਂਤ ਹੋ ਜਾਂਦਾ ਹੈ। ਫਿਰ ਇੱਕ ਸਾਲ ਬਾਅਦ ਜਦੋਂ ਪੂਰਨ ਉਸਨੂੰ ਘਰ ਮਿਲਣ ਆਉਂਦਾ ਹੈ ਤੇ ਉਸਦੇ ਪਤੀ ਬਾਰੇ ਗੱਲ ਕਰਨ ਲੱਗਦਾ ਹੈ ਤਾਂ ਬਿੰਦੀ ਉਸਨੂੰ ਰੋਕ ਕੇ ਕਹਿੰਦੀ ਹੈ ਕਿ, "ਮੇਰੇ ਬੱਚਿਆਂ ਦਾ ਪਿਓ ਸੀ, ਮੇਰਾ ਪਤੀ ਸੀ ਉਹ। ਬੇਸ਼ੱਕ ਮਾਰਦਾ-ਕੁੱਟਦਾ ਸੀ, ਸ਼ੱਕ ਕਰਦਾ ਸੀ ਹਰ ਵੇਲੇ, ਕਰਦਾ ਵੀ ਕਿਉਂ ਨਾ , ਉਸਦੀ ਪਤਨੀ ਖ਼ੂਬਸੂਰਤ ਸੀ, ਜਵਾਨ ਸੀ, ਰੁਤਬੇ 'ਤੇ ਸੀ। ਉਸਨੂੰ ਇਹੀ ਡਰ ਲੱਗਾ ਰਹਿੰਦਾ ਸੀ ਕਿ ਮੇਰੀ ਪਤਨੀ ਕਿਧਰੇ ਮੇਰੇ ਹੱਥੋਂ ਨਾ ਨਿਲਕ ਜਾਏ। ਪਿਆਰ ਕਰਦਾ ਸੀ,ਪਰ ਮੂੰਹੋਂ ਨਹੀਂ ਸੀ ਕਹਿੰਦਾ ਮੈਂ ਉੱਡਦੀ -ਫਿਰਦੀ ਸਾਂ, ਪਤੀ ਦੇ ਸਿਰ 'ਤੇ ਨਾ ਫ਼ਿਕਰ ਨਾ ਫਾਕਾ।"[5]

ਪੂਰਨ ਬਿੰਦੀ ਨੂੰ ਕਹਿੰਦਾ ਹੈ ਕਿ ਉਹ ਰਾਤ ਉਸ ਕੋਲ ਹੀ ਰਹੇਗਾ ਪਰ ਬਿੰਦੀ ਕਹਿੰਦੀ ਹੈ ਕਿ ਨਹੀਂ ਆਂਢ-ਗੁਆਂਢ ਹਮੇਸ਼ਾਂ ਮੇਰੇ 'ਤੇ ਅੱਖ ਰੱਖਦਾ ਹੈ ਕਿ ਮੈਂ ਕਿੱਥੇ ਜਾਂਦੀ ਹਾਂ ,ਕਿੱਥੋਂ ਆਉਂਦੀ ਹਾਂ ਅਤੇ ਕੌਣ ਮੇਰੇ ਘਰ ਆਉਂਦਾ ਹੈ । ਇਸ ਲਈ ਤੂੰ ਮੁੜ ਕੇ ਮੇਰੇ ਘਰ ਨਾ ਆਵੀਂ ਜਦਕਿ ਪੂਰਨ ਇਹ ਸੋਚ ਕੇ ਬਿੰਦੀ ਨੂੰ ਮਿਲਣ ਆਉਂਦਾ ਹੈ ਕਿ ਬਿੰਦੀ ਇਕੱਲੀ ਘਰ ਰਹਿੰਦੀ ਹੈ ,ਹੁਣ ਉਸਨੂੰ ਮੇਰੇ ਨਾਲ ਮਿਲਣ ਤੋਂ ਰੋਕਣ ਵਾਲਾ ਕੋਈ ਨਹੀਂ ਪ੍ਰੰਤੂ ਬਿੰਦੀ ਸਮਾਜਿਕ ਮਰਿਯਾਦਾ ਦੀ ਪਾਲਣਾ ਕਰਦੀ ਹੋਈ ਉਸਨੂੰ ਦੁਬਾਰਾ ਕਦੇ ਨਾ ਆਉਣ ਬਾਰੇ ਕਹਿੰਦੀ ਹੈ।

'ਭਾਗਵੰਤੀ' ਕਹਾਣੀ ਵਿਚ ਅਜਿਹੀ ਔਰਤ ਦਾ ਬਿਰਤਾਂਤ ਪੇਸ਼ ਹੋਇਆ ਹੈ ਜੋ ਪਤੀ ਦਾ ਮੂੰਹ ਦੇਖਿਆਂ ਬਿਨਾਂ ਹੀ ਦੋ ਪੁੱਤਰਾਂ ਦੀ ਮਾਂ ਬਣ ਜਾਂਦੀ ਹੈ। ਭਾਗਵੰਤੀ ਦਾ ਵਿਆਹ ਛੋਟੀ ਉਮਰ ਵਿਚ ਹੀ ਕਿਸ਼ਨੇ ਨਾਲ ਹੋ ਜਾਂਦਾ ਹੈ। ਵਿਆਹ ਤੋਂ ਛੇ ਮਹੀਨੇ ਬਾਅਦ ਉਸਦਾ ਮੁਕਲਾਬਾ ਹੁੰਦਾ ਹੈ। ਕਿਸ਼ਨਾ ਹਮੇਸ਼ਾਂ ਉਸਨੂੰ ਰਾਤ ਦੇ ਹਨੇਰੇ ਵਿਚ ਹੀ ਮਿਲਦਾ ਹੈ। ਉਹ ਭਾਗਵੰਤੀ ਨਾਲ ਸਰੀਰਕ ਸੰਬੰਧ ਤਾਂ ਬਣਾ ਲੈਂਦਾ ਹੈ ਪਰ ਦੋਵਾਂ ਨੇ ਇੱਕ-ਦੂਜੇ ਨੂੰ ਦੇਖਿਆਂ ਨਹੀਂ ਹੁੰਦਾ:



ਭਾਗਵੰਤੀ ਨੇ ਕਦੇ ਕਿਸ਼ਨੇ ਨੂੰ ਕਿਸੇ ਚੀਜ਼ ਦੀ ਲੋੜ ਲਈ ਨਹੀਂ ਆਖਿਆ। ਕਿਸ਼ਨੇ ਨੇ ਵੀ ਕਦੇ ਭਾਗਵੰਤੀ ਦੀ ਇੱਛਾ ਨਹੀਂ ਪੁੱਛੀ। ਨਾ ਖਾਣ ਦੀ ਨਾ ਪਹਿਨਣ ਦੀ। ਸਾਰਾ ਦਿਨ ਡੰਗਰਾਂ ਦੇ ਸੰਗਲ ਖਿੱਚਣ ਵਾਲਾ ਕਿਸ਼ਨਾ ਰਾਤ ਨੂੰ ਭਾਗਵੰਤੀ ਨੂੰ ਵੀ ਡੰਗਰ ਹੀ ਸਮਝਦਾ। ਕਈ ਵਾਰ ਤਾਂ ਇੰਝ ਲੱਗਦਾ ਕਿ ਭਾਗਵੰਤੀ ਇਸ ਘਰ ਵਿਚ ਹੈ ਹੀ ਨਹੀਂ।[6]

ਢਲਦੀ ਉਮਰ 'ਚ ਜਦੋਂ ਕਿਸ਼ਨਾ ਅਤੇ ਭਾਗਵੰਤੀ ਇਕੱਠੇ ਬਾਬੇ ਦੇ ਫੁੱਲ ਤਾਰਨ ਹਰਿਦੁਆਰ ਜਾਂਦੇ ਹਨ ਤਾਂ ਉਹ ਪਹਿਲੀ ਇੱਕ ਦੂਜੇ ਨੂੰ ਦੇਖਦੇ ਹਨ। ਕੱਪੜਿਆਂ ਸਮੇਤ ਨਹਾ ਕੇ ਆਈ ਭਾਗਵੰਤੀ ਨੂੰ ਦੇਖ ਕੇ ਕਿਸ਼ਨੇ ਨੂੰ ਪਹਿਲੀ ਵਾਰ ਅਹਿਸਾਸ ਹੁੰਦਾ ਹੈ ਕਿ ਉਸਦੀ ਪਤਨੀ ਕਿੰਨੀ ਸੋਹਣੀ ਹੈ, ਉਸ ਦੀਆਂ ਸੱਧਰਾਂ ਦੀ ਉਸ ਨੇ ਕਦੇ ਕਦਰ ਹੀ ਨਹੀਂ ਕੀਤੀ। ਫਿਰ ਉਹ ਭਾਗਵੰਤੀ ਨੂੰ ਬਾਜ਼ਾਰ ਲੈ ਕੇ ਜਾਂਦਾ ਹੈ ਅਤੇ ਉਸਨੂੰ ਮਨਪਸੰਦ ਚੀਜ਼ਾਂ ਖਰੀਦਣ ਲਈ ਕਹਿੰਦਾ ਹੈ। ਭਾਗਵੰਤੀ ਆਪਣੇ ਲਈ ਚੂੜੀਆਂ , ਸੁਰਮਾ ਅਤੇ ਹੋਰ ਹਾਰ-ਸ਼ਿੰਗਾਰ ਦਾ ਸਾਮਾਨ ਲੈ ਲੈਂਦੀ ਹੈ। ਰਾਤ ਨੂੰ ਉਹ ਇੱਕ ਹੋਟਲ ਵਿਚ ਠਹਿਰਦੇ ਹਨ। ਰਾਤ ਨੂੰ ਭਾਗਵੰਤੀ ਨਵੀਂ ਵਿਆਹੀ ਦੁਲਹਨ ਵਾਂਗ ਸੱਜ ਕੇ ਕਿਸ਼ਨੇ ਨਾਲ ਆਪਣੇ ਮਨ ਦੀਆਂ ਸੱਧਰਾਂ ਪੂਰੀਆਂ ਕਰਦੀ ਹੈ। ਭਾਗਵੰਤੀ ਨੂੰ ਲੱਗਦਾ ਹੈ ਕਿ ਜਿਵੇਂ ਉਸ ਨੇ ਘਰ ਤੋਂ ਬਾਹਰ ਬਿਤਾਈ ਇਸ ਰਾਤ ਵਿਚ ਹੀ ਪੂਰੀ ਜ਼ਿੰਦਗੀ ਦਾ ਸੁੱਖ ਪ੍ਰਾਪਤ ਕਰ ਲਿਆ ਹੈ।

ਉਪਰੋਕਤ ਸਾਰੀ ਚਰਚਾ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਕੁਲਦੀਪ ਸਿੰਘ ਬੇਦੀ ਇੱਕ ਸੰਵੇਦਨਸ਼ੀਲ ਕਹਾਣੀਕਾਰ ਹੈ। ਉਨ੍ਹਾਂ ਨੇ ਆਪਣੀਆਂ ਕਹਾਣੀਆਂ ਵਿਚ ਮਨੁੱਖ ਦੀਆਂ ਮਾਨਸਿਕ ਸੱਧਰਾਂ ਨੂੰ ਮੂਰਤੀਮਾਨ ਕੀਤਾ ਹੈ, ਜਿਨ੍ਹਾਂ ਦੀ ਪੂਰਤੀ ਕਰਨ ਲਈ ਕਈ ਵਾਰ ਸਮਾਜਿਕ ਮਰਿਯਾਦਾ ਬੰਧਨ ਬਣਦੀ ਹੈ। ਉਨ੍ਹਾਂ ਦੀਆਂ ਕਹਾਣੀਆਂ ਦੀਆਂ ਮੁੱਖ ਪਾਤਰ ਜ਼ਿਆਦਾਤਰ ਉਹ ਔਰਤਾਂ ਹਨ ਜਿਨ੍ਹਾਂ ਨੂੰ ਆਪਣੇ ਪਤੀਆਂ ਦੀਆਂ ਵਧੀਕੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਉਹ ਆਪਣੀਆਂ ਸੱਧਰਾਂ ਪੂਰੀਆਂ ਕਰਨ ਲਈ ਗੈਰ ਮਰਦਾਂ ਨਾਲ ਸੰਬੰਧ ਸਥਾਪਿਤ ਕਰਦੀਆਂ ਹਨ।

ਹਵਾਲੇ ਅਤੇ ਟਿੱਪਣੀਆਂ

1.ਕੁਲਦੀਪ ਸਿੰਘ ਬੇਦੀ, ਪੂਰਨ ਅਪੂਰਨ, ਕੈਲੀਬਰ ਪਬਲੀਕੇਸ਼ਨਜ਼, ਪਟਿਆਲਾ, 2020, ਭੂਮਿਕਾ

2.ਉਹੀ, ਪੰਨਾ-21

3.ਉਹੀ, ਪੰਨੇ . 40-41

4.ਉਹੀ, ਪੰਨਾ-83

5.ਉਹੀ, ਪੰਨਾ-89

6.ਉਹੀ, ਪੰਨਾ-93

ਸਹਾਇਕ ਪ੍ਰੋਫ਼ੈਸਰ ਪੰਜਾਬੀ
ਸ੍ਰੀ ਗੁਰੂ ਤੇਗ਼ ਬਹਾਦਰ ਖ਼ਾਲਸਾ ਕਾਲਜ,
ਸ੍ਰੀ ਅਨੰਦਪੁਰ ਸਾਹਿਬ।

# ਗੁਰਮੀਤ ਕੜਿਆਲਵੀ ਦੀ ਬਿਰਤਾਂਤ ਦ੍ਰਿਸ਼ਟੀ
## (ਹਾਰੀਂ ਨਾ ਬਚਨਿਆ ਦੇ ਸੰਦਰਭ 'ਚ)

**-ਡਾ. ਮਿਨਾਕਸ਼ੀ ਰਾਠੌਰ**

ਬਿਰਤਾਂਤ ਦ੍ਰਿਸ਼ਟੀ ਸਾਧਾਰਨ ਅਰਥਾਂ ਵਿਚ ਕਹਾਣੀ ਬਿਆਨੇ ਜਾਣ ਦੇ ਪੈਂਤੜੇ ਦਾ ਨਾਮ ਹੈ।ਬਿਰਤਾਂਤ ਦ੍ਰਿਸ਼ਟੀ ਅਧੀਨ ਆ ਜਾਂਦਾ ਹੈ ਕਿ ਪਾਠਕ ਤੱਕ ਕਹਾਣੀ ਪਹੁੰਚਾਉਣ ਲਈ ਬਿਰਤਾਂਤਕਾਰ ਕਿਹੜਾ ਚੈਨਲ ਵਰਤਦਾ ਹੈ।ਉਹ ਕਹਾਣੀ ਕਿਸ ਪੈਂਤੜੇ ਤੋਂ ਬਿਆਨਦਾ ਹੈ- ਬਾਹਰੋਂ , ਕੇਂਦਰ ਤੋਂ ਜਾਂ ਸਾਹਮਣੇ ਤੋਂ ਆਦਿ।ਬਿਰਤਾਂਤ ਦ੍ਰਿਸ਼ਟੀ ਜੁਗਤ ਨਾਲੋਂ ਬਹੁਤ ਵਡੇਰੀ ਤੇ ਵਿਸ਼ਾਲ ਹੈ।ਕਿਸੇ ਬਿਰਤਾਂਤਕ ਰਚਨਾ ਵਿਚ ਵਰਤੀਆਂ ਗਈਆਂ ਸਾਰੀਆਂ ਜੁਗਤਾਂ ਹੀ ਬਿਰਤਾਂਤ ਦ੍ਰਿਸ਼ਟੀ ਅਧੀਨ ਆ ਜਾਂਦੀਆਂ ਹਨ।ਬਿਰਤਾਂਤ ਮਾਨਵੀ ਸੋਚ ਦਾ ਮੂਲ ਆਧਾਰ ਹੈ।ਜਿਸ ਰਾਹੀਂ ਮਾਨਵੀ ਅਨੁਭਵ ਦੇ ਵਿਕੋਲਿਤਰੇ ਗਿਆਨ ਅਨੁਸ਼ਾਸਨਾਂ ਦਾ ਪ੍ਰਗਟਾਅ ਵੀ ਹੁੰਦਾ ਹੈ।ਜਿਸ ਰਾਹੀਂ ਮਨੁੱਖ ਬਿਰਤਾਂਤ ਦਾ ਸੰਚਾਲਕ ਹੀ ਨਹੀਂ ਸਗੋਂ ਸਿਰਜਕ ਬਣਦਾ ਹੈ।ਬਿਰਤਾਂਤ ਦੇ ਨਿਯਮਾਂ ਅਧੀਨ ਹੀ ਮਾਨਵ ਆਪਣੀ ਅਸਤਿਤੱਵੀ ਹੋਂਦ ਨੂੰ ਸਾਰਥਕ ਬਣਾਉਣ ਲਈ ਪ੍ਰਯਤਨਸ਼ੀਲ ਰਿਹਾ ਹੈ।ਮਨੁੱਖ ਨੇ ਜੰਗਲੀ ਜੀਵਨ ਤੋਂ ਲੈ ਕੇ ਸੱਭਿਅਤਾ ਦੇ ਵਿਕਾਸ ਤੱਕ ਭਾਵ ਕਿ ਮੁੱਢ ਕਦੀਮ ਤੋਂ ਹੀ ਜਿੰਨੀਆਂ ਵੀ ਖ਼ੋਜਾਂ ਕੀਤੀਆਂ ਹਨ, ਉਹਨਾਂ ਪਿੱਛੇ ਅਚੇਤ ਤੇ ਸੁਚੇਤ ਰੂਪ ਵਿਚ ਬਿਰਤਾਂਤਕੀ ਚੇਤਨਾ ਹੀ ਕੰਮ ਕਰਦੀ ਹੈ।ਹਰ ਇਕ ਕਾਲ ਵਿਚ ਪ੍ਰਕ੍ਰਿਤੀ ਤੇ ਮਾਨਵ ਵਿਚਲੇ ਤਣਾਵਾਂ ਨੂੰ ਵੀ ਬਿਰਤਾਂਤ ਦੇ ਪ੍ਰਸੰਗਾਂ ਰਾਹੀਂ ਹੀ ਨਜਿੱਠਿਆ ਜਾਂਦਾ ਰਿਹਾ ਹੈ।ਇਸੇ ਲਈ ਰੋਲਾਂ ਬਾਰਤ ਨੇ ਬਿਰਤਾਂਤ ਦੀ ਹੋਂਦ ਨੂੰ ਅਨੇਕਾਂ ਵਰਤਾਰਿਆ ਵਿਚ ਸਵੀਕ੍ਰਿਤ ਕੀਤਾ ਹੈ।ਬਿਰਤਾਂਤ ਕਿਸੇ ਵੀ ਤਰ੍ਹਾਂ ਦੇ ਪ੍ਰਵਚਨ ਦੀ ਪੇਸ਼ਕਾਰੀ ਚਿਹਨਾਂ ਰਾਹੀਂ ਕਰਦਾ ਹੈ।ਇਸੇ ਲਈ ਸੰਰਚਨਾਵਾਦੀ ਚਿੰਤਕਾਂ ਨੇ ਬਿਰਤਾਂਤ ਨੂੰ ਇਕ ਚਿਹਨਕੀ ਪ੍ਰਕ੍ਰਿਆ ਮੰਨਿਆ ਹੈ।ਸੰਰਚਨਾਵਾਦੀ ਬਿਰਤਾਂਤਸ਼ਾਸਤਰੀਆਂ ਨੇ ਬਿਰਤਾਂਤ ਦੀ ਹੋਂਦਵਿਧੀ ਦਾ ਚੌਖ਼ਟਾ ਭਾਸ਼ਾਈ ਸੰਰਚਨਾ ਨਾਲ ਸੰਬੰਧਤ ਸੰਕਲਪਾਂ ਤੋਂ ਦ੍ਰਿਸ਼ਟੀ ਗ੍ਰਹਿਣ ਕਰਕੇ ਹੀ ਤਿਆਰ ਕੀਤਾ ਹੈ।ਜਿਸ ਅਧੀਨ ਬਿਰਤਾਂਤਕੀ ਪਾਠ ਦੀ ਹੋਂਦ- ਵਿਧੀ ਨੂੰ ਪ੍ਰਗਟਾਅ ਦੀ ਸੰਰਚਨਾ ,ਅਰਥ ਉਤਪਾਦਨ ਅਤੇ ਬਿਰਤਾਂਤਕੀ ਪ੍ਰਵਚਨ ਆਦਿ ਨੁਕਤਿਆਂ ਤੋਂ ਪਰਿਭਾਸ਼ਤ ਕਰਨ ਦਾ ਪ੍ਰਯਤਨ ਰਿਹਾ ਹੈ।ਵਾਸਤਵ ਵਿਚ ਕੋਈ ਵੀ ਬਿਰਤਾਂਤਕੀ -ਪਾਠ ਕੇਵਲ ਘਟਨਾਵਾਂ ਦਾ ਕ੍ਰਮਕ ਵਰਤਾਰਾ ਨਹੀਂ ਹੁੰਦਾ ਸਗੋਂ ਚਿਹਨਾਤਮਕ ਪ੍ਰਕ੍ਰਿਆ ਹੈ ਭਾਵ ਕਿ ਬਿਰਤਾਂਤ ਉਹ ਨਹੀਂ ਹੁੰਦਾ ਜੋ ਨਜ਼ਰ ਆ ਰਿਹਾ ਹੁੰਦਾ ਹੈ ਸਗੋਂ ਇਹ ਇਕ ਚਿਹਨਕੀ ਪ੍ਰਕ੍ਰਿਆ ਹੈ।ਜਿਸ ਨੂੰ ਬਿਰਤਾਂਤਕਾਰ ਪਲਾਟ ਦੀ ਮੱਦਦ ਰਾਹੀਂ ਇਕ ਮਿੱਥੀ ਗਈ ਯੋਜਨਾ ਰਾਹੀਂ ਅਰਥ ਪ੍ਰਦਾਨ ਕਰਦਾ ਹੈ।ਕਿਉਂਕਿ ਜਿੰਨਾ ਚਿਰ ਮਿੱਥੀ ਗਈ ਯੋਜਨਾ ਹੋਂਦ ਵਿਚ ਨਾ ਆਵੇ ਘਟਨਾਵਾਂ ਕੋਈ ਅਰਥ ਗ੍ਰਹਿਣ ਨਹੀਂ ਕਰਦੀਆਂ।ਜਿਸ ਦੇ ਲਈ ਬਿਰਤਾਂਤਕਾਰ ਵੱਖੋ ਵੱਖਰੀਆਂ ਬਿਰਤਾਂਤਕੀ ਜੁਗਤਾਂ ਨੂੰ ਅਪਣਾਉਂਦਾ ਹੈ।ਉਹਨਾਂ ਜੁਗਤਾਂ ਪਿੱਛੇ ਕਾਰਜਸ਼ੀਲ ਨੇਮ- ਪ੍ਰਬੰਧ ਦੀ ਨਿਸ਼ਾਨਦੇਹੀ ਕਰਨਾ ਹੀ ਬਿਰਤਾਂਤਸ਼ਾਸਤਰ ਹੈ।

20ਵੀਂ ਸਦੀ ਦੇ ਅੰਤ ਤੇ 21ਵੀਂ ਸਦੀ ਦੇ ਸ਼ੁਰੂਆਤੀ ਦੌਰ ਵਿਚ ਅਨੇਕਾਂ ਹੀ ਕਹਾਣੀਕਾਰ ਉੱਭਰਵੇਂ ਰੂਪ ਵਿਚ ਸਾਡੇ ਸਾਹਮਣੇ ਆਉਂਦੇ ਹਨ।ਜੋ ਆਪਣੀ ਵਿਲੱਖਣ ਰਚਨਾ ਦ੍ਰਿਸ਼ਟੀ, ਵਸਤੂ ਯਥਾਰਥ ਦੇ ਪ੍ਰਤੱਖਣ ਅਤੇ ਪੇਸ਼ਕਾਰੀ ਸਦਕਾ ਆਪਣੇ ਤੋਂ ਪੂਰਵਲੇ ਕਹਾਣੀਕਾਰਾਂ ਤੋਂ ਨਿਵੇਕਲੇ ਹਨ।ਅਨੁਭਵ ਦੇ ਨਵੇਂ ਚਿੰਤਨਮਈ ਪਾਸਾਰ ਤੇ ਪੈਮਾਨੇ ਅਧੀਨ ਇਹ ਕਹਾਣੀਕਾਰ ਆਪਣੇ ਤੋਂ ਪਹਿਲੀ ਪੀੜ੍ਹੀ ਦੇ ਕਹਾਣੀਕਾਰਾਂ ਨਾਲੋਂ ਵਿੱਥ ਸਿਰਜਦੇ ਹਨ।ਜਿਸ ਦੇ ਵਿਚ ਨਾਰੀਵਾਦ, ਦਲਿਤ,



ਪਰਵਾਸ, ਪੂੰਜੀਵਾਦ, ਪਦਾਰਥਕ ਕਦਰਾਂ ਕੀਮਤਾਂ ਦਾ ਦਖ਼ਲ, ਮਾਨਵੀ ਰਿਸ਼ਤਿਆਂ ਦਾ ਮਕਾਨੀਕਲ, ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਪੰਜਾਬੀਆਂ ਦੇ ਬਦਲਦੇ ਜੀਵਨ ਪ੍ਰਤਿਮਾਨ ਅਨੇਕਾਂ ਹੀ ਅਜਿਹੇ ਮਸਲੇ ਹਨ, ਜਿਹਨਾ ਨੂੰ 21ਵੀਂ ਸਦੀ ਦੀ ਕਹਾਣੀ ਨੇ ਚੁਣੌਤੀ ਵਜੋਂ ਸਵੀਕਾਰਦਿਆਂ ਆਪਣੀ ਕਲਾਤਮਕ ਸਮਰੱਥਾ ਦਾ ਪ੍ਰਗਟਾਵਾ ਸਭ ਤੋਂ ਵਧੇਰੇ ਕੀਤਾ ਹੈ।ਇਸ ਪੜਾਅ ਦੀ ਪੰਜਾਬੀ ਕਹਾਣੀ ਦੀ ਉਮਰ ਭਾਵੇਂ ਦੋ ਢਾਈ ਦਹਾਕੇ ਦੀ ਹੀ ਹੋਈ ਹੈ।ਪਰ ਗੁਣਾਤਮਕ ਪੱਖ ਤੋਂ ਇਸ ਵਿਚ ਢੇਰ ਪਰਿਵਰਤਨ ਆਇਆ ਹੈ।ਜਿਸ ਵਿਚ ਅਨੇਕਾਂ ਕਿਸਮ ਦੀਆਂ ਸਮਰੱਥਾਵਾਂ ਤੇ ਸੰਭਾਵਨਾਵਾਂ ਵੀ ਉਜਾਗਰ ਹੁੰਦੀਆਂ ਹਨ।ਅਜਿਹੀਆ ਹੀ ਨਵੀਨ ਸੰਭਾਵਨਾਵਾਂ ਵਾਲਾ ਕਹਾਣੀਕਾਰ ਗੁਰਮੀਤ ਕੜਿਆਲਵੀ ਹੈ।ਜੋ ਪੰਜਾਬੀ ਕਹਾਣੀ ਜਗਤ ਵਿਚ ਕਿਸੇ ਜਾਣ-ਪਛਾਣ ਦਾ ਮੁਹਤਾਜ ਨਹੀਂ ਉਹ ਲੰਮੇ ਸਮੇਂ ਤੋਂ ਸਾਹਿਤ ਸਾਧਨਾ ਵਿਚ ਜੁੱਟਿਆ ਹੋਇਆ ਹੈ।ਉਹ ਆਪਣਾ ਸਾਹਿਤਕ ਸਫ਼ਰ ਕਹਾਣੀ ਸੰਗ੍ਰਹਿ ' ਅੱਕ ਦਾ ਬੂਟਾ' ਰਾਹੀਂ ਸ਼ੁਰੂ ਕਰਦਾ ਹੈ।ਉਸ ਤੋਂ ਲੰਮੇ ਅਰਸੇ ਬਾਅਦ ਉਸ ਦਾ ਕਹਾਣੀ ਸੰਗ੍ਰਹਿ 'ਊਣੇ' ਹੋਂਦ ਵਿਚ ਆਉਂਦਾ ਹੈ।ਉਸ ਤੋਂ ਬਾਅਦ 'ਆਤੂ ਖੋਜੀ', 'ਢਾਲ਼', 'ਟਾਂਗੇ ਵਾਲਾ ਸੰਤਾ' ਆਦਿ ਕਹਾਣੀ ਛਪਦੇ ਹਨ।'ਹਾਰੀਂ ਨਾ ਬਚਨਿਆ' ਉਸ ਦਾ 2020 ਛਪਿਆ ਨਵਾਂ ਕਹਾਣੀ ਸੰਗ੍ਰਹਿ ਹੈ।ਕੜਿਆਲਵੀ ਇਕ ਵੱਖਰੀ ਨੁਹਾਰ ਤੇ ਵੱਖਰੇ ਅਨੁਭਵ ਦਾ ਸਾਹਿਤਕਾਰ ਹੈ।ਜਿਸ ਨੇ ਰੂਪ ਅਤੇ ਵਿਧਾ ਦੇ ਪੱਖ ਤੋਂ ਵੀ ਬਹੁਤ ਸਾਰੇ ਪ੍ਰਯੋਗ ਕੀਤੇ ਹਨ।ਉਹ ਇਕ ਅਜਿਹਾ ਚੇਤੰਨ ਕਹਾਣੀਕਾਰ ਹੈ ਜੋ ਸਮਕਾਲ ਦੇ ਵਿਭਿੰਨ ਸਰੋਕਾਰਾਂ ਦੀ ਨਿਸ਼ਾਨਦੇਹੀ ਵਿਭਿੰਨ ਪ੍ਰਕਰਣਾਂ ਦੇ ਜ਼ਰੀਏ ਕਰਦਾ ਨਵੀਨ ਦਿਸਹੱਦੇ ਸਿਰਜਦਾ ਹੈ।'ਮੈਂ' ਮੂਲਕ ਜੁਗਤ ਦੀ ਵਿਧੀ ਵਿਚ ਲਿਖਦਿਆਂ ਉਸ ਨੇ ਮਾਨਵੀ ਜੀਵਨ ਦੀਆਂ ਅਨੇਕਾਂ ਪਰਤਾਂ ਨੂੰ ਫ਼ਰੋਲਿਆ ਹੈ।ਉਹ ਆਪਣੀਆਂ ਕਹਾਣੀਆਂ ਵਿਚ ਜੀਵਨ ਦੇ ਯਥਾਰਥਕ ਵੇਰਵਿਆਂ ਨੂੰ ਆਤਮਸਾਤ ਕਰਦਾ ਇਸ ਨਾਲ ਜੁੜੇ ਵੱਖੋ ਵੱਖਰੇ ਸਮਾਜਕ, ਆਰਥਕ ਤੇ ਰਾਜਨੀਤਕ ਵਿਸ਼ਿਆਂ ਨੂੰ ਛੋਂਹਦਾ ਹੈ।ਉਹ ਅਜਿਹਾ ਬਿਰਤਾਂਤਕਾਰ ਹੈ, ਜਿਸ ਦੀ ਆਧੁਨਿਕ ਯਥਾਰਥਵਾਦੀ ਰਚਨਾ ਦ੍ਰਿਸ਼ਟੀ ਵਿਭਿੰਨ ਕਿਸਮ ਦੇ ਸਰੋਕਾਰ ਆਪਣੇ ਕਲੇਵਰ ਵਿਚ ਸਮੋਈ ਬੈਠੀ ਹੈ।ਜਿਹਨਾਂ ਵਿਚ ਪ੍ਰੋਖ ਤੇ ਅਪ੍ਰੋਖ ਰੂਪ ਵਿਚ ਜੀਵਨ ਯਥਾਰਥ ਦੇ ਅਸਤਿੱਤਵੀ ਸੰਕਟ, ਬੇਗਾਨਗੀ, ਪੂੰਜੀਵਾਦੀ ਵਿਵਸਥਾ ਵਿਚ ਮਨੁੱਖੀ ਪਛਾਣ ਦੇ ਖ਼ੁਰਦੇ ਜਾਣ ਦੀ ਵੇਦਨਾ, ਔਰਤ ਮਰਦ ਸੰਬੰਧ, ਲੋਕ ਲਹਿਰਾਂ ਤੇ ਲੋਕ ਚੇਤਨਾ, ਭ੍ਰਿਸ਼ਟ ਰਾਜਨੀਤੀ, ਖ਼ਪਤ ਸੱਭਿਆਚਾਰ, 1947 ਦੀ ਵੰਡ ਦਾ ਦੁਖਾਂਤ ਆਦਿ ਨੂੰ ਪ੍ਰਮੁੱਖ ਰੂਪ ਵਿਚ ਰਚਨਾ ਵਸਤੂ ਬਣਾਉਂਦਾ ਹੈ।ਜਿਸ ਵਿਚ ਵਿਸ਼ਵੀਕਰਨ ਦੀ ਪ੍ਰਕ੍ਰਿਆ ਅਧੀਨ ਮਾਨਵਤਾ ਦੇ ਉਪਭੋਗੀ ਸੁਹਜ ਸੁਆਦ ਦੀ ਵੀ ਅਜਿਹੀ ਤਸਵੀਰ ਉੱਭਰਦੀ ਹੈ ਜੋ ਮਾਨਵ ਪੱਖੀ ਰੁਚੀਆਂ ਦਾ ਮਲੀਆਮੇਟ ਕਰ ਅਮਾਨਵੀਕਰਨ ਨੂੰ ਹੱਲਾਸ਼ੇਰੀ ਦੇਂਦੀ ਹੈ।ਜਿਸ ਵਿਚੋਂ ਮਾਨਵੀ ਰਿਸ਼ਤਿਆਂ ਦਾ ਨਿੱਘ ਵੀ ਗ਼ਾਇਬ ਹੋ ਰਿਹਾ ਹੈ।ਇਹ ਵਿਸ਼ੇ ਅਜਿਹੇ ਹਨ, ਜਿਹਨਾਂ ਉੱਤੇ ਪੰਜਾਬੀ ਦੇ ਅਨੇਕਾਂ ਕਹਾਣੀਕਾਰਾਂ ਨੇ ਆਪਣੀ ਕਲਮ ਅਜਮਾਈ ਕੀਤੀ ਹੈ।ਪਰ ਗੁਰਮੀਤ ਕੜਿਆਲਵੀ ਦਾ ਬਿਆਨੀਆ ਢੰਗ ਕੁਝ ਵੱਖਰੀ ਹੀ ਸੂਝ ਵਾਲਾ ਹੈ।ਪਾਠ ਵਿਚ ਵਿਚਰਦਿਆਂ ਇਸ ਸੰਦਰਭ ਵਿਚ 'ਹਾਰੀਂ ਨਾ ਬਚਨਿਆ' ਦੀ ਪ੍ਰਥਮ ਕਹਾਣੀ 'ਕੀ ਕਰਾਂ ?' ਵਾਚਣਯੋਗ ਹੈ। ਬਿਰਤਾਂਤਕੀ -ਪਾਠ ਤੇ ਕਿਰਨ ਦੀ ਜੀਵਨ ਕਥਾ ਦਾ ਬਿਰਤਾਂਤ ਸਮੁੱਚੇ ਕੈਨਵਸ ਤੇ ਫ਼ੈਲਿਆ ਹੈ।ਕਿਰਨ ਦੇ ਲਈ ਜੀਵਨ ਦਾ ਇਹ ਸਫ਼ਰ ਬੜਾ ਤ੍ਰਾਸਮਈ ਹੋ ਨਿਬੜਦਾ ਹੈ।ਜਿਸ ਵਿਚ ਡੇਰਾਵਾਦ ਦੇ ਅਧੀਨ ਵਿਦਿਆ, ਗਿਆਨ ,ਤਾਲੀਮ, ਧਰਮ ਆਦਿ ਦੇ ਚਿਹਨਕੀ

ਜੁੱਟ ਇੰਡਸਟਰੀ ਵਿਚ ਤਬਦੀਲ ਹੋਣ ਦੀ ਨਿਸ਼ਾਨਦੇਹੀ ਕਰਦੇ ਹਨ।'ਮੈਂ' ਪਾਤਰ ਕਿਰਨ ਦੇ ਮਾਪੇ ਆਰਥਕ ਤੰਗੀ ਵਿਚ ਉਲਝੇ , ਪੜ੍ਹਾਈ ਵਿਚ ਹੁਸ਼ਿਆਰ ਆਪਣੀ ਲਾਡਲੀ ਧੀ ਨੂੰ ਮਾਸਟਰ ਸਮਸ਼ੇਰ ਸਿੰਘ ਜੋ ਟੱਬਰ ਵਿਚੋਂ ਤਾਇਆ ਲੱਗਦਾ ਹੈ, ਦੇ ਕਹਿਣ ਤੇ ਬਾਬਿਆਂ ਦੀ ਅਕਾਦਮੀ ਵਿਚ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਭੇਜ ਦੇਂਦੇ ਹਨ।ਬਾਬਿਆਂ ਦੀ ਇਸ ਅਕਾਦਮੀ ਦੀ ਆਪਣੀ ਹੀ ਇਕ ਸਲਤਨਤ ਹੈ।ਅਕਾਦਮੀ ਵਿਚ ਪੜ੍ਹਨ ਆਈਆਂ ਕੁੜੀਆਂ ਤੋਂ ਅਕਾਦਮੀ ਦੇ ਕਾਇਦੇ ਕਾਨੂੰਨਾਂ ਦੀ ਸਖ਼ਤੀ ਨਾਲ ਪਾਲਣਾ ਕਰਵਾਈ ਜਾਂਦੀ ਹੈ।ਹਰ ਪਾਸੇ ਬਾਬਿਆਂ ਦਾ ਤੁਗ਼ਲਕੀ ਹੁਕਮ ਚੱਲਦਾ ਹੈ।ਜਿਥੇ ਰਹਿੰਦਿਆਂ ਕੁੜੀਆਂ ਦੀ ਹਾਲਤ ਛੱਪੜ ਦੇ ਖੜ੍ਹੇ ਪਾਣੀਆਂ ਵਰਗੀ ਹੋ ਜਾਂਦੀ ਹੈ, ਜਿਸ ਵਿਚੋਂ ਕਿਸੇ ਵੀ ਤਰ੍ਹਾਂ ਦਾ ਜਵਾਰਭਾਟਾ ਆਉਂਦਾ ਹੀ ਨਹੀਂ।ਅਕਾਦਮੀ ਦੇ ਹਰ ਨਿਯਮ ਨੂੰ ਸਖ਼ਤੀ ਨਾਲ ਮੰਨਵਾਇਆ ਜਾਂਦਾ ਤੇ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਕਰਨ ਤੇ ਸਖ਼ਤ ਸਜ਼ਾਵਾਂ ਭੁਗਤਣੀਆਂ ਪੈਂਦੀਆਂ ਹਨ।

ਮਾਂ ਦੀ ਲਿਆਦੀ ਅੱਧੀ ਕੁ ਪਿੰਨੀ ਹੀ ਖਾਧੀ ਸੀ।ਗੇਟ ਤੋਂ ਹੋਸਟਲ ਆਉਂਦਿਆਂ ਤੱਕ, ਪਿੰਨੀਆਂ ਵਾਲੀ ਪੀਪੀ ਸੇਵਾਦਾਰ ਬੀਬੀ ਨੇ ਫੜ੍ਹ ਲਈ ਸੀ, ਪਰ ਇਹ ਪੀਪੀ ਹੋਸਟਲ ਸਾਡੇ ਕਮਰੇ ਤੱਕ ਨਹੀਂ ਸੀ ਪੁੱਜੀ।ਹੋਸਟਲ ਦੇ ਕਮਰੇ ਵਿਚ ਅਜਿਹੀ ਚੀਜ਼ ਲਿਆਉਣ ਦੀ ਹੀ ਮਨਾਹੀ ਸੀ।ਮਾਈ ਨੇ ਉਪਦੇਸ਼ ਦਿੱਤਾ ਸੀ, " ਕੁੜੀਆਂ ਨੂੰ ਐਹੋ ਜਿਹਾ ਖਾਣਾ ਨਹੀਂ ਲੈਣਾ ਚਾਹੀਦਾ ਜਿਹੜਾ ਸਰੀਰ ਵਿਚ ਵਿਕਾਰ ਪੈਦਾ ਕਰੇ" ।ਸਾਨੂੰ ਸਦਾ ਸਾਦਾ ਭੋਜਨ ਹੀ ਲੈਣਾ ਚਾਹੀਦਾ, ਬੱਸ।ਸਾਦਾ ਭੋਜਨ ਅਤੇ ਗੁਰੂ ਕੀ ਬਾਣੀ...."।( ਹਾਰੀਂ ਨਾ ਬਚਨਿਆ, ਪੰਨਾ, 15-16 )

ਇੱਕ ਦਿਨ ਤਾਂ ਹੱਦ ਨਾਲੋਂ ਵੀ ਵੱਧ ਹੋ ਗਈ।ਇਹਨਾਂ ਪੱਥਰਾਂ ਦੇ ਭਾਵਹੀਣ ਚਿਹਰੇ ਵਾਲੀਆਂ ਬੀਬੀਆਂ ਨੇ ਅਕੈਡਮੀ ਦੀ ਸਭ ਤੋਂ ਜ਼ਿਆਦਾ ਪੜ੍ਹੀ ਲਿਖੀ , ਹੁਸ਼ਿਆਰ , ਸੋਹਣੀ ਅਤੇ ਮਿਹਨਤੀ ਟੀਚਰ , ਮੈਡਮ ਦਿਲਪ੍ਰੀਤ ਨੂੰ ਘੇਰ ਲਿਆ ਸੀ, " ਮੈਡਮ ਦਿਲਪ੍ਰੀਤ....ਆਹ ਕੀ ਸ਼ਕਲ ਬਣਾਈ ਏ ? ਬਾਬਾ ਜੀ ਦੀ ਅਕੈਡਮੀ ਵਿਚ ਤਾਂ ਐਹੋ-ਜਿਹਾ ਕੁੱਝ ਨਹੀਂ ਚੱਲ ਸਕਦੈ " ।ਇੱਕ ਬੀਬੀ ਨੇ ਮੈਡਮ ਦੇ ਤਰਾਸ਼ ਕੇ ਕੁੱਝ ਕੁ ਤਿੱਖੇ ਕੀਤੇ ਭਰਵੱਟਿਆਂ ਵੱਲ ਇਸ਼ਾਰਾ ਕੀਤਾ ਸੀ।( ਹਾਰੀਂ ਨਾ ਬਚਨਿਆ, ਪੰਨਾ, 18)

ਇਕ ਪਾਸੇ ਧਰਮ ਦੇ ਠੇਕੇਦਾਰ ਬਣ ਡੇਰਿਆਂ ਦੇ ਬਾਬੇ ਆਪਣੇ ਆਪ ਨੂੰ ਧਰਮ ਦੇ ਠੇਕੇਦਾਰ ਕਹਾਉਂਦੇ ਹਨ ਤੇ ਦੂਜੇ ਪਾਸੇ ਮੇਹਰ ਸਿੰਘ ਵਰਗੇ ਅਸਲੀ ਧਰਮੀ ਧਰਮ ਬਦਲਣ ਲਈ ਮਜ਼ਬੂਰ ਹੋ ਮਸੀਹ ਬਣ ਜਾਂਦੇ ਹਨ।ਮੇਹਰ ਸਿੰਘ ਦਾ ਗੁਰੂ ਦੀ ਸਿੱਖੀ ਛੱਡ ਮਸੀਹ ਬਣਨ ਦਾ ਬਿਰਤਾਂਤਕੀ ਪਰਿਪੇਖ ਧਰਮ ਦੀਆਂ ਧੱਜੀਆਂ ਉਡਾ ਰਹੇ ਬਾਬਿਆਂ ਤੇ ਉਸ ਦੇ ਏਜੰਟਾਂ ਦਾ ਪਰਦਾਫ਼ਾਸ਼ ਕਰਦਾ ਹੈ।ਜਿਸ ਵਿਚ ਡੇਰਾਵਾਦ ਤੇ ਰਾਜਨੀਤੀ ਇਕ ਦੂਜੇ ਦੇ ਭਾਈਵਾਲ ਬਣ ਬਾਬਿਆਂ ਦੇ ਸਾਮਰਾਜ ਤੇ ਸਲਤਨਤ ਨੂੰ ਪ੍ਰਫੁਲਤ ਕਰਨ ਵਿਚ ਮਹਤੱਵਪੂਰਨ ਭੂਮਿਕਾ ਨਿਭਾਉਂਦੇ ਹਨ।ਬਿਰਤਾਂਤਕੀ - ਪਾਠ ਵਿਚ ਡੇਰਾਵਾਦ ਵੀ ਪੂੰਜੀਵਾਦ ਦੇ ਹੀ ਅਗਲੇ ਪਾਸਾਰ ਵਜੋਂ ਪੇਸ਼ ਹੁੰਦਾ ਹੈ।ਜਿਥੇ ਡੇਰਿਆਂ ਵਿਚਲੇ ਬਾਬੇ, ਮਹੰਤ, ਸਾਧੂ ਤੇ ਸਾਧਵੀਆਂ ਲੋਕ ਹਿਤੈਸ਼ੀ ਦਾ ਮੁਖੌਟਾ ਪਹਿਨ ਆਮ ਲੋਕਾਂ ਦਾ ਉੱਲੂ ਬਣਾਉਂਦੇ ਹਨ।

ਅਕਾਦਮੀ ਵਿਚ ਗਰੀਬ ਲੜਕੀਆਂ ਦੀ ਭਰਤੀ ਦੇ ਬਹਾਨੇ ਉਮਰ ਲਈ ਸਮਰਪਿਤ ਪੰਜ ਪੱਥਰ ਕਿਸਮ ਦੀਆਂ ਟੀਚਰਾਂ ਭਰਤੀ ਕੀਤੀਆਂ ਜਾਂਦੀਆਂ ਹਨ।ਜੋ ਬਾਬਿਆਂ ਦੀਆਂ ਏਜੰਟ ਬਣ



ਡੇਰੇ ਦੇ ਤਾਨਾਸ਼ਾਹੀ ਹੁਕਮਾਂ ਦੀ ਸਖ਼ਤੀ ਨਾਲ ਪਾਲਣਾ ਕਰਵਾਉਂਦੀਆਂ ਹਨ ਉਹਨਾਂ ਪੰਜ ਪੱਥਰਾਂ ਨੂੰ ਅਕਾਦਮੀ ਵਿਚ ਐਡਜਸਟ ਕਰਨ ਲਈ ਕਈ ਵਾਰ ਦਿਲਪ੍ਰੀਤ ਵਰਗੀਆਂ ਕਾਬਲ ਅਧਿਆਪਕਾਵਾਂ ਨੂੰ ਕੋਈ ਨਾ ਕੋਈ ਬਹਾਨਾ ਬਣਾ ਕੇ ਨੌਕਰੀ ਤੋਂ ਬਰਖ਼ਾਸ਼ਤ ਕਰ ਦਿੱਤਾ ਜਾਂਦਾ।ਇਸੇ ਲਈ ਕਈ ਵਾਰ ਕਿਰਨ ਦਾ ਮਨ ਕਰਦਾ ਕਿ ਉਹ ਅਕਾਦਮੀ ਦੀਆਂ ਜੇਲ੍ਹ ਵਰਗੀਆਂ ਉੱਚੀਆਂ ਹਨੇਰੀਆਂ ਦੀਵਾਰਾਂ ਨੂੰ ਟੱਪ ਕੇ ਕਿਧਰੇ ਦੂਰ ਚਲੀ ਜਾਵੇ, ਜਿਥੇ ਰੋਸ਼ਨੀ ਤੇ ਚਾਨਣ ਹੋਵੇ।ਕਈ ਵਾਰ ਉਹ ਸੋਚਦੀ ਕਿ ਉਸ ਦੀ ਮਾਸੀ ਦੇ ਜੇਠ ਦਾ ਪੁੱਤਰ ਸਤਿੰਦਰ ਜੋ ਹਮੇਸ਼ਾਂ ਉਸ ਦੇ ਸੁਪਨਿਆਂ ਦਾ ਰਾਜਕੁਮਾਰ ਰਿਹਾ ਹੈ, ਉਸ ਨੂੰ ਘੋੜੇ ਤੇ ਬਿਠਾ ਕੇ ਦੂਰ ਕਿਧਰੇ ਸਪਨਮਈ ਦੁਨੀਆਂ ਵਿਚ ਲੈ ਜਾਵੇ।ਪਰ ਕਿਰਨ ਦੀਆਂ ਮਨ ਦੀਆਂ ਮਨ ਵਿਚ ਹੀ ਰਹਿ ਜਾਂਦੀਆਂ ਹਨ।ਨਾ ਕਦੇ ਸਤਿੰਦਰ ਆਇਆ ਤੇ ਨਾ ਹੀ ਕਿਰਨ ਦੀ ਸੁਪਨਿਆਂ ਨੂੰ ਕੋਈ ਬੂਰ ਪਿਆ।

ਪਰ ਪਾਠ ਦੇ ਅੰਤ ਵਿਚ ਕਿਰਨ ਦਾ ਅਚਾਨਕ ਅਕਾਦਮੀ ਛੱਡ ਕੇ ਦੌੜ ਜਾਣ ਦਾ ਚਿਹਨਾਤਮਕ ਪਰਿਪੇਖ ਨਾਰੀ ਚਿੰਤਨ ਤੇ ਚੇਤਨਾ ਦੇ ਵਿਵੇਕ ਨੂੰ ਉਸਾਰਦਾ ਹੈ।ਜਿੱਥੇ ਉਸ ਨੂੰ ਅਕਾਦਮੀ ਦੀਆਂ ਬੇੜੀਆਂ ਵਿਚੋਂ ਨਜ਼ਾਤ ਪਾਉਣ ਲਈ ਆਪ ਹੀ ਹੰਭਲਾ ਮਾਰਨਾ ਪੈਂਦਾ ਹੈ।ਕਿਰਨ ਨੂੰ ਭਾਵੇਂ ਇਸ ਦੇ ਲਈ ਬਾਬਿਆਂ ਦੀ ਅਕਾਦਮੀ ਦੇ ਅੰਨ੍ਹੇ ਵਿਸ਼ਵਾਸ ਵਿਚ ਫ਼ਸੇ ਆਪਣੇ ਮਾਂ ਪਿਉ, ਮਾਸੀ ਤੇ ਸਤਿੰਦਰ ਦੇ ਵਿਰੋਧ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ।

" ਹਾਏ ਸਾਡੀ ਕਿਸਮਤ ! ਲ਼ੱਗਦੈ ਸਾਨੂੰ ਲੇਖ ਧੋਖਾ ਦੇਗੇ।ਪੱਕੀ ਫ਼ਸਲ 'ਤੇ ਕਾਕੜੇ ਪੈਗੇ।ਕਿਰਨੀਏ ਦੁੱਧ ਨੂੰ ਲਾਜ ਲਾ ਆਈਂ ਤੂੰ ।ਕੀ ਮੂੰਹ ਵਖਾਵਾਂਗੇ ਬਾਬਿਆਂ ਨੂੰ ? ਤੂੰ ਤਾਂ ਧਰਮ ਨੂੰ ਈ ਧੱਕਾ ਦੇਤਾ" ।ਮਾਂ ਪਾਗਲਹਾਰ ਹੋਈ ਪਈ ਸੀ।ਉਸ ਦੇ ਤਾਂ ਜਿਵੇਂ ਸਾਰੇ ਸੁਪਨੇ ਹੀ ਮਿੱਟੀ ਵਿੱਚ ਮਿਲ ਗਏ ਸਨ।( ਹਾਰੀਂ ਨਾ ਬਚਨਿਆ, ਪੰਨਾ, 24-25)

ਪਰ ਬਿਰਤਾਂਤਕੀ- ਪਾਠ ਵਿਚ ਆਏ ਚਿਹਨਕੀ ਜੁੱਟ 'ਮਾਂ ਮੁੜ ਕੇ ਨਾ ਲਵੀਂ ਨਾਂ ਅਕੈਡਮੀ ਦਾ' ਅਤੇ 'ਜਿਉਂਦੇ ਜੀਆਂ ਨ੍ਹੀ ਜਾਂਦੀ ਉਥੇ' ਕਿਰਨ ਅੰਦਰਲੀ ਵਿਦਰੋਹੀ ਸੁਰ ਦਾ ਪ੍ਰਗਟਾਵਾ ਕਰਦੇ ਨਾਰੀ ਚਿੰਤਨ ਤੇ ਨਾਰੀ ਚੇਤਨਾ ਦੇ ਤਸਵੱਰ ਅਧੀਨ ਔਰਤ ਦੀ ਵਸਤਮਈ ਹੋਂਦ ਨੂੰ ਆਤਮਸਾਤ ਕਰਦੇ ਨਵੀਨ ਦਿਸਹੱਦੇ ਸਿਰਜਦੇ ਹਨ।ਪੂੰਜੀ ਦੀ ਸੱਤਾ ਤੇ ਡੇਰਾਵਾਦ ਦੇ ਚੱਕਰਵਿਊ ਵਿਚ ਫ਼ਸੀ ਕਿਰਨ ਦੀ ਹੋਂਦ ਤੇ ਅਸਤਿਤੱਵ ਦੀ ਅਜ਼ਾਦੀ ਦਾ ਮਸਲਾ ਅਜਿਹੇ ਹਾਲਾਤ ਦੀ ਤਲਾਸ਼ ਵਿਚ ਹੈ , ਜਿਥੇ ਆਰਥਕ ਮਜ਼ਬੂਰੀਵੱਸ ਕਿਸੇ ਕਿਰਨ ਜਾਂ ਦਿਲਪ੍ਰੀਤ ਨੂੰ ਡੇਰਾਵਾਦ ਦਾ ਸ਼ਿਕਾਰ ਹੋ ਆਪਣੇ ਅਸਤਿਤੱਵੀ ਅਰਥ ਨਾ ਗੁਆਉਣੇ ਪੈਣ।ਇਸ ਲਈ ਉੱਤਰ ਸੰਰਚਨਾਵਾਦੀ ਚਿੰਤਕ ਯੱਕ-ਲਾਕਾਂ, ਹੈਲਨ ਸਿੱਖੂ, ਅਤੇ ਲੂਸ਼ ਇਰੀਗੈਰੇ ਨੇ ਵੀ ਨਾਰੀ ਲਈ ਨਵੀਆਂ ਭਾਸ਼ਾਈ ਵਿਉਂਤਾਂ ਸਿਰਜਣ ਲਈ ਜ਼ੋਰ ਦਿੱਤਾ ਹੈ।

ਬਿਰਤਾਂਤਕੀ-ਪਾਠ ਦਾ ਅਗਲਾ ਪਰਿਪੇਖ ਜਾਤੀਗਤ ਵਿਤਕਰਿਆਂ ਤੇ ਦਲਿਤ ਚੇਤਨਾ ਦਾ ਉੱਭਰਦਾ ਹੈ।ਪਿਛਲੇ ਤਿੰਨ ਕੁ ਦਹਾਕਿਆਂ ਤੋਂ ਪੰਜਾਬੀ ਕਹਾਣੀ ਵਿਚਲਾ ਦਲਿਤ ਪਰਿਪੇਖ ਬੜੇ ਸ਼ਕਤੀਸ਼ਾਲੀ ਰੂਪ ਵਿਚ ਉੱਭਰ ਕੇ ਸਾਹਮਣੇ ਆਇਆ ਹੈ।ਜਿਸ ਵਿਚ ਕੁਝ ਵਿਦਵਾਨਾਂ ਨੇ ਅੰਬੇਦਕਰਵਾਦੀ ਦ੍ਰਿਸ਼ਟੀਕੋਣ ਅਪਣਾਉਂਦਿਆਂ ਜਾਤ ਜਾਂ ਸਮਾਜਕ ਸ਼ੋਸ਼ਣ ਨੂੰ ਕੇਂਦਰ ਵਿਚ ਰੱਖਿਆ ਹੈ।ਕੁਝ ਨੇ ਮਾਰਕਸਵਾਦ ਦੇ ਪ੍ਰਭਾਵ ਅਧੀਨ ਆਰਥਕ ਵਿਤਕਰਿਆਂ ਨੂੰ ਤੇ ਕੁਝ ਨੇ ਇਹਨਾਂ ਦੋਨਾਂ ਵਿਚ ਸੰਤੁਲਿਤ ਆਧਾਰ ਬਣਾਉਣ ਦੀ ਕੋਸ਼ਿਸ਼ ਕੀਤੀ ਹੈ।ਇਹਨਾਂ ਕੈਟੇਗਰੀਜ਼ ਅਧੀਨ ਪੰਜਾਬੀ

ਕਹਾਣੀਕਾਰਾਂ ਦਾ ਵੀ ਇਕ ਵੱਡਾ ਵਰਗ ਸਾਹਮਣੇ ਆਉਂਦਾ ਹੈ ।ਜੋ ਦਲਿਤ ਬੰਦੇ ਦੇ ਮਨ ਦੀਆਂ ਡੂੰਘਾਈਆਂ ਨੂੰ ਛੋਹਣ ਦੇ ਨਾਲ ਉਹਨਾਂ ਦੇ ਜਾਤੀਗਤ ਵਿਤਕਰੇ, ਹੀਣ ਭਾਵਨਾ, ਦੁੱਖ ਤੇ ਸੰਤਾਪ ਨੂੰ ਵੀ ਪੇਸ਼ ਕਰਦਾ ਹੈ ।ਜੋ ਦਲਿਤ ਵਿਅਕਤੀ ਦੇ ਸਮਾਜਕ, ਆਰਥਕ, ਰਾਜਨੀਤਕ ਅਤੇ ਸਭਿਆਚਾਰਕ ਤੌਰ ਤੇ ਅਣਗੌਲੇ ਅਸਤਿਤੱਵ ਦੇ ਸੰਕਟਮਈ ਪਹਿਲੂਆਂ ਨੂੰ ਜ਼ੁਬਾਨ ਦੇਂਦਾ ਹੈ ।ਜਿਸ ਦਾ ਉੱਭਰਵਾਂ ਤੇ ਪਛਾਣਯੋਗ ਪਹਿਲੂ ਇਹ ਬਣਦਾ ਹੈ ਕਿ ਇਹ ਹਰ ਤਰ੍ਹਾਂ ਦੀ ਸਥਾਪਤੀ ਤੋਂ ਇਨਕਾਰ ਕਰਦਾ ਹੈ ।ਜਿਸ ਵਿਚ ਜਾਤੀ ਪ੍ਰਬੰਧ ਦੇ ਨਾਲ ਨਾਲ ਸਮੁੱਚੇ ਉਸ ਕਦਰ ਪ੍ਰਬੰਧ ਦੇ ਖ਼ਿਲਾਫ਼ ਵੀ ਵਿਦਰੋਹ ਜਾਗਦਾ ਹੈ, ਜਿਸ ਪਿੱਛੇ ਬ੍ਰਾਹਮਣਵਾਦੀ ਵਿਚਾਰਧਾਰਕ ਪਰਿਪੇਖ ਕਾਰਜਸ਼ੀਲ ਹੈ ।ਇਸ ਵਰਤਾਰੇ ਨਾਲ ਦਲਿਤ ਮਨੁੱਖ ਦੀ ਪਛਾਣ ਉੱਭਰ ਕੇ ਸਾਹਮਣੇ ਆਉਂਦੀ ਹੈ ।ਹਾਸ਼ੀਆਗਤ ਲੋਕ ਕੇਂਦਰ ਵਿਚ ਆਉਂਦੇ ਹਨ ।ਇਸੇ ਸੰਦਰਭ ਵਿਚ 'ਛਿਲਤਰਾਂ' ਵਾਚਣਯੋਗ ਹੈ ।ਪਾਠ ਵਿਚੋਂ ਗੁਜ਼ਰਦਿਆਂ ਉਸ ਦੇ ਅਨੇਕਾਂ ਪਾਸਾਰ ਨਜ਼ਰ ਆਉਂਦੇ ਹਨ ।ਮੁੱਖ ਪਾਸਾਰ ਜੋ ਵਰਤਾਰੇ ਦੇ ਵਿਚ ਅੰਤਰ ਧੁਨੀ ਬਣ ਕੇ ਉਭਰਦਾ ਹੈ, ਉਹ ਇਹ ਹੈ ਕਿ ਇਤਿਹਾਸ ਦੇ ਇਸ ਲੰਮੇ ਕਾਲਕ੍ਰਮ ਵਿਚ ਬਦਲ ਰਹੀਆਂ ਸਥਿਤੀਆਂ ਨੇ ਹੁਣ ਦਲਿਤ ਦੇ ਅੰਦਰ ਸਵੈਮਾਣ ਪੈਦਾ ਕਰ ਦਿੱਤਾ ਹੈ ।ਆਪਣੇ ਆਪ ਨੂੰ ਵੱਡੇ ਜ਼ਿਮੀਂਦਾਰਾਂ ਕਹਾਉਣ ਵਾਲੇ ਖੱਬਲਸਿਰੀਆਂ ਦੇ ਖੇਤਾਂ ਵਿਚ ਕੰਮ ਕਰਨ ਵਾਲੇ ਗੈਬੂ ਵਰਗੇ ਲੋਕ ਆਪਣੇ ਜ਼ਿਹਨ ਵਿਚ ਹੀ ਵਿਦਰੋਹੀ ਸੁਰ ਨਹੀਂ ਉਸਾਰਦੇ ਸਗੋਂ ਇਹ ਬੋਲ ਜ਼ੁਬਾਨ ਤੇ ਵੀ ਆ ਝੱਖੜ ਬਣ ਜਾਣ ਦੀ ਸਮਰੱਥਾ ਰੱਖਦੇ ਹੋਏ ਆਪਣੀ ਮੁਕਤੀ ਦਾ ਵਿਵਹਾਰਕ ਰਾਹ ਵੀ ਤਲਾਸ਼ ਲੈਂਦੇ ਹਨ ।ਇਸ ਸੰਦਰਭ ਵਿਚ ਦਿਆਲੀ ਤੇ ਦੇਬੂ ਦੀ ਵਾਰਤਾਲਾਪ ਖ਼ਾਸ ਮਹਤੱਵ ਰੱਖਦੀ ਹੈ:

" ਦਿਆਲੀ !ਇਹ ਨਿਆਂ ਆਲੀ ਗੱਲ ਨ੍ਹੀ, ਕੁੱਛ ਲੋਕਾਂ ਨੂੰ ਤਾਂ ਪਤਾ ਈ ਨ੍ਹੀ ਉਹਨਾਂ ਕੋਲ ਜ਼ਮੀਨ ਜ਼ਦੈਤ ਹੈ ਕਿੰਨੀ ਤੇ ਕਰੋੜਾਂ ਲੋਕ ਰਹਿਣ ਲਈ ਮਕਾਨ ਪਾਉਣ ਵਾਸਤੇ ਵੀ ਤਰਲੇ ਮਾਰਦੇ ਫਿਰਨ ।ਡੂਢ ਮਰਲਾ ਥਾਂ ਵੀ ਹੈਨ੍ਹੀ ਧਰਤੀ 'ਤੇ ਜੀਨੂੰ ਆਵਦਾ ਕਹਿ ਸਕਣ ।ਪਰ ਦਿਆਲੀ ਮੰਗਿਆ ਤੇ ਕੋਈ ਨ੍ਹੀ ਦਿੰਦਾ ਕਿਸੇ ਨੂੰ ਕੁੱਛ "।

"ਬਾਈ, ਲੜੀ ਜਾਨੇ ਆਂ...ਲੜਾਈ ਕੋਈ ਛੋਟੀ ਨ੍ਹੀ ।ਸਮਝ ਲੈ ਬੜੀ ਲੰਮੀ ਜੰਗ ਆ ।ਹੁਣ ਲੜ ਰਹੇ ਆਂ ।ਜੇ ਕੁੱਛ ਗੰਵਾਵਾਂਗੇ ....ਤਾਂ ਬੜਾ ਕੁੱਛ ਪਾਵਾਂਗੇ ਵੀ। ਹੋ ਸਕਦਾ ਕੁੱਛ ਮਿਲੇ ਈ ਨਾ, ਸਾਰਾ ਕੁੱਛ ਗੰਵਾਉਣਾ ਈ ਪੈਜੇ ।ਪਰ ਲੜਾਈ ਤਾਂ ਫੇਰ ਵੀ ਲੜ੍ਹਨੀ ਈ ਚਾਹੀਦੀ ਐ ....ਕੀ ਕਹਿਨੈ ਬਾਈ ? ਲੜਨੀ ਚਾਹੀਦੀ ਐ ਕਿ ਨਈਂ ? " ਦਿਆਲੀ ਜਿਵੇਂ ਸੁਆਲ ਬਣਕੇ ਖੜ ਗਿਆ ਸੀ ।( ਹਾਰੀਂ ਨਾ ਬਚਨਿਆ, ਪੰਨਾ, 53-54)

ਦੇਬੂ ਜੋ ਖੱਬਲ ਸਿਰੀਆਂ ਰੰਗੜਾਂ ਦੁਆਰਾ ਫ਼ਸਾਏ ਝੂਠੇ ਮੁਕੱਦਮੇ ਵਿਚ ਜੇਲ੍ਹ ਕੱਟ ਰਿਹਾ ਹੈ, ਨੂੰ ਇਹ ਆਸ ਜ਼ਰੂਰ ਹੈ ਕਿ ਇਕ ਦਿਨ ਅਜਿਹਾ ਜ਼ਰੂਰ ਆਏਗਾ ਜਦੋਂ ਜਾਤੀਗਤ ਵਿਤਕਰਿਆਂ ਤੋਂ ਉੱਪਰ ਉੱਠ ਦੱਬੇ ਕੁਚਲੇ ਲੋਕ ਇਕੱਠੇ ਹੋ ਸੰਘਰਸ਼ ਦੇ ਰਾਹ ਪੈ ਪੂੰਜੀਵਾਦ ਤੇ ਸਾਮਰਾਜੀ ਤਾਕਤਾਂ ਨੂੰ ਹੂੰਝਾ ਫੇਰ ਦੇਣਗੇ।

" ਬਾਬਾ ! ਇਤਿਹਾਸ ਆਂਹਦਾ , ਜੇ ਕਿਸੇ ਲਹਿਰ ਦਾ ਧੂੰਆਂ ਧੁੱਖਣ ਲੱਗਜੇ, ਕੇਰਾਂ ਤਾਂ ਫਿਰ ਲਾਟ ਨਿਕਲਦੀਓ ਐ ।ਤੁਸੀਂ ਆਪੇ ਦੇਖ ਲੋ , ਜ਼ਮੀਨੀ ਘੋਲ ਆਲੇ ਪਿੜ 'ਚ ਮਜ਼ਦੂਰ ਜਮਾਤ ਨੇ ਤਾਂ ਕੁੱਦਣਾ ਈ ਸੀ, ਮੁਲਾਜ਼ਮ, ਕਿਸਾਨ ਤੇ ਸਟੂਡੈਂਟ ਜਥੇਬੰਦੀਆਂ ਵੀ ਨਿੱਤਰ



ਆਈਆਂ ।ਹੁਣ ਰਜਵਾੜੇ ਤੇ ਪੁਲਿਸ ਭਾਵੇਂ ਪੁੱਠੇ ਹੋ-ਹੋ ਡਿੱਗ ਲੈਣ , ਕੇਰਾਂ ਤਾਂ ਹਨੇਰੀ ਆਊ ਈ-ਆਊ "।( ਹਾਰੀਂ ਨਾ ਬਚਨਿਆ, ਪੰਨਾ, 40)

ਸਦੀਆਂ ਤੋਂ ਨਿਮਾਣੇ ਤੇ ਨਿਤਾਣੇ ਲੋਕਾਂ ਦਾ ਸਰਮਾਏਦਾਰੀ ਸੱਤਾਧਾਰੀ ਜਮਾਤ ਖ਼ਿਲਾਫ਼ ਸੰਘਰਸ਼ ਲਾਜ਼ਮੀ ਹੈ ।ਪਰ ਤਰਾਸਦੀ ਇਹ ਹੈ ਕਿ ਲੋਕ ਲਹਿਰ ਦਾ ਇਹ ਲਾਵਾ ਜਦੋਂ ਵੀ ਕਿਸੇ ਸੰਘਰਸ਼ ਦੇ ਰਾਹ ਪੈਣ ਲੱਗਦਾ ਹੈ ਤਾਂ ਇਹ ਉਪਰਲਿਆਂ ਦਾ ਕੁਝ ਵਿਗਾੜਨ ਦੀ ਥਾਂ ਨਿਮਾਣੇ ਤੇ ਨਿਤਾਣਿਆਂ ਨੂੰ ਹੀ ਸਾੜ ਸੁੱਟਦਾ ਹੈ, ਜਿਸ ਦੀ ਨਿਸ਼ਾਨਦੇਹੀ ਬਿਰਤਾਂਤਕੀ ਪਾਠ ਵਿਚ ਵੀ ਭਲੀਭਾਂਤ ਰੂਪ ਵਿਚ ਹੁੰਦੀ ਹੈ ।ਜਦੋਂ ਪਿੰਡ ਦਾ ਟੋਨੀ ਸਰਪੰਚ ਆਪਣੇ ਬਾਹਰੋਂ ਬੁਲਾਏ ਹਥਿਆਰਬੰਦ ਗੁੰਡਿਆਂ ਕੋਲੋਂ ਪੰਚਾਇਤੀ ਜ਼ਮੀਨ ਨੂੰ ਲੈ ਕੇ ਚੱਲ ਰਹੇ ਸੰਘਰਸ਼ ਸੰਬੰਧੀ ਧਰਮਸ਼ਾਲਾ ਵਿਚ ਮੀਟਿੰਗ ਕਰ ਰਹੇ ਨਿਹੱਥੇ ਲੋਕਾਂ ਉੱਤੇ ਹਮਲਾ ਕਰਵਾ ਦਿੰਦਾ ਹੈ ।ਉਹ ਗੁਰੂ ਘਰ ਜੋ ਕਦੇ ਮਜ਼ਲੂਮਾਂ ਤੇ ਨਿਹੱਥਿਆਂ ਲਈ ਠਾਹਰ ਬਣਦਾ ਸੀ, ਉਸ ਦੇ ਲਾਊਡ ਸਪੀਕਰ ਤੋਂ ਨਿਮਾਣਿਆਂ ਤੇ ਨਤਾਣਿਆਂ ਨੂੰ ਮਾਰ ਦੇਣ ਦੀਆਂ ਅਵਾਜ਼ਾਂ ਦਾ ਆਉਣਾ, ਪਿਆਰੇ ਵਰਗੇ ਦਲਿਤਾਂ ਦਾ ਕਾਬਜ਼ ਲੋਕਾਂ ਦੀ ਧੱਕੇਸ਼ਾਹੀ ਦਾ ਹਿੱਸਾ ਬਣਨਾ, ਸੱਤਾ ਤੇ ਮਜ਼ਲੂਮਾਂ ਦੀ ਲੜਾਈ ਨੂੰ ਮਜ਼ਲੂਮਾਂ ਦੀ ਆਪਸੀ ਟੱਕਰ ਵਿਚ ਹੀ ਬਦਲ ਦੇਣਾ ਆਦਿ ਦੇ ਚਿਹਨਕੀ ਜੁੱਟਾਂ ਰਾਹੀਂ ਬਿਰਤਾਂਤਕਾਰ ਇਥੇ ਸਰਬ ਸਾਂਝੀਵਾਲਤਾ ਦਾ ਸੁਨੇਹਾ ਦੇਣ ਵਾਲੇ ਸਿੱਖ ਧਰਮ ਤੇ ਵੀ ਸਵਾਲੀਆ ਨਿਸ਼ਾਨ ਲਗਾਉਂਦਾ ਕਾਟੇ ਹੇਠ ਰੱਖਦਾ ਹੈ।

ਇਥੇ ਬਿਰਤਾਂਤਕਾਰ ਉਤਪਾਦਨ ਦੇ ਸਾਧਨਾਂ ਉੱਪਰ ਕਾਬਜ਼ ਸਰਮਾਏਦਾਰੀ ਦਾ ਪਰਦਾਫ਼ਾਸ਼ ਵੀ ਕਰਦਾ ਹੈ ਜੋ ਦਲਿਤਾਂ ਦੀ ਗ਼ੁਲਾਮ ਮਾਨਸਿਕਤਾ ਨੂੰ ਆਪਣੇ ਚੁੰਗਲ ਵਿਚੋਂ ਬਾਹਰ ਨਹੀਂ ਆਉਣ ਦੇਣਾ ਚਾਹੁੰਦੀ ।ਇਸ ਜਕੜ ਰਾਹੀਂ ਹੀ ਸਰਮਾਏਦਾਰੀ ਆਪਣੀ ਸਿਆਸਤ ਨੂੰ ਕਾਇਮ ਰੱਖਣ ਵਿਚ ਵੀ ਕਾਮਯਾਬ ਰਹਿੰਦੀ ਹੈ ।ਇਥੇ ਫ਼ੂਕੋ ਦਾ ਇਹ ਕਥਨ ਕਾਫ਼ੀ ਸਾਰਥਕ ਸਿੱਧ ਹੁੰਦਾ ਹੈ ਕਿ ਸੱਤਾਵਾਨ ਲੋਕ ਹੀ ਨਿਰਧਾਰਤ ਕਰਦੇ ਹਨ ਕਿ ਕੀ ਚਾਹੀਦਾ ਹੈ ਤੇ ਕੀ ਨਹੀਂ ? ਸ਼ਕਤੀ ਅਕਾਂਖਿਆਂ ਦੇ ਦਮਨ ਲਈ ਨਿਰਧਾਰਤ ਕੀਤੀ ਜਾਂਦੀ ਹੈ।

ਪਰ ਜੇਲ੍ਹ ਅੰਦਰ ਬੈਠੇ ਦੇਵ ਨੂੰ ਪੂਰਾ ਵਿਸ਼ਵਾਸ ਹੈ ਕਿ ਭਾਵੇਂ ਸੰਘਰਸ਼ ਅਜੇ ਲੰਮਾ ਹੈ, ਪਰ ਇਕ ਨਾ ਇਕ ਦਿਨ ਜਿੱਤ ਜ਼ਰੂਰ ਮਿਲੇਗੀ। ਇਸੇ ਲਈ ਇਸ ਸਭ ਕਾਸੇ ਦੀ ਨਬਜ਼ ਪਛਾਣਦਾ ਉਹ ਮਨ ਹੀ ਮਨ ਸ਼ਮਸ਼ਾਨ ਘਾਟ ਵੱਲੋਂ ਆਉਂਦੀਆਂ ਅਵਾਜ਼ਾਂ 'ਮਾਤਾ ਮਹਿੰਦਰ ਕੌਰ ਅਮਰ ਰਹੇ' ਦੇ ਮਗਰ ਹੋ ਲੈਂਦਾ ਹੈ।

ਇਸ ਦੇ ਨਾਲ ਹੀ ਬਿਰਤਾਂਤਕਾਰ ਬਿਰਤਾਂਤਕੀ-ਪਾਠ ਵਿਚ ਦਲਿਤ ਰਾਜਨੀਤੀ ਦੀ ਬਾਤ ਪਾਉਂਦਾ ਕਈ ਤਰ੍ਹਾਂ ਦੇ ਇਤਿਹਾਸਕ ਸੰਦਰਭ ਵੀ ਪੇਸ਼ ਕਰਦਾ ਹੈ ਕਿ ਕਿਵੇਂ ਬਾਬੂ ਮੰਗੂਰਾਮ ਹੋਰਾਂ ਦੇ ਚਲਾਏ ਅੰਦੋਲਨ ਵਿਚ ਲੋਕ ਹੁੰਮ-ਹੁੰਮਾ ਕੇ ਪਹੁੰਚਦੇ ਹਨ ਤੇ ਆਦਿ ਡੰਕਾ ਅਖ਼ਬਾਰ ਲੋਕਾਂ ਵਿਚ ਨਵੀਨ ਚੇਤਨਾ ਪੈਦਾ ਕਰਨ ਵਾਲਾ ਅਖ਼ਬਾਰ ਬਣ ਜਾਂਦਾ ਹੈ ।ਆਦਿ ਧਰਮ ਕੀ ਹੈ ? ਇਸ ਦੀ ਜ਼ਰੂਰਤ ਕਿਉਂ ਪਈ ?ਇਸ ਦੇ ਕੀ ਅਸੂਲ ਨੇ ? ਕੀ ਫ਼ਰਜ਼ ਨੇ ? ਬ੍ਰਾਹਮਣਵਾਦੀ ਸਮਾਜ ਕੋਲੋ ਕਿਹੜੇ ਕਿਹੜੇ ਖ਼ਤਰੇ ਨੇ ? ਤੇ ਇਹਨਾਂ ਨਾਲ ਕਿਵੇਂ ਨਿਬੜਿਆ ਜਾ ਸਕਦਾ ਹੈ ? ਦੇ ਸਵਾਲ ਦਲਿਤ ਚਿੰਤਨ ਤੇ ਚੇਤਨਾ ਦੇ ਕਈ ਇਤਿਹਾਸਕ ਸੰਦਰਭਾਂ ਨੂੰ ਪੇਸ਼ ਕਰਦੇ ਹਨ ।ਜਿਸ ਵਿਚ ਧਰਮ ਤੇ ਬੁਰਜੂਆ ਰਾਜਨੀਤੀ ਦੀ ਘਿਨੌਣੀ ਤਸਵੀਰ ਵੀ ਪੇਸ਼ ਹੁੰਦੀ ਹੈ ।ਕਹਾਣੀ ਦਾ ਸਮੁੱਚਾ ਬਿਰਤਾਂਤ ਦਲਿਤਾਂ ਨਾਲ ਸੰਬੰਧਤ ਅਣਮਨੁੱਖੀ ਵਰਤਾਰੇ ਦੇ ਕਈ ਤਰ੍ਹਾਂ ਦੇ ਸੰਵਾਦ ਵੀ ਛੇੜਦਾ ਹੈ। ਇਸੇ

ਚੇਤਨਾ ਅਧੀਨ ਨੌਜਵਾਨ ਪੀੜ੍ਹੀ ਬਿਨਾ ਕਿਸੇ ਵਿਤਕਰੇ ਤੋਂ ਲੋਕ ਸੰਘਰਸ਼ ਨੂੰ ਹੋਰ ਤਿੱਖਾ ਕਰਨ ਦੀ ਸੋਚਣ ਲੱਗਦੀ ਹੈ।

ਪਾਠ ਵਿਚ ਪੜ੍ਹਤ ਦੌਰਾਨ ਅਗਲਾ ਸਰੋਕਾਰ ਨਸ਼ਿਆਂ ਦਾ ਉੱਭਰਦਾ ਹੈ।ਨਸ਼ਿਆਂ ਦਾ ਜੋ ਛੇਵਾਂ ਦਰਿਆ ਪੰਜਾਬ ਦੀ ਧਰਤੀ ਤੇ ਵਗ ਰਿਹਾ ਹੈ, ਪਾਠ ਵਿਚ ਉਸ ਦੀ ਨਿਸ਼ਾਨਦੇਹੀ ਵੀ ਭਾਵਪੂਰਤ ਰੂਪ ਵਿਚ ਕੀਤੀ ਗਈ ਹੈ।'ਤੂੰ ਜਾਹ ਡੈਡੀ' ਕਹਾਣੀ ਦੇ ਪਾਤਰ ਪ੍ਰਕਾਸ਼ ਦੀ ਜ਼ੁਬਾਨੀ ਸਮੁੱਚਾ ਬਿਰਤਾਂਤ ਉਸਾਰਿਆ ਹੈ ਜੋ ਨਸ਼ਾ ਛੁਡਾਉ ਕੇਂਦਰ ਵਿਚ ਇਲਾਜ ਅਧੀਨ ਪਿਆ ਹੈ।ਲੱਚਰ ਗੀਤ, ਮੋਬਾਇਲ ਕਲਚਰ, ਵੱਡੀਆਂ ਕਾਰਾਂ ਕੋਠੀਆਂ ਦੀ ਲਾਲਸਾ ਪੰਜਾਬ ਦੀ ਜਵਾਨੀ ਨੂੰ ਭਟਕਾਅ ਕੁਰਾਹੇ ਪਾਉਂਦੇ ਨਜ਼ਰ ਆਉਂਦੇ ਹਨ।ਇਕ ਪਾਸੇ ਪ੍ਰਕਾਸ਼ ਦਾ ਪਿਉ ਸੰਘਰਸ਼ ਦੇ ਰਾਹ ਪੈ ਦੇਸ਼ ਅੰਦਰ ਇਨਕਲਾਬ ਲਿਆਉਣ ਦੀਆਂ ਗੱਲਾਂ ਕਰਦਾ ਹੈ ਤੇ ਪੁੱਤਰ ਨਸ਼ਿਆਂ ਦੇ ਇਨਕਲਾਬ ਵਿਚ ਪੈ ਦੇਸ਼ ਨੂੰ ਬਰਬਾਦ ਕਰਨ ਤੇ ਲੱਗਾ ਹੈ।ਨਜਾਇਜ਼ ਕਬਜ਼ੇ ਛੁਡਵਾਉਣ ਵਾਲਿਆਂ ਦੀ ਔਲਾਦ ਜਰਵਾਣਿਆਂ ਦੇ ਕਬਜ਼ੇ ਕਰਵਾਉਣ ਦੇ ਰਾਹ ਤੁਰ ਪੈਂਦੀ ਹੈ।ਪ੍ਰਕਾਸ਼ ਅਤੇ ਭਿੰਦੇ ਵਰਗੇ ਬੇਰੁਜ਼ਗਾਰ ਨੌਜਵਾਨਾਂ ਦਾ ਭਟਕਣ ਦੀ ਰਾਹ ਪੈ ਨਸ਼ਿਆਂ ਦਾ ਸ਼ਿਕਾਰ ਹੋਣਾ ਸਮੇਂ ਦੀ ਨਜ਼ਾਕਤ ਨੂੰ ਵੀ ਦਰਸਾਉਂਦਾ ਹੈ।ਜਿਸ ਵਿਚ ਅਖ਼ੌਤੀ ਸਮਾਜ ਸੇਵੀ ਸਰਪੰਚ ਤੇ ਕ੍ਰਿਪਾਲ ਸਿਹੁੰ ਕਾਪੇ ਵਰਗੇ ਪੇਂਡੂ ਖੇਡ ਮੇਲਿਆਂ ਤੇ ਖ਼ੂਨਦਾਨ ਕੈਂਪਾਂ ਦੀ ਆੜ ਵਿਚ ਨਸ਼ਿਆਂ ਦਾ ਧੰਦਾ ਚਲਾ ਅੰਨ੍ਹੀ ਕਮਾਈ ਕਰਨ ਤੇ ਲੱਗੇ ਹਨ।ਇਸੇ ਲਈ ਪਾਠ ਦੇ ਅੰਤ ਵਿਚ ਪ੍ਰਕਾਸ਼ ਆਪਣੇ ਪਿਤਾ ਨੂੰ ਸੰਘਰਸ਼ ਦੀ ਰਾਹ ਤੇ ਪ੍ਰਵਾਹਮਾਨ ਰਹਿਣ ਦੀ ਸਲਾਹ ਦਿੰਦਾ ਆਪ ਵੀ ਇਨਕਲਾਬ ਦਾ ਦੀਵਾ ਜਗਾਈ ਰੱਖਣ ਦਾ ਵਾਅਦਾ ਕਰਦਾ ਹੈ।

ਸੱਚੀਂ ਡੈਡੀ , ਤੁਸੀਂ ਸਹਾਰਾ ਦੇਈ ਰੱਖਿਆ , ਕੋਈ ਕਿੰਦਾ ਭਿੰਦਾ ਨ੍ਹੀ ਮਰਦਾ।ਨਾਲੇ ਹਾਅ ਝੰਡੀ ਜਹੀ ਫੜਾਈ ਕੇਰਾਂ ਮੈਨੂੰ ਵੀ ਹੂੰ ! ਹਾਅ।ਘਬਰਾਈ ਨਾ ਡੈਡੀ।ਉੱਕਾ ਨਾ ਘਬਰਾ।ਕੁੱਝ ਨ੍ਹੀ ਹੁੰਦਾ ਮੈਨੂੰ।ਅਹੁ ਸੂਰਜ ਵੱਲੀਂ ਵੇਖ।ਦੱਗਦਾ ਪਿਆ ਏ ਕਿ ਨਹੀਂ ?ਤੂੰ ਵੀ ਸੂਰਜ ਏ ਡੈਡੀ।ਹੁਣ ਤੂੰ ਈ ਦੱਸ , ਸੂਰਜ ਦੇ ਹੁੰਦਿਆਂ ਸੁੰਦਿਆਂ ਭਲਾ ਪ੍ਰਕਾਸ਼ ਨੂੰ ਕੀ ਹੋਜੂ।ਕਿ ਹੋਜੂ ?ਤੂੰ ਆਪ ਈ ਤਾਂ ਆਹਨਾ ਹੁੰਨੈ , " ਨੌਜਵਾਨ ਤਾਂ ਚਿੰਗਾੜੀ ਹੁੰਦੇ ਨੇ " ਹੁਣ ਕੀ ਹੋਇਆ ਜੇ ਮਾੜਾ ਮੋਟਾ ਸੇਕ ਮੱਠਾ ਹੋ ਗਿਆ ਇਹਨਾਂ ਦਾ ? ਕੁੱਝ ਨ੍ਹੀ ਹੁੰਦਾ ਇਹਨਾਂ ਚੰਗਿਆੜੀਆਂ ਨੂੰ।ਤੂੰ ਵੇਖੀਂ ਇਹ ਤਾਂ ਲਟ ਲਟ ਬਲਣਗੀਆਂ ਥੋਡੇ ਵਾਂਗੂ।( ਹਾਰੀਂ ਨਾ ਬਚਨਿਆ, ਪੰਨਾ, 77)

ਬਿਰਤਾਂਤਕੀ-ਪਾਠ ਵਿਚ ਆਏ ਇਹ ਸ਼ਬਦ ਆਸ ਦਾ ਦੀਵਾ ਬਾਲ ਨਵੀਨ ਚੇਤਨਾ ਪੈਦਾ ਕਰਦੇ ਹਨ।ਜਿਸ ਦੇ ਨਿਕਟ ਭਵਿੱਖ ਵਿਚ ਭਾਂਬੜ ਬਣ ਮੱਚਣ ਦੇ ਪੂਰੇ ਆਸਾਰ ਬਣਦੇ ਹਨ।

ਪਾਠ ਵਿਚ ਵਿਚਰਦਿਆਂ ਇਕ ਨੁਕਤਾ ਜੰਗ ਵਿਚ ਸ਼ਹੀਦ ਹੋਏ ਸਿਪਾਹੀਆਂ ਤੇ ਉਹਨਾਂ ਦੇ ਪਰਿਵਾਰਾਂ ਦੀ ਦਾਸਤਾਨ ਦਾ ਉੱਭਰਦਾ ਹੈ।ਬਿਰਤਾਂਤਕਾਰ ਨੇ ਜਗਮੀਤ ਸਿਹੁੰ ਜੋ ਭਾਰਤ ਪਾਕਿ ਜੰਗ ਵਿਚ ਸ਼ਹੀਦ ਹੋ ਜਾਂਦਾ ਹੈ, ਦੀ ਜ਼ੁਬਾਨੀ ਸਮੁੱਚਾ ਬਿਰਤਾਂਤ ਉਸਾਰਿਆ ਹੈ।ਜਿਸ ਵਿਚ ਦੇਸ਼ ਵੰਡ ਦੇ ਦੁਖਾਂਤ ਦੇ ਨਾਲ ਦੋਵਾਂ ਦੇਸ਼ਾਂ ਵਿਚਕਾਰ ਫ਼ੈਲੀ ਰਾਜਨੀਤੀ ਦਾ ਸ਼ਿਕਾਰ ਫ਼ੌਜੀਆਂ ਦਾ ਸੰਤਾਪ ਵੀ ਬਿਆਨ ਕੀਤਾ ਗਿਆ ਹੈ।ਜਿਸ ਵਿਚ ਨੈਬੇ ਫ਼ੌਜੀ ਵਰਗੇ ਜਵਾਨ ਜ਼ਿੰਦਗੀ ਵਿਚ ਦੁੱਖ ਭੋਗਣ ਲਈ ਮਜ਼ਬੂਰ ਹੋ ਜਾਂਦੇ ਹਨ।ਹਿੰਦ ਪਾਕਿ ਜੰਗ ਵਿਚ ਲਾਪਤਾ ਨੈਬ ਸਿਹੁੰ ਨੂੰ ਫ਼ੌਜ ਵਿਚੋਂ ਭਗੌੜਾ ਕਰਾਰ ਦੇ ਦਿੱਤਾ ਜਾਂਦਾ ਹੈ।ਲੋਕ ਵੀ ਉਸ ਬਾਰੇ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰਨ



ਲੱਗਦੇ ਹਨ।ਸਾਢੇ ਸੱਤ ਸਾਲ ਪਾਕਿਸਤਾਨ ਦੀ ਜੇਲ੍ਹ ਵਿਚ ਦਸੌਂਟਾ ਕੱਟਣ ਮਗਰੋਂ ਜਦੋਂ ਰਿਹਾ ਹੋ ਕੇ ਵਾਪਸ ਪਰਤਦਾ ਹੈ ਤਾਂ ਸਭ ਕੁਝ ਖ਼ਤਮ ਹੋ ਚੁੱਕਾ ਹੁੰਦਾ ਹੈ।ਪਾਕਿਸਤਾਨ ਦੀ ਜੇਲ੍ਹ ਵਿਚ ਪੁਲਸ ਲੱਤ ਦੀ ਹੱਡੀ ਹੀ ਤੋੜ ਦਿੰਦੀ ਹੈ ਜੋ ਮੁੜ ਨਹੀਂ ਜੁੜਦੀ।ਗੈਂਗਰੀਨ ਹੋ ਜਾਣ ਨਾਲ ਇਕ ਲੱਤ ਤੋਂ ਆਹਰੀ ਹੋਇਆ ਨੈਬਾ ਤਰਸਮਈ ਜ਼ਿੰਦਗੀ ਜਿਉਣ ਲਈ ਮਜ਼ਬੂਰ ਹੋ ਜਾਂਦਾ ਹੈ।ਸਾਢੇ ਸੱਤ ਸਾਲ ਦੇ ਲੰਮੇ ਅਰਸੇ ਦੌਰਾਨ ਪਤਨੀ ਵੀ ਉਸ ਦੀ ਭੂਆ ਦੇ ਪੁੱਤ ਨਾਲ ਆਪਣਾ ਘਰ ਵਸਾ ਲੈਂਦੀ ਹੈ।ਘਰ ਤੋਂ ਬੇਘਰ ਹੋਇਆ ਨੈਬਾ ਸੜਕਾਂ ਤੇ ਧੱਕੇ ਖਾਣ ਲਈ ਮਜ਼ਬੂਰ ਹੋ ਜਾਂਦਾ ਹੈ।ਜੰਗਾਂ ਤੇ ਯੁੱਧਾਂ ਵਿਚ ਸਿਆਸਤਦਾਨਾਂ ਦਾ ਕੁਝ ਨਹੀਂ ਵਿਗੜਦਾ ਪਰ ਜੰਗ ਲੜਨ ਵਾਲੇ ਸਿਪਾਹੀਆਂ ਦਾ ਜੀਵਨ ਜ਼ਰੂਰ ਪਟੜੀ ਤੋਂ ਉਤਰ ਜਾਂਦਾ ਹੈ।ਜਿਸ ਸੰਤਾਪ ਦਾ ਸ਼ਿਕਾਰ ਨੈਬਾ ਜਿਉਂਦਾ ਰਹਿ ਕੇ ਹੁੰਦਾ ਹੈ ਤੇ ਜਗਮੀਤ ਜੰਗ ਵਿਚ ਸ਼ਹੀਦ ਹੋ ਕੇ।ਜਗਮੀਤ ਦੇ ਨਾਂ ਤੇ ਸਭਿਆਚਾਰਕ ਮੇਲਿਆਂ ਦਾ ਲੱਗਣਾ, ਮੇਲੇ ਵਿਚ ਵੱਡੇ ਵੱਡੇ ਗਾਇਕਾਂ ਦੇ ਲੱਚਰ ਗੀਤ, ਟੂਰਨਮੈਂਟ ਹੋਣੇ, ਰਾਜਸੀ ਨੇਤਾਵਾਂ ਦੀਆਂ ਵੱਡੀਆਂ ਵੱਡੀਆਂ ਤਕਰੀਰਾਂ, ਵੋਟਾਂ ਦੀ ਰਾਜਨੀਤੀ ਆਦਿ ਦੇ ਚਿਹਨਕੀ ਜੁੱਟ ਕਰਨੀ ਤੇ ਕਥਨੀ ਦੇ ਅੰਤਰ ਨੂੰ ਦਰਸਾਉਂਦੇ ਸ਼ਹੀਦਾਂ ਦੇ ਨਾਂ ਤੇ ਚਲਾਈ ਜਾਂਦੀ ਰਾਜਨੀਤੀ ਤੇ ਭ੍ਰਿਸ਼ਟਾਚਾਰ ਨੂੰ ਦਰਸਾਉਂਦੇ ਹਨ।

ਮੇਰਾ ਜੀਅ ਤਾਂ ਕਰਦਾ ਸੀ ਕਿ ਆਖਾਂ, "ਨੈਬ ਸਿਆਂ....ਜਿਹੜੇ ਤਾਬੂਤ ਵਿਚ ਪਾ ਕੇ ਮੈਨੂੰ ਸ਼ਹੀਦ ਹੋਏ ਨੂੰ ਲੈ ਕੇ ਆਏ ਸੀ, ਆਪਣੇ ਦੇਸ਼ ਕੌਮ ਦੇ ਵਾਰਸ ਤਾਂ ਉਸ ਤਾਬੂਤ ਵਿਚੋਂ ਵੀ ਪੈਸੇ ਖਾ ਗਏ।ਜਿਹੜੀਆਂ ਤੋਪਾਂ ਦੇ ਗੋਲੇ ਆਪਾਂ ਉੱਚੀਆਂ ਪਹਾੜੀਆਂ 'ਤੇ ਮੋਰਚੇ ਲਾਏ ਬੈਠੇ ਦੁਸ਼ਮਣ ਆਖੇ ਜਾਂਦੇ ਫ਼ੌਜੀਆਂ ਵੱਲੀਂ ਦਾਗ਼ਦੇ ਸੀ...ਉਹਨਾਂ ਤੋਪਾਂ 'ਚੋਂ ਵੀ ਕਮਿਸ਼ਨ ਖਾਗੇ ਆਪਣੇ ਆਲੇ ਨੇਤਾ "। ( ਹਾਰੀਂ ਨਾ ਬਚਨਿਆ, ਪੰਨਾ, 104)

ਇਸੇ ਲਈ ਸਹੀਦ ਹੋਏ ਜਗਮੀਤ ਨੂੰ ਮੀਤੇ ਮੈਂਟਲ ਦੀਆਂ ਗੱਲਾਂ ਵੀ ਯਾਦ ਆਉਂਦੀਆਂ ਹਨ।

ਉਹ ਆਂਹਦਾ ਹੁੰਦਾ ਸੀ, " ਆਪਣਾ ਕੰਮ ਸਰਹੱਦਾਂ 'ਤੇ ਘੁਸਪੈਠੀਆਂ ਨੂੰ ਮਾਰਨ ਨਾਲ ਈ ਨ੍ਹੀ ਮੁੱਕ ਜਾਂਦਾ।ਸਾਨੂੰ ਦੇਸ਼ ਦੇ ਅੰਦਰਲੇ ਘੁਸਪੈਠੀਆਂ 'ਤੇ ਵੀ ਨਜ਼ਰ ਰੱਖਣੀ ਚਾਹੀਦੀ ਐ "।ਉਹ ਤਾਂ ਕਈ ਵਾਰ ਲੋਰ ਵਿੱਚ ਆਇਆ ਆਖ ਦਿੰਦਾ ਹੁੰਦਾ ਸੀ, " ਜਿੱਦਣ ਆਪਣੇ ਅਰਗੇ ਫ਼ੌਜੀਆਂ ਨੇ ਦੇਸ਼ ਦੇ ਅੰਦਰਲੇ ਪੰਜ- ਸੱਤ ਘੁਸਪੈਠੀਏ ਬੁੜਕਾਤੇ, ਸਰਹੱਦਾਂ ਉੱਤੇ ਹੁੰਦੀ ਘੁਸਪੈਠ ਵੀ ਖਤਮ ਹੋਜੂ "।( ਹਾਰੀਂ ਨਾ ਬਚਨਿਆ, ਪੰਨਾ, 112)

ਜਗਮੀਤ ਨੂੰ ਆਪਣੇ ਸ਼ਹੀਦ ਹੋਣ ਦੀ ਨਮੋਸ਼ੀ ਉਦੋਂ ਹੋਰ ਵੀ ਜ਼ਿਆਦਾ ਹੋਣ ਲੱਗਦੀ ਹੈ, ਜਦੋਂ ਉਸ ਦਾ ਪਿਉ ਤੇ ਭਰਾ ਉਸ ਦੀ ਸ਼ਹੀਦੀ ਬਦਲੇ ਮਿਲਦੇ ਮੁਆਵਜ਼ਿਆਂ ਦਾ ਨਜਾਇਜ਼ ਲਾਭ ਉਠਾਉਂਦੇ ਐਸ਼ ਕਰਦੇ ਹਨ ਤੇ ਉਸ ਦੀ ਆਪਣੀ ਪਤਨੀ ਤੇ ਧੀ ਥਾਂ ਥਾ ਧੱਕੇ ਖਾਂਦੀਆਂ ਫ਼ਿਰਦੀਆਂ ਹਨ।ਵੱਡੇ ਵੱਡੇ ਨੇਤਾ ਲੋਕ ਦਿਖਾਵੇ ਲਈ ਉਸ ਨੂੰ ਸ਼ਰਧਾਜਲੀਆਂ ਦੇਣ ਲਈ ਆਉਂਦੇ ਹਨ, ਪਰ ਉਸ ਦੀ ਪਤਨੀ ਤੇ ਧੀ ਨੂੰ ਨੇੜੇ ਵੀ ਢੁੱਕਣ ਨਹੀਂ ਦਿੱਤਾ ਜਾਂਦਾ।ਇਸੇ ਲਈ ਜਗਮੀਤ ਆਪਣੀ ਪਤਨੀ ਤੇ ਧੀ ਨੂੰ ਅਸਲ ਸ਼ਹੀਦ ਗਰਦਾਨਦਾ ਉਹਨਾਂ ਦੁਆਰਾ ਦਿੱਤੀ ਜਾ ਰਹੀ ਕੁਰਬਾਨੀ ਨੂੰ ਯਾਦ ਕਰਵਾਉਂਦਾ ਹੈ।

" ਹਾਏ ਓਏ ਰੱਬਾ! ਐਡਾ ਵੱਡਾ ਇਲਜ਼ਾਮ , ਉਹ ਵੀ ਬਿਨਾਂ ਕਿਸੇ ਸਿਰ ਪੈਰ ਦੇ। ਮਾਂ ਨੂੰ ਕਿਵੇਂ ਸਮਝਾਉਂਦਾ ਕਿ ਮੈਨੂੰ ਕਰਮਜੀਤ ਨੇ ਨਹੀਂ , ਦਿੱਲੀ-ਇਸਲਾਮਾਬਾਦ ਦੀ ਅੱਖ ਮਟੱਕਿਆ ਵਾਲੀ ਰਾਜਨੀਤੀ ਨੇ ਖਾ ਲਿਆ "।( ਹਾਰੀਂ ਨਾ ਬਚਨਿਆ, ਪੰਨਾ, 97)

ਬਿਰਤਾਂਤਕੀ ਪਾਠ ਵਿਚ ਆਇਆ ਇਹ ਪ੍ਰਵਚਨ ਗੁਰੂ ਅਮਰਦਾਸ ਦੇ ਸ਼ਬਦ 'ਸਤੀਆ ਏਹਿ ਨ ਆਖੀਅਨਿ' ਨਾਲ ਜਾ ਜੁੜਦਾ ਹੈ ਕਿ ਸਤੀਆਂ ਉਹ ਨਹੀਂ ਜੋ ਪਤੀ ਦੀ ਚਿਤਾ ਨਾਲ ਸੜ ਕੇ ਸੁਆਹ ਹੋ ਜਾਂਦੀਆਂ ਹਨ। ਅਸਲ ਸਤੀਆਂ ਉਹ ਹਨ ਜੋ ਆਪਣੇ ਪਤੀ ਤੋਂ ਬਾਅਦ ਵੀ ਜਿਉਂਦੀਆਂ ਰਹਿੰਦੀਆਂ ਹਨ।

ਇਸੇ ਤਰ੍ਹਾਂ ਦਾ ਬਿਰਤਾਂਤ ਬਿਰਤਾਂਤਕੀ ਪਾਠ 'ਅਲਵਿਦਾ ਬਿੱਕਰ ਸਿੰਘ' ਵਿਚ ਮਿਲਦਾ ਹੈ ਜੋ ਅਧਿਆਪਕ ਯੂਨੀਅਨ ਦਾ ਸਰਗਰਮ ਕਾਰਕੁੰਨ ਬਣ ਸਾਰੀ ਉਮਰ ਮੁਲਾਜ਼ਮ ਪਾਰਟੀ ਲਈ ਕੁਰਬਾਨੀਆਂ ਕਰਦਾ ਬਿਤਾ ਦਿੰਦਾ ਹੈ, ਜਿਸ ਦੇ ਲਈ ਇਕ ਵਾਰ ਨੌਕਰੀ ਤੋਂ ਬਰਖ਼ਾਸਤ ਵੀ ਕਰ ਦਿੱਤਾ ਜਾਂਦਾ ਹੈ ਤੇ ਲੰਮਾ ਸਮਾਂ ਮੁੱਕਦਮੇ ਲੜਨੇ ਪੈਂਦੇ ਹਨ। ਵੇਦੀ ਦੇ ਮੋਰਚੇ ਵੇਲੇ ਪੁਲਸ ਦੀ ਕੁੱਟ ਨਾਲ ਇਕ ਲੱਤ ਤੋਂ ਵੀ ਆਹਰੀ ਹੋ ਜਾਂਦਾ ਹੈ ਪਰ ਆਖ਼ਰੀ ਵੇਲੇ ਪਾਰਟੀ ਅੰਦਰਲੀ ਗੰਧਲੀ ਰਾਜਨੀਤੀ ਤੇ ਖ਼ਾਨਾਜੰਗੀ ਸਦਕਾ ਅਰਥੀ ਲਈ ਪਾਰਟੀ ਦਾ ਝੰਡਾ ਤੱਕ ਵੀ ਨਹੀਂ ਜੁੜਦਾ। ਉਸ ਦੀ ਪਤਨੀ ਨਸੀਬ ਕੌਰ ਆਗੂਆਂ ਦੀ ਉਡੀਕ ਕਰਦਿਆਂ ਥੱਕ ਹਾਰ ਕੇ ਗਰੀਬ ਧੋਬੀ ਹਰੀਏ, ਜੋ ਪਾਰਟੀ ਦਾ ਮੈਂਬਰ ਤਾਂ ਨਹੀਂ ਪਰ ਪਾਰਟੀ ਦਾ ਹਮਦਰਦ ਜ਼ਰੂਰ ਹੈ , ਜਿਸ ਦੀ ਧੀ ਦਾ ਭੱਠੇ ਵਾਲੇ ਸਰਦਾਰਾਂ ਦੇ ਕਾਕਿਆਂ ਵੱਲੋਂ ਬਲਾਤਕਾਰ ਕੀਤੇ ਜਾਣ ਤੇ ਬਿੱਕਰ ਸਿੰਘ ਉਸ ਨੂੰ ਇਨਸਾਫ਼ ਦਿਵਾਉਣ ਲਈ ਹਾਅ ਦਾ ਨਾਅਰਾ ਮਾਰਦਾ ਧਰਨੇ ਲਾਉਂਦਾ ਤੇ ਮੁਜ਼ਾਹਰੇ ਕਰਦਾ ਹੈ। ਉਸ ਹਰੀਏ ਨੂੰ ਨਸੀਬ ਕੌਰ ਦਾ ਸੰਬੋਧਨ ਬੜੇ ਡੂੰਘੇ ਅਰਥ ਰੱਖਦਾ ਹੈ। ਜਿਸ ਵਿਚ ਕਿਸੇ ਵੀ ਤਰ੍ਹਾਂ ਦੀ ਈਰਖਾ, ਸਾੜੇ ਤੇ ਰਾਜਨੀਤੀ ਤੋਂ ਉੱਪਰ ਉੱਠ ਲੋਕ ਲਹਿਰਾਂ ਨੂੰ ਮਜ਼ਬੂਤ ਕਰਨ ਦਾ ਸੰਦੇਸ਼ ਵੀ ਹੈ। ਨਸੀਬ ਕੌਰ ਨੂੰ ਲੋਕ ਲਹਿਰ ਨੂੰ ਜਿਉਂਦਾ ਰੱਖਣ ਦੀ ਆਖ਼ਰੀ ਕਿਰਨ ਹਰੀਏ ਧੋਬੀ ਵਿਚ ਹੀ ਨਜ਼ਰ ਆਉਂਦੀ ਹੈ, ਜੋ ਬਿੱਕਰ ਦੀ ਲਾਸ਼ ਕੋਲ ਬੈਠਾ ਹੁਬਕੀਂ ਹੁਬਕੀਂ ਰੋ ਰਿਹਾ ਸੀ।

" ਵੇ ਪੁੱਤ! ਹਰੀਏ ਨੂੰ ਆਖ , ਦੁਕਾਨ ਤੋਂ ਲਿਆ ਕੇ ਕੱਪੜਾ ਪਾਵੇ ਆਵਦੇ ਸਾਥੀ 'ਤੇ " ।ਨਸੀਬ ਕੌਰ ਨੇ ਸਸਕਾਰ ਦੀ ਤਿਆਰੀ ਕਰਨ ਦਾ ਇਸ਼ਾਰਾ ਕਰ ਦਿੱਤਾ ਸੀ।( ਹਾਰੀਂ ਨਾ ਬਚਨਿਆ, ਪੰਨਾ, 154)

ਇਸੇ ਤਰ੍ਹਾਂ ਬਿਰਤਾਂਤਕੀ ਪਾਠ ਵਿਚ 'ਹਾਰੀਂ ਨਾ ਬਚਨਿਆ' ਇਕ ਸਸ਼ਕਤ ਪਾਠ ਵਜੋਂ ਉੱਭਰ ਕੇ ਸਾਹਮਣੇ ਆਉਂਦੀ ਹੈ। ਇਸ ਸਿਰਲੇਖਕ ਬਿਰਤਾਂਤ ਵਿਚ ਬਿਰਤਾਂਤਕਾਰ ਨੇ ਕਾਵਿਕ ਰੰਗ ਵੀ ਭਰੇ ਹਨ। ਜਿਸ ਦਾ ਬਿਰਤਾਂਤ ਬਚਨੇ ਦੇ ਜ਼ਿਹਨ ਵਿਚ ਫ਼ਲੈਸ਼ ਬੈਕ ਦੀ ਵਿਧੀ ਰਾਹੀਂ ਵਾਪਰਦਾ ਹੈ। ਕਦੇ ਬਚਨਾ, ਬਚਨੇ ਦਾ ਭਰਾ ਸੁਰਜਨ ਤੇ ਉਸ ਦੇ ਸਾਥੀ ਪਿੰਡ ਪਿੰਡ ਜਾ ਕੇ ਬਾਜ਼ੀ ਪਾਉਣ ਦੇ ਕਰਤੱਬ ਦਿਖਾਉਂਦੇ ਸਨ। ਪੂਰੇ ਇਲਾਕੇ ਵਿਚ ਉਹਨਾਂ ਦਾ ਪੂਰਾ ਮਾਣ ਸਤਿਕਾਰ ਸੀ। ਬਚਨਾ ਚਰਿੱਤਰ ਪੱਖੋਂ ਪੂਰਾ ਸਾਬਤ ਸਬੂਤੀ ਵਾਲਾ ਬੰਦਾ ਸੀ। ਇਸੇ ਲਈ ਇਕ ਦਿਨ ਆਪਣੇ ਭਰਾ ਸੁਰਜਨ ਨੂੰ ਕਮਾਦ ਵਿਚ ਕਿਸੇ ਬੇਗ਼ਾਨੀ ਔਰਤ ਨਾਲ ਵੇਖ ਕੇ ਆਪਾ ਖ਼ੋ ਬੈਠਦਾ ਹੈ ਤੇ ਗੁੱਸੇ ਵਿਚ ਆਇਆ ਉਸ ਦੀ ਲੱਤ ਹੀ ਤੋੜ ਦਿੰਦਾ ਹੈ। ਕੁਝ ਮਹੀਨੇ ਮੰਜੇ ਤੇ ਕੱਟ ਸੁਰਜਨ ਰੱਬ ਨੂੰ ਪਿਆਰਾ ਹੋ ਜਾਂਦਾ ਹੈ। ਸੁਰਜਨ ਦੀ ਮੌਤ ਬਚਨੇ ਨੂੰ ਅੰਦਰ ਹੀ ਅੰਦਰ ਖ਼ੋਰ ਦਿੰਦੀ ਹੈ। ਹੁਣ ਉਸ



ਵਿਚ ਬਾਜ਼ੀਆਂ ਪਾਉਣ ਦੀ ਸਮਰੱਥਾ ਨਹੀਂ ਰਹਿੰਦੀ। ਆਰਥਕ ਮੰਦੀ ਨਾਲ ਜੂਝਦਾ ਸਬਜ਼ੀ ਵੇਚਣ ਤੇ ਖੇਤਾਂ ਵਿਚ ਮਜ਼ਦੂਰੀ ਕਰਨ ਲਈ ਮਜ਼ਬੂਰ ਹੋ ਜਾਂਦਾ ਹੈ। ਚਾਵਾਂ ਮਲਾਰਾਂ ਨਾਲ ਪਾਲੇ ਜਵਾਨ ਪੁੱਤਰ ਦੀ ਮੌਤ ਉਸ ਦਾ ਹੋਰ ਲੱਕ ਤੋੜ ਦਿੰਦੀ ਹੈ। ਨੂੰਹ ਚਹੁੰ ਮਹੀਨਿਆਂ ਦੀ ਧੀ ਉਸ ਦੀ ਝੋਲੀ ਪਾ ਆਪ ਪੇਕੀ ਤੁਰ ਜਾਂਦੀ ਹੈ। ਬਚਨੇ ਲਈ ਹਾਲਾਤ ਇੰਨੇ ਬਦਤਰ ਹੋ ਜਾਂਦੇ ਹਨ ਕਿ ਪਿੰਡ ਦੇ ਪਟਵਾਰੀਆਂ ਦਾ ਮੁੰਡਾ ਉਸ ਦੀ ਪੋਤਰੀ ਵੀਰਾਂ ਦਾ ਬਲਾਤਕਾਰ ਕਰ ਖੇਤਾਂ ਵਿਚ ਸੁੱਟ ਦਿੰਦਾ ਹੈ। ਜਿਸ ਦੇ ਲਈ ਪੁਲਸ, ਥਾਣੇ, ਦਫ਼ਤਰਾਂ, ਸਰਕਾਰੇ ਦਰਬਾਰੇ ਕਿਧਰੇ ਕੋਈ ਸੁਣਵਾਈ ਨਹੀਂ ਹੁੰਦੀ। ਦੂਜਿਆਂ ਦੀਆਂ ਧੀਆਂ ਭੈਣਾਂ ਦਾ ਪੂਰਾ ਆਦਰ ਮਾਣ ਕਰਨ ਵਾਲਾ ਬਚਨਾ ਇਕ ਦਿਨ ਆਪ ਹੀ ਇਨਸਾਫ਼ ਦੀ ਭਾਲ ਵਿਚ ਪੁਲਸ ਸਟੇਸ਼ਨਾਂ ਤੇ ਦਫ਼ਤਰਾਂ ਦੇ ਧੱਕੇ ਖਾਣ ਲਈ ਮਜ਼ਬੂਰ ਹੋ ਜਾਂਦਾ ਹੈ। ਪਰ ਹਾਰ ਨਹੀਂ ਮੰਨਦਾ। ਪਾਠ ਦੇ ਅੰਤ ਵਿਚ ਬਚਨੇ ਦਾ ਆਕੀਦਾ ਨਾਂ ਦੀ ਕੁੜੀ ਦਾ ਬਲਾਤਕਾਰ ਕਰਨ ਵਾਲਿਆਂ ਖ਼ਿਲਾਫ਼ ਰੋਸ ਮੁਜ਼ਾਹਰਾ ਕਰਨ ਵਾਲਿਆਂ ਵਿਚ ਮਿਲ ਜਾਣਾ, ਬਚਨੇ ਦਾ ਬਿਨਾ ਜਵਾਬ ਉਡੀਕਿਆਂ ਮੁਜ਼ਾਹਰੇ ਦੀ ਅਗਵਾਈ ਕਰ ਰਹੇ ਨੌਜਵਾਨਾਂ ਤੋਂ ਮੋਮਬਤੀ ਲੈ ਥੜੇ ਤੇ ਚੜ੍ਹ ਜਾਣਾ ਦੇ ਚਿਹਨਕੀ ਜੁੱਟ ਲੋਕ ਸੰਘਰਸ਼ ਨੂੰ ਤਿੱਖਾ ਕਰਦੇ ਲੋਕ ਸ਼ਕਤੀ ਦੇ ਯਥਾਰਥ ਨੂੰ ਪੇਸ਼ ਕਰਦੇ ਹਨ। ਬਚਨਾ ਇਥੇ ਨਿਮਾਣੇ, ਨਿਤਾਣੇ ਤੇ ਲਿਤਾੜੇ ਲੋਕਾਂ ਦੀ ਅਗਵਾਈ ਕਰਦਾ ਪ੍ਰਸਥਿਤੀਆਂ ਤੋਂ ਹਾਰ ਨਹੀਂ ਮੰਨਦਾ ਸਗੋਂ ਲੋਕ ਸੰਘਰਸ਼ ਦਾ ਮੋਹਰੀ ਬਣ ਉਸ ਨੂੰ ਅੱਗੇ ਤੋਰਨ ਵਿਚ ਮੱਦਦਗਾਰ ਹੁੰਦਾ ਹੈ।

ਇਸ ਦੇ ਨਾਲ ਹੀ ਬਿਰਤਾਂਤਕੀ ਪਾਠ ਵਿਚ ਦਫ਼ਤਰਾਂ ਅੰਦਰਲੀ ਕਾਰਗੁਜ਼ਾਰੀ, ਈਰਖਾ, ਸਾੜੇ, ਰਿਸ਼ਵਤਖ਼ੋਰੀ, ਚਾਪਲੂਸੀਆਂ ਦਾ ਵੀ ਪਰਦਾਫ਼ਾਸ਼ ਹੁੰਦਾ ਹੈ, ਜਿਸ ਵਿਚ ਬਲ ਬਹਾਦਰ ਵਰਗੇ ਇਮਨਾਦਾਰ ਮੁਲਾਜ਼ਮਾਂ ਨੂੰ ਆਪਣੀ ਇਮਾਨਦਾਰੀ ਦਾ ਭੁਗਤਾਨ ਵੀ ਕਰਨਾ ਪੈਂਦਾ ਹੈ। ਦਫ਼ਤਰਾਂ ਦੇ ਵਿਚ ਵੀ ਲਾਬੀਆਂ ਬਣੀਆਂ ਹੋਈਆਂ ਹਨ। ਜੋ ਇਕ ਦੂਜੇ ਦੇ ਕੰਮ ਦੀ ਨੁਕਤਾਚੀਨੀ ਕਰ ਆਪਣਾ ਉੱਲੂ ਸਿੱਧਾ ਕਰਨ ਵਿਚ ਲੱਗੀਆਂ ਰਹਿੰਦੀਆਂ ਹਨ। 'ਵਾਇਰਸ' ਬਿਰਤਾਂਤਕੀ-ਪਾਠ ਵਿਚ ਕੰਪਿਊਟਰ ਵਿਚ ਵਾਰ ਵਾਰ ਵਾਇਰਸ ਦਾ ਆਉਣਾ ਤੇ ਸਿਊਂਕ ਦਾ ਮਹਤੱਵਪੂਰਨ ਦਸਤਾਵੇਜ਼ਾਂ ਨੂੰ ਖਾ ਜਾਣ ਦਾ ਬਿਰਤਾਂਤਕੀ ਪਰਿਪੇਖ ਅੰਦਰਖ਼ਾਤੇ ਚੱਲਦੇ ਘਪਲਿਆਂ ਦੀ ਹੀ ਨਿਸ਼ਾਨਦੇਹੀ ਕਰਦਾ ਹੈ। ਜਿਸ ਦੀ ਜਾਚ ਦਰ ਜਾਚ ਰਿਸ਼ਵਤਖ਼ੋਰੀ ਤੇ ਭ੍ਰਿਸ਼ਟਾਚਾਰ ਵਿਚ ਵਾਧਾ ਕਰਦੀ ਸਿਸਟਮ ਨੂੰ ਹੋਰ ਕਮਜ਼ੋਰ ਕਰਦੀ ਹੈ।

ਇਸ ਦੇ ਨਾਲ ਹੀ ਪਾਠ ਦੇ ਦੌਰਾਨ ਪਾਤਰਾਂ ਦੇ ਬਹੁਤ ਸਾਰੇ ਮਨੋਵਿਗਿਆਨਕ ਮਸਲੇ ਵੀ ਉੱਭਰ ਕੇ ਸਾਹਮਣੇ ਆਉਂਦੇ ਹਨ। ਜਿਹਨਾਂ ਦੇ ਵਿਚ ਪਤੀ ਪਤਨੀ ਦੇ ਰਿਸ਼ਤੇ ਵਿਚਕਾਰ ਤੀਸਰੇ ਦੀ ਆਮਦ ਦਾ ਸ਼ੱਕ ਕਈ ਤਰ੍ਹਾਂ ਦੇ ਖ਼ਲਲ ਪੈਦਾ ਕਰਦਾ ਹੈ। ਇਸੇ ਤਰ੍ਹਾਂ ਦਾ ਸੰਦਰਭ ਬਿਰਤਾਂਤਕੀ -ਪਾਠ 'ਕਮੀਨਾ' ਵਿਚ ਮਿਲਦਾ ਹੈ। ਜਿਸ ਵਿਚ ਨੀਲੂ ਦਾ ਪਤੀ ਅਰੀਸ ਆਪਣੀ ਪਿਤਾ ਪੁਰਖੀ ਫ਼ਿਊਡਲ ਸੋਚ ਅਧੀਨ ਬਿਨਾਂ ਵਜ੍ਹਾ ਉਸ ਉੱਤੇ ਸ਼ੱਕ ਕਰਦਾ ਰਹਿੰਦਾ ਹੈ। ਨੀਲੂ ਦੇ ਮਾਨਸਿਕ ਤਣਾਓ ਦਾ ਕਾਰਨ ਬਣ ਕਈ ਤਰ੍ਹਾਂ ਦੀਆਂ ਮਨੋਗੁੰਝਲਾਂ ਪੈਦਾ ਕਰਦਾ ਹੈ। ਇਥੇ ਬਿਰਤਾਂਤਕਾਰ ਨੇ ਔਰਤ ਮਰਦ ਦੋਨਾਂ ਦਾ ਹੀ ਮਨੋਵਿਗਿਆਨ ਬਾਖ਼ੂਬੀ ਸਿਰਜਿਆ ਹੈ। ਜਿਸ ਵਿਚ ਔਰਤ ਸਹਿਣਸ਼ੀਲਤਾ, ਤੇ ਸਬਰ ਸੰਤੋਖ ਦੇ ਮੁਜੱਸਮੇ ਵਜੋਂ ਪੇਸ਼ ਹੁੰਦੀ ਹੈ। ਇਸੇ ਲਈ ਪਾਠ ਦੇ ਅੰਤ ਵਿਚ ਨੀਲੂ ਦੇ ਪਤੀ ਅਰੀਸ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋ ਆਪਣਾ ਆਪ 'ਕਮੀਨਾ' ਜਾਪਦਾ

ਹੈ।ਬਿਰਤਾਂਤਕਾਰ ਸਮੱਸਿਆ ਦਾ ਤੋੜ ਪਤੀ ਪਤਨੀ ਦੇ ਰਿਸ਼ਤੇ ਦੀ ਮਰਿਆਦਾ ਨੂੰ ਕਾਇਮ ਰੱਖਣ ਵਿਚ ਦੱਸਦਾ ਸ਼ੱਕੀ ਬਿਰਤੀ ਦਾ ਖੰਡਨ ਕਰਦਾ ਹੈ।ਜਿਸ ਵਿਚ ਸ਼ੱਕ ਦੀ ਗੁੰਝਲ ਦੋਨਾਂ ਦੇ ਪਿਆਰ ਨੂੰ ਪ੍ਰਤੋੜਾ ਵੀ ਪ੍ਰਵਾਨ ਕਰਦੀ ਹੈ।

ਪਾਠ ਵਿਚਲਾ ਕਲਤਾਮਕ ਪੱਖ ਵੀ ਮਹਤੱਵਪੂਰਨ ਹੈ ਉੱਤਮ ਪੁਰਖੀ ਵਿਧੀ ਵਿਚ ਰਚੀ ਲੰਮੀ ਕਹਾਣੀ ਪਾਠਕ ਦਾ ਧਿਆਨ ਖਿੱਚਦੀ ਹੈ।ਪਾਠ ਵਿਚਲੇ ਦਿਲਚਸਪ ਵੇਰਵੇ ਰੋਚਕਤਾ ਭਰ ਪਾਠਕੀ ਮਨ ਨੂੰ ਧੂੰਹਦੇ ਚਲੇ ਜਾਂਦੇ ਹਨ।ਯਥਾਰਥਕ ਛੋਹਾਂ ਨਾਲ ਆਪਣੇ ਅਨੁਭਵ ਨੂੰ ਪੇਸ਼ ਕਰਨਾ ਗੁਰਮੀਤ ਕੜਿਆਲਵੀ ਦੀ ਕਹਾਣੀ ਕਲਾ ਦੇ ਅਹਿਮ ਲੱਛਣ ਹਨ।ਯਥਾਰਥਕ ਚਿਤਰਨ, ਕਥਾ ਰਸ, ਮਨੋਵਿਗਿਆਨਕ ਛੋਹਾਂ, ਜੀਵਨ ਕਾਰਜ ਦੇ ਜੀਵੰਤ ਚਿੱਤਰ ਸਿਰਜਣਾ, ਵਿਅੰਗ ਵਿਧੀ, ਸੰਗਠਿਤ ਕਥਾਨਕ ਰਾਹੀਂ ਰਸ ਪੈਦਾ ਕਰਨਾ ਆਦਿ ਉਸ ਦੀਆਂ ਪ੍ਰਮੁੱਖ ਬਿਰਤਾਂਤਕ ਜੁਗਤਾਂ ਹਨ ਉਹ ਆਪਣੇ ਕਥਾ ਪਾਠ ਵਿਚ ਬੜੇ ਰੋਚਕ ਢੰਗ ਨਾਲ ਬਿਰਤਾਂਤ ਦੀਆਂ ਅਜਿਹੀਆਂ ਮਹੀਨ ਪਰਤਾਂ ਖੋਲ੍ਹਦਾ ਹੈ ਕਿ ਕਥਾ ਦੇ ਮੁੱਖ ਪਾਠ ਵਿਚੋਂ ਅੱਗੇ ਹੋਰ ਕਈ ਪਾਠ ਖੁੱਲ੍ਹਦੇ ਹਨ।ਜਿਸ ਵਿਚ ਆਰੰਭ ਤੋਂ ਲੈ ਕੇ ਅੰਤ ਤੱਕ ਪਾਠਕ ਦੀ ਉਤਸੁਕਤਾ ਬਣੀ ਰਹਿੰਦੀ ਹੈ।ਤੇ ਉਹ ਬੇਰੋਕ ਪਾਤਰਾਂ ਦੇ ਨਾਲ ਵਿਚਰਦੇ ਪ੍ਰਤੀਤ ਕਰਦਾ ਹੈ।ਕਹਾਣੀਆਂ ਵਿਚ ਪੜ੍ਹਨਯੋਗਤਾ ਹੈ।ਕਹਾਣੀ ਪਾਠ ਪਾਠਕ ਨੂੰ ਟੁੰਬਦਾ ਹੈ। ਸਾਰੀਆ ਗੱਲਾਂ ਬੜੀ ਸਹਿਜਤਾ ਨਾਲ ਪੇਸ਼ ਹੁੰਦੀਆਂ ਹਨ।ਜਿਸ ਤੋਂ ਗੁਰਮੀਤ ਕੜਿਆਲਵੀ ਇਕ ਪੁਖ਼ਤਾ ਤੇ ਸੰਜੀਦਾ ਕਹਾਣੀਕਾਰ ਵਜੋਂ ਉੱਭਰ ਕੇ ਸਾਹਮਣੇ ਆਉਂਦਾ ਹੈ।

**ਸਹਾਇਕ ਪੁਸਤਕਾਂ:**

ਸੰਧੂ , ਗੁਰਜੀਤ, ਦਰਸ਼ਨ ਸਿੰਘ ਧੀਰ ਦਾ ਨਾਵਲੀ ਬਿਰਤਾਂਤ, ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ, 2003

ਗੁਰਮੀਤ ਕੜਿਆਲਵੀ, ਹਾਰੀਂ ਨਾ ਬਚਨਿਆ, ਲੁਧਿਆਣਾ: ਚੇਤਨਾ ਪ੍ਰਕਾਸ਼ਨ, 2020

ਧਾਲੀਵਾਲ, ਬਦਲੇਵ ਸਿੰਘ( ਡਾ. ), ਪੰਜਾਬੀ ਕਹਾਣੀ ਦੀ ਇੱਕ ਸਦੀ ਇਤਿਹਾਸਮੂਲਕ ਪ੍ਰਵਚਨ, ਅੰਮ੍ਰਿਤਸਰ: ਰਵੀ ਸਾਹਿਤ ਪ੍ਰਕਾਸ਼ਨ, 2002

ਪਰਮਜੀਤ ਕੌਰ ਤੇ ਵਿਨੋਦ ਮਿੱਤਲ, ਨਾਰੀਵਾਦ ਤੇ ਸਾਹਿਤ ਸਮੀਖਿਆ, ਸਮਾਣਾ: ਆਬ ਪਬਲੀਕੇਸ਼ਨਜ਼, 2013

ਰਜਨੀਸ਼ ਬਹਾਦਰ ਸਿੰਘ (ਡਾ.), ਸਮਕਾਲੀ ਪੰਜਾਬੀ ਕਹਾਣੀ: ਪਾਠਗਤ- ਅਧਿਐਨ, ਲੁਧਿਆਣਾ, ਚੇਤਨਾ ਪ੍ਰਕਾਸ਼ਨ, 2005

ਉਹੀ, ਗਲਪ ਅਧਿਐਨ, ਲੁਧਿਆਣਾ, ਚੇਤਨਾ ਪ੍ਰਕਾਸ਼ਨ, 2006

ਰਵਿੰਦਰ ਕੁਮਾਰ, ਔਰਤ ਤੇ ਦਲਿਤ, ਹਾਸ਼ੀਆਗਤ ਪ੍ਰਵਚਨ: ਨਵ-ਇਤਿਹਾਸਵਾਦੀ ਪਰਿਪੇਖ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2005



## ਡੂੰਘੇ ਅਹਿਸਾਸਾਂ ਦੀਆਂ ਕਹਾਣੀਆਂ ਦਾ ਸੰਗ੍ਰਹਿ : ਹੋਣੀਆਂ ਅਣਹੋਣੀਆਂ

**-ਡਾ. ਤਰਨਜੀਤ ਕੌਰ**

ਪੰਜਾਬੀ ਕਥਾ-ਸਾਹਿਤ ਦੇ ਖੇਤਰ ਵਿ'ਚ ਸਰਵਣ ਮਿਨਹਾਸ ਇਕ ਨਵਾਂ ਉਭਰਦਾ ਸਿਤਾਰਾ ਹੈ। ਮਿਨਹਾਸ ਨੇ ਵਧੇਰੇ ਕਰਕੇ ਪਹਿਲਾਂ ਕਵਿਤਾਵਾਂ ਹੀ ਲਿਖੀਆਂ ਹਨ ਪਰ 'ਹੋਣੀਆਂ-ਅਣਹੋਣੀਆਂ' ਕਹਾਣੀ ਸੰਗ੍ਰਹਿ ਉਸ ਦਾ ਪਹਿਲਾ ਕਹਾਣੀ ਸੰਗ੍ਰਹਿ ਹੈ ਜੋ ਉਸ ਨੇ ਪੰਜਾਬੀ ਸਾਹਿਤ ਦੀ ਝੋਲੀ ਪਾਇਆ ਹੈ। "ਸਰਵਣ ਮਿਨਹਾਸ ਦਾ ਜਨਮ 11 ਜਨਵਰੀ 1945 ਵਿਚ ਹੋਇਆ। ਉਨ੍ਹਾਂ ਦਾ ਜਨਮ ਮਾਤਾ ਗੁਰਦੀਪ ਕੌਰ ਅਤੇ ਪਿਤਾ ਗੋਪਾਲ ਸਿੰਘ ਦੇ ਘਰ ਪਿੰਡ ਕਿਲ੍ਹਾ ਜੀਵਨ ਸਿੰਘ (ਲਹੌਰ) ਵਿੱਚ ਹੋਇਆ। ਪ੍ਰਸਿੱਧ ਗਲਪਕਾਰਾ ਦਲੀਪ ਕੌਰ ਟਿਵਾਣਾ ਉਨ੍ਹਾਂ ਦੀ ਪਤਨੀ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਸਮਾਜ ਵਿਗਿਆਨ ਦੇ ਅਧਿਆਪਕ ਰਹੇ।"[1] ਮਿਨਹਾਸ ਦੀਆਂ ਇਹ ਕਹਾਣੀਆਂ ਕਾਫੀ ਸਮੇਂ ਪਹਿਲਾਂ ਲਿਖੀਆਂ ਗਈਆਂ ਸਨ ਜੋ ਉਸ ਹੁਣ 2019 ਵਿਚ ਪਹਿਲੀ ਵਾਰੀ ਕਿਤਾਬ ਦੇ ਰੂਪ ਵਿਚ ਸੰਕਲਿਤ ਹੋਈਆਂ। ਇਸ ਸੰਗ੍ਰਹਿ ਵਿਚ ਲੇਖਕ ਦੀਆਂ 20 ਕਹਾਣੀਆਂ ਪ੍ਰਕਾਸ਼ਿਤ ਹੋਈਆਂ ਹਨ, ਜੋ ਵਧੇਰੇ ਕਰਕੇ ਮਿੰਨੀ ਕਹਾਣੀ ਦੇ ਰੂਪ ਵਿ'ਚ ਹਨ। ਇਨ੍ਹਾਂ ਨਿਕੀਆਂ-ਨਿ'ਕੀਆਂ ਕਹਾਣੀਆਂ ਵਿ"ਚ ਮ'ਨੁਖੀ ਜੀਵਨ ਤੇ ਸਮਾਜ ਦੇ ਬੜੇ ਵ'ਡੇ-ਵ'ਡੇ ਗੰਭੀਰ ਮਸਲੇ ਪੇਸ਼ ਹੋਏ ਹਨ। ਲੇਖਕ ਆਪ ਹੀ ਇਸ ਗ'ਲ ਨੂੰ ਪਾਠਕਾਂ ਨਾਲ ਸਾਂਝਿਆਂ ਕਰਦਾ ਹੈ ਕਿ ਉਸਨੇ ਜੀਵਨ ਦੇ ਯਥਾਰਥ ਨੂੰ ਹੰਡਾਇਆ, ਵੇਖਿਆ ਤੇ ਤ'ਕਿਆ, ਉਵੇਂ ਇਨ੍ਹਾਂ ਕਹਾਣੀਆਂ ਵਿ'ਚ ਪੇਸ਼ ਕੀਤਾ ਹੈ:-

"ਜੀਵਨ ਵਿਚ ਜੋ ਵੇਖਿਆ, ਸੁਣਿਆ, ਹੰਡਾਇਆ - ਯਾਨਿ ਮੇਰੇ ਅਨੁਭਵ - ਉਹੀ ਮੇਰੀਆਂ ਕਹਾਣੀਆਂ ਦਾ ਆਧਾਰ ਹੈ।"[2]

ਸਰਵਣ ਮਿਨਹਾਸ ਚੂੰਕਿ ਆਪ ਪੜ੍ਹਿਆ ਲਿਖਿਆ ਅਤੇ ਇਕ ਪ੍ਰੋਫੈਸਰ ਦੇ ਤੌਰ 'ਤੇ ਰਿਟਾਇਰ ਹੋਇਆ ਹੈ। ਇਸ ਲਈ ਜੀਵਨ ਦੇ ਚੌਗਿਰਦੇ ਵਿਚ ਜੋ ਹੋ ਰਿਹਾ ਹੈ, ਉਸ ਨੂੰ ਮਿਨਹਾਸ ਨੇ ਚੰਗੀ ਤਰ੍ਹਾਂ ਘੋਖਿਆ, ਪੜਤਾਲਿਆ ਤੇ ਪਛਾਣਿਆ ਅਤੇ ਫੇਰ ਕਲਮਬੱਧ ਕੀਤਾ ਹੈ। "ਹੋਣੀਆਂ ਅਣਹੋਣੀਆਂ ਕਹਾਣੀ ਸੰਗ੍ਰਹਿ ਦੀਆਂ ਸਾਰੀਆਂ ਕਹਾਣੀਆਂ ਅਸਲਵਾਦੀ; ਸਾਡੇ ਆਸ-ਪਾਸ ਦੇ ਜੀਵਨ ਦੀਆਂ ਪੇਚੀਦਗੀਆਂ, ਸਾਡੇ ਰਿਸ਼ਤਿਆਂ ਅੰਦਰਲੇ ਵਿਰੋਧਾਭਾਸਾਂ ਅਤੇ ਸਾਡੇ ਚੌਗਿਰਦੇ ਦੀਆਂ ਹਕੀਕਤਾਂ ਦਾ ਬੇਲੌਸ ਬਿਰਤਾਂਤ ਪੇਸ਼ ਕਰਨ ਵਾਲੀਆਂ ਹਨ। ਫ਼ਲਸਫ਼ਾਨਾ, ਪਰ ਡੂੰਘੀ ਗੱਲ ਵੀ ਸਹਿਜ ਭਾਵ ਨਾਲ ਕਹਿਣ ਵਾਲੀਆਂ ਹਨ।"[3] ਅਜੋਕੇ ਜੀਵਨ ਦੇ ਛੋਟੇ-ਛੋਟੇ ਪਰ ਅਹਿਮ ਨੁਕਤੇ ਸਾਡੇ ਜੀਵਨ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ, ਮਿਨਹਾਸ ਨੇ ਉਨ੍ਹਾਂ ਨੂੰ ਛੋਹਿਆ ਅਤੇ ਕੁਝ ਪ੍ਰਸ਼ਨ ਪਾਠਕਾਂ ਦੇ ਸਾਹਮਣੇ ਰਖ ਕੇ, ਉਨ੍ਹਾਂ ਨੂੰ ਵੀ ਇਨ੍ਹਾਂ ਮਸਲਿਆਂ ਪ੍ਰਤਿ ਸੋਚਣ ਲਈ ਮਜ਼ਬੂਰ ਕੀਤਾ ਹੈ। ਇਸ ਗੱਲੋਂ ਲੇਖਕ ਆਪ ਵੀ ਸੁਚੇਤ ਹੈ ਇਸੇ ਕਰ ਕੇ ਉਹ ਕਹਿੰਦਾ ਹੈ ਕਿ:-

"ਕਹਾਣੀ ਯਥਾਰਥ ਤੇ ਕਲਪਨਾ ਦਾ ਸੁਮੇਲ ਹੁੰਦੀ ਹੈ, ਕਦੇ ਕਲਪਨਾ ਭਾਰੂ ਹੋ ਜਾਂਦੀ ਹੈ, ਕਦੇ ਯਥਾਰਥ। ਮਕਸਦ ਕਿਸੇ ਸੱਚ ਨੂੰ ਉਜਾਗਰ ਕਰਨਾ ਜਾਂ ਕਿਸੇ ਗਹਿਰੇ ਪ੍ਰਸ਼ਨ ਨੂੰ ਖੜ੍ਹਾ ਕਰਨਾ ਹੁੰਦਾ ਹੈ।"[4]

ਆਪਣੇ ਪਰਚੇ ਦੀਆਂ ਸੀਮਾਵਾਂ ਅਤੇ ਸੰਭਾਵਨਾਵਾਂ ਨੂੰ ਮ'ਦੇਨਜ਼ਰ ਰਖਦਿਆਂ ਅਸੀਂ ਇਸ ਕਹਾਣੀ ਸੰਗ੍ਰਹਿ ਦੀਆਂ ਕੁਝ ਕਹਾਣੀਆਂ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਹੈ ਤੇ ਇਹ ਵੇਖਣ ਦੀ ਕੋਸ਼ਿਸ਼ ਕੀਤੀ ਹੈ ਕਿ ਕਿਵੇਂ ਮਿਨਹਾਸ ਜੀਵਨ ਦੇ ਸੂਖਮ ਅਤੇ ਕੋਮਲ ਵਿਸ਼ਿਆਂ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੂੰ ਆਪਣੀਆਂ ਕਹਾਣੀਆਂ ਵਿ'ਚ ਕਲਾਤਮਕ ਰੂਪਾਂਤਰਨ ਦਿੰਦਾ ਹੈ।

'ਗਾਨੀ ਵਾਲਾ ਤੋਤਾ' ਮਿਨਹਾਸ ਦੇ ਕਹਾਣੀ ਸੰਗ੍ਰਹਿ ਦੀ ਪਲੇਠੀ ਦੀ ਕਹਾਣੀ ਹੈ। ਇਸ ਕਹਾਣੀ ਰਾਹੀਂ ਲੇਖਕ ਨੇ ਜਿਥੇ ਸਾਡੇ ਸਮਾਜ ਵਿਚਲੇ ਫੈਲੇ ਅੰਧਵਿਸ਼ਵਾਸ਼ ਦਾ ਪਾਜ਼ ਉਘਾੜਿਆ ਹੈ, ਉਥੇ ਕੁਦਰਤ ਦੇ ਜੀਵਾਂ ਵਿਚਲੇ ਆਪਸੀ ਰਹੱਸਮਈ ਸੰਬੰਧ ਨੂੰ ਵੀ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਨਸਾਨ ਦਾ ਜਾਨਵਰਾਂ ਤੇ ਪੰਛੀਆਂ ਨਾਲ ਪਿਆਰ ਮੁੱਢ ਕਦੀਮ ਤੋਂ ਰਿਹਾ ਹੈ ਅਤੇ ਇਸ ਦੇ ਬਦਲੇ ਵਿਚ ਜਾਨਵਰਾਂ ਵੱਲੋਂ ਵੀ ਪਿਆਰ ਦੇਣਾ ਅਤੇ ਉਨ੍ਹਾਂ ਵੱਲੋਂ ਆਪਣੇ ਮਾਲਕਾਂ ਦੀ ਨਿਸ਼ਕਾਮ ਸੇਵਾ ਦੇ ਵੇਰਵੇ ਵੀ ਆਮ ਵੇਖਣ ਨੂੰ ਮਿਲਦੇ ਰਹਿੰਦੇ ਹਨ। ਹੱਥਲੀ ਕਹਾਣੀ ਵੀ ਇਨਸਾਨ ਅਤੇ ਪੰਛੀ ਦੇ ਇਸ ਅਣਕਹੇ ਰਿਸ਼ਤੇ ਨੂੰ ਬਿਆਨ ਕਰਨ ਵੱਲ ਰੁਚਿਤ ਹੈ।

ਇਸ ਕਹਾਣੀ ਵਿਚ ਦਸਿਆ ਗਿਆ ਹੈ ਕਿ ਲੇਖਕ ਦੇ ਬੀਮਾਰ ਹੋਣ ਤੇ ਉਹਦੇ ਘਰਵਾਲੇ ਬਹੁਤ ਪਰੇਸ਼ਾਨ ਸਨ ਕਿਉਂ ਕਿ ਉਸਨੂੰ ਕਾਫੀ ਤੇਜ਼ ਬੁਖਾਰ ਚੜ੍ਹਦਾ ਸੀ ਜੋ ਕਈਂ ਦਿਨਾਂ ਤੋਂ ਉਤਰ ਨਹੀਂ ਸੀ ਰਿਹਾ। ਕਈ ਡਾਕਟਰ, ਹਕੀਮ ਤੇ ਵੈਦ ਵੀ ਇਲਾਜ ਕਰਨ ਤੋਂ ਬਾਦ ਵੀ ਸਫਲ ਨਹੀਂ ਹੋਏ। ਇਹ ਬਹੁਤ ਵ'ਡੀ ਚਿੰਤਾ ਦਾ ਵਿਸ਼ਾ ਸੀ। ਲੇਖਕ ਦਾ ਮਾਮਾ ਵੀ ਕਿਸੇ ਸਿਆਣੇ ਨੂੰ ਸ'ਦ ਕੇ ਲਿਆਇਆ ਪਰ ਕੋਈ ਲਾਭ ਨਾ ਹੋਇਆ। ਕਿਸੇ ਸਿਆਣੇ ਦਾ ਅਜੋਕੇ 21 ਵੀ ਸਦੀ ਦੇ ਯੁ'ਗ ਵਿ'ਚ ਸ'ਦਣਾ ਇਸ ਬਾਤ ਦਾ ਸੰਕੇਤ ਹੈ ਕਿ ਅਜੋਕੇ ਸਮੇਂ ਵਿ'ਚ ਵੀ ਸਾਡਾ ਸਮਾਜ ਅਜਿਹੇ ਵਹਿਮਾਂ-ਭਰਮਾਂ ਵਿਚ ਫਸਿਆ ਹੋਇਆ ਹੈ। ਲੋਕੀ ਪੜ੍ਹ ਲਿਖ ਕੇ ਵੀ ਇਨ੍ਹਾਂ ਰੂੜ੍ਹੀਵਾਦੀ ਰਸਮਾਂ ਅਤੇ ਵਹਿਮ-ਭਰਮਾਂ ਵਿਚ ਯਕੀਨ ਕਰਦੇ ਹਨ।

ਇਥੇ ਇਕ ਮਨੋਵਿਗਿਆਨਕ ਨੁਕਤਾ ਵੀ ਕੰਮ ਕਰ ਰਿਹਾ ਹੈ ਕਿ ਜਦੋਂ ਸਾਰੇ ਹੀਲੇ ਬੰਦ ਹੋ ਜਾਣ ਤਾਂ ਫੇਰ ਮਨੁ'ਖ ਦਵਾ-ਦਾਰੂ ਛ'ਡ ਕੇ ਅਜਿਹੇ ਟੋਟਕਿਆਂ ਵਿ'ਚ ਯਕੀਨ ਕਰਨਾ ਸ਼ੁਰੂ ਕਰ ਦੇਂਦਾ ਹੈ। ਸ਼ਾਇਦ ਅਜਿਹਾ ਕਰਨਾ ਉਸ ਨੂੰ ਮਾਨਸਿਕ ਤ'ਸਲੀ ਦੇਂਦਾ ਹੈ। ਸਾਡੇ ਸਮਾਜ ਦਾ ਯਥਾਰਥ ਵੀ ਇਹ ਹੀ ਹੈ ਕਿ ਅਸੀਂ ਕਈ ਵਾਰੀ ਗਾਵਾਂ, ਕੁ'ਤਿਆਂ ਅਤੇ ਪੰਛੀਆਂ ਆਦਿ ਨੂੰ ਕੁਝ ਖੁਆ ਕੇ ਆਪਣੇ ਕਸ਼ਟ ਤੇ ਦੁਖ ਆਦਿ ਦਾ ਨਾਸ ਹੋਣਾ ਮੰਨਦੇ ਹਾਂ। ਕਾਲੇ ਕੁ'ਤੇ ਜਾਂ ਗਾਂ ਆਦਿ ਨੂੰ ਰੋਟੀ ਖੁਆਉਣੀ, ਵੈਸੇ ਵੀ ਪੁੰਨ ਦਾ ਕੰਮ ਮੰਨਿਆ ਜਾਂਦਾ ਹੈ। ਇਹ ਵੀ ਇਕ ਅ'ਟਲ ਸ'ਚਾਈ ਹੈ ਕਿ ਇਨਸਾਨਾਂ ਨਾਲੋ ਪੰਛੀ ਤੇ ਜਾਨਵਰ ਸਾਡੇ ਨਾਲ ਨਿਸ਼ਕਾਮ ਪਿਆਰ ਕਰਦੇ ਹਨ। ਇਹ ਜਨੌਰ ਇ'ਕਲਤਾ ਵਿ'ਚ ਸਾਡੇ ਵਧੇਰੇ ਸਾਥੀ ਬਣਦੇ ਹਨ ਅਤੇ ਲੋੜ ਪੈਣ ਤੇ ਸਾਡੇ ਦੁ'ਖ, ਦਲਿ'ਦਰ ਤਾਂ ਵੰਡਦੇ ਹੀ ਹਨ, ਇਥੋ ਤ'ਕ ਕਿ ਸਾਡੇ ਉਪਰੋਂ ਆਪਣੀ ਜਾਨ ਵੀ ਵਾਰ ਦੇਂਦੇ ਹਨ। ਇਸ ਕਹਾਣੀ ਦੇ ਪਿ'ਛੋਕੜ ਵਿਚ ਵੀ ਇਹ ਧਾਰਨਾਂ ਕੰਮ ਕਰਦੀ ਜਾਪਦੀ ਹੈ ਕਿ ਜਦੋਂ ਲੇਖਕ ਬਿਮਾਰ ਸੀ ਤਾਂ ਉਹ ਇ'ਕਲਾ ਬਾਹਰ ਬੈਠਦਾ ਸੀ। ਉਥੇ ਇਕ ਤੋਤਾ ਜੋ ਅਮਰੂਦ ਦੇ ਦਰਖਤ ਤੇ ਰੋਜ਼ ਅਮਰੂਦ ਖਾਣ ਲਈ ਆਉਂਦਾ ਸੀ, ਇਸ ਤੋਤੇ ਦੀ ਲੇਖਕ ਨਾਲ ਦੋਸਤੀ ਹੋ ਗਈ। ਇਹ ਕਾਫੀ ਸਮਾਂ ਇਕ'ਠਿਆ ਬਿਤਾਉਂਦੇ ਰਹੇ ਤੇ ਆਪੋ ਆਪਣੀ ਭਾਸ਼ਾ ਵਿਚ ਘੰਟਿਆਂ ਬ'ਧੀ ਗ'ਲਾਂ ਕਰਦੇ ਦੁਖ-ਸੁਖ ਫੋਲਦੇ ਰਹਿੰਦੇ:-



"ਪੇੜ ਤੋਂ ਅਮਰੂਦ ਟੁੱਕਦਾ ਮੇਰੇ ਕਮਨੀ ਝਾਕਦਾ ਰਹਿੰਦਾ, ਕੁਝ ਬੋਲਦਾ ਤੇ ਉੱਡ ਜਾਂਦਾ।.........ਮੈਂਨੂੰ ਬੁਖਾਰ ਐ ਨਾ ਬਾਈ, ਤਾਂ ਹੀ ਏਥੇ ਪਿਆ ਰਹਿਨਾਂ।"[5] ਤੋਤੇ ਨੇ ਆਪਣੇ ਦੋਸਤ (ਕਹਾਣੀ ਵਿਚਲੇ ਮੈਂ ਪਾਤਰ) ਦੀ ਜਾਨ ਬਚਾਉਣ ਦੀ ਖਾਤਰ ਆਪਣੀ ਜਾਨ ਦੇ ਕੇ, ਉਸ ਦੀ ਬਲਾ ਆਪਣੇ ਸਿਰ ਤੇ ਲੈ ਕੇ ਵਫਾਦਾਰੀ ਅਤੇ ਦੋਸਤੀ ਨਿਭਾਈ। ਉਸ ਤੋਤੇ ਦੇ ਮਰਨ ਤੋਂ ਬਾਦ ਲੇਖਕ ਦਾ ਬੁਖਾਰ ਇਕਦਮ ਠੀਕ ਹੋ ਗਿਆ ਮੈਂ ਪਾਤਰ ਨੂੰ ਇੰਝ ਜਾਪਿਆ ਜਿਵੇਂ ਉਸ ਦਾ ਤਾਪ ਤੋਤੇ ਦੀ ਜਾਨ ਲੈ ਗਿਆ ਹੋਵੇ। ਇਹ ਇਕ ਮਨੋਵਿਗਿਆਨ ਨੁਕਤਾ ਅਤੇ ਪੁਰਾਣੇ ਸਮੇਂ ਤੋਂ ਚਲਦਾ ਆ ਰਿਹਾ ਵਿਸ਼ਵਾਸ ਵੀ ਹੈ ਕਿ ਜਦੋਂ ਕੋਈ ਜਨੌਰ ਜਾਂ ਪੰਛੀ ਸਾਡੀ ਬਲਾ ਆਪਣੇ ਸਿਰ ਲੈ ਲਵੇ ਤਾਂ ਸਾਡੇ ਉਪਰੋਂ ਬਲ਼ਾ ਉਤਰ ਜਾਂਦੀ ਹੈ। ਸ਼ਾਇਦ ਮੈਂ ਪਾਤਰ ਦੀ ਮਾਨਸਿਕਤਾ ਨੂੰ ਵੀ ਇਸੇ ਗੱਲ ਨੇ ਇਤਨਾ ਪ੍ਰਭਾਵਿਤ ਕੀਤਾ ਕਿ ਉਸ ਦੀ ਸਰੀਰਕ ਸਥਿਤੀ ਵਿਚ ਸੁਧਾਰ ਹੋ ਗਿਆ।

'ਗਾਨੀ ਵਾਲਾ ਤੋਤਾ' ਕਹਾਣੀ ਵਾਂਗ ਹੀ ਮਿਨਹਾਸ ਦੀ ਕਹਾਣੀ "ਇਹ ਦੁਨੀਆ ਕੀ ਹੈ ਸਰਵਣਾ" ਵੀ ਮਨੁੱਖੀ ਅਹਿਸਾਸ ਦੇ ਵੱਖ ਵੱਖ ਰੰਗਾਂ ਨੂੰ ਪੇਸ਼ ਕਰਦੀ ਹੈ। ਅਸਲ ਵਿਚ ਕਹਾਣੀ ਸਾਡੇ ਸਮਾਜ ਦੇ ਮੁਹਰੇ ਇਕ ਬਹੁਤ ਵੱਡਾ ਪ੍ਰਸ਼ਨ ਚਿੰਨ੍ਹ ਲਗਾਉਂਦੀ ਹੈ। ਕਹਾਣੀ ਦੇ ਨਾਂ ਤੋਂ ਹੀ ਸਪਸ਼ਟ ਹੁੰਦਾ ਹੈ ਕਿ ਲੇਖਕ ਨੇ ਸਾਡੇ ਸਮਾਜ ਦੇ ਬੜੇ ਹੀ ਰਹੱਸਵਾਦੀ ਵਿਸ਼ੇ ਨੂੰ ਛੋਹਿਆ ਹੈ ਜਿਸਦਾ ਮੱਨੁਖ ਅੱਜ ਵੀ ਕੋਈ ਹਲ ਨਹੀਂ ਲੱਭ ਪਾਇਆ। ਵੱਡੇ-ਵੱਡੇ ਵਿਗਿਆਨੀ, ਸਿਆਣੇ, ਸਮਾਜ ਸ਼ਾਸਤਰੀ ਵੀ ਇਸ ਪ੍ਰਸ਼ਨ ਦਾ ਹੱਲ ਨਹੀਂ ਲਭ ਸਕੇ। ਮਨੁੱਖਤਾ ਦੇ ਆਰੰਭ ਤੋਂ ਹੀ ਇਸ ਪ੍ਰਸ਼ਨ ਨੂੰ ਵੱਖ ਵੱਖ ਧਰਮਾਂ, ਦਾਰਸ਼ਨਿਕਾਂ ਅਤੇ ਸਾਧਾਂ-ਸੰਤਾਂ ਨੇ ਆਪੋ ਆਪਣੇ ਤਰੀਕੇ ਨਾਲ ਬਿਆਨਣ ਦਾ ਜਤਨ ਕੀਤਾ ਹੈ। ਇਹ ਕਹਾਣੀ ਵੀ ਇਸੇ ਜੀਵਨ ਦਰਸ਼ਨ ਨੂੰ ਵਿਚਾਰਦੀ ਦਿਖਾਈ ਦਿੰਦੀ ਹੈ। ਲੇਖਕ ਆਪਣੇ ਦੋਸਤ ਰਾਜ ਦੇ ਰਾਹੀਂ ਇਹ ਪ੍ਰਸ਼ਨ ਚਿੰਨ੍ਹ ਜਿਸ ਦੀਆਂ ਕਈ ਪਰਤਾਂ ਅਤੇ ਕਈ ਘੁੰਮਣ ਘੇਰੀਆਂ ਹਨ, ਨੂੰ ਪੇਸ਼ ਕਰਦਾ ਹੈ ਤੇ ਮੱਨੁਖਤਾ ਅੱਗੇ ਇਹ ਪ੍ਰਸ਼ਨ ਖੜ੍ਹਾ ਕਰਦਾ ਹੈ।

ਅਸਲ ਵਿ'ਚ ਮਿਨਹਾਸ ਆਪਣੀ ਇਸ ਕਹਾਣੀ ਰਾਹੀਂ ਮ'ਨੁਖੀ ਜੀਵਨ ਦੀ ਯਾਤਰਾ ਅਤੇ ਮ'ਨੁਖ ਦੇ ਧਰਤੀ ਉਪਰ ਆਉਣ ਦੇ ਪ੍ਰਯੋਜਨ ਨੂੰ ਵਿਚਾਰਦਾ ਹੈ। ਕਹਾਣੀਕਾਰ ਕਈ ਪ੍ਰਸ਼ਨ ਸਾਡੇ ਅ'ਗੇ ਖੜ੍ਹੇ ਕਰਦਾ ਹੈ ਜਿਵੇਂ ਅਸੀਂ ਇਸ ਸੰਸਾਰ ਵਿ'ਚ ਆ ਕੇ ਕੀ ਕਰ ਰਹੇ ਹਾਂ? ਸਾਡਾ ਸਮਾਜ ਵਿ'ਚ ਰਹਿਣ ਦਾ ਕੀ ਮਨੋਰਥ ਹੈ? ਮ'ਨੁਖ ਪੈਦਾ ਹੁੰਦਾ ਹੈ, ਪੜ੍ਹਦਾ ਹੈ, ਲਿਖਦਾ ਹੈ, ਵ'ਡਾ ਹੁੰਦਾ ਹੈ, ਕਮਾਉਂਦਾ ਹੈ, ਵਿਆਹ ਕਰਦਾ ਹੈ, ਆਪਣਾ ਪਰਿਵਾਰ ਪਾਲਦਾ ਹੈ ਤੇ ਫੇਰ ਜੀਵਨ ਦੀ ਅੰਤਿਮ ਯਾਤਰਾ ਪੂਰੀ ਕਰਕੇ, ਖਤਮ ਹੋ ਜਾਂਦਾ ਹੈ। ਇਸ ਜੀਵਨ ਯਾਤਰਾ ਦਾ ਕੀ ਫਾਇਦਾ ਹੈ? ਇਹ ਸੰਸਾਰ ਕੀ ਹੈ? ਆਦਿ ਪ੍ਰਸ਼ਨ ਇਸ ਕਹਾਣੀ ਵਿਚ ਖੜ੍ਹੇ ਕੀਤੇ ਗਏ ਹਨ।

ਜੇਕਰ ਕਹਾਣੀ ਵਿਚਲੇ ਬਿਰਤਾਂਤ ਵ'ਲ ਨਜ਼ਰ ਮਾਰੀ ਜਾਏ ਤਾਂ ਲੇਖਕ ਨੇ ਪਿ'ਛਲ ਝਾਤ ਵਿਧੀ ਰਾਹੀਂ ਇਸ ਅਹਿਮ ਥੀਮ ਦੀ ਉਸਾਰੀ ਕੀਤੀ ਹੈ। ਕਹਾਣੀ ਅੰਤ ਤੋਂ ਸ਼ੁਰੂ ਹੋ ਕੇ ਪਿ'ਛੇ ਨੂੰ ਤੁਰਦੀ ਹੈ। ਰਾਜ ਦੀ ਮੌਤ ਦੇ ਬਾਰੇ ਲੇਖਕ ਇ'ਕਲਾ ਰੁ'ਖ ਥ'ਲੇ ਬੈਠਾ, ਰਾਜ ਦੀ ਜੀਵਨ ਯਾਤਰਾ ਬਾਰੇ ਸੋਚਦਾ ਹੈ। ਕਿਵੇਂ ਰਾਜ ਤੇ ਉਹ ਇ'ਕਠੇ ਪਹਿਲੇ ਸਕੂਲ ਤੇ ਫੇਰ ਕਾ'ਲੇਜ ਪੜ੍ਹਦੇ ਸਨ; ਬਚਪਨ ਇ'ਕਠਾ ਬੀਤਿਆ, ਉਸ ਦੀ ਨੌਕਰੀ ਲ'ਗੀ, ਵਿਆਹ ਹੋ ਗਿਆ, ਬ'ਚੇ ਹੋ ਗਏ। ਭਾਵੇਂ ਉਹ ਵ'ਖ-ਵ'ਖ ਥਾਵਾਂ ਤੇ ਦੂਰ-ਦੂਰ ਰਹਿੰਦੇ ਸਨ ਪਰ ਦਿਲੋਂ ਕਦੇ ਦੂਰ ਨਹੀਂ ਸਨ

ਹੋਏ। ਮਨਾਂ ਦੀ ਸਾਂਝ ਸੀ ਹੀ ਇਹੋ ਜਿਹੀ। ਅਕਸਰ ਉਹ ਚਿ'ਠੀ ਪ'ਤਰ ਤੇ ਫੋਨ ਰਾਹੀਂ ਇਕ ਦੂਜੇ ਦਾ ਹਾਲ-ਚਾਲ ਪੁ'ਛਦੇ ਰਹਿੰਦੇ ਸਨ। ਮਿਨਹਾਸ ਜਦੋਂ ਵੀ ਪਿੰਡ ਜਾਂਦਾ ਸੀ ਸਭ ਤੋਂ ਪਹਿਲਾ ਉਹ ਰਾਜ ਨੂੰ ਹੀ ਮਿਲਣ ਜਾਂਦਾ।

ਪਰ ਸਮਾਂ ਪੈਣ ਤੇ ਮੇਲ-ਜੋਲ ਘ'ਟ ਗਿਆ।ਅਖੀਰ ਤੇ ਲੇਖਕ ਜਦੋਂ ਰਾਜ ਨੂੰ ਇ'ਕਲਿਆਂ ਮਿਲਿਆ ਤਾਂ ਉਹ ਬੜਾ ਦਿਲਗੀਰ ਹੋ ਚੁ'ਕਿਆ ਸੀ। ਬਿਮਾਰੀ ਨੇ ਉਸ ਨੂੰ ਘੇਰ ਲਿਆ ਸੀ। ਉਹਨੂੰ ਜ਼ਿੰਦਗੀ ਅਰਥਹੀਨ ਲਗਦੀ ਸੀ। ਉਹ ਅਕਸਰ ਸੋਚਦਾ ਕਿ ਇਸ ਜੀਵਨ ਦਾ ਕੀ ਲਾਭ? ਇਹ ਜੀਵਨ ਛਿਣ ਭੰਗਰ ਹੈ; ਚਿਰ ਸਥਾਈ ਨਹੀਂ। ਜੀਵਨ ਯਾਤਰਾ ਇਕ ਮੁਸਾਫਿਰ ਦੀ ਤਰ੍ਹਾਂ ਹੈ, ਜਿਥੇ ਸਾਰੇ ਕੁਝ ਸਮੇਂ ਲਈ ਆਉਂਦੇ ਹਨ ਤੇ ਫਿਰ ਕਿਧਰੇ ਗੁਆਚ ਜਾਂਦੇ ਹਨ। ਰਾਜ ਨੂੰ ਜੀਵਨ ਇਕ ਢਲਦੇ ਸੂਰਜ ਦੀ ਤਰ੍ਹਾਂ ਜਾਪਦਾ। ਇਸੇ ਕਰਕੇ ਉਹ ਕਹਿੰਦਾ:-

"ਦੂਰ ਡੁੱਬਦੇ ਸੂਰਜ ਵੱਲ ਵੇਖਦਾ ਰਿਹਾ...'ਮੇਰਾ ਜੀ ਨਹੀਂ ਲਗਦਾ....ਅੱਜ ਅਸੀਂ ਹਾਂ, ਕੱਲ੍ਹ ਨਹੀਂ ਰਹਾਂਗੇ। ਕਿਸੇ ਚੀਜ਼ ਦਾ ਕੋਈ ਅਰਥ ਹੀ ਨਹੀਂ ਜਾਪਦਾ।"[6]

ਇਹ ਗ'ਲ ਮ'ਨੁਖੀ ਰ'ਹਸਵਾਦ ਨਾਲ ਜੁੜੀ ਜਾਪਦੀ ਹੈ। ਇਸ ਦਾ ਅਰਥ ਗੁਰਬਾਣੀ ਵਿਚ ਪਿਆ ਜਾਪਦਾ ਹੈ। "ਆਨੰਦ ਬਾਣੀ" ਵਿ'ਚ ਗੁਰੂ ਅਮਰਦਾਸ ਜੀ ਨੇ ਵੀ ਮ'ਨੁਖਤਾ ਨੂੰ ਇਹ ਹੀ ਸੰਦੇਸ਼ ਦਿ'ਤਾ ਹੈ ਕਿ ਇਹ ਸੰਸਾਰ ਸੁਪਨੇਂ ਦੇ ਪਹਾੜ ਦੀ ਨਿਆਈਂ ਹੈ। ਜਿਥੇ ਅਸੀਂ ਛਿਣ-ਭੰਗਰ ਲਈ ਮਾਣ ਮਹਿਸੂਸ ਕਰਦੇ ਹਾਂ, ਖੁਸ਼ ਹੁੰਦੇ ਹਾਂ ਤੇ ਹਰ ਵਸਤੂ 'ਤੇ ਆਪਣਾ ਹ'ਕ ਸਮਝਦੇ ਹਾਂ। ਪਰ ਇਹ ਚੀਜ਼ਾਂ ਨਾਸ਼ਮਾਨ ਹਨ, ਇਨ੍ਹਾਂ ਨੇ ਨਾਲ ਨਹੀਂ ਜਾਣਾਂ, ਇਹ ਚਿਰਸਥਾਈ ਨਾ ਹੋ ਕੇ ਅਸਥਾਈ ਹਨ। ਸਿਰਫ ਨਾਮ ਅਤੇ ਮ'ਨੁਖ ਦੇ ਸ਼ੁਭ ਕਰਮ ਹੀ ਉਹਦੇ ਨਾਲ ਜਾਣੇ ਹਨ। ਰਾਜ ਵੀ ਅਖੀਰ ਤੇ ਇਸ ਬਾਤ ਨੂੰ ਮੰਨਦਾ ਹੈ ਕਿ

"ਇਹ ਦੁਨੀਆ ਕੀ ਹੈ ਸਰਵਣਾ? ਕੀ ਮੌਤ ਨਾਲ ਸਭ ਕੁਝ ਮੁੱਕ ਜਾਂਦਾ ਹੈ? ਬਦੀ ਟਲਦੀ ਕਿਉਂ ਨਹੀਂ?"[7]

ਇਥੇ ਆ ਕੇ ਇਹ ਕਹਾਣੀ ਮੁ'ਕ ਜਾਂਦੀ ਹੈ। ਰਾਜ ਦੇ ਇਸੇ ਪ੍ਰਸ਼ਨ ਚਿੰਨ੍ਹ ਨੂੰ ਲੇਖਕ ਅਖੀਰ ਤੇ ਫੇਰ ਦੁਹਰਾਉਂਦਾ ਹੈ ਤੇ ਉਸ ਦੀ ਮੌਤ ਨੂੰ 'ਇਕ ਅਣਹੋਣੀ ਘਟਨਾ' ਵਾਂਗ ਪੇਸ਼ ਕਰਦਾ ਹੈ। ਮੌਤ ਦਾ ਰਹ'ਸ ਤੇ ਜ਼ਿੰਦਗੀ ਦੇ ਕੀ ਅਰਥ ਹਨ, ਇਨ੍ਹਾਂ ਦੋਹਾਂ ਅਹਿਮ ਨੁਕਤਿਆਂ ਦੇ ਦੁਆਲੇ ਹੀ ਇਹ ਕਹਾਣੀ ਆਪਣਾ ਬਿਰਤਾਂਤ ਉਸਾਰਦੀ ਹੈ। ਜ਼ਿੰਦਗੀ ਅਤੇ ਮੌਤ ਦੇ ਰਹ'ਸ ਬਾਰੇ ਗੁਰਬਾਣੀ ਵਿਚ ਵੀ ਵਿਚਾਰ ਪੇਸ਼ ਕੀਤੇ ਗਏ ਹਨ। ਆਨੰਦ ਸਾਹਿਬ ਦੀ ਪਵਿ'ਤਰ ਬਾਣੀ ਤੇ ਸਮੁ'ਚੀ ਗੁਰਬਾਣੀ ਵਿਚ ਇਸ ਪ੍ਰਸ਼ਨ ਦਾ ਹਲ ਲਭਿਆ ਜਾ ਸਕਦਾ ਹੈ।

ਉਂਝ ਦੇਖਿਆ ਜਾਏ ਤਾਂ ਕਹਾਣੀ ਸੰਗ੍ਰਹਿ ਦਾ ਨਾਂ "ਹੋਣੀਆਂ-ਅਣਹੋਣੀਆਂ" ਹੀ ਆਪਣੇ-ਆਪ ਵਿੱਚ ਰੱਹਸਵਾਦੀ ਅਰਥਾਂ ਦਾ ਧਾਰਣੀ ਹੈ। ਇਸ ਦੇ ਨਾਂ ਤੋਂ ਹੀ ਸਾਫ ਹੋ ਜਾਂਦਾ ਹੈ - 'ਹੋਣੀ' ਭਾਵ ਨਿਸ਼ਚਿਤ ਹੈ ਕਿ ਇਹ ਸੱਚਾਈ ਹੈ; ਜਿਸਨੇ ਜ਼ਰੂਰ ਵਾਪਰਨਾ ਹੈ। ਮੌਤ ਦੀ ਘਟਨਾ ਮੱਨੁਖੀ ਜੀਵਨ ਦੀ ਸੱਚਾਈ ਹੈ ਇਸ ਨੇ ਹੋਣਾ ਹੀ ਹੈ। ਇਸ ਨੂੰ ਕੋਈ ਨਹੀਂ ਰੋਕ ਸਕਦਾ। ਅਣਹੋਣੀ ਉਹ ਹੈ ਜੋ ਸਮੇਂ ਤੋਂ ਪਹਿਲਾਂ ਵਾਪਰੇ। ਜਿਸ ਦੇ ਬਾਰੇ ਕਿਆਸਿਆ ਨਾ ਗਿਆ ਹੋਵੇ। ਜੋ ਹੋਣਾ ਤਾਂ ਹੈ, ਪਰ ਜਿਸ ਲਈ ਮੱਨੁਖ ਹਾਲੇ ਤਿਆਰ ਨਹੀਂ,"ਅਣਹੋਣੀ" ਹੈ। ਉਂਝ ਅਣਹੋਣੀ ਵੀ ਸਾਡੀ ਜ਼ਿੰਦਗੀ ਦਾ ਹਿੱਸਾ ਹੀ ਹੈ ਕਿਉਂਕਿ ਜੀਵਨ ਵਿਚ ਬਹੁਤ ਕੁਝ ਅਜਿਹਾ ਵਾਪਰਦਾ ਹੈ ਜਿਸ ਨੂੰ ਕਿਆਸਿਆ ਵੀ ਨਹੀਂ ਜਾ ਸਕਦਾ।



ਇਸੇ ਲੜੀ ਵਿਚ ਹ'ਥਲੇ ਕਹਾਣੀ ਸੰਗ੍ਰਹਿ ਵਿਚ ਦਰਜ ਮਨੁ'ਖੀ ਅਹਿਸਾਸ ਦੇ ਰੰਗਾਂ ਨਾਲ ਭਰਪੂਰ ਕਹਾਣੀ ਹੋਣੀਆਂ-ਅਣਹੋਣੀਆਂ ਨੂੰ ਵੀ ਵਿਚਾਰਿਆ ਜਾ ਸਕਦਾ ਹੈ। ਇਸ ਕਥਾ ਵਿ'ਚ ਮਿਨਹਾਸ ਨੇ ਸਮਾਜ ਦੇ ਮਨੁ'ਖੀ ਅਹਿਸਾਸ ਨਾਲ ਜੁੜੇ ਭਾਵ, ਮ'ਨੁਖਤਾ ਤੇ ਭਾਈਚਾਰੇ ਨੂੰ ਵਿਸ਼ਾ ਬਣਾਇਆ ਹੈ ਜੋ ਹਿੰਦੂ ਮੁਸਲਮਾਨ ਦੇ ਪਿਆਰ ਨਾਲ ਜੁੜਿਆ ਹੈ। ਮਿਨਹਾਸ ਆਪਣੀ ਹਰ ਕਹਾਣੀ ਵਿ'ਚ ਇਕ ਪ੍ਰਸ਼ਨ ਚਿੰਨ੍ਹ, ਸਮਾਜ, ਦੁਨੀਆ ਤੇ ਲੋਕਾਈ ਸਾਹਵੇਂ ਖੜਾ ਕਰਦਾ ਹੈ। ਜਿਸ ਦਾ ਹ'ਲ ਸਾਨੂੰ ਮਿਲ ਕੇ ਲ'ਭਣਾ ਹੈ। ਇਸ ਕਥਾ ਵਿਚ ਵੀ ਲੇਖਕ ਇਸੇ ਪ੍ਰਸ਼ਨ ਨੂੰ ਛੋਹੰਦਾ ਹੈ। ਦੇਸ਼-ਵੰਡ ਦੀ ਸ'ਟ ਸਾਨੂੰ ਸਾਰਿਆਂ ਨੂੰ ਲ'ਗੀ ਹੈ। ਇਨ੍ਹਾਂ ਫਸਾਦਾਂ ਤੇ ਵੰਡ ਨੂੰ ਇ'ਕਠੇ ਰਹਿੰਦੇ ਭਾਈਚਾਰੇ ਤੇ ਸਾਂਝ ਵਿ'ਚ ਵ'ਖਰਤਾ ਦਾ ਬੀਜ ਪਾਉਣ ਦਾ ਕਾਰਜ ਕੀਤਾ। ਕਹਾਣੀ ਦੇ ਬਿਰਤਾਂਤ ਮੁਤਾਬਕ ਅਨਵਰ ਤੇ ਉਹਦੀ ਵਹੁਟੀ ਮੈਂ ਪਾਤਰ ਦੇ ਵਿਦਿਆਰਥੀ ਸਨ ਜਿਨ੍ਹਾਂ ਨੇ ਉਸ ਨੂੰ ਆਪਣੇ ਵਿਆਹ ਤੇ ਸ'ਦਿਆ ਭਾਵੇਂ ਉਹ ਦੂਜੇ ਮਜ਼ਹਬ ਨਾਲ ਸੰਬੰਧ ਰਖਦੇ ਸਨ। ਪਰ ਮੈਂ ਪਾਤਰ ਦਾ ਉਨ੍ਹਾਂ ਨਾਲ ਰਿਸ਼ਤਾ ਇਨ੍ਹਾਂ ਵਖਰੇਵਿਆਂ ਤੋਂ ਹ'ਟ ਕੇ ਸੀ। ਕਿਸੇ ਕਾਰਨਵਸ਼ ਲੇਖਕ ਤੇ ਵਿਆਹ ਤੇ ਨਾ ਜਾ ਸਕਿਆ। ਇਸ ਕਾਰਨ ਉਹ ਆਪ ਆਪਣੇ ਵਿਆਹ ਤੋਂ ਬਾਅਦ ਉਸ ਨੂੰ ਮਿਲਣ ਅਤੇ ਉਸ ਦਾ ਆਸ਼ੀਰਵਾਦ ਲੈਣ ਲਈ ਆ ਜਾਂਦੇ ਹਨ । ਮੈਂ ਪਾਤਰ ਅਤੇ ਉਹਦੀ ਵਹੁਟੀ ਵੀ ਉਨ੍ਹਾਂ ਦਾ ਪੂਰੇ ਜ਼ੋਸ਼ ਨਾਲ ਆਦਰ ਤੇ ਸਤਿਕਾਰ ਕਰਦੇ ਹਨ। ਹਾਲਾਂਕਿ ਉਹ ਮੁਸਲਮਾਨ ਸਨ ਪਰ ਵਿਦਿਆਰਥੀ ਦੀ ਵਹੁਟੀ ਪੰਜਾਬੀ ਦੀ ਐਮ.ਏ. ਕਰਨ ਪਿਛੋਂ ਪੀ. ਐਚ. ਡੀ. ਕਰਨਾ ਚਾਹੁੰਦੀ ਸੀ। ਦੋਹਾਂ ਧਿਰਾਂ (ਮੈਂ ਪਾਤਰ ਤੇ ਅਨਵਰ) ਦਾ ਧਰਮ ਵ'ਖ-ਵ'ਖ ਸੀ ਪਰ ਅ'ਜ ਦੋਵੇਂ ਇਕ ਦੂਜੇ ਦਾ ਸਤਿਕਾਰ ਕਰ ਰਹੇ ਸਨ ਅਤੇ ਇਕ ਦੂਜੇ ਨਾਲ ਪਿਆਰ ਤੇ ਆਪਣੇਪਨ ਦੀ ਸਾਂਝ ਨਿਭਾ ਰਹੇ ਸਨ। ਮੈਂ ਪਾਤਰ ਤੇ ਉਹਦੀ ਪਤਨੀ ਵੀ ਉਨ੍ਹਾਂ ਦੀ ਆਉ-ਭਗਤ ਕਰਕੇ ਉਨ੍ਹਾਂ ਨੂੰ ਆਪਣੇ ਬ'ਚਿਆਂ ਵਾਂਗ ਹੀ ਅਸ਼ੀਰਵਾਦ ਵੀ ਦੇਂਦੇ ਹਨ ਅਤੇਂ ਸ਼ਗਨ ਵੀ ਪਾਉਂਦੇ ਹਨ। ਇਥੇ ਹੀ ਲੇਖਕ ਇਕ ਪ੍ਰਸ਼ਨ ਖੜ੍ਹਾ ਕਰਦਾ ਹੈ ਕਿ ਇਹ ਭਾਈਚਾਰਾ ਪਹਿਲਾਂ ਵੀ ਦੇਸ਼ ਵਿਚ ਮੌਜੂਦ ਸੀ। ਇਕੋ ਭਾਸ਼ਾ, ਸਭਿਆਚਾਰ, ਪਹਿਨਾਵਾ, ਖਾਣਾ-ਪੀਣਾ ਸੀ। ਧੀਆਂ-ਭੈਣਾਂ ਸਭ ਦੀਆਂ ਸਾਂਝੀਆਂ ਹੁੰਦੀਆਂ ਸਨ, ਜਿਵੇਂ ਲੇਖਕ ਅ'ਜ ਸਫੀਨਾ ਨੂੰ ਪਿਆਰ ਤੇ ਇ'ਜ਼ਤ ਮਾਨ ਦੇ ਰਿਹਾ ਸੀ ਉਵੇਂ ਵੰਡ ਤੋਂ ਪਹਿਲਾਂ ਵੀ ਤਾਂ ਦਿ'ਤਾ ਜਾਂਦਾ ਰਿਹਾ ਸੀ। ਫਿਰ, 1947 ਵਿਚ ਦੇਸ਼ ਵੰਡ ਦੇ ਦੈਂਤ ਨੇ ਜਿਵੇਂ ਸਮੁ'ਚੀ ਮ'ਨੁਖਤਾ ਅਤੇ ਸਾਂਝ ਨੂੰ ਨਿਗਲ ਲਿਆ। ਆਪਸੀ ਪਿਆਰ ਅਤੇ ਸਾਂਝ ਕਿਧਰੇ ਗੁਆਚ ਗਈ। ਮੁੜ ਮੁੜ ਲੇਖਕ ਦੇ ਇਹ ਸਵਾਲ ਜਿਵੇਂ ਆਪਣੇ ਜਵਾਬ ਲ'ਭਣ ਲਈ ਪਾਠਕ ਨੂੰ ਮਜ਼ਬੂਰ ਕਰਦੇ ਹਨ ਕਿ ਉਸ ਵੇਲੇ ਇਹ ਵਹਿਸ਼ੀਪਨ ਕਿਉਂ ਵਾਪਰਿਆ? ਕਿਉਂ ਧੀਆਂ-ਭੈਣਾ ਦੀਆਂ ਇਜ਼ਤਾਂ ਖੇਰੂੰ-ਖੇਰੂੰ ਹੋਈਆਂ ਅਤੇ ਆਖਿਰ ਇਹ ਅਣਹੋਣੀ ਕਿਉਂ ਵਾਪਰੀ? ਇਸੇ ਕਰਕੇ ਉਹ ਅਖੀਰ ਵਿਚ ਇਹ ਸਵਾਲ ਸਾਰਿਆਂ ਲਈ ਖੜਾ ਕਰਦਾ ਹੈ ਕਿ:-

"ਫਿਰ ਉਹ ਸਭ-ਉਹ ਕਿਵੇਂ ਵਾਪਰ ਗਿਆ? ਕੌਣ ਦੇ ਸਕੇਗਾ ਇਸ ਪ੍ਰਸ਼ਨ ਦਾ ਉੱਤਰ?"[8]

ਮਨੁ'ਖੀ ਅਹਿਸਾਸਾਂ ਨੂੰ ਸ਼ਾਬਦਿਕ ਰੂਪ ਦੇਂਦਿਆਂ ਮਿਨਹਾਸ ਇਨ੍ਹਾਂ ਦੇ ਨਾਲ ਨਾਲ ਮਨੁ'ਖੀ ਮਾਨਸਿਕਤਾ ਉਪਰ ਪਏ ਸਮਾਜਕ ਹਾਲਾਤਾਂ ਦੇ ਅਸਰ ਨੂੰ ਵੀ ਬਿਆਨ ਕਰਦਾ ਹੈ। ਮਿਨਹਾਸ ਦੀ ਕਹਾਣੀ 'ਅਸਚਰਜ' ਇਸੇ ਪ੍ਰਕਾਰ ਦੀ ਮਨੋਵਿਗਿਆਨਕ ਸਮ'ਸਿਆ ਨਾਲ ਜਾ

ਜੁੜਦੀ ਹੈ। ਇਹ ਮਨ'ਖੀ ਮਨ ਦਾ ਸੁਭਾਅ ਹੈ ਕਿ ਜਦੋਂ ਉਸ ਦੇ ਮਨ ਦੀ ਇ'ਛਾ ਪੂਰੀ ਨਹੀਂ ਹੁੰਦੀ ਤਾਂ ਉਸ ਦੀ ਰੜਕ ਸਾਰੀ ਉਮਰ ਮਨ ਤੋਂ ਨਹੀ ਜਾਂਦੀ। ਅਖੀਰ ਤੇ ਜਦੋ ਕੁਝ ਸਮਾਂ ਪਾ ਕੇ ਇਹ ਸਥਿਤੀ ਸਾਹਮਣੇ ਆਉਂਦੀ ਹੈ ਤਾਂ ਮਨ'ਖੀ ਅਵਚੇਤਨ ਵਿ'ਚ ਪਈ ਇਹ ਦਮਿਤ ਇ'ਛਾ ਵਿਸਫੋਟਕ ਰੂਪ ਧਾਰ ਲੈਂਦੀ ਹੈ। ਲੇਖਕ ਨੇ ਇਸ ਕਹਾਣੀ ਵਿਚ ਸਮਾਜ ਵਿ'ਚਲੀ ਔਰਤ ਦੀ ਮਾੜੀ ਸਥਿਤੀ ਨੂੰ ਬਿਆਨ ਕਰਦਿਆਂ ਉਸ ਦੀ ਮਾਨਸਿਕ ਦਸ਼ਾ ਨੂੰ ਚਿਤਰਣ ਦਾ ਯਤਨ ਕੀਤਾ ਹੈ।

ਇਸ ਕਹਾਣੀ ਵਿਚ ਕੁਮਾਰ (ਲੇਖਕ ਦਾ ਮਿ'ਤਰ) ਦੀ ਮਾਂ ਦੇ ਪਾਤਰ ਰਾਹੀਂ ਔਰਦ ਦੀ ਕਰੁਣਾਮਈ ਸਥਿਤੀ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਗਿਆ ਹੈ। ਕੁਮਾਰ ਦੀ ਮਾਂ ਸਾਰੀ ਜ਼ਿੰਦਗੀ ਇਕ ਗ਼ਰੀਬ, ਕੋਝੇ ਤੇ ਸ਼ਰਾਬੀ ਪਤੀ ਨਾਲ ਬਿਤਾ ਦੇਂਦੀ ਹੈ। ਅੰਦਰੋਂ ਅੰਦਰ ਉਹ ਘੁਲਦੀ ਰਹਿੰਦੀ ਹੈ ਅਤੇ ਆਰਥਕ ਤੰਗੀ ਦੇ ਬਾਵਜੂਦ ਵੀ ਉਹ ਕਦੇ ਪੇਕੇ ਘਰ ਸ਼ਿਕਾਇਤ ਨਹੀਂ ਕਰਦੀ। ਬਸ ਚੁਪਚਾਪ ਸਾਰੇ ਦੁ'ਖ ਸਹਿੰਦੀ ਹੈ ਅਤੇ ਸਿਰਫ ਆਪਣੇ ਬ'ਚਿਆ ਦੀ ਖਾਤਰ ਉਹ ਸਭ ਕੁਝ ਬਰਦਾਸ਼ਤ ਕਰਦੀ ਚਲੀ ਜਾਂਦੀ ਹੈ। ਕਦੀ ਕਦੀ ਉਹ ਰੋਂਦੀ ਰੋਂਦੀ, ਪੁ'ਤਰ ਨੂੰ ਕਹਿੰਦੀ ਕਿ ਤੂੰ ਜਲਦੀ-ਜਲਦੀ ਵ'ਡਾ ਹੋ ਜਾਏ ਤਾਂ ਜੋ ਉਸ ਦੇ ਦੁਖਾਂ ਦਾ ਸਹਾਰਾ ਬਣ ਸਕੇ।ਚੰਗਾ ਜੀਵਨ ਜੀਉਣ ਦੀ ਇਕ ਅਣਜਾਣ ਇ'ਛਾ ਉਸ ਦੇ ਅਵਚੇਤਨ ਵਿਚ ਕਿਧਰੇ ਦਬ ਜਾਂਦੀ ਹੈ।

ਪਰ ਉਮਰ ਦੇ ਆਖਰੀ ਪੜਾ ਤੇ ਪੁ'ਜ ਕੇ ਜਦੋਂ ਉਹ ਆਪਣੀ ਭਤੀਜੀ ਦੇ ਵਿਆਹ ਤੇ ਜਾਂਦੀ ਹੈ, ਤਾਂ ਉਸ ਦੇ ਦਮਿਤ ਵਿਚ ਪਈ ਇਹ ਇ'ਛਾ ਬੜੇ ਵਿਸਫੋਟਕ ਰੂਪ ਵਿਚ ਜਾਹਿਰ ਹੋ ਜਾਂਦੀ ਹੈ। ਜਿਸ ਕਰਕੇ ਸਾਰੇ ਅਸਚਰਜ ਨਾਲ ਭਰ ਜਾਂਦੇ ਹਨ। ਅਸਲ ਵਿਚ ਉਸ ਦੇ ਭਰਾ ਦੀ ਧੀ ਦਾ ਵਿਆਹ ਬੜੇ ਚੰਗੇ ਤੇ ਆਰਥਕ ਪ'ਖੋਂ ਮਜ਼ਬੂਤ ਪਰਿਵਾਰ ਵਿਚ ਹੋ ਰਿਹਾ ਹੁੰਦਾ ਹੈ। ਬਰਾਤ ਤੇ ਵਿਆਹ ਦੀਆਂ ਰਸਮਾਂ ਵੇਖ ਕੇ ਕੁਮਾਰ ਦੀ ਮਾਂ ਦੇ ਅਵਚੇਤਨ ਵਿ'ਚ ਦ'ਬੀ ਕਈਂ ਸਾਲਾਂ ਦੀ ਇਹ ਚਿੰਗਾਰੀ ਜਿਵੇਂ ਮੁੜ ਭੜਕ ਪੈਂਦੀ ਹੈ ਅਤੇ ਉਹ ਆਪਣੇ ਉਪਰ ਹੋ ਰਹੇ ਜ਼ੁਲਮ ਤੇ ਤਸੀਹਿਆਂ ਪ੍ਰਤਿ ਜਿਵੇਂ ਸੁਚੇਤ ਹੋ ਜਾਂਦੀ ਹੈ। ਇਸ ਦਾ ਪ੍ਰਗਟਾਵਾ ਕਹਾਣੀ ਵਿਚ ਉਦੋਂ ਹੁੰਦਾ ਹੈ ਜਦੋਂ ਉਹ ਵਿਆਹ ਵਿਚ ਆਪਣੇ ਭਰਾ ਨੂੰ ਮਿਹਣਾ ਮਾਰਦੀ ਹੈ ਅਤੇ ਭੁਬਾਂ ਮਾਰ-ਮਾਰ ਰੋਂਦੀ ਹੈ ਕਿ ਉਹ ਵੀ ਇਸੇ ਘਰ ਦੀ ਧੀ ਸੀ ਫਿਰ ਉਸ ਦੀ ਵਾਰੀ ਸਾਰੇ ਕਿਥੇ ਸਨ? ਸਭ ਨੇ ਉਸ ਦੇ ਬਾਰੇ ਕਿਉ ਨਹੀਂ ਸੋਚਿਆ? ਉਸ ਦੇ ਲਈ ਵੀ ਅਜਿਹਾ ਸੋਹਣਾ ਤੇ ਅਮੀਰ ਵਰ ਕਿਉਂ ਨਹੀਂ ਲ'ਭਿਆ ਗਿਆ।

"ਮੇਰੀ ਮਾਂ ਨੇ ਮਾਮੇ ਦਾ ਗਲਮਾ ਫੜ ਲਿਆ ਤੇ ਉਹਨੂੰ ਚੀਖ ਕੇ ਕਹਿੰਦੀ 'ਮੇਰੇ ਵਾਸਤੇ ਨਹੀਂ ਸੀ ਲੱਭਿਆ ਜਾਂਦਾ ਏਹੋ ਜਿਹਾ'- ਮਾਂ ਦੀਆਂ ਅੱਖਾਂ ਵਿੱਚ ਕਿੰਨਾ ਹਰਖ ਕਿੰਨੇ ਹੰਝੂ ਸੀ ਉਸ ਵੇਲੇ।"[9]

ਮਨੁ'ਖੀ ਭਾਵਾਂ ਨਾਲ ਜੁੜੀ ਮਿਨਹਾਸ ਦੀ ਇਕ ਹੋਰ ਕਹਾਣੀ 'ਪ੍ਰਸ਼ਨ-ਚਿੰਨ੍ਹ' ਕੁਝ ਅਜਿਹੇ ਹੀ ਪ੍ਰਸ਼ਨਾਂ ਨੂੰ ਆਪਣੇ ਅੰਦਰ ਸਮੇਟੀ ਆਪਣਾ ਬਿਰਤਾਂਤ ਉਸਾਰਦੀ ਹੈ। ਅਜੋਕੇ ਸਮੇਂ ਵਿਚ ਔਰਤ ਸੁਤੰਤਰ ਹੋ ਗਈ ਹੈ ਅਤੇ ਆਪਣੇ ਹ'ਕਾਂ ਪ੍ਰਤਿ ਸੁਚੇਤ ਹੈ ਪਰ ਸਮਾਜ ਵਿਚ ਆਪਣਾ ਬਣਦਾ ਹ'ਕ ਅ'ਜ ਵੀ ਪ੍ਰਾਪਤ ਨਹੀਂ ਕਰ ਪਾਈ ਹੈ। ਅ'ਜ ਵੀ ਮਰਦ ਦੀਆਂ ਸੌ ਗਲਤੀਆਂ ਨੂੰ ਸਮਾਜ ਮੁਆਫ ਕਰ ਦਿੰਦਾ ਹੈ ਪਰੰਤੂ ਔਰਤ ਦੀ ਇਕ ਗਲਤੀ ਲਈ ਉਸ ਨੂੰ ਭੈੜੇ



ਨਾਵਾਂ ਨਾਲ ਪੁਕਾਰਿਆ ਜਾਂਦਾ ਹੈ। ਸਮਾਜ ਵ'ਲੋਂ ਵਿਵਰਜਿਤ ਰਿਸ਼ਤਿਆਂ ਦੇ ਤ੍ਰਿਕੋਣ ਨੂੰ ਅਤੇ ਇਨ੍ਹਾਂ ਵਿਚ ਉਲਝੀ ਔਰਤ ਅਤੇ ਮਰਦ ਦੀ ਸਥਿਤੀ ਨੂੰ ਇਸ ਕਹਾਣੀ ਵਿ'ਚ ਪੇਸ਼ ਕੀਤਾ ਗਿਆ ਹੈ। ਮਰਦ ਨੂੰ ਤਾਂ ਸਾਡਾ ਸਮਾਜ ਦੂਜੀ ਔਰਤ ਨਾਲ ਰਹਿਣ ਤੇ ਨਹੀਂ ਨਕਾਰਦਾ ਪਰ ਔਰਤ ਕਿਸੇ ਦੂਜੇ ਮਰਦ ਨੂੰ ਪਸੰਦ ਕਰੇ ਜਾਂ ਉਸ ਕੋਲ ਜਾਵੇ ਤਾਂ ਫੇਰ ਉਹ ਮੁਆਫੀ ਮੰਗਣ ਦੀ ਵੀ ਹ'ਕਦਾਰ ਨਹੀਂ ਹੁੰਦੀ। ਇਸ ਪ੍ਰਕਾਰ ਇਹ ਕਹਾਣੀ ਵੀ ਰਿਸ਼ਤਿਆਂ ਦੇ ਤ੍ਰਿਕੋਣ ਨੂੰ ਪੇਸ਼ ਕਰਦੀ ਔਰਤਾਂ ਦੀ ਅਜੋਕੀ ਸਥਿਤੀ ਨੂੰ ਵੀ ਬਿਆਨ ਕਰ ਦਿੰਦੀ ਹੈ।

ਇਹ ਕਹਾਣੀ ਜੀਤ, ਉਹਦੀ ਵਹੁਟੀ ਬਲਬੀਰ, ਅਤੇ ਜੀਤ ਦੇ ਦੋਸਤ ਬਲਦੇਵ ਦੇ ਇਰਦ-ਗਿਰਦ ਘੁੰਮਦੀ ਹੈ। ਜੀਤ ਅੰਗਰੇਜ਼ੀ ਦਾ ਪ੍ਰਫੈਸਰ ਸੀ ਅਤੇ ਸਾਹਿਤ ਦਾ ਚੰਗਾ ਜਾਣੂ ਸੀ। ਉਹ ਸਾਊ ਸੁਭਾ ਦਾ ਚੰਗਾ ਮ'ਨੁਖ ਸੀ ਜੋ ਕਿਸੇ ਨੂੰ ਮਾੜਾ ਨਹੀਂ ਸੀ ਕਹਿੰਦਾ। ਸਭ ਠੀਕ-ਠਾਕ ਤੇ ਖੁਸ਼ੀ ਖੁਸ਼ੀ ਜੀਵਨ ਬਿਤਾ ਰਹੇ ਸਨ। ਬਲਦੇਵ ਜੋ ਜੀਤ ਦਾ ਦੋਸਤ ਸੀ, ਉਹਦੇ ਹੀ ਘਰ ਵਿਚ ਇਕ ਕਿਰਾਏਦਾਰ ਦੇ ਤੌਰ 'ਤੇ ਰਹਿ ਰਿਹਾ ਸੀ। ਜੀਤ ਤੇ ਉਹਦੀ ਵਹੁਟੀ ਨੇ ਬਲਦੇਵ ਦੀ ਚੰਗੀ ਸੇਵਾ ਕੀਤੀ। ਬਲਦੇਵ ਵੀ ਉਨ੍ਹਾਂ ਦੇ ਘਰ ਦੇ ਮੈਂਬਰ ਵਾਂਗ ਬਣ ਗਿਆ ਸੀ। ਇਥੇ ਲੇਖਕ ਔਰਤ ਦੀ ਮਨੋਵਿਗਿਆਨਕ ਬਿਰਤੀ ਦੀ ਵੀ ਗ'ਲ ਕਰਦਾ ਹੈ ਕਿ ਉਸ ਨੂੰ ਸਿਰਫ ਰੋਟੀ-ਪਾਣੀ, ਕਪੜੇ ਤੇ ਗਹਿਣੇ ਹੀ ਨਹੀਂ ਚਾਹੀਦੇ। ਉਸ ਨੂੰ ਪਤੀ ਦਾ ਪਿਆਰ ਤੇ ਉਸ ਵ'ਲੋਂ ਸਮਾਂ ਵੀ ਚਾਹੀਦਾ ਹੈ। ਜੀਤ ਕੋਲ ਬਲਬੀਰ ਲਈ ਸਮਾਂ ਨਹੀਂ ਸੀ। ਉਹ ਸਾਰਾ ਦਿਨ ਪੜ੍ਹਾਈ ਤੇ ਆਪਣੇ ਕੰਮਾਂ ਵਿਚ ਹੀ ਰੁਝਿਆ ਰਹਿੰਦਾ ਸੀ। ਦੂਜੇ ਪਾਸੇ ਬਲਦੇਵ ਬਹੁਤਾ ਸਮਾਂ ਬਲਬੀਰ ਨਾਲ ਬਿਤਾਉਣ ਲਗ ਪਿਆ ਸੀ। ਦੋਵੇਂ ਰਾਜ਼ੀ ਖੁਸ਼ੀ ਗ'ਪਾਂ ਮਾਰਦੇ ਅਤੇ ਇਸ ਪ੍ਰਕਾਰ ਸਮਾਂ ਬੀਤਦਾ ਗਿਆ। ਬਲਬੀਰ, ਬਲਦੇਵ ਵ'ਲ ਇਤਨੀ ਰੁਝ ਗਈ ਕਿ ਆਪਣੇ ਹੀ ਪਤੀ ਵ'ਲੋਂ ਉਸ ਦਾ ਮਨ ਉਚਾਟ ਹੋ ਗਿਆ। ਜੀਤ ਨੇ ਫੇਰ ਵੀ ਉਸ ਉਪਰ ਕਦੇ ਹ'ਕ ਜਮਾਉਣ ਦੀ ਗ'ਲ ਨਹੀਂ ਕੀਤੀ ਤੇ ਨਾ ਹੀ ਉਸ ਨੂੰ ਕਦੇ ਗ਼ਲਤ ਕਿਹਾ ਸੀ।

ਇਉਂ ਹੀ ਸਮਾਂ ਬੀਤਦਾ ਗਿਆ ਤੇ ਸਾਰੇ ਹੀ ਆਪਣੀ ਆਪਣੀ ਥਾਂ ਤੇ ਖੁਸ਼ ਸਨ। ਬਲਬੀਰ ਹੌਲੀ ਹੌਲੀ ਜੀਤ ਤੋਂ ਦੂਰ ਹੁੰਦੀ ਗਈ ਤੇ ਬਲਦੇਵ ਦੇ ਨੇੜੇ ਚਲੀ ਗਈ। ਉਸ ਦੇ ਜੀਤ ਨਾਲ ਵਿਹਾਰ ਵਿਚ ਤਬਦੀਲੀ ਆ ਰਹੀ ਸੀ ਕਿਉਂ ਕਿ ਹੁਣ ਉਸ ਨੂੰ ਆਪਣੇ ਜੀਵਨ ਵਿਚ ਮਨ-ਭਾਉਂਦਾ ਪ੍ਰੇਮੀ ਬਲਦੇਵ ਦੇ ਰੂਪ ਵਿਚ ਮਿਲ ਗਿਆ ਸੀ। ਪਰ ਸਮਾਜਕ ਦ੍ਰਿਸ਼ਟੀ ਤੋਂ ਇਹ ਦੂਜਾ ਮਰਦ, ਪ੍ਰਵਾਨਿਤ ਰਿਸ਼ਤਾ ਨਾ ਹੋਣ ਕਰਕੇ, ਉਹ ਪਰੇਸ਼ਾਨ ਵੀ ਰਹਿੰਦੀ ਸੀ। ਜੀਤ ਨੂੰ ਜਦੋਂ ਬਾਹਰ ਯੂਨੀਵਰਸਿਟੀ ਪਰਚਾ ਪੜ੍ਹਣ ਲਈ ਸ'ਦਿਆ ਗਿਆ ਤਾਂ ਇਹ ਖੁਸ਼ੀ ਦੀ ਗ'ਲ ਤਾਂ ਸੀ ਪਰ ਬਲਬੀਰ ਇਸ ਗ'ਲੋਂ ਪਰੇਸ਼ਾਨ ਸੀ ਕਿਉਂ ਕਿ ਉਹ ਬਲਦੇਵ ਦੇ ਬ'ਚੇ ਦੀ ਮਾਂ ਬਣਨ ਵਾਲੀ ਸੀ। ਇਹ ਗ'ਲ ਉਹ ਜੀਤ ਨੂੰ ਦ'ਸ ਨਾ ਪਾ ਰਹੀ ਸੀ। ਜੀਤ, ਬਲਬੀਰ ਦੇ ਮਾਂ ਬਣਨ ਦੀ ਖਬਰ ਨਾਲ ਖੁਸ਼ ਸੀ ਅਤੇ ਬ'ਚੇ ਦੀ ਖਾਤਰ ਬਾਹਰ ਜਾਣ ਤੋਂ ਮਨਾ ਵੀ ਕਰਦਾ। ਪਰ ਬਲਬੀਰ ਦੇ ਜ਼ੋਰ ਦੇਣ ਤੇ ਉਹ ਲੰਦਨ ਚਲਾ ਜਾਂਦਾ ਹੈ। ਇਥੇ ਹੀ ਜੀਤ ਦੇ ਮਨ ਵਿਚ ਬਲਬੀਰ ਨੂੰ ਲੈ ਕੇ ਇਕ ਅਜੀਬ ਸ਼ੰਕਾ ਪੈਦਾ ਹੋ ਜਾਂਦੀ ਹੈ। ਲੰਦਨ ਜਾ ਕੇ ਵੀ ਉਸ ਦਾ ਮਨ ਉਥੇ ਨਾ ਲਗਿਆ:-

"ਜੀਤ ਦਾ ਧਿਆਨ ਆਪਣੇ ਘਰ ਵਲ ਪਰਤਿਆ। ਵਿਚ ਵਿਚ ਕਈ ਵਾਰ ਉਹ ਬਲਬੀਰ ਨੂੰ ਯਾਦ ਕਰ ਚੁੱਕਾ ਸੀ। ਪਰ ਪਤਾ ਨਹੀਂ ਕਿਉਂ ਉਹਨੂੰ ਮਹਿਸੂਸ ਹੁੰਦਾ ਕਿ ਉਹ ਬਦਲ ਗਈ ਸੀ।"[10]

ਬਲਬੀਰ ਦੇ ਅਜੀਬ ਸੁਭਾਅ ਦੇ ਕਾਰਨ ਜੀਤ ਦਾ ਇੰਗਲੈਂਡ ਮਨ ਨਹੀਂ ਲਗਿਆ ਤੇ ਉਹ ਛੇਤੀ ਵਾਪਸ ਆਪਣੇ ਦੇਸ਼ ਜਾਉਣ ਲਈ ਲੋਚਣ ਲਗਿਆ। ਸੋ, ਆਪਣੇ ਮਿੱਥੇ ਸਮੇਂ ਤੋਂ ਪਹਿਲਾਂ ਹੀ ਉਸ ਨੇ ਟਿਕਟ ਕਰਾ ਲਈ। ਘਰ ਜਲਦੀ ਪਰਤਣ ਤੇ ਉਸ ਨੇ ਵੇਖਿਆ ਕਿ ਬਲਬੀਰ ਤੇ ਬਲਦੇਵ ਇਕ ਸੋਫੇ ਤੇ ਇੱਕਠੇ, ਅੰਦਰੋਂ ਕੁੰਡੀ ਲਾ ਕੇ ਬੈਠੇ ਹਨ। ਉਸਦਾ ਸ਼ੱਕ ਹੌਲੀ ਹੌਲੀ ਯਕੀਨ ਵਿਚ ਬਦਲ ਰਿਹਾ ਸੀ। ਘਰ ਵਿਚ ਇਕ ਅਜੀਬ ਮਾਹੌਲ ਪੈਦਾ ਹੋ ਗਿਆ ਸੀ

"ਜੀਤ ਚੁੱਪ ਸੀ,......ਘਰ ਚ ਘੁੱਟਣ ਸੀ...ਉਹ ਸੋਚਦਾ ਗੱਲ ਨੂੰ ਇਕ ਪਾਸੇ ਲਾਉਣਾ ਚਾਹੀਦੈ। ਪਰ ਉਸ ਨੂੰ ਲਗਦਾ ਜੇ ਗੱਲ ਨੂੰ ਇਕ ਪਾਸੇ ਲਾਉਣਾ ਚਾਹੀਦੈ।... ਪਰ ਉਹਨੂੰ ਲਗਦਾ ਜੇ ਗੱਲ ਖੁਲ੍ਹੀ, ਪਤਾ ਨਹੀਂ ਕਿੱਧਰ ਜਾਏ।"[11]

ਜੀਤ ਨੇ ਦੋਸਤ ਬਲਦੇਵ ਨੂੰ ਬਹਾਨੇ ਨਾਲ ਆਪਣਾ ਘਰ ਖਾਲੀ ਕਰਨ ਲਈ ਕਿਹਾ ਪਰ ਬਲਦੇਵ ਦੇ ਜਾਉਣ ਨਾਲ ਜਿਵੇਂ ਜੀਤ ਦੇ ਘਰ ਦੀਆਂ ਖੁਸ਼ੀਆਂ ਵੀ ਚਲੀਆਂ ਗਈਆਂ। ਬਲਬੀਰ ਇਸ ਗੱਲ ਤੇ ਜੀਤ ਨਾਲ ਨਾਰਾਜ਼ ਹੋ ਗਈ ਅਤੇ ਛੁਪ ਕੇ ਬਲਦੇਵ ਨੂੰ ਮਿਲਣ ਲੱਗੀ। ਜੀਤ ਨੇ ਕਦੇ ਸੋਚਿਆ ਨਹੀਂ ਸੀ ਕਿ ਬਲਬੀਰ ਉਸ ਨਾਲ ਇਉਂ ਕਰੇਗੀ। ਜੀਤ ਨੂੰ ਸਮਝ ਆ ਗਿਆ ਕਿ ਉਸ ਦਾ ਘਰ ਟੁੱਟ ਰਿਹਾ ਹੈ ਤੇ ਅਖੀਰ ਤੇ ਬਲਬੀਰ ਜੀਤ ਨੂੰ ਛੱਡ ਕੇ ਬਲਦੇਵ ਦੇ ਕੋਲ ਚਲੀ ਗਈ। ਜੀਤ ਨੇ ਜਦੋਂ ਉਸ ਤੋਂ ਬੱਚੇ ਦੀ ਮੰਗ ਕੀਤੀ ਹੈ ਤਾਂ ਬਲਬੀਰ ਨੇ ਸਾਫ ਕਹਿ ਦਿੱਤਾ ਕਿ ਇਹ ਤੇਰਾ ਬੱਚਾ ਨਹੀਂ ਬਲਕਿ ਬਲਦੇਵ ਦਾ ਹੈ। ਅਖੀਰ ਤੇ ਜੀਤ ਇੱਕਲਾ ਬੈਠਾ ਇਹ ਹੀ ਸੋਚਦਾ ਹੈ ਕਿ ਬਲਬੀਰ ਤੇ ਬਲਦੇਵ ਨੇ ਉਹਦੇ ਨਾਲ ਇਹ ਮਾੜਾ ਵਰਤੀਰਾ ਕਿਉਂ ਕੀਤਾ? ਆਖਰ ਉਸ ਦਾ ਕੀ ਕਸੂਰ ਸੀ ਇਸੇ ਪ੍ਰਸ਼ਨ ਚਿੰਨ੍ਹ ਵਿਚ ਘਿਰਿਆ ਉਹ ਆਪਣੇ ਆਪ ਨਾਲ ਸਵਾਲ ਕਰਦਾ ਦਿਖਾਈ ਦੇਂਦਾ ਹੈ:-

"ਬਲਬੀਰ ਚਲੇ ਗਈ, ਉਹਦਾ ਘਰ ਹੀ ਨਹੀਂ,ਉਹਦਾ ਹਰ ਵਿਸ਼ਵਾਸ ਤੋੜ ਕੇ, ਉਹਦਾ ਜੀਵਨ ਰੋਲ ਕੇ......ਇਹ ਕੀਤਾ,ਕਿਉਂ ਕੀਤਾ।"[1212]

ਅੱਜ ਦੋ ਸਾਲਾਂ ਬਾਦ ਉਹ ਹੁਣ ਫੇਰ ਬਲਬੀਰ ਜੀਤ ਕੋਲ ਵਾਪਸ ਆਉਣ ਲਈ ਫੋਨ ਕਰਦੀ ਹੈ ਤੇ ਜੀਤ ਉਹਨੂੰ "ਹੁਣ ਨਹੀਂ"' ਆਖ ਕੇ ਸਾਫ ਨਾਂਹ ਕਰ ਦੇਂਦਾ ਹੈ। ਇਥੇ ਆ ਕੇ ਕਹਾਣੀ ਮੁੱਕ ਜਾਂਦੀ ਹੈ।। ਇਸ ਪ੍ਰਕਾਰ ਜੀਤ ਬਲਬੀਰ ਨੂੰ ਮੁਆਫ ਨਹੀਂ ਕਰ ਪਾਉਂਦਾ। ਅਸਲ ਵਿਚ ਇਹ ਵੀ ਸਾਡੇ ਸਮਾਜ ਦਾ ਯਥਾਰਥ ਹੈ ਕਿ ਅਜੋਕੇ ਸਮੇਂ ਵਿਚ ਰਿਸ਼ਤਿਆਂ ਦੇ ਸਮੀਕਰਨ ਨਿਰੰਤਰ ਬਦਲਦੇ ਜਾ ਰਹੇ ਹਨ। ਇਸ ਪ੍ਰਕਾਰ ਇਹ ਕਹਾਣੀ ਵੀ ਸਾਡੇ ਸਮਾਜ ਤੇ ਇਕ ਪ੍ਰਸ਼ਨ ਚਿੰਨ੍ਹ ਲਗਾਉਂਦੀ ਹੈ ਅਤੇ ਸਾਨੂੰ ਸੋਚਣ ਲਈ ਮਜਬੂਰ ਕਰਦੀ ਹੈ ਕਿ ਕੀ ਇਸ ਗ਼ਲਤੀ ਦੀ ਮੁਆਫੀ ਹੋਣੀ ਚਾਹੀਦੀ ਹੈ ਜਾਂ ਨਹੀਂ? ਜੀਤ ਨੇ ਬਲਬੀਰ ਨੂੰ ਮੁਆਫ ਨਾ ਕਰਕੇ ਠੀਕ ਕੀਤਾ ਜਾਂ ਗਲਤ। ਇਸ ਪ੍ਰਕਾਰ ਸਾਰੀ ਕਹਾਣੀ ਪਿੱਛਲਝਾਤ ਵਿਧੀ ਰਾਹੀਂ ਬਿਰਤਾਂਤ ਉਸਾਰਦੀ ਮਨੁੱਖ ਦੇ ਉਲਝਦੇ ਰਿਸ਼ਤਿਆਂ ਦੀ ਦਾਸਤਾਨ ਦੀ ਕਹਾਣੀ ਬਣ ਜਾਂਦੀ ਹੈ।

ਸ਼ੋ, ਸਪੱਸ਼ਟ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਮਿਨਹਾਸ ਦਾ ਇਹ ਕਹਾਣੀ ਸੰਗ੍ਰਹਿ ਅਸਲ ਵਿਚ ਮਨੁੱਖੀ ਜ਼ਿੰਦਗੀ ਦੇ ਵਿਚੋਂ ਹੋਣੀਆਂ ਅਤੇ ਅਣਹੋਣੀਆਂ ਦੀ ਭਾਲ ਕਰਦਾ ਹੋਇਆ,



ਮਨੁੱਖੀ ਅਹਿਸਾਸਾਂ ਦੀ ਸੂਖਮ ਤਸਵੀਰ ਉਲੀਕ ਦਿੰਦਾ ਹੈ। ਕਹਾਣੀਆਂ ਵਿਚ ਮਿਨਹਾਸ ਨੇ ਆਪਣੇ ਚੁਣੇ ਗਏ ਵਿਸ਼ਿਆਂ ਦਾ ਨਿਭਾਅ ਬੜੇ ਖੂਬਸੂਰਤ ਢੰਗ ਨਾਲ ਕੀਤਾ ਹੈ। ਪਿੱਛਲਝਾਤ ਵਿਧੀ ਰਾਹੀਂ ਕਹਾਣੀਆਂ ਦੀ ਉਸਾਰੀ ਕਰਦੇ ਹੋਏ ਲੇਖਕ ਕਹਾਣੀ ਵਿਚ ਰੋਚਕਤਾ ਤੇ ਉਤਸੁਕਤਾ ਵੀ ਬਣਾਈ ਰਖਦਾ ਹੈ। ਇਹੀ ਕਾਰਨ ਹੈ ਕਿ ਇਨ੍ਹਾਂ ਕਹਾਣੀਆਂ ਨੂੰ ਪਾਠਕ ਇਕੋ ਬੈਠਕ ਵਿਚ ਵਿਚ ਪੜ੍ਹ ਲੈਂਦਾ ਹੈ। ਇਸ ਪੱਖੋਂ ਲੇਖਕ ਵਧਾਈ ਦਾ ਪਾਤਰ ਹੈ।

**ਹਵਾਲੇ**


[1] ਵਿਕੀਪੀਡੀਆ, ਸਰਵਣ ਮਿਨਹਾਸ

[2] ਸਰਵਣ ਮਿਨਹਾਸ, ਹੋਣੀਆਂ ਅਣਹੋਣੀਆ, ਨਵਯੁਗ ਪਬਲਿਸ਼ਰਜ਼, ਦਿੱਲੀ, 2019,

[3] https://www.punjabitribuneonline.com/news/features/pakistan-crisis-of-existence-and-arbitrary-29972

[4] ਸਰਵਣ ਮਿਨਹਾਸ, ਹੋਣੀਆਂ ਅਣਹੋਣੀਆ, ਪਾਠਕ ਲਈ

[5] ਉਹੀ, ਪੰਨਾ- 12

[6] ਉਹੀ, ਪੰਨਾ- 18

[7] ਉਹੀ, ਪੰਨਾ- 19

[8] ਉਹੀ, ਪੰਨਾ- 143

[9] ਉਹੀ, ਪੰਨਾ- 141

[10] ਉਹੀ, ਪੰਨਾ- 41


[11] ਉਹੀ, ਪੰਨਾ- 43

[12] ਉਹੀ, ਪੰਨਾ- 46



(M) 8700416670

Email- kaur.taranjeet@sggscc.ac.in


ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ

## ‘ਕਾਲੇ ਰੰਗ ਗੁਲਾਬਾਂ ਦੇ’ ਦਾ ਬਿਰਤਾਂਤ-ਪ੍ਰਵਚਨ

-ਦੇਵਿੰਦਰ ਕੌਰ (ਯੂ.ਕੇ.)

‘ਕਾਲੇ ਰੰਗ ਗੁਲਾਬਾਂ ਦੇ’ ਹਰਜੀਤ ਅਟਵਾਲ ਦਾ ਗਿਆਰਵਾਂ ਨਾਵਲ ਹੈ। ਇਸ ਤੋਂ ਪਹਿਲਾਂ ਉਹ ਆਪਣੇ ਨਾਵਲਾਂ ਜਿਵੇਂ, ‘ਵਨ ਵੇਅ’, ‘ਰੇਤ’, ‘ਸਵਾਰੀ’, ‘ਸਾਊਥਾਲ’, ‘ਬ੍ਰਿਟਿਸ਼ ਬੌਰਨ ਦੇਸੀ’, ‘ਅਕਾਲ ਸਹਾਏ’, ‘ਗੀਤ’, ‘ਮੁੰਦਰੀ ਡੌਟ ਕੌਮ’, ‘ਮੋਰ ਉਡਾਰੀ’ ਅਤੇ ‘ਆਪਣਾ’ ਵਿਚ ਵਿਭਿੰਨ ਪ੍ਰਕਾਰ ਦੇ ਵਿਸ਼ਿਆਂ ਨਾਲ ਪਾਠਕਾਂ ਦੀ ਜਾਣ ਪਹਿਚਾਣ ਕਰਾ ਚੁੱਕਿਆ ਹੈ, ਜਿਸ ਵਿਚ ਸਮਾਜਿਕ, ਇਤਿਹਾਸਿਕ, ਜ਼ਿੰਦਗੀ ਦੇ ਯਥਾਰਥ ਨਾਲ ਜੁੜੇ ਮਸਲਿਆਂ ਦੀ ਪੇਸ਼ਕਾਰੀ ਕੀਤੀ ਗਈ ਹੈ। ਹਥਲਾ ਨਾਵਲ ਸਮਾਜ ਦੇ ਓਸ ਵਰਗ ਦੇ ਮਨੋ-ਵਿਗਿਆਨਕ ਮਸਲਿਆਂ ਨਾਲ ਦੋ-ਚਾਰ ਹੁੰਦਾ ਹੈ ਜਿਨ੍ਹਾਂ ਨੂੰ ਆਮ ਤੌਰ ਤੇ ਸਮਾਜ ਵੱਲੋਂ ਅਣਗੌਲਿਆਂ ਰਹਿਣ ਦਿੱਤਾ ਜਾਂਦਾ ਹੈ। ਹਰਜੀਤ ਅਟਵਾਲ ਨੇ ਉਸ ਵਿਸ਼ੇ ਨੂੰ ਜਿਸ ਢੰਗ ਰਾਹੀਂ ਪੇਸ਼ ਕੀਤਾ ਹੈ ਉਸ ਦਾ ਸੰਬੰਧ ਸਮਾਜ ਦੇ ਯਥਾਰਥ ਨਾਲ ਤਾਂ ਹੈ ਹੀ ਲੇਕਿਨ ਰਚਨਾ ਵਿਚਲਾ ਬਿਰਤਾਂਤ-ਪ੍ਰਵਚਨ ਉਸ ਦੇ ਰੂਪ ਨੂੰ ਵਿਸ਼ੇਸ਼ ਮਹੱਤਵ ਪ੍ਰਦਾਨ ਕਰਦਾ ਹੈ।

ਇਸ ਨਾਵਲ ਦਾ ਪਾਠ ਕਰਦਿਆਂ ਮੈਨੂੰ ਬਾਰ ਬਾਰ ਰੂਸੀ ਰੂਪਵਾਦ ਵਿਚਲਾ ਅਜਨਬੀਕਰਨ ਦਾ ਸਿਧਾਂਤ ਯਾਦ ਆਉਂਦਾ ਰਿਹਾ ਹੈ। ਉਸ ਦਾ ਕਾਰਨ ਇਹ ਕਿ ਨਾਵਲ ਵਿਚ ਮੁੱਖ ਪਾਤਰ ਦੇ ਨਾਲ ਸੰਬੰਧਿਤ ਦੋ ਚਾਰ ਪਾਤਰਾਂ ਦਾ ਜੋ ਆਪਸੀ ਰਿਸ਼ਤਾ ਪੇਸ਼ ਕੀਤਾ ਗਿਆ ਹੈ ਉਸ ਨਾਲ ਵਡੇਰੇ ਸਮਾਜ ਵਿਚ ਵਿਚਰ ਰਹੇ ਵਿਸ਼ੇਸ਼ ਮਿੰਨੀ ਸਮਾਜ ਦੀ ਝਲਕ ਪੈਂਦੀ ਹੈ। ਉਸ ਸਮਾਜ ਨਾਲ ਜੋ ਕੁਝ ਵਾਪਰਦਾ ਦਿਖਾਇਆ ਗਿਆ ਹੈ ਉਹ ਵੀ ਵਡੇਰੇ ਸਮਾਜ ਦਾ ਇਕ ਪਹਿਲੂ ਹੀ ਹੈ। ਆਮ ਤੌਰ ਤੇ ਜ਼ਿੰਦਗੀ ਜੀਂਦਿਆਂ ਅਸੀਂ ਬਹੁਤ ਕੁਝ ਅੱਖੋਂ ਪਰੋਖੇ ਕਰ ਜਾਂਦੇ ਹਾਂ। ਸਮਾਜ ਵਿਚ ਐਸੀਆਂ ਪਰਸਥਿਤੀਆਂ ਵੀ ਵਾਪਰਦੀਆਂ ਹਨ ਜਿਨ੍ਹਾਂ ਬਾਰੇ ਮਨੁੱਖ ਜਾਣਦਾ ਹੁੰਦਾ ਹੈ ਲੇਕਿਨ ਸਾਹਿਤਕਾਰ ਅਜਨਬੀਕਰਨ ਦੇ ਸਿਧਾਂਤ ਰਾਹੀਂ ਉਨ੍ਹਾਂ ਪਰਸਥਿਤੀਆਂ ਉਪਰ ਆਪਣਾ ਧਿਆਨ ਕੇਂਦਰਿਤ ਕਰ ਉਨ੍ਹਾਂ ਨੂੰ ਏਸ ਢੰਗ ਨਾਲ ਪੇਸ਼ ਕਰਦਾ ਹੈ ਕਿ ਉਹ ਸਮਾਜ ਵਿਚ ਉਭਰਵੇਂ ਰੂਪ ਵਿਚ ਸਾਹਮਣੇ ਆ ਜਾਂਦੀਆਂ ਹਨ। ਜਿਨ੍ਹਾਂ ਪਰਸਥਿਤੀਆਂ ਨੂੰ ਅਸੀਂ ਜਾਣਦੇ ਪਹਿਚਾਣਦੇ ਤਾਂ ਹਾਂ ਲੇਕਿਨ ਉਸ ਬਾਰੇ ਬਹੁਤਾ ਧਿਆਨ ਨਹੀਂ ਦੇਂਦੇ, ਸਾਹਿਤਕਾਰ ਉਨ੍ਹਾਂ ਨੂੰ ਵੇਖਣ ਯੋਗ ਬਣਾ ਦੇਂਦਾ ਹੈ। ਸਮਾਜ ਦੇ ਅੰਦਰ ਵਾਰ ਵਾਪਰ ਰਹੇ ਕਿਸੇ ਸਮਾਜ ਨੂੰ ਰਚਨਾ ਦਾ ਕੇਂਦਰੀ ਧੁਰਾ ਬਣਾ ਦੇਣਾ, ਇਹ ਕਮਾਲ ਕੋਈ ਸਾਹਿਤਕਾਰ ਹੀ ਕਰ ਸਕਦਾ ਹੈ। ਹਰਜੀਤ ਅਟਵਾਲ ਨੇ ਬਰਤਾਨਵੀ ਪੰਜਾਬ ਸਮਾਜ ਦੇ ਵਿਸਤ੍ਰਿਤ ਰੂਪ ਵਿਚੋਂ ਕੁਝ ਪਰਿਵਾਰ ਚੁਣ ਕੇ ਉਨ੍ਹਾਂ ਦੀ ਕਹਾਣੀ ਪੇਸ਼ ਕਰਕੇ ਪਾਠਕ ਅੱਗੇ ਇਕ ਐਸਾ ਸੰਸਾਰ ਸਿਰਜਿਆ ਹੈ ਜਿਸ ਬਾਰੇ ਪਾਠਕ ਸੋਚਣ ਲਈ ਮਜਬੂਰ ਹੋ ਜਾਂਦਾ ਹੈ।

ਇਸ ਨਾਵਲ ਦੀ ਸਥਾਨਕ ਬਣਤਰ ਇੰਗਲੈਂਡ ਦੀ ਧਰਤੀ ਨਾਲ ਸੰਬੰਧਿਤ ਹੈ। ਇਸ ਨਾਵਲ ਵਿਚਲੇ ਬਿਰਤਾਂਤ ਦੇ ਮੁੱਖ ਪਾਤਰ ਜੱਗੀ ਤੇ ਪ੍ਰੀਤੀ ਹਨ ਜੋ ਸਟੈਨਵੈਲ ਦੇ ਪਿੰਡ ਵਿਚ ਰਹਿੰਦੇ ਹਨ। ਰੌਕੀ ਉਨ੍ਹਾਂ ਦਾ ਬੇਟਾ ਹੈ। ਇਸ ਤੋਂ ਇਲਾਵਾ ਜੱਗੀ ਤੇ ਪ੍ਰੀਤੀ ਦੇ ਦੋ ਤਿੰਨ ਕਪਲ ਫੈਮਲੀ ਫ੍ਰੈਂਡਜ਼ ਹਨ ਜੋ ਸਮੇਂ ਸਮੇਂ ਇਸ ਪਰਿਵਾਰ ਨਾਲ ਜੁੜ ਕੇ ਨਾਵਲ ਦੀ ਕਹਾਣੀ ਨੂੰ ਅੱਗੇ ਤੋਰਦੇ ਹਨ।ਵੈਸੇ ਪ੍ਰੀਤੀ ਦੇ ਭਰਾ ਭਰਜਾਈ ਲੈਸਟਰ ਰਹਿੰਦੇ ਹਨ ਲੇਕਿਨ ਜੱਗੀ ਪ੍ਰੀਤੀ ਲੈਸਟਰ ਤੋਂ ਮੂਵ ਹੋ ਕੇ ਸਟੈਨਵੱੈਲ ਆ ਜਾਂਦੇ ਹਨ ਜਿਥੇ ਉਨ੍ਹਾਂ ਦੀ ਪਰਿਵਾਰਕ ਜ਼ਿੰਦਗੀ ਸ਼ੁਰੂ ਹੁੰਦੀ ਹੈ।



ਇਸ ਨਾਵਲ ਦੀ ਕਥਾ ਸ਼ੁਰੂ ਵਿਚ ਤਾਂ ਇਕਸਾਰ ਤੁਰਦੀ ਨਜ਼ਰ ਆਉਂਦੀ ਹੈ ਲੇਕਿਨ ਹਾਲਾਤ ਕੁਝ ਇਵੇਂ ਵਾਪਰਦੇ ਹਨ ਕਿ ਜੱਗੀ ਦੀ ਸਿਹਤ ਦੇ ਮਨੋਵਿਗਿਆਨਕ ਪਹਿਲੂ ਕਾਰਨ ਉਸ ਵਿਚ ਤਬਦੀਲੀ ਆਉਣੀ ਸ਼ੁਰੂ ਹੁੰਦੀ ਹੈ। ਉਸਨੂੰ ਅਵਾਜ਼ਾਂ ਸੁਣਾਈ ਦੇਂਦੀਆਂ ਹਨ ਜਿਨ੍ਹਾਂ ਦਾ ਮਾਨਸਿਕ ਆਧਾਰ ਉਸਦੀ ਜ਼ਿੰਦਗੀ ਵਿਚ ਉਥਲ ਪੁਥਲ ਲਿਆ ਦੇਂਦਾ ਹੈ। ਪ੍ਰੀਤੀ ਜਿਸ ਨੂੰ ਉਹ ਜਾਨ ਤੋਂ ਵਧ ਪਿਆਰ ਕਰਦਾ ਹੈ ਉਹ ਉਸ ਦੇ ਹੀ ਖਾਸ ਦੋਸਤ ਨਿੱਕ ਨਾਲ ਉਸ ਦੇ ਸਾਹਮਣੇ ਹੀ ਰਹਿਣ ਲਗਦੀ ਹੈ। ਪ੍ਰੀਤੀ ਦਾ ਉਸ ਤੋਂ ਤਲਾਕ ਲੈਣਾ ਤੇ ਜੱਗੀ ਦਾ ਵਾਰ ਵਾਰ ਉਸ ਦਾ ਬੂਹਾ ਖੜਕਾਉਣਾ ਬਹੁਤ ਵੱਡੀ ਤਰਾਸਦੀ ਬਣ ਜਾਂਦੀ ਹੈ। ਜਿਹੜਾ ਨਿੱਕ ਕਦੇ ਉਸ ਦੇ ਘਰ ਮਹਿਮਾਨ ਬਣ ਕੇ ਆਉਂਦਾ ਸੀ ਹੁਣ ਜੱਗੀ ਆਪਣੇ ਆਪ ਨੂੰ ਨਾ-ਰੋਕ ਸਕਣ ਕਾਰਨ ਨਿੱਕ ਤੇ ਪ੍ਰੀਤੀ ਦਾ ਮਹਿਮਾਨ ਬਣਦਾ ਹੈ। ਨਿੱਕ ਤੇ ਪ੍ਰੀਤੀ ਹੁਣ ਵਿਆਹ ਕਰਾ ਚੁੱਕੇ ਹਨ। ਇਸ ਤਰ੍ਹਾਂ ਨਾਵਲ ਦਾ ਬਿਰਤਾਂਤ ਗਤੀਸ਼ੀਲਤਾ ਨੂੰ ਪ੍ਰਾਪਤ ਹੁੰਦਾ ਹੈ। ਗਤੀਸ਼ੀਲਤਾ ਤਾਂ ਹੀ ਆਉਂਦੀ ਹੈ ਜੇ ਪਾਤਰਾਂ ਦੀਆਂ ਪ੍ਰਸਥਿਤੀਆਂ ਵਿਚ ਬਦਲਾਓ ਪੈਦਾ ਹੋਵੇ। ਇਸ ਨਾਵਲ ਵਿਚ ਜੱਗੀ ਅਤੇ ਪ੍ਰੀਤੀ ਦੀ ਜ਼ਿੰਦਗੀ ਵਿਚ ਅਹਿਮ ਬਦਲਾਓ ਆਉਂਦਾ ਹੈ ਜੋ ਉਨ੍ਹਾਂ ਦੇ ਤਲਾਕ ਨਾਲ ਸੰਬੰਧ ਰੱਖਦਾ ਹੈ। ਇਹ ਬਦਲਾਓ ਹੀ ਨਾਵਲ ਦੀ ਕਹਾਣੀ ਨੂੰ ਅਗਾਂਹ ਤੋਰਦਾ ਹੈ।

ਗੱਲ ਏਥੇ ਹੀ ਖ਼ਤਮ ਨਹੀਂ ਹੁੰਦੀ। ਜੱਗੀ ਦੀ ਮਨੋ ਸਥਿਤੀ ਵਿਚ ਹੋਰ ਕਈ ਬਦਲਾਓ ਔਣ ਲਗਦੇ ਹਨ। ਜੱਗੀ ਦੀ ਸਿਹਤ ਦਿਨੋਂ ਦਿਨ ਵਿਗੜਦੀ ਜਾਂਦੀ ਹੈ ਲੇਕਿਨ ਜੱਗੀ ਅਤੇ ਪ੍ਰੀਤੀ ਦਾ ਬੇਟਾ ਰੌਕੀ ਹੋਣ ਕਰਕੇ ਪ੍ਰੀਤੀ ਜੱਗੀ ਨਾਲ ਪੈਸੇ ਦੇ ਲਾਲਚ ਵਿਚ ਜੁੜੀ ਰਹਿੰਦੀ ਹੈ। ਏਥੇ ਹੀ ਗੁਲਾਬਾਂ ਦੇ ਸੁਰਖ਼ ਰੰਗਾਂ ਉਪਰ ਕਾਲਖ ਆਉਣੀ ਸ਼ੁਰੂ ਹੋ ਜਾਂਦੀ ਹੈ। ਕਹਾਣੀ ਆਪਣੀ ਤ੍ਰਾਸਦਿਕ ਸਥਿਤੀ ਵੱਲ ਵਧਣੀ ਸ਼ੁਰੂ ਹੋ ਜਾਂਦੀ ਹੈ। ਜੱਗੀ ਜ਼ਿੰਦਗੀ ਵਿਚ ਇਕੱਲਾ ਹੋ ਜਾਂਦਾ ਹੈ ਅਤੇ ਉਸਦੀ ਮਾਨਸਿਕ ਬੀਮਾਰੀ ਦਿਨ ਬਦਿਨ ਵਧਦੀ ਜਾਂਦੀ ਹੈ। ਇਸ ਮਾਨਸਿਕ ਬੀਮਾਰੀ ਨੂੰ ਠੱਲ੍ਹ ਪਾਉਣ ਲਈ ਹਰ ਮਹੀਨੇ ਟੀਕਾ ਲਗਦਾ ਹੈ। ਟੀਕਾ ਲੱਗਣ ਨਾਲ ਉਸਦੀ ਬਿਮਾਰੀ ਠੀਕ ਤਾਂ ਨਹੀਂ ਹੁੰਦੀ ਪਰ ਉਸਨੂੰ ਕੰਟਰੋਲ ਵਿੱਚ ਜ਼ਰੂਰ ਰੱਖਦੀ ਹੈ।ਜੱਗੀ ਨੂੰ ਸਿਰਫ਼ ਟੀਕਾ ਹੀ ਨਹੀਂ ਲਗਦਾ ਉਸ ਨੂੰ ਕਈ ਹੋਰ ਦਵਾਈਆਂ ਵੀ ਖਾਣੀਆਂ ਪੈਂਦੀਆਂ ਹਨ। ਇੰਗਲੈਂਡ ਦਾ ਮੈਡੀਕਲ ਸਿਸਟਮ ਇਸ ਤਰ੍ਹਾਂ ਦਾ ਹੈ ਕਿ ਬਹੁਤ ਜਲਦੀ ਮਨੁੱਖ ਨੂੰ ਦਵਾਈਆਂ ਉਪਰ ਲਗਾ ਦਿਤਾ ਜਾਂਦਾ ਹੈ ਜਿਸ ਨਾਲ ਮਨੁੱਖ ਸਾਰੀ ਉਮਰ ਦਵਾਈਆਂ ਦੇ ਚੱਕਰਾਂ ਵਿਚ ਹੀ ਪਿਆ ਰਹਿੰਦਾ ਹੈ। ਦਵਾਈ ਵੇਚਣ ਵਾਲੀਆਂ ਕੰਪਨੀਆਂ ਦਾ ਸਾਰਾ ਧੰਦਾ ਇਨ੍ਹਾਂ ਦਵਾਈਆਂ ਦੀ ਵਿਕਰੀ ਉਪਰ ਹੀ ਚਲਦਾ ਹੈ। ਏਥੇ ਕਹਿ ਸਕਦੇ ਹਾਂ ਕਿ ਜਿਸ ਢੰਗ ਨਾਲ ਜੱਗੀ ਨੂੰ ਦਵਾਈਆਂ ਖਾਣੀਆਂ ਪੈਂਦੀਆਂ ਹਨ ਅਤੇ ਜ਼ਬਰਦਸਤੀ ਉਸ ਦੇ ਨਾ ਚਾਹੁੰਦਿਆਂ ਵੀ ਉਸ ਨੂੰ ਟੀਕਾ ਲਾਇਆ ਜਾਂਦਾ ਹੈ, ਇਸ ਸਭ ਕੁਝ ਨੂੰ ਪੇਸ਼ ਕਰਕੇ ਹਰਜੀਤ ਅਟਵਾਲ ਇੰਗਲੈਂਡ ਦੇ ਮੈਡੀਕਲ ਸਿਸਟਮ ਉਪਰ ਵੀ ਪਰਿਹਾਰ ਕਰ ਜਾਂਦਾ ਹੈ ਅਤੇ ਉਸ ਨੂੰ ਨਸ਼ਰ ਕਰ ਜਾਂਦਾ ਹੈ। ਸਿਸਟਮ ਦੀਆਂ ਕਰਤੂਤਾਂ ਨੂੰ ਨਸ਼ਰ ਕਰਨਾ ਕਿਸੇ ਵੀ ਬਿਰਤਾਂਤਕ ਪ੍ਰਵਚਨ ਦਾ ਜ਼ਰੂਰੀ ਲੱਛਣ ਹੁੰਦਾ ਹੈ ਤੇ ਇਹ ਕਾਰਜ ਹਰਜੀਤ ਨੇ ਕਰ ਵਿਖਾਇਆ ਹੈ।

ਜੱਗੀ ਦੇ ਚਰਿੱਤਰ ਨੂੰ ਪੇਸ਼ ਕਰਨ ਲਈ ਵੀ ਹਰਜੀਤ ਅਟਵਾਲ ਅਜਨਬੀਕਰਨ ਦੀ ਜੁਗਤ ਦੀ ਵਰਤੋਂ ਕਰਦਾ ਹੈ। ਸਮੁੱਚੇ ਨਾਵਲ ਵਿਚ ਲੇਖਕ ਦਾ ਸਾਰਾ ਧਿਆਨ ਜੱਗੀ ਦੇ ਚਰਿੱਤਰ ਨੂੰ ਉਜਾਗਰ ਕਰਨਾ ਹੈ। ਉਹ ਕੋਮਲ ਦਿਲ ਇਨਸਾਨ ਹੈ, ਕਿਸੇ ਨਾਲ ਫ਼ਾਲਤੂ ਝਗੜੇ ਵਿਚ ਨਹੀਂ

ਪੈਂਦਾ, ਉਸਦੀ ਬੀਵੀ ਕੋਈ ਹੋਰ ਲੈ ਜਾਂਦਾ ਹੈ ਤਾਂ ਵੀ ਉਹ ਕਿਸੇ ਟਕਰਾਓ ਵਿਚ ਨਹੀਂ ਪੈਂਦਾ। ਲੇਕਿਨ ਉਸਦੀ ਸ਼ਰਾਬ ਦੀ ਆਦਤ ਨਾ ਤਾਂ ਉਸਦੀ ਬੀਮਾਰੀ ਠੀਕ ਹੋਣ ਦੇਂਦੀ ਹੈ ਤੇ ਨਾ ਹੀ ਉਸਨੂੰ ਆਪਣਾ ਘਰ ਬਚਾ ਕੇ ਰੱਖ ਸਕਣ ਦੀ ਹਿੰਮਤ ਪੈਦਾ ਹੋਣ ਦੇਂਦੀ ਹੈ। ਸਿਰਫ਼ ਇਹ ਹੀ ਨਹੀਂ ਉਹ ਕਈ ਵਾਰ ਸ਼ਰਾਬ ਦੇ ਨਸ਼ੇ ਵਿਚ ਆਪਣਾ ਲਾਇਸੈਂਸ ਵੀ ਗਵਾ ਲੈਂਦਾ ਹੈ। ਜਿਓਂ ਜਿਓਂ ਉਸਦੀ ਹਾਲਤ ਵਿਗੜਦੀ ਜਾਂਦੀ ਹੈ ਉਸਨੂੰ ਕੰਨਾਂ ਵਿਚ ਅਵਾਜ਼ਾਂ ਦਾ ਸ਼ੋਰ ਹੋਰ ਉੱਚਾ ਸੁਣਨ ਲੱਗ ਪੈਂਦਾ ਹੈ। ਇਸ ਤਰ੍ਹਾਂ ਉਸਦੀ ਜ਼ਿੰਦਗੀ ਵਿਚੋਂ ਖ਼ੁਸ਼ੀ ਲੋਪ ਹੁੰਦੀ ਜਾਂਦੀ ਹੈ।

ਇਸ ਨਾਵਲ ਦੇ ਪਾਤਰਾਂ ਦੀ ਪੇਸ਼ਕਾਰੀ ਵਿਚ ਵੀ ਹਰਜੀਤ ਅਟਵਾਲ ਨੇ ਅਜਨਬੀਕਰਨ ਦੀ ਜੁਗਤ ਦਾ ਸਹਾਰਾ ਲਿਆ ਹੈ। ਜੇਕਰ ਆਮ ਜ਼ਿੰਦਗੀ ਵਿਚ ਵੇਖਿਆ ਜਾਏ ਤਾਂ ਮਾਨਸਿਕ ਬੀਮਾਰੀ ਵਾਲੇ ਮਨੁੱਖ ਕਈ ਹਾਲਤਾਂ ਵਿਚ ਆਪਣਾ ਸੰਤੁਲਨ ਖੋ ਬੈਠਦੇ ਹਨ। ਬੜੀ ਵਾਰੀ ਗ਼ੁੱਸੇ ਵਿਚ ਆ ਕੇ ਕਈਆਂ ਨਾਲ ਲੜ ਪੈਂਦੇ ਹਨ। ਮੈਂ ਇਕ ਐਸੇ ਮਨੁੱਖ ਨੂੰ ਜਾਣਦੀ ਹਾਂ ਜੋ ਮਾਨਸਿਕ ਤੌਰ ਤੇ ਅਸੰਤੁਲਿਤ ਹੋਣ ਕਾਰਨ ਆਪਣੇ ਪੜੌਸੀਆਂ ਨਾਲ ਅਕਸਰ ਲੜ ਪੈਂਦਾ ਹੈ। ਏਥੋਂ ਤੱਕ ਕਿ ਸਰਜਰੀ ਵਿਚ ਜਾ ਕੇ ਰਿਸੈਪਸ਼ਨਿਸਟ ਨਾਲ ਵੀ ਲੜ ਕੇ ਆ ਜਾਂਦਾ ਹੈ। ਇਸ ਹਿਸਾਬ ਨਾਲ ਜਿਸ ਤਰ੍ਹਾਂ ਦੇ ਹਾਲਾਤ ਜੱਗੀ ਦੀ ਜ਼ਿੰਦਗੀ ਵਿਚ ਵਾਪਰਦੇ ਹਨ ਉਸਨੂੰ ਤਾਂ ਔਰਤ ਕੋਲੋਂ ਬਦਲਾ ਲੈਣਾ ਚਾਹੀਦਾ ਸੀ ਨਿੱਕ ਨਾਲ ਲੜ ਪੈਣਾ ਚਾਹੀਦਾ ਸੀ ਲੇਕਿਨ ਜੱਗੀ ਇਸਤਰਾਂ ਦਾ ਕੁਝ ਵੀ ਨਹੀਂ ਕਰਦਾ। ਸੋ ਇਸ ਨਾਵਲ ਦੀ ਕਥਾ ਦੇ ਪਾਤਰ ਕਿਸੇ ਕਿਸਮ ਦੇ ਟਕਰਾਓ ਵਿਚ ਨਹੀਂ ਪੈਂਦੇ। ਜੋ ਉਨ੍ਹਾਂ ਦਾ ਦਿਲ ਕਰਦਾ ਹੈ ਉਹ ਕਰਦੇ ਅਤੇ ਜ਼ਿੰਦਗੀ ਬਾਰੇ ਫ਼ੈਸਲਾ ਲੈਂਦੇ ਹਨ। ਏਥੋਂ ਤੱਕ ਕਿ ਪ੍ਰੀਤੀ ਜੱਗੀ ਤੋਂ ਤਲਾਕ ਲੈ ਕੇ ਵੀ ਉਸ ਦੀ ਸਮੇਂ ਸਮੇਂ ਸਹਾਇਤਾ ਕਰਦੀ ਰਹਿੰਦੀ ਹੈ। ਇਹ ਸਾਰਾ ਕੁਝ ਹਰਜੀਤ ਨੇ ਏਨਾ ਸਹਿਜ ਰੂਪ ਵਿਚ ਵਿਖਾਇਆ ਹੈ ਕਿ ਨਾਵਲ ਦੀ ਕਹਾਣੀ ਬਿਨਾਂ ਕਿਸੇ ਤਣਾਓ ਦੇ, ਬਿਨਾਂ ਕਿਸੇ ਟਕਰਾਓ ਦੇ ਅੱਗੇ ਤੋਂ ਅੱਗੇ ਤੁਰਦੀ ਚਲੀ ਜਾਂਦੀ ਹੈ। ਲੇਕਿਨ ਏਥੇ ਇਕ ਤ੍ਰਾਸਦੀ ਹੋਰ ਵਾਪਰਦੀ ਹੈ। ਜੱਗੀ ਦਾ ਬੇਟਾ ਰੌਕੀ ਜੱਗੀ ਅਤੇ ਪ੍ਰੀਤੀ ਵਿਚਲੇ ਆਪਸੀ ਰਿਸ਼ਤੇ, ਪ੍ਰੀਤੀ ਅਤੇ ਨਿੱਕ ਦਾ ਰੌਕੀ ਸਾਹਮਣੇ ਇਕ ਦੂਜੇ ਨੂੰ ਮਿਲਣਾ ਰੌਕੀ ਦੀ ਮਾਨਸਿਕਤਾ ਉਪਰ ਐਸਾ ਅਸਰ ਪਾਉਂਦੇ ਹਨ ਕਿ ਉਹ ਪਹਿਲਾਂ ਤਾਂ ਬੱਚੇ ਦੇ ਰੂਪ ਵਿਚ ਇਹ ਸਭ ਕੁਝ ਖ਼ਾਮੋਸ਼ ਦੇਖਦਾ ਰਹਿੰਦਾ ਹੈ। ਉਸ ਦੇ ਦਿਮਾਗ਼ ਵਿੱਚ ਇਹ ਦੁਬਿਧਾ ਪੈਦਾ ਹੋ ਜਾਂਦੀ ਹੈ ਕਿ ਉਸਦਾ ਅਸਲੀ ਪਿਤਾ ਕੌਣ ਹੈ ? ਇਸ ਤਰ੍ਹਾਂ ਦੁਬਿਧਾ ਦੀ ਹਾਲਤ ਉਸਨੂੰ ਖ਼ਾਮੋਸ਼ ਕਰ ਦੇਂਦੀ ਹੈ। ਉਹ ਆਪਣੇ ਕਮਰੇ ਵਿਚੋਂ ਬਾਹਰ ਨਹੀਂ ਨਿਕਲਦਾ। ਲੇਕਿਨ ਹੌਲੀ ਹੌਲੀ ਇਹ ਦੁਬਿਧਾ ਉਸ ਦੀ ਜੱਗੀ ਵਰਗੀ ਮਾਨਸਿਕ ਬੀਮਾਰੀ ਵਿੱਚ ਬਦਲ ਜਾਂਦੀ ਹੈ ਅਤੇ ਉਸਨੂੰ ਵੀ ਜੱਗੀ ਵਾਂਗ ਹਰ ਮਹੀਨੇ ਟੀਕਾ ਲੱਗਣਾ ਸ਼ੁਰੂ ਹੋ ਜਾਂਦਾ ਹੈ। ਇਸ ਤਰ੍ਹਾਂ ਨਾਵਲ ਵਿਚਲਾ ਇਹ ਪਾਤਰ ਜਿਸਦੀ ਜ਼ਿੰਦਗੀ ਤਾਂ ਗੁਲਾਬ ਵਰਗੀ ਹੋਣੀ ਚਾਹੀਦੀ ਸੀ ਲੇਕਿਨ ਉਸਦਾ ਰੰਗ ਵੀ ਕਾਲਾ ਪੈਣ ਲਗਦਾ ਹੈ।

ਏਥੇ ਰੌਕੀ ਦੀ ਹਾਲਤ ਨੂੰ ਲੈ ਕੇ ਪਾਠਕ ਦੇ ਮਨ ਵਿਚ ਕਈ ਪ੍ਰਸ਼ਨ ਪੈਦਾ ਹੁੰਦੇ ਹਨ। ਕੀ ਉਸਦੀ ਹਾਲਤ ਦੀ ਜ਼ਿੰਮੇਵਾਰ ਪ੍ਰੀਤੀ ਹੈ ? ਕੀ ਜੱਗੀ ਦੀ ਹਾਲਤ ਦੀ ਜ਼ਿੰਮੇਵਾਰ ਵੀ ਪ੍ਰੀਤੀ ਹੈ ? ਕੀ ਪ੍ਰੀਤੀ ਆਪਣੀ ਸਰੀਰਕ ਖ਼ੂਬਸੂਰਤੀ ਵਿੱਚ ਇਸ ਹੱਦ ਤੱਕ ਮਗ਼ਰੂਰ ਹੋ ਜਾਂਦੀ ਹੈ ਕਿ ਉਸ ਨੂੰ ਆਪਣੇ ਪਰਿਵਾਰ ਦੇ ਮੈਂਬਰਾਂ ਦੀ ਕੋਈ ਚਿੰਤਾ ਨਹੀਂ ਰਹਿੰਦੀ ? ਇਹ ਸਵਾਲ ਬਾਰ ਬਾਰ ਪਾਠਕ ਨੂੰ ਕਚੋਟਦਾ ਰਹਿੰਦਾ ਹੈ।ਲੇਕਿਨ ਨਾਵਲ ਦੇ ਅਖੀਰ ਤੱਕ ਪਹੁੰਚ ਕੇ ਕਿਧਰੇ ਜਾਪਦਾ ਹੈ ਕਿ ਪ੍ਰੀਤੀ ਹੀ ਜੱਗੀ ਅਤੇ ਰੌਕੀ ਦੀ ਇਸ ਹਾਲਤ ਦੀ ਜ਼ਿੰਮੇਵਾਰ ਹੈ। ਉਸ ਅੰਦਰ ਜੱਗੀ ਦੀ ਦੌਲਤ ਹਾਸਿਲ



ਕਰਨ ਦੀ ਲਾਲਸਾ, ਆਪਣੀ ਸਰੀਰਕ ਸੁੰਦਰਤਾ ਨੂੰ ਆਪਣੀ ਜ਼ਿਹਨੀ ਖ਼ੁਸ਼ੀ ਪ੍ਰਾਪਤ ਕਰਨ ਲਈ ਵਰਤਣਾ, ਰਿਸ਼ਤਿਆ ਵਿਚ ਤ੍ਰੇੜ ਵੀ ਪੈਦਾ ਕਰਦਾ ਹੈ ਅਤੇ ਅੱਜ ਦੇ ਸਮਾਜ ਵਿਚ ਬਦਲ ਰਹੇ ਰਿਸ਼ਤਿਆ ਨਾਲ ਵਾਕਫ਼ੀ ਵੀ ਕਰਵਾਉਂਦਾ ਹੈ। ਇਹ ਸਮਾਜ ਦੀ ਬਹੁਤ ਹੀ ਕਰੂਰ ਤਸਵੀਰ ਹੈ ਲੇਕਿਨ ਅੱਜ ਦੇ ਪਦਾਰਥਵਾਦੀ ਸਮਾਜ ਦਾ ਕੌੜਾ ਸੱਚ ਵੀ ਹੈ। ਇਸ ਤਰ੍ਹਾਂ ਨਾਵਲ ਕਾਰ ਪਦਾਰਥਵਾਦੀ ਯੁੱਗ ਵਿਚ ਵਿਚਰ ਰਹੇ ਪਾਤਰਾਂ ਦੀ ਕਰੂਰਤਾ ਅਤੇ ਕਰੂਪਤਾ ਨੂੰ ਨਸ਼ਰ ਕਰ ਕੇ ਅਚੇਤ ਹੀ ਸਮਾਜ ਉਪਰ ਗੁੱਝਾ ਵਿਅੰਗ ਕਰ ਜਾਂਦਾ ਹੈ।ਇਸ ਵਿਅੰਗ ਨੂੰ ਨਾਵਲ ਵਿਚ ਪੇਸ਼ ਜੱਗੀ ਦੀ ਭੈਣ ਚਰਨਜੀਤ ਅਤੇ ਪ੍ਰੀਤੀ ਦੀ ਆਪਸੀ ਗੱਲ ਬਾਤੋਂ ਵੀ ਪਤਾ ਲਗਦਾ ਹੈ:-

"-ਚਰਨਜੀਤ, ਜੈਗ ਤੋਂ ਬਾਅਦ ਉਹ ਦੀ ਸਾਰੀ ਪ੍ਰਾਪਰਟੀ ਹੁਣ ਰੌਕੀ ਨੂੰ ਮਿਲਣੀ ਚਾਹੀਦੀ ਐ।

ਚਰਨਜੀਤ ਖਿਝਦੀ ਹੋਈ ਆਖਣ ਲੱਗੀ,

-ਪ੍ਰੀਤੀ, ਤੂੰ ਸਦਾ ਹੀ ਪ੍ਰਾਪਰਟੀ ਦਾ ਰਾਗ ਅਲਾਪਦੀ ਰਹਿਣੀ ਐਂ, ਜਿਹਦੀ ਪ੍ਰਾਪਰਟੀ ਹੈਗੀ ਐ ਉਹ ਜੀਂਦਾ ਵਸਦਾ ਰਹੇ। ਨਾਲੇ ਏਨੀ ਪ੍ਰਾਪਰਟੀ ਨਹੀਂ ਜਿੰਨੀ ਤੂੰ ਆਸ ਰੱਖੀ ਬੈਠੀ ਐਂ।

-ਵੀਹ ਸਾਲ ਪਹਿਲਾਂ ਮੈਨੂੰ ਜੈਗ ਨੇ ਦੱਸਿਆ ਸੀ ਕਿ ਇਕ ਇਕ ਕਰੋੜ ਦੀਆਂ ਪੰਜ ਦੁਕਾਨਾਂ। ਹੁਣ ਤਾਂ ਉਹ ਵੀਹ ਵੀਹ ਕਰੋੜ ਦੀਆਂ ਹੋ ਗਈਆਂ ਹੋਣਗੀਆਂ। ਘਰ, ਪਲਾਟ ਤੇ ਕੈਸ਼। ਦਸ ਕਰੋੜ ਦਾ ਮਿਲੀਅਨ ਪੌਂਡ ਬਣਦਾ ਤੇ ਜੈਗ ਦੀ ਜਾਇਦਾਦ ਹੈਗੀ ਐ ਪੱਚੀ ਮਿਲੀਅਨ ਪੌਂਡ।"

( ਉਹੀ, ਪੰਨਾ, 164 )

ਪ੍ਰੀਤੀ ਦਾ ਲਾਲਚ ਉਦੋਂ ਨਸ਼ਰ ਹੁੰਦਾ ਹੈ ਜਦ ਉਹ ਜੱਗੀ ਦੇ ਜੀਂਦਿਆਂ ਹੀ ਉਸਦੀ ਮੌਤ ਦਾ ਤਸੱਵਰ ਕਰ ਲੈਂਦੀ ਹੈ। ਦਰਅਸਲ ਇਸ ਨਾਵਲ ਵਿਚਲੇ ਪਾਤਰ ਰਿਸ਼ਤਿਆ ਦੇ ਨਿਭਾਓ ਵਿਚ ਨੈਤਿਕਤਾ ਨਹੀਂ ਸਗੋਂ ਆਪਣੀਆਂ ਅੰਦਰ ਦੀਆਂ ਖਾਹਿਸ਼ਾਂ ਦੀ ਪੂਰਤੀ ਹਿਤ ਆਪਣਾ ਜੀਵਨ ਬਿਤਾਉਂਦੇ ਹਨ। ਬੜੀ ਹੈਰਾਨੀ ਹੁੰਦੀ ਹੈ ਕਿ ਇਹ ਪਾਤਰ ਆਪਣਾ ਵੱਖਰਾ ਛੋਟਾ ਜਿਹਾ ਸਮਾਜ ਸਿਰਜੀ ਬੈਠੇ ਹਨ ਜਿਥੇ ਸਭ ਕੁਝ ਜਾਇਜ਼ ਹੈ। ਸ਼ਾਇਦ ਇਸ ਦਾ ਕਾਰਨ ਇੰਗਲੈਂਡ ਦੀ ਧਰਤੀ ਹੈ ਜਿਥੇ ਮਨੁੱਖ ਨੂੰ ਆਪਣੀ ਜ਼ਿੰਦਗੀ ਦੇ ਵਿਅਕਤੀਗਤ ਫ਼ੈਸਲੇ ਲੈ ਸਕਣ ਦੀ ਆਜ਼ਾਦੀ ਹੈ। ਸਾਰੇ ਪਾਤਰ ਦੂਸਰੇ ਪਾਤਰਾਂ ਨਾਲ ਰੂਹਾਨੀ ਤੌਰ ਦੇ ਨਹੀਂ, ਨੈਤਿਕ ਤੌਰ ਤੇ ਵੀ ਨਹੀਂ ਸਗੋਂ ਆਪਣੀਆਂ ਸਰੀਰਕ, ਮਨੋਵਿਗਿਆਨਕ ਅਤੇ ਦੌਲਤ ਹਾਸਿਲ ਕਰ ਸਕਣ ਦੀਆਂ ਲੋੜਾਂ ਹਿਤ ਇਕ ਦੂਜੇ ਨਾਲ ਜੁੜੇ ਵੀ ਰਹਿੰਦੇ ਹਨ ਅਤੇ ਆਪਣੀ ਮਰਜ਼ੀ ਨਾਲ ਜ਼ਿੰਦਗੀ ਵੀ ਜੀਵੀ ਜਾਂਦੇ ਹਨ।ਏਥੇ ਹੀ ਇਸ ਨਾਵਲ ਦੇ ਪਾਤਰਾਂ ਵਿਚਲੀ ਗੱਲ ਬਾਤ ਰਾਹੀਂ ਪਾਠਕ ਨੂੰ ਮਹਿਸੂਸ ਹੋਣ ਲਗਦਾ ਹੈ ਕਿ ਬਰਤਾਨਵੀ ਸਮਾਜ ਵਿਚ ਲੋਕ ਕਿੰਨੇ ਖੁੱਲ੍ਹੇ ਸੁਭਾਅ ਨਾਲ ਜੀਂਦੇ ਹਨ। ਜੱਗੀ ਦਾ ਦੋਸਤ ਨਵੀ ਪ੍ਰੀਤੀ ਦੀ ਖ਼ੂਬਸੂਰਤੀ ਨੂੰ ਵੇਖ ਕੇ ਉਸਨੂੰ ਮਜ਼ਾਕ ਕਰਦਾ ਹੈ ਤੇ ਜੱਗੀ ਵੀ ਉਸਨੂੰ ਮਜ਼ਾਕ ਵਿਚ ਲੈ ਕੇ ਹੋਰ ਮਜ਼ਾਕ ਕਰਦਾ ਹੈ। ਇਸ ਤਰ੍ਹਾਂ ਨਾਵਲ ਵਿਚਲੀ ਵਾਰਤਾਲਾਪ ਦਿਲਚਸਪ ਹੋਣ ਲਗਦੀ ਹੈ:-

"ਪ੍ਰੀਤੀ ਦੀ ਚਿੱਟੇ ਰੰਗ ਦੀ ਡਰੈਸ ਵੇਖ ਕੇ ਨਵੀ ਬੋਲਿਆ,

–ਚਾਂਦਨੀ ਸੂਰਜ ਖੜ੍ਹੇ ਖੜ੍ਹੇ ?
ਪ੍ਰੀਤੀ ਸ਼ਰਮਾ ਗਈ ਪਰ ਮੂੰਹੋਂ ਕੁਝ ਨਾ ਬੋਲੀ। ਜੱਗੀ ਕਹਿਣ ਲੱਗਾ,
–ਸਵਾ ਸੌ ਪੌਂਡ ਵਿਚ ਪਈ ਚਾਂਦਨੀ।
–ਚਾਂਦਨੀ ਦਾ ਕੋਈ ਮੁੱਲ ਨਹੀਂ ਹੁੰਦਾ ਜੱਗੀ ਸਿਆਂ।
ਨਵੀ ਨੇ ਹੱਸਦਿਆਂ ਕਿਹਾ।"
(ਕਾਲੇ ਰੰਗ ਗੁਲਾਬਾਂ ਦੇ, ਹਰਜੀਤ ਅਟਵਾਲ, ਪੰਨਾ,26)

ਦੋਸਤਾਂ ਦੀ ਆਪਸ ਵਿਚ ਅਜਿਹੀ ਖੁੱਲ੍ਹ ਤਾਂ ਇੰਡੀਆ ਦੀ ਸ਼ਹਿਰੀ ਜ਼ਿੰਦਗੀ ਵਿਚ ਵੀ ਆਮ ਹੁੰਦੀ ਹੈ ਲੇਕਿਨ ਇਸ ਨਾਵਲ ਵਿਚ ਜਿੰਨੀ ਸਹਿਜਤਾ ਅਤੇ ਆਸਾਨੀ ਨਾਲ ਇਕ ਰਿਸ਼ਤਾ ਤੋੜ ਕੇ ਦੂਜਾ ਅਪਨਾ ਲੈਂਦੇ ਹਨ ਐਸਾ ਇੰਗਲੈਂਡ ਵਿਚ ਹੀ ਹੋ ਸਕਦਾ ਹੈ। ਲੇਖਕ ਇਸ ਤਰ੍ਹਾਂ ਦੇ ਬਰਤਾਨਵੀ ਜੀਵਨ ਨੂੰ ਪੇਸ਼ ਕਰਕੇ ਬਰਤਾਨਵੀ ਪੰਜਾਬੀ ਡਾਇਸਪੋਰਾ ਦੀ ਤਸਵੀਰ ਹੀ ਪੇਸ਼ ਕਰਦਾ ਹੈ। ਵੈਸੇ ਵੀ ਬਰਤਾਨਵੀ ਪੰਜਾਬੀ ਸਮਾਜ ਵਿਚ ਤਲਾਕ ਦੀ ਦਰ ਭਾਰਤ ਨਾਲੋਂ ਵਧੇਰੇ ਹੈ। ਇਸ ਦਾ ਕਾਰਨ ਵੀ ਏਥੋਂ ਦੇ ਸਮਾਜ ਵਿਚ ਮਿਲਦੀ ਖੁੱਲ੍ਹ ਹੀ ਹੈ। ਹਰਜੀਤ ਅਟਵਾਲ ਇਸ ਤਰ੍ਹਾਂ ਬਰਤਾਨਵੀ ਪੰਜਾਬੀ ਸਮਾਜ ਦੀ ਯਥਾਰਥਕ ਤਸਵੀਰ ਪੇਸ਼ ਕਰਦਾ ਹੈ।

ਮਨੁੱਖੀ ਰਿਸ਼ਤਿਆਂ ਦਾ ਆਧਾਰ ਪਿਆਰ ਨਹੀਂ ਸਗੋਂ ਲਾਲਚ ਹੈ ਜੋ ਉਨ੍ਹਾਂ ਦੀ ਜ਼ਿੰਦਗੀ ਵਿਚ ਅਸਥਿਰਤਾ ਪੈਦਾ ਕਰਦਾ ਹੈ। ਇਹ ਅਸਥਿਰਤਾ ਭਾਵੇਂ ਕਿਸੇ ਵੀ ਨਾਵਲ ਦੇ ਬਿਰਤਾਂਤਕ ਪ੍ਰਵਚਨ ਲਈ ਭਰਪੂਰ ਮਸਾਲਾ ਬਣਦੀ ਹੈ ਤੇ ਨਾਵਲ ਦੀ ਕਥਾ ਵਿਚ ਰੌਚਿਕਤਾ ਅਤੇ ਗਤੀ ਪ੍ਰਦਾਨ ਕਰਦੀ ਹੈ ਲੇਕਿਨ ਇਹ ਸਮਾਜ ਲਈ ਬੜੀ ਘਾਤਕ ਹੈ। ਲੇਕਿਨ ਏਥੇ ਹੀ ਸਾਨੂੰ ਸਮਾਜ ਅਤੇ ਸਾਹਿਤ ਵਿਚਲਾ ਅੰਤਰ ਦਿਖਾਈ ਦੇਂਦਾ ਹੈ। ਕੋਈ ਵੀ ਨਾਵਲਕਾਰ ਸਮਾਜ ਵਿਚ ਵਾਪਰ ਰਹੀਆਂ ਘਟਨਾਵਾਂ ਦੀ ਤ੍ਰਾਸਦਿਕ ਸਥਿਤੀ ਨੂੰ ਆਪਣੇ ਨਾਵਲ ਵਿਚ ਇਸ ਲਈ ਪੇਸ਼ ਕਰਦਾ ਹੈ ਕਿ ਪਾਠਕ ਉਸ ਤੋਂ ਕੋਈ ਸਬਕ ਲੈ ਸੱਕੇ। ਇਸ ਨਾਵਲ ਦੀ ਕਥਾ ਦੀ ਪੇਸ਼ਕਾਰੀ ਤੋਂ ਵੀ ਇਹ ਸੰਕੇਤ ਮਿਲਦਾ ਹੈ। ਵੈਸੇ ਵੀ ਨਾਵਲਕਾਰ ਸਮਾਜਿਕ ਯਥਾਰਥ ਉਪਰ ਦੂਜੈਲਾ ਬਿਰਤਾਂਤਕ ਸਾਹਿਤਿਕ ਸੰਸਾਰ ਸਿਰਜਦਾ ਹੈ ਜੋ ਕਈ ਵਾਰੀ ਸਮਾਜ ਵਰਗਾ ਲੱਗਣ ਦੇ ਬਾਵਜੂਦ ਰਚਨਾ ਵਿਚਲੇ ਗਾਲਪਨਿਕ ਨਿਆਂ ਕਰਕੇ ਉਸ ਤੋਂ ਵੱਖਰਾ ਜਾਪਣ ਲੱਗ ਪੈਂਦਾ ਹੈ। ਇਸ ਨਾਵਲ ਦੇ ਅਖੀਰ ਵਿਚ ਹਰਜੀਤ ਅਟਵਾਲ ਨੇ ਜੋ ਮੋੜ ਪੈਦਾ ਕੀਤਾ ਹੈ ਉਸ ਨਾਲ ਨਾਵਲ ਦੇ ਬਿਰਤਾਂਤਕ ਪ੍ਰਵਚਨ ਵਿਚ ਐਸੀ ਦੁਬਿਧਾ ਦੀ ਤਕਨੀਕ ਦਾ ਇਸਤੇਮਾਲ ਕੀਤਾ ਹੈ ਜਿਸ ਨਾਲ ਪਾਠਕ ਹੈਰਾਨ ਹੋ ਜਾਂਦਾ ਹੈ। ਉਹ ਹੈਰਾਨੀ ਇਸ ਗੱਲ ਵਿਚ ਹੈ ਕਿ ਜੱਗੀ ਆਪਣੀ ਵਿਗੜਦੀ ਸਿਹਤ ਕਰਕੇ ਹਸਪਤਾਲ ਪਹੁੰਚ ਜਾਂਦਾ ਹੈ। ਓਧਰ ਜੱਗੀ ਦੀ ਭੈਣ ਅਤੇ ਪ੍ਰੀਤੀ ਆਪਸ ਵਿਚ ਸਮਝੌਤਾ ਕਰ ਲੈਂਦੇ ਹਨ ਕਿ ਜੱਗੀ ਦੀ ਸਾਰੀ ਜਾਇਦਾਦ (ਜੱਗੀ ਦੇ ਪਿਤਾ ਦੀ ਮੌਤ ਹੋ ਚੁੱਕੀ ਹੈ ਤੇ ਭਾਰਤ ਵਿਚਲੀ ਸਾਰੀ ਪ੍ਰਾਪਰਟੀ ਦਾ ਹੱਕਦਾਰ ਜੱਗੀ ਹੈ ) ਅੱਧੀ ਅੱਧੀ ਵੰਡ ਲੈਣਗੇ। ਜੱਗੀ ਦਾ ਲਿਵਰ ਖ਼ਰਾਬ ਹੋ ਚੁੱਕਾ ਹੈ ਅਤੇ ਭਾਰਤ ਵਿਚ ਡਾਕਟਰਾਂ ਨੇ ਲਿਵਰ ਟ੍ਰਾਂਸਪਲਾਂਟ ਵਾਸਤੇ ਕਿਹਾ ਸੀ। ਪਰ ਜੱਗੀ ਬਿਨਾਂ ਕਿਸੇ ਇਲਾਜ ਦੇ ਇੰਗਲੈਂਡ ਵਾਪਸ ਆ ਜਾਂਦਾ ਹੈ। ਇੰਗਲੈਂਡ ਦੇ ਹਸਪਤਾਲ ਵਿਚ ਉਸਦਾ ਇਲਾਜ ਹੋ ਰਿਹਾ ਹੈ। ਪ੍ਰੀਤੀ ਅਤੇ ਜੱਗੀ ਦੀ ਭੈਣ ਚਰਨਜੀਤ ਹਸਪਤਾਲ ਪਹੁੰਚ ਜਾਂਦੀਆਂ ਹਨ ਤੇ ਇਸ ਇੰਤਜ਼ਾਰ ਵਿਚ ਹਨ ਕਿ ਕਦੋਂ ਜੱਗੀ ਦੇ ਇੰਤਕਾਲ ਬਾਰੇ ਕੋਈ ਸੁਨੇਹਾ



ਮਿਲ ਸਕਦਾ ਹੈ। ਉਹ ਜੱਗੀ ਦੇ ਵਾਰਡ ਵਿਚ ਪਹੁੰਚਦੀਆਂ ਹਨ ਤਾਂ ਜੱਗੀ ਮੁਸਕਰਾ ਰਿਹਾ ਹੁੰਦਾ ਹੈ ਤੇ ਉਨ੍ਹਾਂ ਨੂੰ ਕਹਿੰਦਾ ਹੈ ਕਿ ਜਿਹੜੀ ਦਵਾਈ ਡਾਕਟਰ ਨੇ ਦਿੱਤੀ ਹੈ ਉਹ ਉਸ ਦੀ ਬਿਮਾਰੀ ਤੇ ਕੰਮ ਕਰਨਾ ਸ਼ੁਰੂ ਕਰ ਚੁੱਕੀ ਹੈ ਤੇ ਉਸ ਨੂੰ ਉਮੀਦ ਹੈ ਕਿ ਉਹ ਛੇਤੀ ਠੀਕ ਹੋ ਕੇ ਘਰ ਪਹੁੰਚ ਜਾਏਗਾ। ਪ੍ਰੀਤੀ ਤੇ ਜੱਗੀ ਦੀ ਭੈਣ ਹੈਰਾਨ ਹੋ ਜਾਂਦੀਆਂ ਹਨ। ਇਹ ਹੈਰਾਨੀ ਹੀ ਨਾਵਲ ਦੇ ਬਿਰਤਾਂਤ ਵਿਚ ਗਾਲਪਿਕ ਨਿਆਂ ਦੀ ਵਰਤੋਂ ਨਾਲ ਪਾਤਰਾਂ ਦੇ ਮਨ ਵਿਚ ਦੁਬਿਧਾ ਅਤੇ ਪਾਠਕ ਦੇ ਮਨ ਵਿਚ ਤਸੱਲੀ ਪੈਦਾ ਕਰ ਦੇਂਦੀ ਹੈ। ਏਥੇ ਨਾਵਲਕਾਰ ਬਿਰਤਾਂਤ ਵਿਚ ਪ੍ਰਵਚਨ ਵਿਚ ਇਕ ਤੋੜ ਪੈਦਾ ਕਰਦਾ ਹੈ ਜਿਸ ਨਾਲ ਪਾਠਕ ਹੈਰਾਨ ਵੀ ਹੁੰਦਾ ਹੈ ਲੇਕਿਨ ਖ਼ੁਸ਼ ਵੀ ਕਿਉਂਕਿ ਪਾਠਕ ਵੀ ਅੰਦਰੋਂ ਕਿਤੇ ਜੱਗੀ ਨਾਲ ਹਮਦਰਦੀ ਰੱਖਦਾ ਹੈ ਅਤੇ ਪ੍ਰੀਤੀ ਦੀ ਖ਼ੁਦਗਰਜ਼ੀ ਕਰਕੇ ਉਸਨੂੰ ਨਫ਼ਰਤ ਕਰਦਾ ਹੈ। ਸੋ ਨਾਵਲ ਦਾ ਬਿਰਤਾਂਤਕ ਪ੍ਰਵਚਨ ਇਕ ਐਸੀ ਜਾਨਦਾਰ ਕਥਾ ਨੂੰ ਸਿਰਜ ਜਾਂਦਾ ਹੈ ਜੋ ਪਾਠਕ ਦਾ ਕਥਾਰਸਿਸ ਵੀ ਕਰਦਾ ਹੈ। ਦਰਅਸਲ ਇਸ ਨਾਵਲ ਦਾ ਬਿਰਤਾਂਤਕ ਪ੍ਰਵਚਨ ਤ੍ਰਾਸਦਿਕ ਸੁਭਾਓ ਵਾਲਾ ਹੈ ਜਿਸ ਵਿਚ ਜੱਗੀ ਮੁੱਖ ਪਾਤਰ ਹੈ ਤੇ ਉਸ ਦੀ ਮਾਨਸਿਕ ਹਾਲਤ ਅਤੇ ਜ਼ਿਆਦਾ ਸ਼ਰਾਬ ਪੀਣ ਦੀ ਆਦਤ ਕਰਕੇ ਉਸਦੀ ਜ਼ਿੰਦਗੀ ਵਿਚ ਤ੍ਰਾਸਦੀ ਵਾਪਰਦੀ ਹੈ, ਲੇਕਿਨ ਅਖੀਰ ਤੇ ਨਾਵਲਕਾਰ ਉਸ ਤ੍ਰਾਸਦੀ ਨੂੰ ਸੁਖਾਂਤਕ ਅੰਤ ਵਿਚ ਬਦਲ ਕੇ ਪਾਠਕ ਦਾ ਕਥਾਰਸਿਸ ਕਰ ਦੇਂਦਾ ਹੈ।

ਇਸ ਕਹਾਣੀ ਵਿਚ ਕਥਾ ਰਸ ਬਰਕਰਾਰ ਰਹਿੰਦਾ ਹੈ। ਪਾਠਕ ਇਕ ਵਾਰੀ ਇਹ ਨਾਵਲ ਪੜ੍ਹਨਾ ਸ਼ੁਰੂ ਕਰੇ ਤਾਂ ਮੁਕਾ ਕੇ ਹੀ ਸਾਹ ਲੈਂਦਾ ਹੈ। ਸੋ ਆਪਣੇ ਬਿਰਤਾਂਤਕ ਪ੍ਰਵਚਨ ਦੀ ਸਿਰਜਣਾ ਵਿਚ ਨਾਵਲਕਾਰ ਕਾਮਯਾਬੀ ਹਾਸਿਲ ਕਰਦਾ ਹੈ।

---

**ਪੰਨਾ ਨੰ. 94 ਦਾ ਬਾਕੀ**

ਹੋਇਆ ਸਿਰ ਬੈਡ ਦੀ ਢੋਅ ਨਾਲ ਮਰਨ ਲੱਗ ਪਿਆ ।[7]

ਹਰਿੰਦਰ ਦੇ ਉਲਟ ਹਰਦੀਪ ਨੂੰ ਆਪਣੇ ਪਰਿਵਾਰ ਦੇ ਖ਼ਤਮ ਹੋਣ ਦਾ ਕੋਈ ਅਫ਼ਸੋਸ ਨਹੀਂ। ਪਰ ਉਸ ਦੇ ਕੀਤੇ ਪਾਪਾਂ ਦਾ ਫ਼ਲ ਉਸ ਨੂੰ ਉਸ ਦਿਨ ਮਿਲਦਾ ਹੈ ਜਦ ਉਸ ਦਾ ਇਕਲੌਤਾ ਪੁੱਤਰ ਰਣਬੀਰ ਕੁਆਰਾ ਹੀ ਮਰ ਜਾਂਦਾ ਹੈ । ਉਸ ਦੇ ਵਿਯੋਗ ਵਿੱਚ ਪਹਿਲਾਂ ਉਹ ਆਪ ਮਰ ਜਾਂਦੀ ਹੈ ਫਿਰ ਹਰਿੰਦਰ ਵੀ ਮਰ ਜਾਂਦਾ ਹੈ । ਕਾਮ ਕ੍ਰੋਧ ਲੋਭ ਮੋਹ ਹੰਕਾਰ ਨਾਲ ਉਹਨਾਂ ਨੇ ਜਿਨੇ ਵੀ ਜ਼ਮੀਨ ਜਾਇਦਾਦ ਬਣਾਈ ਹੁੰਦੀ ਹੈ, ਉਹ ਵੀ ਅਜਾਈ ਹੀ ਚਲੀ ਜਾਂਦੀ ਹੈ। ਇਸ ਤਰ੍ਹਾਂ ਨਾਵਲ ਵਿੱਚ ਹੱਦ ਤੋਂ ਪਰ੍ਹੇ ਲੰਘਣ ਦਾ ਦੁਖਾਂਤ ਹੈ। ਹਰ ਇਕ ਚੀਜ਼ ਦੀ ਕੋਈ ਸੀਮਾ ਹੁੰਦੀ ਹੈ, ਪਰ ਜਦ ਇਹ ਸੀਮਾ ਟੁੱਟਦੀ ਹੈ ਤਾਂ ਇਸਦੇ ਭਿਆਨਕ ਸਿੱਟੇ ਨਿਕਲਦੇ ਹਨ। ਨਾਵਲਕਾਰ ਨੇ ਆਪਣੇ ਵਿਸ਼ੇ ਦਾ ਨਿਭਾਅ ਸਫ਼ਲਤਾਪੂਰਵਕ ਨਿਭਾਇਆ ਹੈ। ਨਾਵਲੀ ਬਿਰਤਾਂਤ ਵਿੱਚ ਸਹਿਜ–ਸੁਭਾਵਿਕਤਾ, ਸੰਵਾਦੀ, ਵਰਣਨ ਵਿਧੀਨੂੰ ਬਾਖੂਬੀ ਢੰਗ ਨਾਲ ਵਰਤਿਆ ਗਿਆ ਹੈ।

ਹਵਾਲੇ ਅਤੇ ਟਿੱਪਣੀਆਂ

1 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, 670–71    2 ਉਹੀ, ਪੰਨਾ 225
3 ਉਹੀ,ਪੰਨਾ 411    4 ਉਹੀ, ਪੰਨਾ 64
5 ਮਹਿੰਦਰ ਸਿੰਘ ਤਤਲਾ," ਹੱਦ ਤੋਂ ਪਰ੍ਹੇ" ਪੰਨਾ 123
6 ਉਹੀ    7 ਉਹੀ

# ਜਿਉ ਕਰਿ ਸੂਰਜੁ ਨਿਕਲਿਆ/ ਵੀਨਾ ਅਰੋੜਾ

ਇਤਿਹਾਸਕ ਨਾਟਕ ਅਜਿਹੀ ਨਾਟ ਕਿਰਤ ਹੁੰਦੀ ਹੈ ਜਿਸ ਵਿਚ ਭੂਤਕਾਲ ਦੇ ਕਿਸੇ ਵਿਸ਼ੇਸ਼ ਕਾਲ-ਖੰਡ ਨੂੰ ਪੇਸ਼ ਕੀਤਾ ਜਾਂਦਾ ਹੈ। ਇਤਿਹਾਸਕ ਨਾਟਕ ਲਿਖਣਾ ਬੜਾ ਜਟਿਲ ਕਾਰਜ ਹੈ, ਕਿਉਂਕਿ ਇਸ ਵਿਚ ਇਤਿਹਾਸਕ ਘਟਨਾਵਾਂ, ਪਾਤਰਾਂ ਅਤੇ ਵੇਰਵਿਆਂ ਰਾਹੀ ਇਤਿਹਾਸਕ ਵਸਤੂ ਯਥਾਰਥ ਲੈ ਕੇ ਇਤਿਹਾਸਕ ਕਾਲ-ਖੰਡ ਦੀ ਉਸਾਰੀ ਦੇ ਨਾਲ ਨਾਲ ਉਸ ਨਾਟ ਵਸਤੂ ਦੀ ਵਰਤਮਾਨ ਪ੍ਰਸੰਗਿਕਤਾ ਵੀ ਦਰਸਾਈ ਜਾਂਦੀ ਹੈ ਇਸ ਦੇ ਨਾਲ ਹੀ ਇਤਿਹਾਸਕ ਨਾਟਕ ਲਿਖਣ ਵੇਲੇ ਨਾਟਕਕਾਰ ਨੂੰ ਉਸ ਸਮੇਂ ਦੇ ਇਤਿਹਾਸ ਦਾ ਬਹੁਪੱਖੀ ਗਿਆਨ ਹੋਣਾ ਚਾਹੀਦਾ ਹੈ। ਨਾਟਕਕਾਰ ਨੂੰ ਉਸ ਸਮੇਂ ਦੇ ਲੋਕਾਂ ਦੀ ਵੇਸ਼ ਭੂਸ਼ਾ, ਖਾਣ-ਪੀਣ, ਬੋਲੀ ਤੇ ਪ੍ਰਚਲਿਤ ਕਦਰਾਂ-ਕੀਮਤਾਂ ਤੋਂ ਜਾਣੂ ਹੋਣਾ ਚਾਹੀਦਾ ਹੈ ਕਿਉਂਕਿ ਇਤਿਹਾਸ ਵਿਚ ਜਿਥੇ ਭੂਤਕਾਲ ਵਿਚ ਵਾਪਰੀ ਘਟਨਾ ਬਾਰੇ ਦਸਿਆ ਜਾਂਦਾ ਹੈ ਉਥੇ ਨਾਟਕ ਵਿਚ ਉਸ ਘਟਨਾ ਦੇ ਵਾਪਰਨ ਦੀਆਂ ਗੁੰਝਲਾਂ ਨੂੰ ਖੋਲਿਆ ਜਾਂਦਾ ਹੈ, ਕਿਉਂਕਿ ਨਾਟਕ ਵਿਚ ਇਤਿਹਾਸ ਦਾ ਰੂਪਾਂਤਰਣ ਕਰਕੇ ਪੁਨਰ ਸਿਰਜਣਾ ਕੀਤੀ ਜਾਂਦੀ ਹੈ। ਰੂਸੀ ਰੂਪਵਾਦੀਆਂ ਅਨੁਸਾਰ ਜਿਵੇਂ ਸਾਹਿਤਕਾਰ ਵਸਤੂ ਯਥਾਰਥ ਦਾ ਅਜਨਬੀਕਰਨ ਕਰਦਾ ਹੈ, ਉਸੇ ਤਰ੍ਹਾਂ ਨਾਟਕਕਾਰ ਇਤਿਹਾਸ ਦਾ ਅਜਨਬੀਕਰਨ ਕਰਕੇ ਉਸ ਨੂੰ ਰੂਪਾਂਤਰਣ ਦੀ ਪ੍ਰਕ੍ਰਿਆ ਵਿਚੋਂ ਲੰਘਾਉਂਦਾ ਹੈ। ਇਤਿਹਾਸਕ ਨਾਟਕ ਲਿਖਣ ਵੇਲੇ ਨਾਟਕਕਾਰ ਨੂੰ ਕੁਝ ਸੀਮਾਵਾਂ ਦੀ ਪਾਲਣਾ ਕਰਨੀ ਪੈਂਦੀ ਹੈ ਇਥੇ ਪ੍ਰਸ਼ਨ ਪੈਦਾ ਹੁੰਦਾ ਹੈ ਕੀ ਉਹ ਇਤਿਹਾਸ ਵਿਚ ਵਾਪਰੀਆਂ ਘਟਨਾਵਾਂ ਦੀ ਤਰਤੀਬ, ਉਸਦੇ ਵਿਸਥਾਰ, ਆਕਾਰ ਅਤੇ ਰੂਪ ਵਿਚ ਨਾਟਕੀ ਵਿਧਾ ਦੀਆਂ ਲੋੜਾਂ ਮੁਤਾਬਿਕ ਕੋਈ ਘਾਟਾ ਵਾਧਾ ਕਰ ਸਕਦਾ ਹੈ ?

ਇਸੇ ਲਈ ਇਤਿਹਾਸਕ ਨਾਟਕ ਲਿਖਣਾ ਔਖਾ ਕਾਰਜ ਹੈ ਕਿਉਂਕਿ ਇਤਿਹਾਸ ਵਿਚ ਨਾਟਕਕਾਰ ਕੋਈ ਤਬਦੀਲੀ ਨਹੀਂ ਕਰ ਸਕਦਾ ਫਿਰ ਸਿੱਖ ਇਤਿਹਾਸ ਨਾਲ ਸਬੰਧਿਤ ਨਾਟਕਾਂ ਦੀ ਸਿਰਜਨਾ ਵੇਲੇ ਨਾਟਕਕਾਰ ਨੂੰ ਹੋਰ ਵੀ ਸੁਚੇਤ ਰਹਿਣਾ ਪੈਂਦਾ ਹੈ। ਗੁਰੂ ਨਾਇਕ ਨੂੰ ਸਟੇਜ ਉਤੇ ਦਿਖਾਉਣ ਦੀ ਪ੍ਰਥਾ ਨਹੀਂ ਹੈ ਇਸ ਲਈ ਨਾਟਕਕਾਰ ਨਾਟਕ ਵਿਚਲੇ ਦੂਸਰੇ ਪਾਤਰਾਂ ਰਾਹੀਂ ਸਿੱਖ ਗੁਰੂ ਸਾਹਿਬਾਨ ਤੇ ਸਿੱਖ ਇਤਿਹਾਸ ਦੀ ਤਸਵੀਰ ਪੇਸ਼ ਕਰਦਾ ਹੈ। ਕਿਤੇ ਨਾਇਕ ਦਾ ਚਰਿਤਰ ਪੇਸ਼ ਕਰਨ ਲਈ ਜਾ ਤਾਂ ਪਿਛੋਕੜ ਵਿਚੋਂ ਆਵਾਜ਼ ਰਾਹੀਂ ਕਥਾ ਨੂੰ ਅੱਗੇ ਤੋਰਿਆ ਜਾਂਦਾ ਹੈ ਜਾਂ ਫਿਰ ਪਾਤਰਾਂ ਦੀ ਆਪਸੀ ਗੱਲਬਾਤ ਰਾਹੀਂ ਨਾਇਕ ਦਾ ਚਰਿਤਰ ਉਘਾੜਿਆ ਜਾਂਦਾ ਹੈ।

ਹਿੰਦੁਸਤਾਨ ਵਿਚ ਮੁਸਲਮਾਨ ਸ਼ਾਸ਼ਕਾ ਦਾ ਰਾਜ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਜੀ ਤੱਕ ਸਮਾਨਾਂਤਰ ਚਲਦਾ ਰਿਹਾ, ਇਨ੍ਹਾਂ ਸ਼ਾਸ਼ਕਾਂ ਵਿਚੋਂ ਕੁਝ ਰਾਜੇ ਤਾਂ ਉਦਾਰਵਾਦੀ ਦ੍ਰਿਸ਼ਟੀ ਦੇ ਧਾਰਨੀ ਸਨ, ਪਰ ਕਈ ਅਜਿਹੇ ਕੱਟੜ ਮੁਸਲਮਾਨ ਸਨ, ਜੋ ਇਸਲਾਮ ਧਰਮ ਤੋਂ ਇਲਾਵਾ ਕਿਸੇ ਵੀ ਹੋਰ ਧਰਮ ਦੀ ਪ੍ਰਸਿੱਧੀ ਨੂੰ ਬਰਦਾਸ਼ਤ ਨਹੀਂ ਸਨ ਕਰ ਸਕਦੇ। ਇਸਲਾਮ ਦੀ ਸਥਾਪਤੀ ਲਈ ਉਨ੍ਹਾਂ ਅਵਾਮ ਉਤੇ ਕਈ ਅਮਾਨਵੀ ਤਸ਼ੱਦਦ ਢਾਹੇ। ਇਨ੍ਹਾਂ ਜ਼ਾਲਮ ਤੇ ਤਾਨਾਸ਼ਾਹ ਸ਼ਾਸ਼ਕਾ ਦਾ ਗੁਰੂ ਨਾਨਕ ਦੇਵ ਜੀ ਨੇ ਡੱਟ ਕੇ ਵਿਰੋਧ ਕੀਤਾ ਤੇ ਸਰਬ ਸਾਂਝੀਵਾਲਤਾ ਦਾ ਉਪਦੇਸ਼ ਦਿਤਾ, ਤੇ ਬਾਕੀ ਗੁਰੂ ਸਾਹਿਬਾਨ ਨੇ ਵੀ ਇਸ ਵਿਹਾਰ ਨੂੰ ਨਿਰੰਤਰ ਕਾਇਮ ਰੱਖਿਆ। ਸਿੱਖ ਲਹਿਰ ਦੇ ਇਨ੍ਹਾਂ ਉਦੇਸ਼ਾ ਪ੍ਰਤੀ ਜਗਜੀਤ ਸਿੰਘ ਆਪਣੀ ਪੁਸਤਕ ਵਿਚ ਲਿਖਦੇ ਹਨ 'ਗੁਰੂ



ਨਾਨਕ ਸਾਹਿਬ ਨੇ ਆਪਣੇ ਮਿਸ਼ਨ ਦਾ ਪ੍ਰਚਾਰ 1486 ਈਸਵੀ ਦੇ ਕਰੀਬ ਸ਼ੁਰੂ ਕੀਤਾ ਅਤੇ ਮਿਸਲਾਂ 1764 ਵਿੱਚ ਕਾਇਮ ਹੋਈਆਂ। ਏਸ ਪੌਣੇ ਤਿੰਨ ਸੌ ਸਾਲ ਦੇ ਕਰੀਬ ਦੇ ਸਮੇਂ ਵਿਚ ਸਿੱਖ ਲਹਿਰ ਲਗਾਤਾਰ ਤਿੰਨ ਨਿਸ਼ਾਨੇ ਪੂਰੇ ਕਰਨ ਵਿਚ ਜੁਟੀ ਰਹੀ। ਪਹਿਲਾ ਨਿਸ਼ਾਨਾ ਸੀ ਮਨੁੱਖ ਜਾਤੀ ਦੀ ਮੁਕੰਮਲ ਆਜ਼ਾਦੀ ਤੇ ਬਰਾਬਰੀ ਦੇ ਆਦਰਸ਼ ਦਾ ਪ੍ਰਚਾਰ। ਦੂਸਰਾ ਨਿਸ਼ਾਨਾ ਸੀ ਉਸ ਆਦਰਸ਼ ਦੀਆਂ ਨੀਹਾਂ ਉਤੇ ਇਕ ਨਵਾਂ ਸਮਾਜ (ਸਿੱਥ ਪੰਥ) ਉਸਾਰਨਾ, ਤੀਸਰਾ ਨਿਸ਼ਾਨਾ ਸੀ ਪੰਥ ਨੂੰ ਰਾਜਸੀ ਇਨਕਲਾਬ ਲਿਆਉਣ ਦਾ ਵਸੀਲਾ ਬਣਾਉਣਾ।[1] ਇਸ ਸਮੇਂ ਦੀਆਂ ਸਮਕਾਲੀ ਸਥਿਤੀਆਂ ਦੇ ਆਧਾਰ ਤੇ ਹੀ ਸ਼ਤਾਬਦੀ ਨਾਟਕ ਹੋਂਦ ਵਿੱਚ ਆਏ।'

ਹੁਣ ਤੱਕ ਲਿਖੇ ਗਏ ਸ਼ਤਾਬਦੀ ਨਾਟਕਾਂ ਦੀ ਲਗਾਤਾਰਤਾ ਨੂੰ ਕਾਇਮ ਰੱਖਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕੇਵਲ ਧਾਲੀਵਾਲ ਦੁਆਰਾ ਰਚਿਤ ਨਾਟਕ (ਚੇਤਨਾ ਪ੍ਰਕਾਸ਼ਨ, ਸਾਲ 2020) ਪਾਠਕਾ/ਦਰਸ਼ਕਾ ਦੇ ਰੂ-ਬ-ਰੂ ਹੈ। ਇਸ ਨਾਟਕੀ ਕਿਰਤ ਦਾ ਟਾਈਟਲ ਸਫ਼ਾ ਸਵਰਨਜੀਤ ਸਵੀ ਦੀਆਂ ਉਦਾਸੀਆਂ ਲੜੀ ਵਿਚੋਂ ਹੈ, ਜਿਸ ਵਿਚ ਗੁਰੂ ਨਾਨਕ, ਮਰਦਾਨਾ, ਰਬਾਬ ਅਤੇ ਮੋਰ ਦ੍ਰਿਸ਼ਮਾਨ ਹਨ। ਸੰਗੀਤ ਤੇ ਗੁਰਬਾਣੀ ਦਾ ਇਹ ਸੁਮੇਲ ਨਾਟਕ ਦੇ ਵਿਸ਼ੇ ਵਿਚੋਂ ਉਜਾਗਰ ਹੁੰਦਾ ਹੈ। ਜਦੋਂ ਗੁਰੂ ਜੀ ਗਾਉਂਦੇ ਹਨ ਤਾਂ ਪੂਰੀ ਕਾਇਨਾਤ ਗਾਉਣ ਲੱਗ ਜਾਂਦੀ ਹੈ। ਇਹ ਨਾਟਕ ਗੁਰੂ ਜੀ ਦੀ ਬਾਣੀ, ਸਿੱਖਿਆਵਾਂ ਤੇ ਫਿਲਾਸਫ਼ੀ ਤੋਂ ਲੈ ਕੇ ਕਰਤਾਰਪੁਰ ਤਕ ਦੀ ਜੀਵਨ ਯਾਤਰਾ ਦੇ ਸਮੁੱਚੇ ਬਿਰਤਾਂਤ ਨੂੰ ਪੇਸ਼ ਕਰਦਾ ਹੈ। **ਮੰਚ ਰੰਗਮੰਚ ਅੰਮ੍ਰਿਤਸਰ** ਦੀ ਟੀਮ ਵਲੋਂ ਪੰਜਾਬ ਅਤੇ ਦੂਜੇ ਰਾਜਾਂ ਦੇ ਪਿੰਡਾਂ ਸ਼ਹਿਰਾਂ ਵਿਚ ਅਨੇਕਾਂ ਵਾਰੀ ਖੇਡਿਆ ਜਾ ਚੁਕਿਆ ਇਹ ਨਾਟਕ ਆਪਣੇ ਆਪ ਵਿਚ ਵੱਡੇ ਅਰਥਾ ਦਾ ਧਾਰਨੀ ਹੈ। ਵਿਸ਼ਾਲ ਕੈਨਵਸ ਤੇ ਫੈਲਿਆ ਇਹ ਨਾਟਕ ਗੁਰੂ ਜੀ ਦੇ ਜੀਵਨ ਦਾ ਯਥਾਰਥਕ ਚਿਤਰਣ ਪੇਸ਼ ਕਰਦਾ ਹੈ, ਭਾਵੇਂ ਗੁਰੂ ਸਾਹਿਬ ਦੇ ਜੀਵਨ ਨੂੰ ਕਿਸੇ ਇਕ ਕਿਰਤ ਰਾਹੀ ਪੇਸ਼ ਕਰਨਾ ਸੰਭਵ ਨਹੀਂ, ਫਿਰ ਵੀ ਨਾਟਕਕਾਰ ਨੇ ਗੁਰੂ ਨਾਨਕ ਸਾਹਿਬ ਦੇ ਜੀਵਨ ਬਿਰਤਾਂਤ, ਉਨ੍ਹਾਂ ਦੀਆਂ ਸਿੱਖਿਆਵਾਂ ਤੇ ਜੀਵਨ ਪ੍ਰਤੀ ਉਨ੍ਹਾਂ ਦੀ ਉਸਾਰੂ ਸੋਚ ਨੂੰ ਬੜੀ ਖ਼ੂਬਸੂਰਤੀ ਨਾਲ ਚਿਤਰਿਆ ਹੈ।

ਇਸ ਨਾਟਕੀ ਕਿਰਤ ਵਿਚ 40 ਦੇ ਕਰੀਬ ਪਾਤਰ ਹਨ। ਵੱਡ-ਆਕਾਰੀ ਇਸ ਰਚਨਾ ਵਿਚ ਨਟ ਨਟੀ ਦੇ ਨਾਲ ਕਥਾ ਆਰੰਭ ਹੁੰਦੀ ਹੈ ਤੇ ਅੱਗੇ ਤੁਰਦੀ ਹੈ। ਦੌਲਤਾਂ ਦਾਈ, ਪਾਂਧਾ, ਪੰਡਿਤ, ਵੈਦ, ਲਾਲੋ, ਅਜਿੱਤਾ ਤੇ ਉਸਦੀ ਪਤਨੀ, ਭਾਈ ਮੂਲਾ ਚੰਦ, ਮਰਦਾਨਾ, ਭਾਈ ਮਨਸੁੱਖ, ਨਿਹਾਲਾ, ਦੋ ਪੇਂਡੂ, ਦੋ ਆਦਮੀ, ਦੋ ਔਰਤਾ, ਚੰਨਾ ਧੰਨਾ, ਬੇਬੇ, ਸੰਤੀ, ਬੰਤੀ ਤੇ ਦੂਜੀ ਸ੍ਰੇਣੀ ਵਿਚ ਮਲਿਕ ਭਾਗੋ, ਕੌਡਾ ਰਾਖਸ਼, ਸੱਜਣ ਠੱਗ, ਝੰਗਰ ਨਾਥ, ਰਾਜਾ ਸ਼ਿਵਨਾਭ, ਮਛਿੰਦ੍ਰ ਨਾਥ, ਵਲੀ ਕੰਧਾਰੀ, ਬਾਬਰ, ਕੋਕਲਤਾਸ਼ਖਾਨ, ਦੁਨੀ ਚੰਦ, ਹਮਜਾਗੌਂਸ ਆਦਿ ਪਾਤਰ ਹਨ। ਪਾਤਰਾ ਦੇ ਰੂਪ ਵਿਚ ਨਾਟਕਕਾਰ ਤੇ ਨਿਰਦੇਸ਼ਕ ਕੇਵਲ ਧਾਲੀਵਾਲ ਵਲੋਂ ਇਕ ਨਿਵੇਕਲਾ ਤਜ਼ਰਬਾ ਹੋਰ ਕੀਤਾ ਗਿਆ ਹੈ ਜਿਸ ਵਿਚ ਸੁਲਤਾਨਪੁਰ ਦੀ ਧਰਤੀ, ਮੱਕੇ ਦੀ ਧਰਤੀ ਤੇ ਢਾਕੇ ਦੀ ਧਰਤੀ ਪਾਤਰ ਰੂਪ ਵਿਚ ਹਾਜ਼ਰ ਹਨ। ਕਿਸੇ ਧਰਤੀ ਜਾਂ ਜਗ੍ਹਾ/ਸਥਾਨ ਦਾ ਪਾਤਰ-ਰੂਪ ਵਿਚ ਆਉਣਾ ਨਾਟਕ ਪੜ੍ਹਦੇ ਸਮੇਂ ਕਾਫ਼ੀ ਦਿਲਚਸਪ ਜਾਪਦਾ ਹੈ।

ਇਸ ਨਾਟਕ ਦੀਆਂ ਸਾਰੀਆਂ ਘਟਨਾਵਾਂ ਨੂੰ ਨਾਟਕਕਾਰ ਨੇ ਦ੍ਰਿਸ਼ਾ ਵਿਚ ਤਕਸੀਮ ਕਰਦੇ ਹੋਏ ਉਨ੍ਹਾਂ ਦੇ ਸੰਪੂਰਨ ਪ੍ਰਭਾਵ ਨੂੰ ਕਾਇਮ ਰੱਖਿਆ ਹੈ। ਹਰ ਦ੍ਰਿਸ਼ ਦੀ ਘਟਨਾ ਨਾਟਕ

ਪੜ੍ਹਦੇ ਹੋਏ ਸਾਹਮਣੇ ਵਾਪਰਦੀ ਦਿਖਾਈ ਦਿੰਦੀ ਹੈ, ਇਹ ਦ੍ਰਿਸ਼ ਚਿਤਰਣ ਇਸ ਨਾਟਕੀ ਕਿਰਤ ਦਾ ਖਾਸਾ ਹੈ, ਨਾਟਕ ਤਾਂ ਹੈ ਹੀ ਅੱਖਾਂ ਤੇ ਕੰਨਾਂ ਨਾਲ ਸੁਣੇ ਜਾਣ ਵਾਲੀ ਕਲਾ। ਉਪਰੋਕਤ ਤੱਥ ਦਾ ਪ੍ਰਗਟਾਵਾ ਨਾਟਕ ਵਿਚੋਂ ਨਟ ਦੀ ਵਾਰਤਾਲਾਪ ਰਾਹੀਂ ਸਪਸ਼ਟ ਹੋ ਜਾਂਦਾ ਹੈ-

ਨਟ – ਤਿੰਨ ਵਰ੍ਹੇ ਪੂਰਬ ਦਿਸ਼ਾ ਦੀ ਉਦਾਸੀ ਤੋਂ ਬਾਅਦ ਸਤਿਗੁਰੂ ਨਾਨਕ ਦੱਖਣ ਵੱਲ ਨੂੰ ਚੱਲ ਪਏ। ਸਤਿਗੁਰੂ ਨਾਨਕ ਚਿਲਕਾ ਝੀਲ ਦੇ ਕੰਢੇ ਤੁਰਦੇ-ਤੁਰਦੇ ਬਹੁਤ ਦੂਰ ਤੱਕ ਨਿਕਲ ਗਏ। ਨਾ ਕੋਈ ਘੋੜਾ ਨਾ ਕੋਈ ਸਵਾਰੀ। ਅਜਿਹੀਆਂ ਅਨੇਕਾਂ ਦ੍ਰਿਸ਼ ਮਈ ਉਦਾਹਰਨਾਂ ਇਸ ਨਾਟਕ ਵਿਚ ਅੰਕਿਤ ਹਨ।[2]

ਇਹ ਨਾਟਕ ਆਧੁਨਿਕ ਨਾਟਕ ਕਲਾ ਦੇ ਸਾਰੇ ਗੁਣਾ ਤੇ ਪੂਰਾ ਉਤਰਦਾ ਹੈ। ਸਿੱਖ ਇਤਿਹਾਸ ਨਾਲ ਸਬੰਧਿਤ ਹੁਣ ਤਕ ਲਿਖੇ ਗਏ ਬਹੁਤੇ ਨਾਟਕ ਸ਼ਤਾਬਦੀਆਂ ਦੇ ਮੌਕੇ ਹੀ ਲਿਖੇ ਗਏ। ਹੱਥਲਾ ਨਾਟਕ ਵੀ ਗੁਰੂ ਨਾਨਕ ਦੇਵ ਜੀ ਦੀ 550 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ ਹੈ। ਇਨ੍ਹਾਂ ਇਤਿਹਾਸਕ ਨਾਟਕਾਂ ਵਿਚ ਦੋ ਤਰ੍ਹਾਂ ਦੇ ਨਾਟਕ ਦ੍ਰਿਸ਼ਟੀਗੋਚਰ ਹੁੰਦੇ ਹਨ ਇਕ ਉਹ ਨਾਟਕ ਹਨ ਜੋ ਇਤਿਹਾਸ ਨੂੰ ਰਚਨਾ ਦੇ ਆਧਾਰ ਸ੍ਰੋਤ ਵਜੋਂ ਵਰਤਦੇ ਹਨ ਅਤੇ ਦੂਜੇ ਜੋ ਜਨਮਸਾਖੀਆਂ ਤੇ ਆਧਾਰਿਤ ਘਟਨਾਵਾਂ ਨੂੰ ਪੇਸ਼ ਕਰਦੇ ਹਨ। ਦੋਹਾਂ ਤਰ੍ਹਾਂ ਦੇ ਨਾਟਕਾਂ ਵਿੱਚ ਵਰਤਮਾਨ ਸਮੇਂ ਨੂੰ ਧਿਆਨ ਵਿਚ ਰੱਖਦੇ ਹੋਏ, ਅਵਾਮ ਨੂੰ ਸੰਦੇਸ਼ ਦੇਣ ਦਾ ਯਤਨ ਕੀਤਾ ਹੁੰਦਾ ਹੈ, ਜਿਉ ਕਰਿ ਸੂਰਜੁ ਨਿਕਲਿਆ ਨਾਟਕ ਵੀ ਇਸ ਮੰਤਵ ਤੇ ਪੂਰਾ ਉਤਰਦਾ ਹੈ। ਨਾਟਕ ਦੇ ਸਰੋਕਾਰ ਵਜੋਂ ਮੱਧਕਾਲੀ ਜੀਵਨ ਜਾਚ, ਸਮਾਜਿਕ ਤੇ ਧਾਰਮਿਕ ਕਦਰਾਂ ਕੀਮਤਾਂ, ਗੁਰੂ ਸਾਹਿਬ ਦੇ ਜੀਵਨ ਦੀਆਂ ਘਟਨਾਵਾਂ, ਰਾਜਨੀਤਕ ਵਿਵਸਥਾ, ਸਿੱਖ ਧਰਮ ਦੇ ਸਿਧਾਂਤ ਅਤੇ ਨੈਤਿਕ ਕਦਰਾਂ ਕੀਮਤਾਂ ਆਦਿ ਪੱਖ ਇਸ ਨਾਟਕ ਵਿਚੋਂ ਦ੍ਰਿਸ਼ਟੀਗੋਚਰ ਹੁੰਦੇ ਹਨ। ਨਾਟਕਕਾਰ ਦਾ ਕੰਮ ਕੇਵਲ ਇਤਿਹਾਸ ਨੂੰ ਪੇਸ਼ ਕਰਨਾ ਨਹੀਂ ਸਗੋਂ ਉਹ ਵਰਤਮਾਨ ਸਮਾਜ ਦੀਆਂ ਨਿਗਰ ਚੁੱਕੀਆ ਪ੍ਰਸਥਿਤੀਆਂ ਨੂੰ ਇਤਿਹਾਸ ਦੇ ਸ਼ੀਸ਼ੇ ਰਾਹੀਂ ਦਿਖਾਉਣ ਦਾ ਕੰਮ ਕਰਦਾ ਹੈ ਜਿਸ ਨਾਲ ਵਰਤਮਾਨ ਸਮੇਂ ਵਿਚ ਲੋਕ ਇਤਿਹਾਸ ਤੋਂ ਸੇਧ ਲੈ ਕੇ ਆਪਣੀ ਵਰਤਮਾਨ ਜ਼ਿੰਦਗੀ ਨੂੰ ਸੁਧਾਰ ਸਕਣ ਦੇ ਸਮੱਰਥ ਹੋ ਜਾਣ। ਪ੍ਰਭਾਵਸ਼ਾਲੀ ਨਾਟਕੀ ਜੁਗਤਾਂ ਸਦਕਾ ਨਾਟਕ ਦਾ ਲਿਖਤੀ ਰੂਪ ਤੇ ਰੰਗਮੰਚੀ ਪੇਸ਼ਕਾਰੀ ਦੋਵੇਂ ਹੀ ਅਹਿਮ ਹਨ।

ਨਾਟਕ ਸ਼ੁਰੂ ਹੁੰਦਾ ਹੈ ਨਟ ਤੇ ਨਟੀ ਗੁਰੂ ਨਾਨਕ ਦੀ ਅਮਰ ਗਾਥਾ ਦੀ ਕਹਾਣੀ ਸ਼ੁਰੂ ਕਰਦੇ ਹਨ। ਗੁਰੂ ਨਾਨਕ ਸਾਹਿਬ ਦੇ ਜੀਵਨ ਬਿਰਤਾਂਤ ਦੇ ਆਪਣੇ ਵੱਡੇ ਅਰਥ ਹਨ ਜਿਨ੍ਹਾਂ ਦਾ ਜ਼ਿਕਰ ਦਾਈ ਦੌਲਤਾਂ ਇਸ ਤਰ੍ਹਾਂ ਕਰਦੀ ਹੈ, ਇਹ ਬਾਲ ਨਾ ਤਾ ਰੋਇਆ ਤੇ ਨਾ ਹੀ ਡੁਸਕਿਆ, ਕਿਸੇ ਸਿਆਣੇ ਮਨੁੱਖ ਵਾਂਗ ਸਿਰਫ਼ ਮੁਸਕਰਾਇਆ ਤੇ ਉਸ ਦੀ ਮੁਸਕੁਰਾਹਟ ਨਾਲ ਹਨੇਰੀ ਕੋਠੜੀ ਵੀ ਚਾਨਣ ਨਾਲ ਭਰ ਗਈ।[3] ਜਨਮ ਤੋਂ ਬਾਅਦ ਇਸ ਬਾਲ ਬਾਰੇ ਪੰਡਿਤ ਹਰਦਿਆਲ ਦੁਆਰਾ ਕੀਤੀ ਭਵਿੱਖਬਾਣੀ ਸੱਚ ਸਾਬਤ ਹੋਈ 'ਇੰਝ ਲਗਦਾ ਏ ਜਿਵੇਂ ਕੋਈ ਭਗਵਾਨ ਖੁਦ ਇਸ ਧਰਤੀ 'ਤੇ ਆਇਆ ਹੋਵੇ ਜਾਂ ਕੋਈ ਇਹ ਚਕਰਵਰਤੀ ਰਾਜਾ ਹੋਵੇਗਾ, ਜਾਂ ਕੋਈ ਅਵਤਾਰ। ਇਹ ਕੋਈ ਸਾਡੇ ਤੁਹਾਡੇ ਵਰਗਾ ਆਮ ਬੰਦਾ ਨਹੀਂ, ਇਸ ਨੇ ਦੁਨੀਆ ਦੇ ਉਤੇ ਇਸ ਕੁਲ ਦਾ ਨਾਮ ਰੌਸ਼ਨ ਕਰਨਾ ਏ ਤੇ ਧਰਤੀ ਉਤੇ ਗਰੀਬ ਗੁਰਬਿਆਂ ਨੂੰ ਗਿਆਨ ਦਾ ਨਵਾਂ ਚਾਨਣ ਵੰਡਣਾ ਏ।[4]



ਨਾਟਕ ਅੱਗੇ ਤੁਰਦਾ ਹੈ ਬਾਲ ਨੂੰ ਪਾਂਧੇ ਕੋਲ ਪੜ੍ਹਨ ਲਈ ਭੇਜਿਆ ਜਾਂਦਾ ਹੈ ਜਦੋਂ ਪੰਡਿਤ ਨੂੰ ਜਨੇਊ ਦੀ ਰਸਮ ਪੂਰੀ ਕਰਨ ਲਈ ਕਿਹਾ ਗਿਆ ਤਾ ਬਾਲ ਨੇ ਦੁਨਿਆਵੀ ਜਨੇਊ ਦੀ ਥਾਂ ਦਇਆ ਕਪਾਹ ਸੰਤੋਖ ਸੂਤੁ ਜਤ ਗੰਢੀ ਸਤੁ ਵਟੁ ॥ ਏਹ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ ॥ ਪਾਉਣ ਲਈ ਆਖਿਆ। ਗੁਰੂ ਜੀ ਦਾ ਮਨੋਰਥ ਹਿੰਦੁਸਤਾਨ ਦੇ ਜਨ-ਜੀਵਨ ਵਿਚ ਉਨ੍ਹਾਂ ਸੁਰਾਂ ਨੂੰ ਛੇੜਨਾ ਸੀ ਜਿਨ੍ਹਾਂ ਰਾਹੀਂ ਸਮਾਜਿਕ ਤਬਦੀਲੀ ਸੰਭਵ ਹੋ ਸਕੇ ਅਤੇ ਹਰ ਤਰ੍ਹਾਂ ਦਾ ਵਿਤਕਰਾ, ਭੇਦ-ਭਾਵ, ਧਾਰਮਿਕ ਪਾਖੰਡ ਤੇ ਸਿਆਸੀ ਅਤਿਆਚਾਰ ਖਤਮ ਹੋ ਜਾਵੇ, ਆਪਣੇ ਇਸ ਮਨੋਰਥ ਦੀ ਪੂਰਤੀ ਲਈ ਗੁਰੂ ਸਾਹਿਬ ਨੇ ਨਾ ਕੇਵਲ ਹਰ ਗਲਤ ਵਰਤਾਰੇ ਦੀ ਨਿਖੇਧੀ ਕੀਤੀ ਸਗੋਂ ਬੁਲੰਦ ਆਵਾਜ਼ ਰਾਹੀ ਇਸ ਦਾ ਵਿਰੋਧ ਵੀ ਕੀਤਾ, ਉਨ੍ਹਾਂ ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ ਦੇ ਸਿਧਾਂਤ ਨੂੰ ਸਭ ਤੋਂ ਉੱਤਮ ਦਸਿਆ। ਨਾਟਕੀ ਕਿਰਤ ਵਿਚ ਇਨ੍ਹਾਂ ਸਾਰੇ ਹਵਾਲਿਆ ਦਾ ਜ਼ਿਕਰ ਆਉਂਦਾ ਹੈ, ਬਹੁਤ ਅਹਿਮ ਘਟਨਾਵਾਂ ਦੀ ਪੇਸ਼ਕਾਰੀ (ਲਿਖਤ ਤੇ ਰੰਗਮੰਚੀ) ਪਾਠਕਾਂ ਤੇ ਦਰਸ਼ਕਾਂ ਨੂੰ ਗੁਰੂ ਸਾਹਿਬ ਦੀ ਜੀਵਨ ਫਿਲਾਸਫ਼ੀ ਤੋਂ ਜਾਣੂ ਕਰਵਾਉਂਦੀ ਹੈ।

ਗੁਰੂ ਜੀ ਦਾ ਸੱਚਾ ਸੌਦਾ, ਗ੍ਰਹਿਸਥੀ ਜੀਵਨ, ਚਾਰ ਉਦਾਸੀਆ ਤੇ ਸੱਜਣ ਠੱਗ, ਕੌਡਾ ਰਾਖਸ਼, ਮਲਿਕ ਭਾਗੋ, ਭੂਮੀਆ ਚੋਰ, ਵਲੀ ਕੰਧਾਰੀ, ਬਾਬਰ, ਨਾਥ ਜੋਗੀ, ਰਾਜਾ ਸ਼ਿਵਨਾਭ ਆਦਿ ਸਭ ਨੂੰ ਜ਼ਿੰਦਗੀ ਵਿਚ ਸਿੱਧੇ ਰਾਹ ਚੱਲਣ ਦੀ ਪ੍ਰੇਰਨਾ ਦਿੰਦੀਆਂ ਘਟਨਾਵਾਂ ਇਸ ਨਾਟਕ ਦਾ ਸਰੋਕਾਰ ਹਨ। ਨਾਟਕੀ ਵਾਰਤਾਲਾਪ ਵਿਚ ਵੱਖੋ ਵੱਖ ਥਾਵਾਂ ਤੇ ਘਟਨਾਵਾਂ ਦੇ ਨਾਲ ਆਏ ਵੇਰਵੇ ਚਿੰਤਨ ਤੇ ਚੇਤਨਾ ਨਾਲ ਭਰਪੂਰ ਹਨ, ਸੁਲਤਾਨਪੁਰ ਦਾ 'ਮੋਦੀਖਾਨਾ', ਸੰਗਲਾ ਦੀਪ ਦਾ ਰਾਜਾ ਤੇ ਪਰਜਾ, 'ਮਛਿੰਦ੍ਰ ਤੇ ਗੋਰਖ ਨਾਥ', ਸੈਦਪੁਰ ਦਾ 'ਮਲਕ ਭਾਗੋ', ਤੁਲੰਬਾ, ਜ਼ਿਲ੍ਹਾ ਮੁਲਤਾਨ ਦਾ 'ਸੱਜਣ ਠੱਗ' ਹਸਨ ਅਬਦਾਲ ਦਾ 'ਵਲੀ ਕੰਧਾਰੀ', ਮੱਕੇ ਦਾ 'ਕਾਜੀ ਰੁਕਨੁਦੀਨ', ਲਾਹੌਰ ਬਾਦਾਮੀ ਬਾਗ ਦਾ 'ਦੁਨੀ ਚੰਦ', ਰਾਵੀ ਪਾਰ ਪੱਖੋਕੇ ਪਿੰਡ ਦਾ ਭਾਈ ਮੂਲਾ ਚੰਦ, ਕਾਬਲ ਤੋਂ ਆਇਆ 'ਬਾਬਰ', ਸਭ ਨੂੰ ਨਾਟਕ ਵਿਚ ਗੁਰੂ ਨਾਨਕ ਦੇ ਪੈਰੋਕਾਰਾਂ ਤੇ ਚੇਲਿਆਂ ਦੀ ਵਾਰਤਾਲਾਪ ਰਾਹੀਂ, ਸਿੱਧੇ ਰਾਹ ਤੇ ਪਾਇਆ ਗਿਆ ਦਿਖਾਇਆ ਹੈ, ਢਾਕੇ ਦੀ ਧਰਤੀ ਦੀ ਵਾਰਤਾਲਾਪ ਰਾਹੀਂ ਨਾਨਕ ਦਾ ਸੁਨੇਹਾ ਬਹੁਤ ਸਾਰਥਕ ਹੈ, 'ਇਹ ਢਾਕੇ ਦੀ ਧਰਤੀ ਏ, ਮੈਂ ਕਈ ਤਰ੍ਹਾਂ ਦੇ ਜਾਦੂ ਜਾਣਦੀ ਹਾਂ, ਪਤਾ ਨਹੀਂ ਮੈਂ ਕਿੰਨੇ ਜੀਵਨ ਨਸ਼ਟ ਕੀਤੇ ਨੇ, ਕਿੰਨਿਆ ਨੂੰ ਰਾਹੋਂ ਕੁਰਾਹੇ ਪਾਇਆ ਏ, ਪਰ ਹੁਣ ਮੇਰਾ ਕਾਲਾ ਜਾਦੂ ਟੁੱਟ ਗਿਆ, ਮੇਰਾ ਮਾਣ ਟੁੱਟ ਗਿਆ, ਮੈਂ ਇਕ ਕਾਮਲ ਮੁਰਸ਼ਦ ਦੀ ਚੇਲੀ ਬਣ ਗਈ ਹਾਂ, ਉਸ ਮਹਾਨ ਗੁਰੂ ਨੇ ਮੇਰੇ ਮਨ ਦੀਆਂ ਅੱਖਾਂ ਖੋਲ੍ਹੀਆਂ ਨੇ, ਮੇਰੀ ਸੁੱਤੀ ਆਤਮਾ ਨੂੰ ਜਗਾਇਆ ਏ, ਮੈਂ ਬੜਾ ਚਿਰ ਗੁੰਮਰਾਹ ਰਹੀ ਹਾਂ.. ਮੇਰੇ ਵਿਚ ਪਹਿਲਾਂ ਬਹੁਤ ਹਉਮੈ ਸੀ ਮੈਂ ਆਪਣੀ ਸਾਰੀ ਜਾਦੂ ਸ਼ਕਤੀ ਦੀ ਵਰਤੋਂ ਕੀਤੀ, ਫਿਰ ਉਸ ਮਹਾਂਪੁਰਸ਼ ਨੂੰ ਮਾਇਆ ਜਾਲ ਵਿਚ ਫਸਾਉਣ ਦਾ ਜ਼ੋਰ ਲਾਇਆ, ਪਰ ਮੇਰੀ ਕੋਈ ਪੇਸ਼ ਨਾ ਗਈ। ਅਖੀਰ ਉਸ ਨੂਰਾਨੀ ਚੇਹਰੇ ਦੇ ਅੱਗੇ ਬਦੋਬਦੀ ਮੇਰਾ ਸਿਰ ਝੁੱਕ ਗਿਆ ਉਸ ਨੇ ਮੈਨੂੰ ਉਪਦੇਸ਼ ਦਿੱਤਾ ਏ ਕਿ ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣਾ, ਧੰਨ ਹੈ ਉਹ ਗਿਰਾਂ ਜਿੱਥੋਂ ਸੱਚ ਦਾ ਸੂਰਜ ਚੜ੍ਹਿਆ..ਉਨੇ ਠੀਕ ਹੀ ਕਿਹਾ ਹੈ ਨਾ ਕੋਈ ਹਿੰਦੂ ਹੈ ਨਾ ਕੋਈ ਮੁਸਲਮਾਨ, ਸੰਸਾਰ ਵਿਚ ਇਕੋ ਰੱਬ ਦਾ ਨੂਰ ਹੈ, ਕੋਈ ਉਚ ਨੀਚ ਨਹੀਂ।[5] ਮੱਕੇ ਦੀ ਧਰਤੀ ਦਾ ਕਾਜ਼ੀ ਰੁਕਨੁਦੀਨ ਵੀ ਗੁਰੂ ਨਾਨਕ

ਦੇ ਕਹੇ ਅਨੁਸਾਰ ਅੱਲ੍ਹਾ ਦੀ ਸਰਵ ਵਿਆਪਕਤਾ ਦਾ ਧਾਰਨੀ ਹੋ ਜਾਂਦਾ ਹੈ, ਉਸਦੀ ਕਹੀ ਇਹ ਵੱਡੀ ਗੱਲ ਮੇਰੀ ਸਮਝ ਵਿਚ ਆ ਗਈ ਕਿ ਅੱਲ੍ਹਾ ਤਾਂ ਹਰ ਪਾਸੇ ਏ, ਉਹ ਤਾਂ ਸਰਬ ਵਿਆਪੀ ਏ, ਉਹ ਤਾਂ ਘਟ ਘਟ ਵਿਚ ਵੱਸਣਹਾਰ ਏ, ਮੈਂ ਉਸ ਗੁਰੂ ਬਾਬੇ ਨਾਨਕ ਦੀ ਸ਼ਖ਼ਸੀਅਤ ਤੋਂ ਬੜਾ ਪ੍ਰਭਾਵਿਤ ਹੋਇਆ ਤੇ ਇਹ ਘਟਨਾ ਵੇਖ ਕੇ ਅਨੇਕਾ ਮੁਸਲਮਾਨ ਵੀ ਉਸ ਗੁਰੂ ਦੇ ਚੇਲੇ ਬਣ ਗਏ ਨੇ।

ਨਾਟਕ ਦੇ ਬਿਰਤਾਂਤ ਨੂੰ ਬਾਣੀ ਦੀ ਜੁਗਤ ਰਾਹੀਂ ਵੀ ਪ੍ਰਭਾਵਸ਼ਾਲੀ ਬਣਾਇਆ ਗਿਆ ਹੈ। ਨਟ-ਨਟੀ ਬਹੁਤ ਸਾਰੀਆਂ ਘਟਨਾਵਾਂ ਦੀ ਵਿਆਖਿਆ ਕਰਦੇ ਹੋਏ ਨਾਟਕ ਨੂੰ ਅੱਗੇ ਤੋਰਦੇ ਹਨ, ਨਾਟਕੀ ਤਣਾਉ ਪਾਠਕ/ਦਰਸ਼ਕ ਨੂੰ ਪ੍ਰਭਾਵਤ ਕਰਦਾ ਹੈ ਜਿਥੇ ਕੌਡਾ ਰਾਖਸ਼ ਰਾਹ ਭੁੱਲੇ ਮਰਦਾਨੇ ਨੂੰ ਫੜ੍ਹ ਕੇ ਕੜਾਹੇ 'ਚ ਪਾ ਕੇ ਤਲਣ ਦੀ ਗੱਲ ਆਖਦਾ ਹੈ ਤਾਂ ਮਰਦਾਨਾ ਗੁਰੂ ਜੀ ਨੂੰ ਪੁਕਾਰਦਾ ਹੈ, ਜਿੰਨੀ ਛੇਤੀ ਹੋ ਸਕੇ ਬਹੁੜੋ ਮੇਰੀ ਸਰਕਾਰ। ਸਤਿਗੁਰੂ ਹੁਣ ਦੇਰ ਨਾ ਲਾਉ। ਮੇਰੀ ਜਾਨ ਬਚਾਓ।[6]

ਪੂਰੇ ਨਾਟਕ ਵਿਚ ਬਹੁਤ ਥਾਈਂ ਅਜਿਹੀਆਂ ਘਟਨਾਵਾਂ ਦਾ ਬਿਰਤਾਂਤ ਹੈ, ਜਿਥੇ ਗੁਰੂ ਜੀ ਦੀ ਬਾਣੀ ਤੇ ਪੈਰੋਕਾਰਾਂ ਰਾਹੀਂ ਹਰ ਸਥਿਤੀ ਠੀਕ ਹੋ ਜਾਂਦੀ ਹੈ ਤੇ ਭੁੱਲੇ ਭਟਕੇ ਲੋਕ ਰਾਹੇ ਪੈ ਜਾਂਦੇ ਹਨ। ਕਰਤਾਰਪੁਰ ਦੀ ਧਰਤੀ 'ਤੇ ਅਖੀਰਲੇ ਦ੍ਰਿਸ਼ ਨਾਲ ਨਾਟਕ ਆਪਣੇ ਅੰਤਮ ਪੜਾਅ ਵਲ ਜਦੋਂ ਤੁਰਦਾ ਹੈ ਤਾਂ ਆਮ ਆਦਮੀ, ਨਟ ਨਟੀ ਤੇ ਸ਼ਬਦਾਂ ਰਾਹੀਂ ਗੁਰੂ ਨਾਨਕ ਜੀ ਦੀ ਜੀਵਨ ਫਿਲਾਸਫ਼ੀ ਨੂੰ ਪੇਸ਼ ਕਰਦਾ ਹੈ, ਹੱਥੀ ਕਿਰਤ ਕਰਨੀ, ਨਾਮ ਜਪਣਾ, ਸੱਚ ਬੋਲਣਾ, ਇਮਾਨਦਾਰੀ ਵਾਲਾ ਜੀਵਨ, ਕਿਸੇ ਨਾਲ ਜਾਤ ਪਾਤ ਦੇ ਅਧਾਰ ਤੇ ਵਿਤਕਰਾ ਨਹੀਂ ਕਰਨਾ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦਾ ਤਿਆਗ ਕਰਕੇ ਸਮੁੱਚੀ ਮਨੁੱਖਤਾ ਨੂੰ ਪਿਆਰ ਕਰਨ ਦਾ ਸੰਦੇਸ਼ ਦਿੰਦਾ ਨਾਟਕ ਖਤਮ ਹੁੰਦਾ ਹੈ ਨਟ ਤੇ ਨਟੀ ਦੀ ਵਾਰਤਾਲਾਪ ਵਿਚ ਗੁਰੂ ਨਾਨਕ ਦਾ ਸੰਦੇਸ਼,

ਕਿਰਤ ਕਰਨੀ ਤੇ ਵੰਡ ਛਕਣਾ, ਪੂਰੀ ਦੁਨੀਆਂ ਨੂੰ ਸਮਝਾ ਗਏ।
ਸਤਿਨਾਮ ਵਾਹਿਗੁਰੂ ਦਾ ਮੰਤਰ ਸਭ ਦੇ ਕੰਨੀ ਪਾ ਗਏ।
ਨਟ- ਜਾਬਰ ਅੱਗੇ ਝੁਕਣਾ ਨਹੀਂ ਮਾੜੇ ਨੂੰ ਕੁਝ ਨਹੀਂ ਕਹਿਣਾ।
ਜਿਥੇ ਰੱਖੇ ਰੱਬ ਉਸ ਦੀ ਰਜ਼ਾ ਵਿਚ ਹੀ ਰਹਿਣਾ।[7]

ਹੁਣ ਤੱਕ ਇਸ ਗੌਰਵਮਈ ਸਿੱਖ ਇਤਿਹਾਸ ਦੀ ਗਾਥਾ ਨੂੰ ਬਹੁਤੇ ਸਾਰੇ **ਇਤਿਹਾਸਕ** ਨਾਟਕਾਂ ਰਾਹੀਂ ਚਿਤਰਿਆ ਗਿਆ ਹੈ ਉਸੇ ਪਿਰਤ ਦੀ ਲਗਾਤਾਰਤਾ ਨੂੰ ਜਾਰੀ ਰੱਖਦੇ ਹੋਏ **ਕੇਵਲ ਧਾਲੀਵਾਲ** ਦੀ ਉਪਰੋਕਤ ਨਾਟਕੀ ਕਿਰਤ ਵੱਡੇ ਅਰਥਾਂ ਦੀ ਧਾਰਨੀ ਹੋ ਨਿਬੜੀ ਹੈ। ਗੁਰੂ ਨਾਨਕ ਦੇ ਪਾਤਰ ਨੂੰ ਸਟੇਜ ਤੇ ਲਿਆਏ ਬਿਨਾ ਗੁਰੂ ਨਾਨਕ ਦੇ ਸੰਦੇਸ਼ ਨੂੰ ਨਾਟਕੀ ਰੂਪ ਦੇਣ ਲਈ ਅਸੀਂ ਜਿਥੇ ਨਾਟਕਕਾਰ ਨੂੰ ਮੁਬਾਰਕਬਾਦ ਆਖਦੇ ਹਾਂ ਉਥੇ ਇਹ ਆਸ ਵੀ ਕਰ ਸਕਦੇ ਹਾਂ ਕਿ ਅਜਿਹੀਆਂ ਲਿਖਤਾਂ ਤੇ ਉਨ੍ਹਾਂ ਦੀਆਂ ਰੰਗਮੰਚੀ ਪੇਸ਼ਕਾਰੀਆਂ ਤੋਂ ਨੌਜਵਾਨ ਪੀੜ੍ਹੀ ਪ੍ਰੇਰਨਾ ਲੈਂਦੀ ਹੋਈ ਇਕ ਸੋਹਣਾ ਤੇ ਸਮਰੱਥ ਸਮਾਜ ਸਿਰਜਣ ਵਿਚ ਆਪਣਾ ਬਣਦਾ ਯੋਗਦਾਨ ਪਾਵੇਗੀ। ਨਾਟਕੀ ਕਿਰਤ ਦੇ ਸਰੋਕਾਰ ਵਜੋਂ ਇਹ ਸੁਨੇਹਾ ਦੇਣ ਦਾ ਕੇਵਲ ਧਾਲੀਵਾਲ ਵਲੋਂ ਕੀਤਾ ਉਪਰਾਲਾ ਬਹੁਤ ਅਹਿਮ ਹੈ। ਇਸ ਨਾਟਕ ਵਿਚ ਗੁਰੂ ਨਾਨਕ ਸਾਹਿਬ ਦੀ ਜੀਵਨ ਫਿਲਾਸਫ਼ੀ ਬਾਣੀ, ਚਿੰਤਨ ਤੇ ਚੇਤਨਾ ਨੂੰ ਭਰਪੂਰ ਰੂਪ 'ਚ ਪੇਸ਼ ਕੀਤਾ ਗਿਆ। ਰੰਗਮੰਚੀ ਪੇਸ਼ਕਾਰੀ ਸਮੇਂ ਗੁਰਪ੍ਰੀਤ ਵਾਰਿਸ ਤੇ





ਲੋਪੇਕੇ ਬ੍ਰਦਰਜ਼ ਦੁਆਰਾ ਦਿੱਤੇ ਸੰਗੀਤ ਨਾਲ ਸ਼ਿੰਗਾਰੀ ਇਸ ਪੇਸ਼ਕਾਰੀ ਵਿਚ ਜਤਿੰਦਰ ਕੌਰ, ਗੁਰਤੇਜ ਮਾਨ, ਸੁਖਵਿੰਦਰ ਵਿਰਕ, ਪਵੇਲ ਸੰਧੂ, ਅਮਰਪਾਲ, ਵਿਜੇ ਕੁਮਾਰ, ਸਰਬਜੀਤ ਲਾਡਾ, ਅਨੀਸ਼ ਨਈਅਰ, ਰਿੱਧਮ, ਵਿਕਰਾਂਤ ਸਿੰਘ, ਸਾਰਥਕ ਹਾਂਡਾ, ਨਵੀਨ ਕੁਮਾਰ, ਨਵਪ੍ਰੀਤ, ਸ਼ਿਵਰਾਜ ਸਿੰਘ, ਸੁਖਵਿੰਦਰ ਸਿੱਧੂ, ਜਤਿੰਦਰ ਸੋਨੂੰ, ਵੀਰਪਾਲ ਕੌਰ, ਡੋਲੀ ਸੱਡਲ, ਵਿਕਾਸ ਜੋਸ਼ੀ, ਜਸਵੰਤ ਸਿੰਘ, ਵਿਸ਼ੂ ਸ਼ਰਮਾ, ਵਿਸ਼ਾਲ, ਗੌਤਮ, ਨਰੇਸ਼ ਗਿੱਲ, ਪਵੇਲ ਅਗਸਤ, ਰੋਹਿਤ, ਗੁਰਦਿੱਤ ਸਿੰਘ, ਤੁਸ਼ਾਰ ਸਿੰਘ, ਗੁਰਪ੍ਰੀਤ ਗੈਵੀ, ਹਰਪ੍ਰੀਤ ਆਦਿ ਕਲਾਕਾਰਾ ਨੇ ਭਾਗ ਲਿਆ। ਇਸ ਨਾਟਕ ਦਾ ਨਿਰਦੇਸ਼ਨ ਕੇਵਲ ਧਾਲੀਵਾਲ ਹੋਰਾ ਨੇ ਕੀਤਾ। ਦਿਲ ਨੂੰ ਛੂਹਣ ਵਾਲੇ ਸੰਵਾਦ ਤੇ ਦ੍ਰਿਸ਼ਾ ਦੀ ਪੇਸ਼ਕਾਰੀ ਸਦਕਾ ਇਸ ਦਹਾਕੇ ਦੀ ਮਹਤੱਵਪੂਰਨ ਕਿਰਤ ਹੈ ਨਾਟਕ **'ਜਿਉ ਕਰਿ ਸੂਰਜੁ ਨਿਕਲਿਆ'**। ਸਮੁੱਚੇ ਤੌਰ ਤੇ ਆਖਿਆ ਜਾ ਸਕਦਾ ਹੈ ਕਿ ਨਾਟਕ ਦੇ ਹਰ ਦ੍ਰਿਸ਼ ਵਿਚ ਨਾਟਕੀ ਪਾਠ ਤੇ ਮੰਚ ਪੱਧਰ ਤੇ ਉਸ਼ ਦੀ ਸਮਝ ਦਾ ਪ੍ਰਭਾਵ ਇਕੋ ਜਿਹਾ ਜਾਪਦਾ ਹੈ। 'ਸੂਰਜ' ਇਸ ਨਾਟਕ ਦਾ ਕੇਂਦਰੀ ਨੁਕਤਾ ਹੈ ਜਿਵੇਂ ਸੂਰਜ ਦੇ ਚੜ੍ਹਨ ਨਾਲ ਹਨੇਰਾ ਖਤਮ ਹੋ ਜਾਂਦਾ ਹੈ ਉਵੇਂ ਗੁਰੂ ਨਾਨਕ ਰੂਪੀ ਸੂਰਜ ਦੇ ਜਨਮ ਨਾਲ ਹਰ ਤਰ੍ਹਾਂ ਦੀਆਂ ਜ਼ਾਲਮ ਪ੍ਰਸਥਿਤੀਆਂ (ਸਮਾਜਿਕ, ਆਰਥਿਕ ਤੇ ਰਾਜਨੀਤਕ) ਦਾ ਖਾਤਮਾ ਹੁੰਦਾ ਹੈ। ਧਾਰਮਿਕ ਤੇ ਇਤਿਹਾਸਕ ਪ੍ਰਵਿਰਤੀ ਦੇ ਪ੍ਰਯੋਗਸ਼ੀਲ ਇਸ ਨਾਟਕ ਵਿਚ ਗੁਰੂ ਨਾਇਕ ਮੰਚ ਤੇ ਗੈਰ ਹਾਜ਼ਰ ਹੋ ਕੇ ਵੀ ਹਾਜ਼ਰ ਹੈ। ਨਾਟਕੀ ਤੇ ਮੰਚੀ ਪਾਠ ਦੇ ਅਰਥ ਵਿਸਥਾਰ ਤੇ ਗਹਿਰਾਈ ਸਦਕਾ ਇਹ ਨਾਟਕ ਬਹੁਤ ਅਹਿਮ ਹੈ।

ਇਸ ਨਾਟਕੀ ਕਿਰਤ ਨੂੰ ਪੜ੍ਹਨ ਤੋਂ ਬਾਅਦ ਅਹਿਸਾਸ ਹੁੰਦਾ ਹੈ ਕਿ ਇਤਿਹਾਸ ਨੂੰ ਮੁੜ ਯਾਦ ਕਰਨਾ, ਉਸ ਤੋਂ ਸਬਕ ਸਿੱਖ ਕੇ ਆਪਣੀ ਵਿਹਾਰਕ ਜਿੰਦਗੀ ਵਿਚ ਢਾਲਣਾ ਸਾਡਾ ਫ਼ਰਜ ਹੈ ਪੰਜਾਬੀ ਨਾਟਕ ਤੇ ਰੰਗਮੰਚ ਦੇ ਭਰਪੂਰ ਭੰਡਾਰੇ ਵਿਚ ਅਜਿਹੇ ਨਾਟਕਾਂ ਨੂੰ ਪੜ੍ਹਕੇ ਤੇ ਉਸ ਤੋਂ ਵੀ ਅੱਗੇ ਅਜਿਹੇ ਨਾਟਕਾਂ ਦੀਆਂ ਰੰਗਮੰਚੀ ਪੇਸ਼ਕਾਰੀਆਂ ਨੂੰ ਦੇਖ ਕੇ ਅਸੀ ਗੁਰੂ ਨਾਨਕ ਸਾਹਿਬ ਦੀ ਅਦੁੱਤੀ ਸ਼ਖਸੀਅਤ ਨੂੰ ਸਮਝ ਸਕਦੇ ਹਾਂ। ਇਸ ਮੰਤਵ ਦੀ ਪੂਰਤੀ ਕਰਦਾ ਇਹ ਨਾਟਕ ਸਫਲ ਨਾਟਕਾਂ ਦੀ ਸ਼੍ਰੇਣੀ ਦਾ ਹਿੱਸਾ ਹੋ ਨਿਬੜਿਆ ਹੈ।

**ਹਵਾਲੇ ਤੇ ਟਿੱਪਣੀਆਂ**

1. ਜਗਜੀਤ ਸਿੰਘ, ਸਿੱਖ ਇਨਕਲਾਬ, ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਨਾ 1, ਸਾਲ 2017
2. ਕੇਵਲ ਧਾਲੀਵਾਲ, ਜਿਉ ਕਰਿ ਸੂਰਜੁ ਨਿਕਲਿਆ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, ਸਾਲ 2020, ਪੰਨਾ 43
3. ਉਹੀ, ਪੰਨਾ 11
4. ਉਹੀ, ਪੰਨਾ 12
5. ਉਹੀਂ ਪੰਨਾ 58-59
6. ਉਹੀ ਪੰਨਾ 44
7. ਉਹੀ ਪੰਨਾ 76

**ਐਚ.ਐਮ.ਵੀ. ਕਾਲਜ, ਜਲੰਧਰ।**

# ਜੰਗ, ਜਸ਼ਨ ਤੇ ਜੁਗਨੂੰ: ਦ੍ਰਿਸ਼ਟੀਮੂਲਕ ਪਾਸਾਰ/ਪਵਨ ਸਰਵਰ

ਸੁਖਵਿੰਦਰ ਕੰਬੋਜ ਨੇ ਪਿਛਲੇ ਲਗਭਗ ਤਿੰਨ ਕੁ ਦਹਾਕਿਆਂ ਤੋਂ ਆਧੁਨਿਕ ਪੰਜਾਬੀ ਕਾਵਿ ਦੀ ਸਿਰਜਣਾ ਨਾਲ ਜੁੜਿਆ ਰਹਿਣ ਕਰਕੇ ਆਪਣਾ ਇਕ ਵਿਲੱਖਣ ਸਥਾਨ ਬਣਾ ਲਿਆ ਹੈ ਅਤੇ ਇਹ ਪੰਜਾਬੀ ਕਾਵਿ ਸਿਰਜਣਾ ਵਿਚ ਉਸਦੀ ਵੱਡੀ ਪ੍ਰਾਪਤੀ ਹੈ। ਅਨੇਕਾਂ ਕਵੀ ਸਾਰੀ ਜ਼ਿੰਦਗੀ ਲਿਖਦਿਆਂ ਰਹਿਣ ਦੇ ਬਾਵਜੂਦ ਵੀ ਅਣਗੌਲ਼ੇ ਹੀ ਰਹਿ ਜਾਂਦੇ ਹਨ ਪਰੰਤੂ ਸੁਖਵਿੰਦਰ ਕੰਬੋਜ ਨੇ ਪੰਜਾਬੀ ਕਵਿਤਾ ਦੇ ਖੇਤਰ ਵਿਚ ਗਿਣਾਤਮਕ ਪੱਖੋਂ ਘੱਟ, ਗੁਣਾਤਮਕ ਪੱਖੋਂ ਜ਼ਰੂਰ ਵਾਧਾ ਕੀਤਾ ਹੈ। ਇਉਂ ਵੀ ਸਮਝਿਆ ਜਾ ਸਕਦਾ ਹੈ ਕਿ ਉਸਨੇ ਅਨੁਭਵ ਦੀ ਪਕ੍ਰਿਤੀ ਨੂੰ ਪਹਿਚਾਣਿਆ। ਉਸਨੇ ਆਪਣੇ ਜੀਵਨ ਦੌਰਾਨ ਜੋ ਅਨੁਭਵ ਕੀਤਾ, ਇਸਨੂੰ ਆਪਣਾ ਬਹੁਮੁੱਲਾ ਸਰਮਾਇਆ ਸਮਝ ਕੇ ਆਪਣੀ ਯਾਦਾਂ ਵਿਚ ਸੰਭਾਲ ਲਿਆ। ਮੁੜ ਇਸੇ ਸਰਮਾਏ ਦੀ ਕਲਾਤਮਕ ਵਿਉਂਤਬੰਦੀ ਕਰਕੇ ਆਪਣੀ ਸਿਮ੍ਰਤੀ ਵਿਚਲੇ ਹੋਰ ਵੇਰਵਿਆਂ ਦੇ ਕੁਸ਼ਲ ਪ੍ਰਯੋਗ ਦੁਆਰਾ ਇੱਛਤ ਵਿਸਤਾਰ ਦੇ ਕੇ ਕਾਵਿਬੱਧ ਕੀਤਾ ਹੈ। ਇਉਂ ਉਸਦਾ ਮੌਲਿਕ ਅਨੁਭਵ, ਕਲਪਨਾ ਮੁਕੰਮਲ ਤੌਰ ’ਤੇ ਹਰ ਕਵਿਤਾ ’ਚ ਪੇਸ਼ ਹੋਇਆ ਹੈ।

ਜੰਗ, ਜਸ਼ਨ ਤੇ ਜੁਗਨੂੰ ਸੁਖਵਿੰਦਰ ਕੰਬੋਜ ਦਾ ਚੌਥਾ ਕਾਵਿ ਸੰਗ੍ਰਹਿ ਹੈ। ਇਸ ਸੰਗ੍ਰਿਹ ਦੀਆਂ ਕੁਲ 47 ਕਵਿਤਾਵਾਂ ਵਿਚੋਂ 29 ਕਵਿਤਾਵਾਂ ਵਿਚ ਸਿੱਧੇ ਤੌਰ ’ਤੇ ਸ਼ਾਇਰ, ਕਵਿਤਾ, ਸ਼ਬਦ ਦੇ ਚਿੰਤਨ ਮੰਥਨ ਵੱਖਰਾ ਤਰਕ ਪ੍ਰਵਚਨ ਉਭਰਦਾ ਹੈ। ਇਸ ਤੋਂ ਪਹਿਲਾਂ ਉਸਦੇ ਕ੍ਰਮਵਾਰ ਤਿੰਨ ਕਾਵਿ ਸੰਗ੍ਰਹਿ ‘ਨਵੇਂ ਸੂਰਜ’, ‘ਜਾਗਦੇ ਅੱਖਰ’ ਅਤੇ ‘ਇਕੋ ਜਿਹਾ ਦੁੱਖ’ ਪ੍ਰਕਾਸ਼ਿਤ ਹੋ ਚੁੱਕੇ ਹਨ। ਇਸ ਤੋਂ ਇਲਾਵਾ ਉਸਦੀ ਪਿਛਲੀ ਸਮੁੱਚੀ ਕਾਵਿ-ਰਚਨਾ ‘ਉਮਰ ਦੇ ਇਸ ਮੋੜ ਤੀਕ’ ਸਿਰਲੇਖ ਅਧੀਨ ਪ੍ਰਕਾਸ਼ਿਤ ਹੋ ਚੁੱਕੀ ਹੈ। ਜੇਕਰ ਸੁਖਵਿੰਦਰ ਕੰਬੋਜ ਦੀ ਹੁਣ ਤੱਕ ਦੀ ਸਮੁੱਚੀ ਸ਼ਾਇਰੀ ਦਾ ਅਧਿਐਨ ਕੀਤਾ ਜਾਵੇ ਤਾਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਸੁਖਵਿੰਦਰ ਕੰਬੋਜ ਇਕ ਪ੍ਰਤੀਬੱਧ ਕਵੀ ਹੈ, ਜੋ ਜਮਾਤੀ ਨਜ਼ਰੀਏ ਤੋਂ ਕਾਵਿ ਸਿਰਜਦਾ ਹੈ। ਉਸਦੀ ਕਵਿਤਾ ਦਾ ਮੂਲ ਆਧਾਰ ਮਾਰਕਸਵਾਦੀ ਦ੍ਰਿਸ਼ਟੀਕੋਣ ਹੈ। ਜਿਸ ਕਰਕੇ ਸਮਕਾਲੀ ਪਰਸਥਿਤੀਆਂ ਵਿਚ ਵਿਸ਼ੇਸ਼ ਮਹੱਤਵ ਰੱਖਦੀ ਹੈ। ਗਹਿਰ ਗੰਭੀਰ ਸਮਾਜਿਕ ਸਰੋਕਾਰਾਂ ਦੀ ਕਵਿਤਾ ਵਿਚ ਸ਼ਾਇਰ ਦੀ ਆਪਣੀ ਹੀ ਪਹਿਚਾਣ ਹੈ। ਉਸਦੀ ਕਵਿਤਾ ਜਿੱਥੇ ਵਸਤੂ ਅਤੇ ਵਿਚਾਰਧਾਰਾ ਦੇ ਦ੍ਰਿਸ਼ਟੀਕੋਣ ਤੋਂ ਗੌਲਣਯੋਗ ਹੈ, ਨਾਲ ਹੀ ਆਪਣੇ ਵਿਸਤ੍ਰਿਤ ਅਤੇ ਵਿਸ਼ਾਲ ਕਾਵਿ-ਵਸਤੂ ਕਾਰਨ ਇਹ ਕਵਿਤਾ ਹੋਰ ਵੀ ਅਰਥ ਭਰਪੂਰ ਬਣ ਜਾਂਦੀ ਹੈ। ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਕੰਬੋਜ ਦੀ ਵਸਤੂ ਸਮੱਗਰੀ ਦਾ ਵਿਸ਼ਲੇਸ਼ਣ ਕਰਨ ਦੇ ਨਾਲ-ਨਾਲ ਉਸਦੀ ਵਿਲੱਖਣ ਸ਼ੈਲੀ ਬਾਰੇ ਲਿਖਦਾ ਹੈ:

ਸੁਖਵਿੰਦਰ ਕੰਬੋਜ ਦੇ ਜ਼ਿਹਨ ਵਿਚ ਵੇਗਵਾਨ ਜਜ਼ਬਿਆਂ ਦੇ ਇਜ਼ਹਾਰ ਲਈ ਜੋ ਕਸ਼ਮਕਸ਼ ਪੈਦਾ ਹੁੰਦੀ ਹੈ, ਉਸ ਨੂੰ ਢੁੱਕਵੀਂ ਜ਼ੁਬਾਨ ਦੇਣ ਲਈ ਕਵੀ ਨੇ ਅਨੂਠੇ ਸ਼ਬਦ-ਸਭਿਆਚਾਰ ਦੀ ਸਿਰਜਣਾ ਕੀਤੀ ਹੈ। ਇਸ ਨਾਲ ਇਕ ਸਭਿਆਚਾਰ ਦੀ ਸਿਰਜਣਾ ਕੀਤੀ ਹੈ। ਇਸ ਨਾਲ ਇਕ ਪਾਸੇ ਸਮੁੱਚੀ ਕਾਵਿ ਕਿਰਤ ਦੀ ਥੀਮ ਦਾ ਸੰਚਾਰ ਤੇ ਇਜ਼ਹਾਰ ਬਾਖ਼ੂਬੀ ਸੰਪੰਨ ਹੋਇਆ ਹੈ, ਉੱਥੇ ਦੂਜੇ ਪਾਸੇ ਕਵਿਤਾਵਾਂ ਦੇ ਖ਼ਿਅਲਾਤ ਤੇ ਜਜ਼ਬਾਤ ਨਿਖਰ ਸੰਵਰ ਕੇ ਖ਼ੂਬਸੂਰਤ ਬਣ ਗਏ ਹਨ। ਭਾਵ ਤੇ ਭਾਸ਼ਾ ਦਾ ਇਹ ਸੰਤੁਲਨ ਵੇਖਣਯੋਗ ਹੈ।[1] ਆਮ ਭਾਸ਼ਾ ਹੋਣ ਦੇ ਬਾਵਜੂਦ ਵੀ ਸ਼ਾਇਰ ਨੇ ਪੰਜਾਬੀ ਜ਼ਬਾਨ ਦੀ ਪਨਰ- ਵਿਉਂਤਬੰਦੀ ਕੀਤੀ ਹੈ। ਉਸਨੇ ਡੂੰਘੇ ਅਰਥ-ਭਾਵਾਂ ਦਾ



ਸੰਚਾਰ ਤੇ ਇਜ਼ਹਾਰ ਬੜੀ ਨਿਪੁੰਨਤਾ ਨਾਲ ਕੀਤਾ ਹੈ। ਭਾਵੇਂ ਕਿ ਇਕ ਕਵਿਤਾ ਸਿੱਧੇ ਤੌਰ ’ਤੇ ਵਿਦਰੋਹੀ ਸੁਰ ਨਹੀਂ ਅਪਣਾਉਂਦੀ ਪਰੰਤੂ ਇਹ ਆਪਣੀ ਤਿੱਖੀ ਕਟਾਖਸ਼ ਵਿਧੀ ਰਾਹੀਂ ਆਪਣਾ ਮੂਲ ਪ੍ਰਯੋਜਨ ਸਾਕਾਰ ਕਰਦੀ ਨਜ਼ਰ ਆਉਂਦੀ ਹੈ। ਇਸ ਸਿਰਲੇਖ ਵਿਚ ‘ਜੰਗ’ ਅਤੇ ‘ਜਸ਼ਨ’ ਜਿੱਥੇ ਕਾਰਪੋਰੇਟ ਘਰਾਣੇ, ਮਲਟੀਨੈਸ਼ਨਲ ਕੰਪਨੀਆਂ ਦੀਆਂ ਪਾਸਾਰਵਾਦੀ ਕੂਟਨੀਤੀਆਂ ਅਤੇ ਗਰੀਬ ਮੁਲਕਾਂ ਦੇ ਅਥਾਹ ਸ਼ੋਸ਼ਣ ਦਾ ਪ੍ਰਤੀਕ ਹੈ, ‘ਜੁਗਨੂੰ’ ਦਾ ਸ਼ਕਤੀਸ਼ਾਲੀ ਮੈਟਾਫ਼ਰ ਇਸ ਹਨੇਰਗਰਦੀ ਅਤੇ ਅੰਧਕਾਰ ਵਿਚ ਕੁਝ ਉਮੀਦ, ਰੌਸ਼ਨੀ ਅਤੇ ਸੰਭਾਵਨਾਵਾਂ ਦਾ ਪ੍ਰਤੀਕ ਵੀ ਹੈ। ਇਸ ਕਾਵਿ ਸੰਗ੍ਰਹਿ ਵਿਚ ਮਾਨਵੀ ਜੀਵਨ ਦੇ ਮੂਲ ਮਸਲਿਆਂ ਤੋਂ ਲੈ ਕੇ ਅੰਤਰਰਾਸ਼ਟਰੀ ਪੱਧਰ ਦੇ ਮਹੱਤਵਪੂਰਨ ਮਸਲਿਆਂ ਅਤੇ ਸਰੋਕਾਰਾਂ ਨੂੰ ਬੜੀ ਢੁੱਕਵੀਂ ਅਭਿਵਿਅਕਤੀ ਮਿਲੀ ਹੈ। ਇਸ ਕਾਵਿ-ਸੰਗ੍ਰਿਹ ਵਿਚ ਕਵੀ ਨੇ ਜਿੱਥੇ ਆਪਣੇ ਮਨੋਭਾਵਾਂ ਅਤੇ ਜਜ਼ਬਿਆਂ ਨੂੰ ਖ਼ੂਬਸੂਰਤ ਢੰਗ ਨਾਲ ਪ੍ਰਗਟਾਇਆ ਹੈ, ਉੱਥੇ ਨਾਲ ਹੀ ਹਥਿਆਰਾਂ ਦੇ ਵਪਾਰੀ ਅਮਰੀਕੀ ਸਭਿਆਚਾਰ ਤੇ ਰਾਜਨੀਤੀ ’ਤੇ ਕਰੜਾ ਵਿਅੰਗ ਕੱਸਿਆ ਹੈ। ਉਸਦੀ ਪਹਿਲੀ ਕਵਿਤਾ ‘ਸਾਮਰਾਜ ਦਾ ਸਭਿਆਚਾਰ’ ਉਸਦੇ ਕਾਵਿ ਪ੍ਰਯੋਜਨ ਦੇ ਨਾਲ-ਨਾਲ ਕਾਵਿ-ਵਸਤੂ ਦੇ ਵਿਸ਼ਾਲ ਪਾਸਾਰਾਂ ਵੱਲ ਵੀ ਸੰਕੇਤ ਕਰਦੀ ਹੈ:

ਮਨੁੱਖ ਲਈ ਬੰਬ  
ਤੇ ਕੁੱਤਿਆਂ ਲਈ ਪਿਆਰ  
ਇਹੀ ਤਾਂ ਹੈ  
ਸਾਮਰਾਜ ਦਾ ਸਭਿਆਚਾਰ[2]

ਸੁਖਵਿੰਦਰ ਕੰਬੋਜ ਖੁਲ੍ਹੀ ਕਵਿਤਾ ਦਾ ਸਿਰਜਕ ਤੇ ਚੇਤੰਨ ਸ਼ਾਇਰ ਹੈ। ਇਹ ਨਹੀਂ ਕਿ ਉਹ ਛੰਦ ਦੀ ਮਰਯਾਦਾ ਤੋਂ ਅਣਜਾਣ ਹੈ, ਪਰੰਤੂ ਉਸਨੇ ਜਿਸ ਕੁਸ਼ਲਤਾ ਨਾਲ ਆਪਣੇ ਜਜ਼ਬਾਤ ਖੁਲ੍ਹੀ ਕਵਿਤਾ ਵਿਚ ਬਿਆਨ ਕੀਤੇ, ਸ਼ਾਇਦ ਉਹ ਛੰਦ ਦੀਆਂ ਪਾਬੰਦੀਆਂ ਵਿਚ ਮੱਧਮ ਪੈ ਜਾਂਦੇ। ਉਹ ਕੇਵਲ ਸੈਰ-ਸਪਾਟੇ ਨਾਲ ਸਬੰਧਿਤ ਕਵਿਤਾਵਾਂ ਲਿਖਣ ਦਾ ਸ਼ੌਕੀਨ ਨਹੀਂ ਸਗੋਂ ਕਵਿਤਾ ਵਿਚ ਸੰਵਾਦ ਰਚਾਉਣ ਦਾ ਵੀ ਯਤਨ ਕਰਦਾ ਹੈ। ਕਈ ਵਾਰ ਉਸਦੀ ਕਵਿਤਾ ਸੰਵਾਦਕ ਸੁਰ ਗ੍ਰਹਿਣ ਕਰ ਲੈਂਦੀ ਹੈ। ਇਸ ਕਾਵਿ ਸੰਗ੍ਰਿਹ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਅਮਰੀਕੀ ਸੁਪਰ ਪਾਵਰ ਦੇ ਤਬਾਹਕੁੰਨ ਅਤੇ ਹਿੰਸਕ ਵਰਤਾਰਿਆਂ ’ਤੇ ਫੋਕਸ ਕਰਦੀਆਂ ਹਨ। ਕਈ ਜੀਵਨ ਦੇ ਲਘੂ ਸਰੋਕਾਰਾਂ ਜਾਂ ਅੰਤਰਰਾਸ਼ਟਰੀ ਪੱਧਰ ਦੇ ਸਰੋਕਾਰਾਂ ਨੂੰ ਛੂਹ ਰਿਹਾ ਹੋਵੇ। ਉਸਦੀ ਕਵਿਤਾ ਰਾਜਨੀਤੀ ਚੇਤਨਾ ਦਾ ਸੰਚਾਰ ਕਰਦੀ ਹੋਈ ਪਾਠਕ ਨੂੰ ਵਿਸ਼ਾਲ ਪਾਸਾਰਾਂ ਨਾਲ ਜੋੜ ਦਿੰਦੀ ਹੈ। ਕੰਬੋਜ ਦਾ ਕਾਵਿ ਨਾਇਕ ਲੰਬੇ ਸਮੇਂ ਤੋਂ ਅਮਰੀਕਾ ਵਿਚ ਰਹਿ ਰਿਹਾ ਹੈ ਪਰ ਇਸਦੇ ਬਾਵਜੂਦ ਵੀ ਉਸਦੀ ਹਮਦਰਦੀ ਉਨ੍ਹਾਂ ਦੇਸ਼ਾਂ ਅਤੇ ਲੋਕਾਂ ਨਾਲ ਹੈ, ਜਿਨ੍ਹਾਂ ਦੀ ਅਮਰੀਕੀ ਰਾਜਨੀਤਕ ਪ੍ਰਬੰਧ ਨੇ ਨੀਂਦ ਹਰਾਮ ਕੀਤੀ ਹੋਈ ਹੈ। ਉੱਥੇ ਹਥਿਆਰਾਂ ਦੇ ਵਪਾਰੀ ਅਮਰੀਕਾ ਦੀਆਂ ਵੱਖ-ਵੱਖ ਹਿੰਸਕ ਪਰਤਾਂ ਨੂੰ ਫਰੋਲਦਾ ਹੋਇਆ ਇਸੇ ਪਿੱਛੇ ਕਾਰਜਸ਼ੀਲ ਪਰੰਪਰਾ ਅਤੇ ਰਾਜਨੀਤੀ ਨੂੰ ਸਾਹਮਣੇ ਲੈ ਕੇ ਅਉਣ ਦਾ ਯਤਨ ਕਰਦਾ ਹੈ। ਉਸਦੀ ‘ਇਕ ਸੰਵਾਦ’ ਨਜ਼ਮ ਦਾ ਬਹੁਪਾਸਾਰੀ ਸੰਵਾਦ ਅਮਰੀਕੀ ਰਾਜਨੀਤੀ ਦੀਆਂ ਗੁੱਝੀਆਂ ਨੀਤੀਆਂ ’ਤੇ ਸੱਟ ਮਾਰਦਾ ਇਉਂ ਬਿਆਨ ਕਰਦਾ ਹੈ:

ਜੇ ਤੁਸੀ ਮੇਰੀ ਉਸਾਰੂ ਰੂਹ ਹੀਣ ਸਭਿਅਤਾ ਦੀ  
ਸਿਫ਼ਤ ਨਹੀਂ ਕਰਨੀ

ਤਾਂ ਫਿਰ ਇੱਥੇ ਕੀ ਕਰਦੇ ਹੋ ?
ਹਾਂ ! ਮੈਂ ਤੈਨੂੰ ਮੁਖ਼ਾਤਿਬ ਹਾਂ ਸੁਖਵਿੰਦਰ ਕੰਬੋਜ
ਜਾਓ ਉਸ ਨਰਕ ਵਿਚ ਜਿੱਥੋਂ ਆਏ ਸਾਓ ?[3]

ਉਸਦੀ ਕਾਵਿਕ ਸਮਰੱਥਾ ਕੁੜੱਤਣ ਤੇ ਤੜਪ ਨੂੰ ਮੈਂ-ਮੂਲਕ ਕਾਵਿ ਵਿਧੀ ਰਾਹੀਂ ਜ਼ੁਬਾਨ ਦੇਣ ਵਿਚ ਹੈ। ਲਗਭਗ ਸਮੁੱਚੀ ਕਵਿਤਾ ਮੈਂ-ਮੂਲਕ ਵਿਧੀ ਦੀ ਧਾਰਨੀ ਹੈ। ਉਸਦੀ ਸੰਬੋਧਨੀ ਵਿਧੀ ਵੀ ਇਸ ਮੈਂ-ਮੂਲਕ ਪ੍ਰਵਚਨ ਦੀ ਸੂਚਕ ਹੈ। ਬੇਸ਼ੱਕ ਗਰੀਬ ਦੇਸ਼ਾਂ 'ਚੋਂ ਵਿਦੇਸ਼ ਗਏ ਪਰਵਾਸੀ ਆਰਥਿਕ ਪੱਖੋਂ ਖ਼ੁਸ਼ਹਾਲ ਅਤੇ ਸਾਧਨ-ਸੰਪੰਨ ਹੋ ਗਏ ਹਨ, ਇਹਨਾਂ ਦੇ ਬਾਵਜੂਦ ਵੀ ਉਨ੍ਹਾਂ ਦੇ ਮਨਾਂ ਦੇ ਵਿਚ ਅਸੁਰੱਖਿਅਤ ਦੀ ਭਾਵਨਾ ਬਣੀ ਰਹਿੰਦੀ ਹੈ। ਭਾਵੇਂ ਭੂ-ਹੇਰਵਾ, ਅਜਨਬੀਅਤ ਅਤੇ ਨਸਲਵਾਦ ਹੁਣ ਪਰਵਾਸੀ ਪੰਜਾਬੀ ਕਵਿਤਾ ਦੇ ਮੂਲ ਸਰੋਕਾਰ ਨਹੀਂ ਰਹੇ ਪਰ ਫਿਰ ਵੀ ਇਹ ਵਰਤਾਰਾ ਕਿਸੇ ਨਾ ਕਿਸੇ ਰੂਪ ਵਿਚ ਜੁੜਿਆ ਰਹਿੰਦਾ ਹੈ:

ਮੈਂ ਇਕ ਆਮ ਜਿਹਾ ਅਮਰੀਕੀ ਸ਼ਹਿਰੀ ਹਾਂ
ਮੇਰਾ ਕਿਸੇ ਨਾਲ ਵੈਰ ਨਹੀਂ
ਮੇਰਾ ਨਹੀਂ ਖ਼ਿਆਲ ਕਿ ਮੈਂ ਕਿਸੇ ਨਾਲ ਉੱਚੀ
ਬੋਲਿਆ ਹੋਵਾਂ
ਪਰ ਹਮੇਸ਼ਾ ਇਕ ਸਹਿਮ 'ਚ ਜਿਉਂਦਾ ਹਾਂ[4]

ਸੁਖਵਿੰਦਰ ਕੰਬੋਜ ਦੀ ਕਵਿਤਾ ਵਿਚ ਵਸਤੂ, ਵਿਚਾਰਧਾਰਾ ਅਤੇ ਕਾਵਿ-ਸੁਹਜ ਤਿੰਨੇ ਰਚੇ-ਮਿਚੇ ਹੋਏ ਹਨ ਅਤੇ ਮਾਨਵੀ ਸੰਵੇਦਨਾਵਾਂ ਨੂੰ ਧੁਰ ਅੰਦਰੋਂ ਟੁੰਬਣ ਦੀ ਸਮਰੱਥਾ ਰੱਖਦੀ ਹੈ। ਕੰਬੋਜ ਦਾ ਕਾਵਿ ਨਾਇਕ ਇਕ ਖਿੱਤੇ ਦਾ ਹੀ ਕਾਵਿ ਨਾਇਕ ਨਹੀਂ ਸਗੋਂ ਉਹ ਗਲੋਬਲ ਪਿੰਡ ਦਾ ਉਹ ਬੇਘਰ ਬਾਸ਼ਿੰਦਾ ਹੈ ਜਿਹੜਾ ਸਦੀਆਂ ਤੋਂ ਆਪਣੀਆਂ ਜੜ੍ਹਾਂ ਦੀ ਤਲਾਸ਼ ਵਿਚ ਭਟਕਦਾ ਹੈ। ਉਸ ਕੋਲ ਸੰਘਰਸ਼ ਅਤੇ ਲੋਕ-ਯੁੱਧ ਦਾ ਗੌਰਵਸ਼ਾਲੀ ਇਤਿਹਾਸ ਹੈ। ਇਸ ਕਵਿਤਾ ਵਿਚ ਜਿੱਥੇ ਕਵੀ ਵਾਰ-ਵਾਰ ਆਪਣੇ ਸਮਜਵਾਦੀ ਸੁਪਨਿਆਂ ਦੀ ਪਿੱਠਭੂਮੀ ਵਿਚ ਉਤਰਦਾ ਹੋਇਆ, ਇਨ੍ਹਾਂ ਨੂੰ ਸਾਕਾਰ ਰੂਪ ਵਿਚ ਵੇਖਣਾ ਚਾਹੁੰਦਾ ਹੈ, ਨਾਲ ਹੀ ਵਿਸ਼ਵ ਭਰ ਵਿਚ ਤੀਲਾ-ਤੀਲਾ ਹੋ ਕੇ ਬਿਖਰ ਰਹੀਆਂ ਲੋਕ ਲੋਕ ਲਹਿਰਾਂ ਨੂੰ ਮੁੜ ਸੰਗਠਿਤ ਅਤੇ ਸ਼ਕਤੀਸ਼ਾਲੀ ਹੋ ਕੇ ਉਭਰਨਾ ਲੋਚਦਾ ਹੈ:

ਹੁਣ ਕਿੱਥੇ ਵਿਹਲਾ ਬੈਠ ਸਕਦਾ ਹੈ
ਉ ਕਵੀਆ
ਬੋਝੇ 'ਚ ਲੈ ਕੇ ਅੱਧ ਲਿਖੀਆਂ ਕਵਿਤਾਵਾਂ
ਮੱਥੇ 'ਚ ਵੱਜੇ ਜੰਗ ਦੇ ਬਿਗਲ ਲੈ ਕੇ
ਰਾਤਾਂ ਨੂੰ ਕਿੰਝ ਸੌਂ ਸਕਦਾ ਏਂ ਮੇਰੇ ਘਰ[5]

ਕਵਿਤਾ 'ਜੰਗ, ਜਸ਼ਨ ਤੇ ਜੁਗਨੂੰ' ਵਿਚ ਸ਼ਾਇਰ ਵੱਖਰਾ ਪ੍ਰਵਚਨ ਸਿਰਜਦਾ ਹੈ, ਜਿਸ ਵਿਚ ਤਿਕੋਣੇ ਸੰਵਾਦ ਦੌਰਾਨ ਪਹਿਲੀ ਧਿਰ ਸਭ ਕੁਝ ਤਬਾਹ ਕਰਨ ਦੇ ਗਰੂਰ ਵਿਚ ਹੈ। ਦੂਜੀ ਧਿਰ ਜਸ਼ਨ ਦੇ ਜਲੌਅ ਵਿਚ ਤੇ ਤੀਜੀ ਧਿਰ ਜੋ ਜਸ਼ਨ ਨੂੰ ਵੇਖ ਰਹੇ ਲੋਕਾਂ ਦੇ ਰੋਹ ਦੀ ਚਿਣਗ ਹੈ। ਇਸ ਚਿਣਗ ਦਾ ਮੱਘਣਾ ਸ਼ਇਰ ਦੀ ਇੱਛਾ ਹੀ ਨਹੀਂ, ਸਗੋਂ ਵਿਸ਼ਵਾਸ ਵੀ ਹੈ:

ਹਨੇਰੀਆਂ ਪਰਤਾਂ ਦੇ ਪਰ ਬਣ
ਜੁਗਨੂਆਂ ਦਾ ਪਰਤਣਾ



ਲੋਅ ਦਾ ਉਦੈ ਹੋਣਾ
ਜੁਗਨੂੰ ਜ਼ਰੂਰ ਪਰਤਣਗ[6]

ਸੁਖਵਿੰਦਰ ਕੰਬੋਜ ਸ਼ਾਇਰੀ ਨੂੰ ਲਗਾਤਾਰ ਇਕ ਭਰਪੂਰ ਸਿਰਜਾਣਤਮਕ ਸੋਮੇ ਵਜੋਂ ਮਾਣਦਾ ਹੈ। ਸ਼ਬਦ ਸ਼ਕਤੀ, ਮਨੁੱਖੀ ਵਜੂਦ ਤੇ ਕਵਿਤਾ ਦੇ ਸੰਦੇਸ਼ ਉਸਦੀ ਚੇਤਨਾ ਅਤੇ ਚਿੰਤਨ ਦੇ ਸ਼ਕਤੀਸ਼ਾਲੀ ਆਧਾਰ ਬਣੇ ਰਹਿੰਦੇ ਹਨ। ਉਹ ਕਵਿਤਾ ਲਿਖ ਜਾਂ ਨਾ ਲਿਖ ਸਕਣ ਦੀਆਂ ਰੁਕਾਵਟਾਂ-ਮਜਬੂਰੀਆਂ ਨਾਲ ਹਰ ਪਲ ਉਲਝਦਾ-ਸੁਲਝਦਾ ਹੈ। ਪਰਵਾਸੀ ਬੰਦੇ ਲਈ ਕਵਿਤਾ ਲਿਖਣੀ ਹੋਰ ਵੀ ਔਖੀ ਤੇ ਮਹਿੰਗੀ ਆਦਤ ਹੋ ਨਿਬੜਦੀ ਹੈ। ਉਹ ਲਗਾਤਾਰ ਕਵਿਤਾ ਦੇ ਸਰੋਤਾਂ ਦੇ ਮੁੱਕਣ ਪ੍ਰਤੀ ਫ਼ਿਕਰਮੰਦੀ ਵਿਅਕਤ ਕਰਦਾ ਹੈ:

ਬਾਜ਼ਾਰ-ਮਾਲ ਤੋਂ ਤੁਰਦਾ ਫਿਰਦਾ
ਬੱਚਿਆਂ ਨਾਲ਼-ਬੀਵੀਆਂ ਨਾਲ਼
ਘਰਾਂ 'ਚ ਅੱਪੜ ਗਿਆ
ਹੁਣ ਤੁਸੀਂ ਹੀ ਦੱਸੋ ਪਾਠਕ ਜਨ
ਕਿਵੇਂ ਲਿਖਾ ਮੈਂ
ਸ਼ਗਨਾਂ ਭਰੀ ਕਵਿਤਾ ?[7]

ਕਵੀ ਆਪਣੀ ਜਵਾਨੀ ਵੇਲ਼ੇ ਤੋਂ ਹੀ ਸਮਾਜਵਾਦੀ ਸੁਪਨੇ ਨਾਲ ਪਰਣਾਇਆ ਹੋਇਆ ਹੈ। ਸਮਾਂ ਗੁਜ਼ਰਦਾ ਗਿਆ, ਸੰਸਾਰ ਦੀਆਂ ਸਮਾਜਿਕ, ਸਭਿਆਚਾਰਕ ਅਤੇ ਰਾਜਨੀਤਕ ਹਾਲਾਤ ਹੋਰ ਵੀ ਭਿਅੰਕਰ ਹੋ ਜਾਂਦੇ ਹਨ। ਪਰ ਫਿਰ ਵੀ ਕਵੀ ਅੰਦਰ ਇਸ ਸੁਪਨੇ ਦੇ ਸਾਕਾਰ ਹੋਣ ਦੀ ਆਸ ਬਣਦੀ-ਟੁੱਟਦੀ ਰਹਿੰਦੀ ਹੈ। ਉਸ ਅੰਦਰ ਇਕ ਆਸ ਬਣੀ ਰਹਿੰਦੀ ਹੈ। ਕਵਿਤਾ ਵਿਚ ਜਿੱਥੇ ਕਵੀ ਸਮਾਜਵਾਦੀ ਸੁਪਨਿਆਂ ਨੂੰ ਸਾਕਾਰ ਹੁੰਦਾ ਵੇਖਣਾ ਚਾਹੁੰਦਾ ਹੈ ਨਾਲ ਹੀ ਲੋਕ ਲਹਿਰਾਂ ਬਣਨ ਦੀ ਇੱਛਾ ਵੀ ਪ੍ਰਗਟ ਕਰਦਾ ਹੈ। ਉਸਦੀ ਕਵਿਤਾ ਨਿੱਜ, ਘਰ-ਪਰਿਵਾਰ, ਦੇਸ਼ ਅਤੇ ਪਰਵਾਸ ਦੇ ਦੁਆਲੇ ਘੁੰਮਦੀ ਹੈ। ਡਾ. ਰਜਿੰਦਰ ਪਾਲ ਸਿੰਘ ਬਰਾੜ ਦਾ ਮੰਨਣਾ ਹੈ ਕਿ ਅਸਲ ਵਿਚ ਤਾਂ ਸਾਰੀ ਪਰਵਾਸੀ ਕਵਿਤਾ ਹੀ ਜੜ੍ਹ ਅਤੇ ਪੰਛੀ ਦੋ ਮੈਟਾਫ਼ਰ ਦੁਅਲੇ ਘੁੰਮਦੀ ਹੈ। ਪਰਵਾਸੀ ਦੇ ਅਵਚੇਤਨ ਵਿਚ ਜੜ੍ਹ ਅਤੇ ਪਰਵਾਸ ਵਾਰ-ਵਾਰ ਆਉਂਦੇ ਹਨ। ਇਹੀ ਮੈਟਾਫਰ ਸੁਪਨਿਆਂ ਦੀ ਸਿਰਜਣਾ ਕਰਦੇ ਹਨ।[8] ਸ਼ਾਇਰ ਵੀ ਅਮਰੀਕਾ ਦੇ ਦੂਜੇ ਮੁਲਕਾਂ ਨਾਲ ਵਪਾਰਕ ਸਬੰਧਾਂ, ਵਿਦੇਸ਼ ਨੀਤੀਆਂ ਨੂੰ ਕੇਂਦਰ ਵਿਚ ਲੈ ਕੇ ਆਉਂਦਾ ਹੈ। ਉਸਦੀ ਨਜ਼ਮ 'ਅਮਰੀਕੀ ਸੁਪਨਾ' ਇਸ ਪ੍ਰਸੰਗ ਵਿਚ ਜ਼ਿਕਰਯੋਗ ਹੈ:

ਮੈਂ ਹੈਰਾਨ ਹਾਂ
ਕਿਹੋ ਜਿਹਾ ਹੈ ਇਹ ਅਮਰੀਕੀ ਸੁਪਨਾ
ਜੋ ਦੁਨੀਆ ਦੇ ਹਰ ਖਿੱਤੇ 'ਚ ਜੰਗ
ਛੇੜ ਕੇ ਵੀ
ਆਦਮੀ ਦੀ ਕੀਮਤ
ਇਕ ਲਾਟਰੀ ਮਿੱਥਦਾ ਹ[9]

ਸ਼ਾਇਰ ਦੇ ਪ੍ਰਤੀਕ ਉਸਦੇ ਕਾਵਿ ਵਿਚ ਨਵੀਆਂ ਸੰਭਾਵਨਾਵਾਂ ਜਾਗ੍ਰਿਤ ਕਰਦੇ ਹਨ। ਇਨ੍ਹਾਂ ਦੁਆਰਾ ਬਹੁ-ਅਰਥਕਤਾ ਦਾ ਗੁਣ ਪੈਦਾ ਹੋ ਜਾਂਦਾ ਹੈ। ਉਸਦੇ ਕੁਝ ਇਕ ਪ੍ਰਮੁਖ ਪ੍ਰਤੀਕ ਲਾਲ

ਕਿਲ੍ਹਾ, ਕਪਲ ਵਸਤੂ ਦਾ ਸੁੰਨਾ ਹਨੇਰਾ, ਪਾਪ ਦੀ ਜੰਨ, ਧੁੱਪ ਦਾ ਕਾਸ਼ਨੀ ਟੋਟਾ, ਜ਼ਿੰਦਗੀ ਦੀਆਂ ਕਿਆਰੀਆਂ, ਟੈਰੀਕਾਟ ਦੇ ਝੱਗੇ, ਗਲੋਬਲ ਪਿੰਡ ਦਾ ਰਥ ਆਦਿ ਹਨ। ਉਸਦੀ ਸ਼ਾਇਰੀ ਦਾ ਇਕ ਹੋਰ ਗੁਣ ਭਾਵੁਕਤਾ ਅਤੇ ਬੌਧਿਕਤਾ ਦੇ ਦਰਮਿਆਨ ਇਕ ਸੰਤੁਲਨ ਸਿਰਜਣਾ ਹੈ। ਇਉਂ ਉਹ ਭਾਵੁਕਤਾ ਅਤੇ ਬੌਧਿਕਤਾ ਦੀ ਦੋਧਾਰੀ ਤਲਵਾਰ ਨਾਲ ਕਾਵਿ ਦੀ ਸਿਰਜਣਾ ਕਰਦਾ ਹੈ। ਇਹੀ ਕਾਰਨ ਹੈ ਕਿ ਮਧਵਰਗੀ ਪਾਠਕ ਨੂੰ ਉਸਦਾ ਅੰਦਾਜ਼ ਚੰਗਾ ਲੱਗਦਾ ਹੈ। ਪਾਸ਼ ਵੀ ਇਸੇ ਰੰਗ ਦੀ ਸ਼ਾਇਰੀ ਕਰਦਾ ਸੀ। ਮੂਲ ਰੂਪ ਵਿਚ ਉਸਦੀ ਕਵਿਤਾ ਸੂਝ, ਸੰਵੇਦਨਸ਼ੀਲਤਾ ਅਤੇ ਸੂਖ਼ਮਤਾ ਨਾਲ ਫ਼ਿਰਕੂ ਜਨੂੰਨ ਅਤੇ ਧਾਰਮਿਕ ਕੱਟੜਤਾ ਦੀਆਂ ਤਹਿਆਂ ਫਰੋਲਦੀਆਂ ਹਨ।

'ਜੰਗ ਜਸ਼ਨ ਤੇ ਜੁਗਨੂੰ' ਕਾਵਿ-ਸੰਗ੍ਰਿਹ ਦੀ ਸਮੁੱਚੀ ਕਵਿਤਾ ਦਾ ਅਧਿਐਨ ਕਰਦਿਆਂ ਸਪੱਸ਼ਟ ਹੋ ਜਾਂਦਾ ਹੈ ਕਿ ਸੁਖਵਿੰਦਰ ਕੰਬੋਜ ਨੇ ਪੰਜਾਬੀ ਕਾਵਿ ਪਰੰਪਰਾ ਵਿਚ ਆਪਣਾ ਵਿਸ਼ੇਸ਼ ਮੁਕਾਮ ਹਾਸਿਲ ਕੀਤਾ ਹੈ। ਉਹ ਪੰਜਾਬੀ ਕਵਿਤਾ ਦਾ ਇਕ ਪ੍ਰਤੀਬੱਧ ਅਤੇ ਸਮਰੱਥ ਸ਼ਾਇਰ ਹੈ ਜਿਸਦੀ ਕਵਿਤਾ ਮਾਨਵੀ ਜੀਵਨ ਦੇ ਮਹੱਤਵਪੂਰਨ ਸਰੋਕਾਰਾਂ ਨਾਲ ਜੁੜ੍ਹੀ ਹੋਈ ਹੈ। ਉਹ ਆਧੁਨਿਕ ਪੂੰਜੀਵਾਦੀ ਯੁੱਗ ਵਿਚ ਕਾਵਿ ਦੀ ਭੂਮਿਕਾ ਨੂੰ ਲੈ ਕੇ ਨਿਰੰਤਰ ਸੋਚਵਾਨ ਰਹਿੰਦਾ ਹੈ। ਸੁਰਜੀਤ ਜੱਜ ਲਿਖਦਾ ਹੈ ਕਿ ਸੁਖਵਿੰਦਰ ਕੰਬੋਜ ਦੀ ਸ਼ਾਇਰੀ ਪੜ੍ਹਦਿਆਂ ਇਹ ਅਹਿਸਾਸ ਸਹਿਜੇ ਹੀ ਹੋ ਜਾਂਦਾ ਹੈ ਕਿ ਉਹ ਮਹਿਜ਼ ਵੱਖਰੇ ਦਿਸਣ ਲਈ ਫ਼ੈਸ਼ਨ ਵਜੋਂ ਕੁਝ ਨਵਾਂ ਤੇ ਅਲੋਕਾਰ ਨਹੀਂ ਸਿਰਜਦਾ ਬਲਕਿ ਉਹਦੀ ਰਚਨਾਕਾਰੀ ਹਰ ਪੜਾਅ 'ਤੇ ਪ੍ਰਾਪਤ ਵਸਤੂ-ਸਥਿਤੀ ਨਾਲ ਸੰਬਾਦਕ ਸੰਬੰਧਾਂ ਵਿਚ ਵਿਚਰਦੀ ਹੋਈ, ਸਾਰਥਿਕ ਉਦੇਸ਼ ਦੀ ਪੂਰਤੀ ਵੱਲ ਸੇਧਤ ਰਹਿੰਦੀ ਹੈ।[10] ਉਸਦਾ ਕਾਵਿ-ਸੰਵਾਦ ਬੜੀ ਗਹਿਰੀ ਅਤੇ ਸ਼ਕਤੀਸ਼ਾਲੀ ਕਵਿਤਾ ਵਿਚ ਰੂਪਾਂਤਰਿਤ ਹੋ ਕੇ ਬੜੀ ਗਹਿਰੀ ਕਾਵਿ-ਸੰਵੇਦਨਾ ਅਤੇ ਚੇਤਨਾ ਦਾ ਪ੍ਰਗਟਾਵਾ ਕਰਦਾ ਹੈ। ਉਹ ਚਾਹੁੰਦਾ ਹੈ ਕਿ ਕਾਵਿ ਦੇ ਮਾਧਿਅਮ ਰਾਹੀਂ ਲੋਕਾਈ ਚੇਤੰਨ ਹੋਵੇ ਤੇ ਬਦਲਾਅ ਲਈ ਸੰਘਰਸ਼ ਵਿਚ ਡਟੇ ਰਹਿਣ। ਉਸਦੀ ਕਵਿਤਾ ਨੂੰ ਕੇਵਲ ਪਰਵਾਸੀ ਕਵਿਤਾ ਦੇ ਹਵਾਲੇ ਨਾਲ ਨਹੀਂ ਸਮੇਟਿਆ ਜਾ ਸਕਦਾ ਬਲਕਿ ਉਹ ਪੰਜਾਬੀ ਕਾਵਿ ਦੀ ਮੁਖ-ਧਾਰਾ ਦਾ ਨਾਮਵਰ ਹਸਤਾਖ਼ਰ ਹੈ।

**ਹਵਾਲੇ ਤੇ ਟਿੱਪਣੀਆਂ**

[1] ਡਾ. ਪ੍ਰੇਮ ਪ੍ਰਕਾਸ਼ ਸਿੰਘ, ਉਮਰਾਂ ਦੇ ਇਸ ਮੋੜ ਤੀਕ, ਚੇਤਨਾ ਪ੍ਰਕਾਸ਼ਨ, ਲੁਧਿਆਣਾ,2005, ਪੰਨਾ

[2] ਸੁਖਵਿੰਦਰ ਕੰਬੋਜ, ਜੰਗ, ਜਸ਼ਨ ਤੇ ਜੁਗਨੂੰ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2017, ਪੰਨਾ-21 [3] ਉਹੀ, ਪੰਨਾ-22 [4] ਉਹੀ, ਪੰਨਾ-106 [5] ਉਹੀ, ਪੰਨਾ-83 [6] ਉਹੀ ਪੰਨਾ-35 [7] ਉਹੀ, ਪੰਨਾ-78

[8] ਡਾ. ਰਾਜਿੰਦਰ ਪਾਲ ਸਿੰਘ ਬਰਾੜ (ਮੁਖ ਸੰਪਾਦਕ), ਪੰਜਾਬੀ ਡਾਇਸਪੋਰਾ ਸਾਹਿਤ ਅਤੇ ਸਭਿਆਚਾਰ, ਪਬਲੀਕੇਸ਼ਨ ਬਿਊਰੋ, ਪਟਿਆਲਾ, 2012, ਪੰਨਾ-4

[9] ਸੁਖਵਿੰਦਰ ਕੰਬੋਜ, ਜੰਗ, ਜਸ਼ਨ ਤੇ ਜੁਗਨੂੰ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2017, ਪੰਨਾ-100

[10] ਸੁਰਜੀਤ ਜੱਜ, ਜੰਗ, ਜਸ਼ਨ ਤੇ ਜੁਗਨੂੰ (ਸਰਵਰਕ), ਚੇਤਨਾ ਪ੍ਰਕਾਸ਼ਨ, ਲੁਧਿਆਣਾ, -2017



## ਔਰਤ ਹੋਣੀ ਦਾ ਪ੍ਰਵਚਨ-ਸੇਜ ਸੁਖਾਲੀ ਕਾਮਨਿ/ਬਲਜੀਤ ਕੌਰ

ਅੱਠਵੇਂ ਦਹਾਕੇ ਵਿਚ ਪੰਜਾਬੀ ਕਹਾਣੀ ਦੇ ਖੇਤਰ ਵਿਚ ਕੁਝ ਅਜਿਹੇ ਨਾਮਵਰ ਕਹਾਣੀਕਾਰ ਸਾਹਮਣੇ ਆਏ ਜਿਨ੍ਹਾਂ ਦੀ ਕਹਾਣੀ ਸਾਡੇ ਸੱਤਵੇਂ ਦਹਾਕੇ ਦੀ ਕਹਾਣੀ ਨਾਲੋ ਨਿਖੜੀ ਹੋਈ ਤਾਂ ਭਾਵੇਂ ਨਹੀਂ, ਪ੍ਰੰਤੂ ਨਿਖਰੀ ਹੋਈ ਜ਼ਰੂਰ ਹੈ। ਆਰਥਿਕਤਾ ਜਿਨਸੀਅਤਾ, ਦਲਿਤ ਵਰਗ ਦੀ ਮਾਨਸਿਕਤਾ ਤੇ ਔਰਤ ਹੋਣੀ ਅਜਿਹੇ ਸਰੋਕਾਰ ਹਨ ਜਿਨ੍ਹਾਂ ਦੇ ਯਥਾਰਥ ਦੀਆਂ ਇਕ ਤੋਂ ਜ਼ਿਆਦਾ ਪਰਤਾਂ ਤੇ ਪੱਖਾਂ ਨੂੰ ਨਵੇਂ ਕਹਾਣੀਕਾਰਾਂ ਨੇ ਆਪਣੀਆਂ ਕਹਾਣੀਆਂ ਦੇ ਕੇਂਦਰੀ ਥੀਮ ਵਜੋਂ ਰੂਪਮਾਨ ਕੀਤਾ ਹੈ। ਇਹ ਸਰੋਕਾਰ ਵੀ ਭਾਵੇਂ ਨਵੇਂ ਨਹੀਂ ਹਨ ਪ੍ਰੰਤੂ ਆਪਣੀ ਰਚਨਾਈ ਬਣਤ ਤੇ ਬੁਣਤ ਵਜੋਂ ਨਵੇਂ ਜ਼ਰੂਰ ਹਨ। ਇਨ੍ਹਾਂ ਦੇ ਸੰਚਾਰ ਦੀ ਵਿਧੀ ਜਟਿਲ ਵੀ ਹੈ ਅਤੇ ਵਿਸਥਾਰਮਈ ਵੀ। ਇਹ ਵਿਧੀ ਜਿਸ ਤਰ੍ਹਾਂ ਦੀ ਕਹਾਣੀ ਦਾ ਮਾਡਲ ਸਿਰਜਦੀ ਹੈ, ਉਹ ਰੂਪ ਵਿਧਾ ਵਜੋਂ ਲੰਮੀ ਨਿੱਕੀ ਕਹਾਣੀ ਦਾ ਮਾਡਲ ਹੈ। ਇਨ੍ਹਾਂ ਕਹਾਣੀਕਾਰਾਂ ਵਿਚ ਹੀ ਇਕ ਨਾਂ ਅਤਰਜੀਤ ਦਾ ਹੈ ਜਿਸਦੀ ਕਹਾਣੀ ਇਕ ਵੱਖਰੀ ਨੁਹਾਰ ਰੱਖਦੀ ਹੋਈ ਆਪਣੀ ਨਿਵੇਕਲੀ ਪਹਿਚਾਣ ਵੀ ਸਥਾਪਿਤ ਕਰਦੀ ਹੈ।

ਅਤਰਜੀਤ ਪੰਜਾਬੀ ਕਥਾ-ਸਾਹਿਤ ਨੂੰ ਹੁਣ ਤਕ ਅੱਠ ਕਹਾਣੀ ਸੰਗ੍ਰਹਿ-ਮਾਸਖੋਰੇ (1973), ਟੁਟਦੇ ਬਣਦੇ ਰਿਸ਼ਤੇ (1976), ਅਦਨਾ ਇਨਸਾਨ (1985), ਕਹਾਣੀ ਕੌਣ ਲਿਖੇਗਾ ? (1989), ਅੰਨ੍ਹੀ ਥੇਹ (1996), ਅੰਦਰਲੀ ਔਰਤ (2015), ਕੰਧਾਂ ਤੇ ਲਿਖੀ ਇਬਾਰਤ (2015) ਅਤੇ ਸੇਜ ਸੁਖਾਲੀ ਕਾਮਨਿ (2018) ਦੇ ਚੁੱਕਾ ਹੈ। ਉਸ ਦੀਆਂ ਕਹਾਣੀਆਂ ਦੀ ਵੱਡੀ ਖ਼ੂਬੀ ਇਹ ਹੈ ਕਿ ਇਹ ਨਾ ਤਾਂ ਆਦਰਸ਼ਵਾਦੀ ਸੁਧਾਰਵਾਦੀ ਕਹਾਣੀ ਦੇ ਪੈਗੰਬਰੀ ਸੁਭਾਅ ਦਾ ਅਨੁਕਰਣ ਕਰਦੀਆਂ ਹਨ ਅਤੇ ਨਾ ਹੀ ਪ੍ਰਗਤੀਵਾਦੀ ਕਹਾਣੀ ਦੀਆਂ ਸਿਧਾਂਤ ਤੇ ਪ੍ਰਚਾਰ ਭਾਰੂ ਕਲਾਹੀਣ ਜੁਗਤਾਂ ਦੀਆਂ ਦੋਸ਼ੀ ਬਣਦੀਆਂ ਹਨ।

ਅਤਰਜੀਤ ਦਾ ਵਿਚਾਰ ਅਧੀਨ ਕਹਾਣੀ ਸੰਗ੍ਰਹਿ 'ਸੇਜ ਸੁਖਾਲੀ ਕਾਮਨਿ' (2018) ਵਿਚ ਪ੍ਰਕਾਸ਼ਿਤ ਹੋਇਆ। ਜਿਸ ਵਿਚ ਸ਼ਾਮਲ ਅੱਠ ਕਹਾਣੀਆਂ ਔਰਤ ਨੂੰ ਸਿਰਫ ਕਾਮ ਕਰੀੜਾ ਦਾ ਸਾਧਨ ਮਾਤਰ ਸਮਝ ਕੇ ਉਸਦੀ ਮਰਦ ਪ੍ਰਧਾਨ ਸਮਾਜ ਵਿਚ ਦੂਸਰੇ ਦਰਜੇ 'ਤੇ ਰਹਿਣ ਦੀ ਔਰਤ ਹੋਣੀ ਨਾਲ ਸੰਬੰਧਤ ਹਨ। ਸਾਮੰਤੀ ਸਮਾਜ ਦੀਆਂ ਤਰੱਕ ਗਈਆਂ ਕਦਰਾਂ-ਕੀਮਤਾਂ ਅਜੇ ਵੀ ਉਸ ਉਪਰ ਹਾਵੀ ਹਨ। ਮਰਦਾਊਂ ਹਊਂ ਕਦਾਚਿਤ ਉਸ ਨੂੰ ਬਰਾਬਰੀ ਦਾ ਦਰਜਾ ਦੇਣ ਲਈ ਤਿਆਰ ਨਹੀਂ। ਇਸ ਕਹਾਣੀ ਸੰਗ੍ਰਹਿ ਦੀਆਂ ਸਾਰੀਆਂ ਕਹਾਣੀਆਂ ਕਿਸੇ ਨਾ ਕਿਸੇ ਹਾਲਤ ਵਿਚ ਔਰਤ ਹੋਣੀ ਨਾਲ ਸੰਬੰਧਤ ਹਨ।

ਇਸ ਸੰਗ੍ਰਹਿ ਦੀ ਪਹਿਲੀ ਤੇ ਟਾਈਟਲ ਕਹਾਣੀ 'ਸੇਜ ਸੁਖਾਲੀ ਕਾਮਨਿ' ਵਿਚ ਅਤਰਜੀਤ ਨੇ ਪਿੱਛਲਝਾਤ ਵਿਧੀ ਦੁਆਰਾ ਚੇਤਨਾ ਪ੍ਰਵਾਹ ਜੁਗਤ ਦੀ ਵਰਤੋਂ ਕਰਦਿਆਂ ਜਸਵੰਤ ਕੌਰ ਦੀ ਡਾਵਾਂਡੋਲ ਮਾਨਸਿਕਤਾ ਨੂੰ ਪੇਸ਼ ਕੀਤਾ ਹੈ। ਉਸਨੇ ਜਸਵੰਤ ਕੌਰ ਦੇ ਮਾਨਸਕ ਚਿੱਤਰਪਟ ਤੇ ਵਾਪਰਨ ਵਾਲੀਆਂ ਘਟਨਾਵਾਂ ਤੇ ਬਾਹਰੀ ਜਗਤ ਵਿਚ ਵਾਪਰੀਆਂ ਘਟਨਾਵਾਂ ਨੂੰ ਵੀ ਵਿਅਕਤ ਕੀਤਾ ਹੈ। ਜਸਵੰਤ ਕੌਰ ਦਾ ਪੂਰਨ ਗੁਰਸਿੱਖ, ਰਹਿਤ-ਮਰਿਆਦਾ ਦੇ ਧਾਰਨੀ ਸਰਦਾਰ ਬਸੰਤ ਸਿੰਘ ਦੇ ਪੁੱਤਰ ਅਵਤਾਰ ਸਿੰਘ ਨਾਲ ਰਿਸ਼ਤਾ ਤੈਅ ਹੋ ਜਾਣ 'ਤੇ ਦੁਨੀਆਂ ਭਰ

ਦੀ ਸਚਿਆਰਗੀ ਉਸਦੇ ਮੱਥੇ ਉਪਰ ਉੱਭਰ ਆਈ ਮਹਿਸੂਸ ਹੁੰਦੀ ਹੈ। ਸਮਾਜਿਕ ਮਰਿਆਦਾ ਤੇ ਪੇਕਿਆਂ ਵੱਲੋਂ ਮਿਲੀ ਸਿੱਖਿਆ ਅਨੁਸਾਰ ਜਸਵੰਤ ਕੌਰ ਸਹੁਰੇ ਘਰ ਪ੍ਰਵੇਸ਼ ਕਰਦੀ ਹੈ ਜਿਥੇ ਪਹਿਲੀ ਰਾਤ ਹੀ ਉਸਦੀਆਂ ਸੱਧਰਾਂ/ਇਛਾਵਾਂ ਦਾ ਘਾਣ ਹੋ ਜਾਂਦਾ ਹੈ ਜਦ ਉਸਨੂੰ ਆਪਣੇ ਪਤੀ (ਅਵਤਾਰ ਸਿੰਘ) ਦੇ ਗੁਪਤ ਰੋਗ ਨਾਲ ਗ੍ਰਸਤ ਹੋਣ ਦਾ ਪਤਾ ਲੱਗਦਾ ਹੈ। ਸਮਾਜਕ ਸੰਸਕਾਰਾਂ ਵਿਚ ਬੱਝੀ ਜਸਵੰਤ ਕੌਰ ਅਖੀਰ ਤਿੰਨ ਬੱਚਿਆਂ ਦੇ ਜਨਮ ਤੋਂ ਬਾਅਦ ਆਪਣੀ ਹੋਣੀ ਵਿਰੁੱਧ ਡੱਟ ਜਾਂਦੀ ਹੈ ਤੇ ਜਿਉਂਦੇ ਜੀਅ ਪਤੀ ਤੋਂ ਵੱਖ ਰਹਿਣ ਦਾ ਫੈਸਲਾ ਕਰ ਲੈਂਦੀ ਹੈ। ਉਸਦਾ ਸਮਾਜਕ ਸੰਸਕਾਰਾਂ ਪ੍ਰਤੀ ਵਿਦਰੋਹ ਉਸ ਸਮੇਂ ਸਾਹਮਣੇ ਆਉਂਦਾ ਹੈ ਜਦ ਜਸਵੰਤ ਕੌਰ ਆਪਣੀ ਧੀ ਸਰਬਜੀਤ ਦੇ ਵਿਆਹ ਮੌਕੇ ਕੁੜੀਆਂ ਵੱਲੋਂ ਪੜ੍ਹੀ ਜਾਣ ਵਾਲੀ ਸਿੱਖਿਆ ਵਾਲੀ ਕਾਪੀ ਕੁੜੀਆਂ ਤੋਂ ਖੋਹ ਲੈਂਦੀ ਹੈ। ਕਿਉਂ ਕਿ ਇਸ ਸਿੱਖਿਆ ਰਾਹੀਂ ਪ੍ਰਸਾਰਿਤ ਕਦਰਾਂ-ਕੀਮਤਾਂ ਹੀ ਉਸਦੇ ਵਿਆਹੁਤਾ ਜੀਵਨ ਦੀਆਂ ਬੇੜੀਆਂ ਬਣੀਆਂ ਰਹੀਆਂ ਜਿਨ੍ਹਾਂ ਦੀ ਉਲੰਘਣਾ ਕਰਨਾ ਉਸ ਲਈ ਸਮਾਜਕ ਅਪਰਾਧ ਸੀ। ਪਰ ਉਹ ਆਪਣੀ ਧੀ ਨੂੰ ਅਜਿਹੀਆਂ ਗਲ-ਘੋਟੂ ਕਦਰਾਂ-ਕੀਮਤਾਂ ਦੇ ਪੇਟੇ ਨਹੀਂ ਪਾਉਂਦੀ। ਜਿਵੇਂ:-

"ਇਹ ਸਿੱਖਿਆ ਅਸੀਂ ਅੱਜ ..........।" ਅਜੇ ਕੁੜੀ ਦੇ ਮੂੰਹੋਂ ਕਾਪੀ ਉੱਤੇ ਲਿਖੇ ਹੋਏ ਇਹ ਸ਼ਬਦ ਹੀ ਪੜ੍ਹੇ ਗਏ ਸਨ ਕਿ ਜਸਵੰਤ ਕੌਰ ਦਬਾ-ਸੱਟ ਭੀੜ ਨੂੰ ਚੀਰਦੀ, ........ ਕਾਪੀ ਕੁੜੀਆਂ ਤੋਂ ਖੋਹ ਲਈ-ਬੱਸ ਉਠੋ ਮੇਰੀਆਂ ਧੀਆਂ! ਸ਼ਾਬਾਸ਼ੇ!।"1

ਇਸ ਕਹਾਣੀ ਵਿਚ ਸਮਾਜਕ ਸੰਸਕਾਰ ਜਿਥੇ ਜਸਵੰਤ ਕੌਰ ਦੀ ਹੋਣੀ ਬਣਦੇ ਹਨ ਉਥੇ ਉਹ ਆਪਣੀ ਧੀ ਨੂੰ ਅਜਿਹੇ ਸੰਸਕਾਰਾਂ ਦੀ ਵਲਗਣ ਵਿਚੋਂ ਬਾਹਰ ਹੀ ਨਹੀਂ ਕੱਢਦੀ ਸਗੋਂ ਆਪਣੀ ਹੋਣੀ ਵਿਰੁੱਧ ਵਿਦਰੋਹੀ ਸੁਰ ਅਖ਼ਤਿਆਰ ਕਰਦੀ ਹੈ।

'ਜਨਕ ਪੁੱਤਰੀ' ਅਤਰਜੀਤ ਦੀ ਕਹਾਣੀ ਮੱਧ ਸ਼੍ਰੇਣੀ ਦੀ ਪੜ੍ਹੀ ਲਿਖੀ ਅਤੇ ਆਪਣੇ ਪੈਰਾਂ 'ਤੇ ਆਪ ਖੜ੍ਹੀ ਹੋਈ ਔਰਤ ਦੇ ਮਾਨਸਿਕ ਸੰਘਰਸ਼ ਦੀ ਕਹਾਣੀ ਹੈ। ਇਸ ਕਹਾਣੀ ਦੀ ਨਾਇਕਾ ਰੀਟਾ ਵਿਆਹ ਤੋਂ ਪਹਿਲਾਂ ਅਤੇ ਵਿਆਹ ਤੋਂ ਬਾਅਦ ਪਰਿਵਾਰ/ਸਮਾਜ ਦੇ ਸਿਰਜੇ ਬੰਧਨਾਂ/ਸੀਮਾਵਾਂ ਨੂੰ ਤੋੜ ਕੇ ਆਪਣੇ ਅੰਤਰੀਵ ਵਿਚ ਸਿਰਜਤ ਆਜ਼ਾਦ ਖ਼ਿਆਲਾ ਨੂੰ ਪ੍ਰਵਾਣ ਚੜ੍ਹਾਉਣ ਲਈ ਪ੍ਰਤੀ ਬੰਧਕ ਰਿਸ਼ਤਿਆਂ ਦੇ ਸਮੀਕਰਨ ਤੋਂ ਵਿਦਰੋਹ ਕਰਦੀ ਹੈ ਤੇ ਸਵੈ ਸਿਰਜਤ/ਸਵੀਕਾਰਤ ਰਿਸ਼ਤੇ ਦੀ ਵਿਆਕਰਨ ਨੂੰ ਪ੍ਰਵਾਨ ਕਰਕੇ ਭਾਰਤੀ ਰਿਸ਼ਤਿਆਂ ਦੇ ਪਰੰਪਰਕ ਸੰਗਠਨ ਤੋਂ ਮੁਕਤੀ ਪ੍ਰਾਪਤ ਕਰਦੀ ਹੈ। ਕਹਾਣੀ ਦੀ ਨਾਇਕਾ 'ਰੀਟਾ' ਵਿਆਹ ਤੋਂ ਪਹਿਲਾਂ ਮਾਂ-ਬਾਪ ਦੀ ਮਰਜ਼ੀ ਬਾਹਰੇ ਗੁਆਂਢੀ ਗਲਹੋਤਰੇ ਦੇ ਪਵਿੱਤਰ ਰਿਸ਼ਤੇ ਵਿਚ ਬੱਝਦੀ ਹੈ ਜੋ ਉਸਦੇ ਅੰਦਰਲੇ ਅਹਿਸਾਸਾਂ ਦੀ ਪੂਰਨਤਾ ਦਾ ਲਖਾਇਕ ਹੈ ਤੇ ਇਸਦੇ ਸੁਖਾਵੇਂ ਸੰਬੰਧਾਂ ਨੇ ਉਸਦੀ ਰੂਹ ਨੂੰ ਵੀ ਸਹਿਜ ਸੁਭਾਅ ਬਣਾ ਦਿੱਤਾ ਹੈ। ਇਸੇ ਤਰ੍ਹਾਂ ਹੀ ਸੁਰਿੰਦਰ ਨਾਲ ਵਿਆਹ ਤੋਂ ਬਾਅਦ ਉਹ ਫਿਰ ਇਕ ਵਾਰ ਸਮਾਜਕ ਰਿਸ਼ਤਿਆਂ ਦੀ ਵਿਆਕਰਨ ਦੇ ਬੰਧਨਾਂ ਵਿਚ ਕੈਦ ਹੁੰਦੀ ਹੈ। ਪਰ ਸੁਰਿੰਦਰ ਦੀ ਕਾਮ ਵਾਸਨਾ ਦੀ ਲਲ੍ਹਕ ਤੋਂ ਉਸਨੂੰ ਕਰ ਹਿੱਤ ਆਉਂਦੀ ਹੈ। ਜਿਸਤੋਂ ਛੁਟਕਾਰਾ ਪਾਉਣ ਲਈ ਉਹ ਪ੍ਰੋ: ਗੁਰਬਚਨ ਦੇ ਸੁਖਾਵੇਂ ਸੰਬੰਧਾਂ ਦੇ ਮਿਲਾਪ ਵਿਚ ਬੱਝਣਾ ਲੋਚਦੀ ਹੈ। ਰਿਸ਼ਤਿਆਂ ਦੀ ਇਸ ਉਧੇੜ ਬੁਣ ਅਤੇ ਪਤੀ ਵੱਲੋਂ ਉਹਦੇ ਰਿਸ਼ਤੇ ਦੀ ਦੁਰਕਾਰਨਾ ਦੇ ਅੰਤਰਗਤ ਉਪਜੇ



ਤਣਾਉ ਤੇ ਆਪਣੀ ਹੋਣੀ ਵਿਰੁੱਧ ਸੰਘਰਸ਼ ਦਾ ਫੈਸਲਾਕੁੰਨ ਦੌਰ ਉਸਨੂੰ ਵਿਦਰੋਹ ਕਰਕੇ ਮੁਕਤੀ ਹਾਸਲ ਕਰਨ ਲਈ ਪ੍ਰੇਰਿਤ ਕਰਦਾ ਹੈ। ਜਿਵੇਂ :-

"ਮੈਂ ਸਿੱਧੀ ਕਾਂਤਾ ਤੇ ਘਰ ਵੱਲ ਤੁਰ ਪਈ ਸਾਂ। ਮੈਨੂੰ ਕਾਤਾਂ ਵੀ ਉਹ ਦੇਵੀ ਜਾਪੀ ਸੀ ਜੋ ਭਾਰਤੀ ਸੰਸਕ੍ਰਿਤੀ ਵਿਚ ਸਿਰਜੀਆਂ ਕੁੱਲ ਦੇਵੀਆਂ ਤੋਂ ਉਪਰ ਸੀ........ ਮੈਂ ਕਾਤਾਂ ਦੇ ਘਰ ਹੀ ਰਵ੍ਹਾਂਗੀ ਏਨੇ ਦਿਨ। ਜੇ ਗੁਰਬਚਨ ਸਹਿਮਤ ਹੋ ਗਿਆ ਤਾਂ ਮੈਂ ਉਸਦੇ ਘਰ ਚਲੀ ਜਾਊਂਗੀ।"2

'ਹਿੰਦੁਸਤਾਨ ਦਾ ਰਾਹ' ਕਹਾਣੀ ਧਾਰਮਿਕ ਰਾਜਸੀ ਪਰਿਪੇਖ ਵਿਚ ਅਰਥ ਪਾਸਾਰ ਕਰਦੀ ਹੈ। ਇਸ ਕਹਾਣੀ ਦੀਆਂ ਨਾਇਕਾਵਾਂ ਤਾਈ ਰਾਜੀ ਅਤੇ ਰਾਜ ਕੌਰ ਦੀ ਹੋਣੀ ਨੂੰ 1947 ਦੇ ਤ੍ਰਾਸਦਿਕ ਸੰਤਾਪ ਨਾਲ ਸਮਰੂਪ ਕਰਕੇ ਸਮੁੱਚੀ ਔਰਤ ਹੋਣੀ ਦੇ ਸੰਤਾਪ ਨੂੰ ਧਾਰਮਿਕ ਕੱਟੜਤਾ ਦੇ ਪ੍ਰਸੰਗ ਵਿਚ ਅਰਥ ਪ੍ਰਦਾਨ ਕੀਤੇ ਹਨ। 1947 ਦੇ ਦਰਦਨਾਕ ਮਾਹੌਲ ਦੀ ਸ਼ਿਕਾਰ ਤਾਈ ਰਾਜੀ ਮੌਜੂਦਾ ਪੰਜਾਬ ਦੇ ਦਹਿਸ਼ਤੀ ਮਾਹੌਲ ਵਿਚ ਰਾਜ ਕੌਰ ਵਿਚ ਰੂਪਾਂਤ੍ਰਿਤ ਹੋ ਜਾਂਦੀ ਹੈ। ਕਹਾਣੀ ਵਿਚ ਸਮੇਂ ਅਤੇ ਸਥਿਤੀਆਂ ਦਾ ਬਦਲਾਉ ਕਹਾਣੀ ਵਿਚਲੇ ਪਾਤਰਾਂ ਨੂੰ ਸੰਕਟ ਗ੍ਰਸਤ ਕਰਦਾ ਉਹਨਾਂ ਦੀ ਤ੍ਰਾਸਦਿਕ ਹੋਣੀ ਵਿਚ ਰੂਪਾਂਤ੍ਰਿਤ ਕਰਨ ਵਿਚ ਅਹਿਮ ਰੋਲ ਅਦਾ ਕਰਦਾ ਹੈ। 1947 ਦੀ ਵੰਡ ਸਮੇਂ ਰਾਜ ਕੌਰ ਦੇ ਪਤੀ ਲਾਲ ਸਿੰਘ ਦੀ ਵਹਿਸ਼ੀਆਨਾ ਬਿਰਤੀ ਤਾਈ ਰਾਜੀ ਦੀ ਹੋਣੀ ਦਾ ਕਾਰਨ ਬਣਦੀ ਹੈ ਅਤੇ ਅੱਜ ਪੰਜਾਬ ਦੀ ਦਹਿਸ਼ਤ ਵਿਚਲੀ ਵਹਿਸ਼ਤ ਰਾਜ ਕੌਰ ਦੀ ਹੋਣੀ ਬਣਦੀ ਹੈ ਜਿਵੇਂ :-

ਜਦ ਉਹ ਗਲੀ ਦੇ ਉਸ ਮੋੜ 'ਤੇ ਆਇਆ ਸੀ ਤਾਂ ਉਸਨੂੰ ਗਲੀ ਵਿਚੋਂ ਨਿਕਲੀ ਪਾਗਲਾਂ ਵਾਂਗ ਇਕ ਬੁੱਢੀ ਦੇ ਬੋਲ ਸੁਣਾਈ ਦਿੱਤੇ ਸਨ ....... "ਵੇ ਜਿਉਣ ਜੋਗਿਆ! ਹਿੰਦੁਸਤਾਨ ਦਾ ਰਾਹ ਕਿਧਰ ਨੂੰ ਜਾਂਦੈ ਵੇ!"3

'ਪੇਟ ਦੀ ਅੱਗ' ਕਹਾਣੀ ਦਲਿਤ ਔਰਤ ਦੀ ਤ੍ਰਾਸਦਿਕ ਹੋਣੀ ਨੂੰ ਬਿਆਨ ਕਰਦੀ ਹੈ ਕਿ ਕਿਸ ਤਰ੍ਹਾਂ ਉੱਚ ਵਰਗ ਉਸਦੇ ਜਿਨਸੀ ਸ਼ੋਸ਼ਣ ਨੂੰ ਆਪਣਾ ਹੱਕ ਸਮਝਦਾ ਹੈ। ਇਸ ਕਹਾਣੀ ਦੀ ਪ੍ਰਤੀਨਿਧ ਪਾਤਰ ਭਾਗੀ ਮਿਹਨਤ ਮਜ਼ਦੂਰੀ ਕਰਨ ਦੇ ਬਾਵਜੂਦ ਆਰਥਿਕ ਪੱਖੋਂ ਹੀਣੀ ਹੋਣ ਕਰਕੇ ਆਪਣੇ ਪੁੱਤਰ ਸਮਾਨ ਉੱਚ ਵਰਗ ਦੇ 'ਖੰਡੇ' ਦੀਆਂ ਮੈਲੀਆਂ ਨਜ਼ਰਾਂ ਦਾ ਸ਼ਿਕਾਰ ਹੋਣਾ ਪੈਂਦਾ ਹੈ। ਭਾਗੀ ਵਰਗੀਆਂ ਦਲਿਤ ਔਰਤਾਂ ਦੀ ਇਹ ਤ੍ਰਾਸਦਿਕ ਹੋਣੀ ਰਹੀ ਹੈ ਕਿ ਉਹਨਾਂ ਨੂੰ ਆਪਣੀ ਪੇਤਲੀ ਆਰਥਿਕਤਾ ਕਰਕੇ ਮੁੱਢਲੀਆਂ ਲੋੜਾਂ ਦੀ ਪੂਰਤੀ ਖਾਤਰ ਸਵੈਮਾਣ ਨੂੰ ਤਿਆਗਦਿਆਂ ਉੱਚ ਵਰਗ ਦੇ ਘਟੀਆ ਤੇ ਘਿਨੌਣੇ ਵਿਵਹਾਰ ਨੂੰ ਮਜਬੂਰੀ ਵੱਸ ਝੱਲਣਾ ਪੈਂਦਾ ਹੈ। ਜਿਵੇਂ ਕਿ ਖੰਡੇ ਦੇ ਨਿਮਨ ਸ਼ਬਦ ਉਸਦੇ ਘਿਨੌਣੇ ਵਿਵਹਾਰ ਦੇ ਸੂਚਕ ਹਨ:-

"ਦੇਖ ਭਾਗੀ! ਆਪਣਾ ਕੀ ਵੰਡਿਆ....... ਪੈਸੇ ਲਾਹੁਣੇ ਕੀ ਔਖੇ ਐ ........ ਇਹ ਤਾਂ ਤੂੰ ਜਿਮੇਂ ਮਰਜ਼ੀ ਲਾਹ ਦੀ ........ ਇਹ ਤਾਂ ਤੇਰੇ 'ਤੇ ਈ ਐਂ ਬਈ ਤੂੰ ਪੈਸੇ ਕਿਮੇ ਲਾਹੁਣੇ ਐ।"4

'ਮੂਸਲ' ਕਹਾਣੀ ਮੱਧਵਰਗ ਦੀ ਨਵੀਂ ਪੀੜ੍ਹੀ ਵਿਚ ਜਿਥੇ ਕਦਰਾਂ-ਕੀਮਤਾਂ ਦੀ ਘਾਟ ਨੂੰ ਪ੍ਰਸਤੂਤ ਕਰਦੀ ਹੈ ਉਥੇ ਮੱਧਵਰਗ ਦੀ ਪਹਿਲੀ ਪੀੜ੍ਹੀ ਨਾਲੋਂ ਨਵੀਂ ਪੀੜ੍ਹੀ ਦੇ ਬਦਲੇ ਸ਼ੌਕ ਤੇ ਰੁਚੀਆਂ ਨੂੰ ਵੀ ਸ਼ਪੱਸ਼ਟ ਕਰਦੀ ਹੈ। ਮੱਧਵਰਗ ਸਾਧਨ ਵਿਹੂਣੇ ਤੇ ਸਾਧਣਹੀਣ ਵਰਗ ਨਾਲੋ ਥੋੜਾ ਉੱਚਾ ਵਰਗ ਹੋਣ ਕਾਰਨ ਆਪਣੇ ਆਪ ਨੂੰ ਵੱਧ ਧਨਾਢ ਤੇ ਸਰਮਾਏਦਾਰ ਸਮਝਦਾ ਹੈ। ਪੂੰਜੀ ਤੇ

ਲੋੜ ਤੋਂ ਵੱਧ ਸਾਧਨਾਂ ਨੂੰ ਇੱਕਤਰ ਕਰਨ ਦੀ ਮੰਨਸ਼ਾ ਨੇ ਮੱਧਵਰਗ ਦੇ ਬੱਚਿਆਂ ਨੂੰ ਅਜਿਹੀ ਜੀਵਨ ਸ਼ੈਲੀ ਵਿਚ ਧੱਕਿਆ ਹੈ ਕਿ ਉਹ ਜਾਇਜ–ਨਜਾਇਜ, ਸੰਭਵ–ਅਸੰਭਵ ਆਦਿ ਫਾਸਲਿਆਂ ਨੂੰ ਭੁੱਲ ਕੇ ਮੂੰਹੋਂ ਕੱਢੀ ਮੰਗ ਪੁਗਾਉਣ ਲਈ ਜ਼ਿੱਦ ਕਰਦੇ ਹਨ ਅਤੇ ਮਜ਼ਬੂਰਨ ਮਾਪਿਆਂ ਨੂੰ ਉਨ੍ਹਾਂ ਦੀ ਜਿੱਦ ਅੱਗੇ ਝੁਕਣਾ ਪੈਂਦਾ ਹੈ। ਅਤਰਜੀਤ ਨੇ ਇਸ ਕਹਾਣੀ ਦੇ ਮਾਧਿਆਮ ਰਾਹੀਂ ਇਸ ਦੀ ਪ੍ਰਤੀਨਿਧ ਪਾਤਰ ਵਿਧਵਾ ਵੀਨਾ ਦੀ ਤ੍ਰਾਸਦਿਕ ਹੋਣੀ ਨੂੰ ਪੇਸ਼ ਕੀਤਾ ਹੈ ਜੋ ਅਖੌਤੀ ਅਗਾਂਹਵੱਧੂ ਸੋਚ ਦੇ ਧਾਰਨੀ ਆਪਣੇ ਬੱਚਿਆਂ ਵੱਲੋਂ ਸਮਾਜਕ ਸੰਸਕਾਰਾਂ ਦੀਆਂ ਧੱਜੀਆਂ ਉਡਾਉਣ ਸਮੇਂ ਪੇਸ਼ ਹੁੰਦੀ ਹੈ। ਵੀਨਾ ਨੂੰ ਆਪਣੀ ਧੀ ਸ਼ੈਲੂ ਦਾ ਆਪਣੀ ਮਰਜ਼ੀ ਅਨੁਸਾਰ ਵਿਆਹ ਕਰਵਾਉਣ ਦਾ ਪਤਾ ਲੱਗਦਾ ਹੈ ਤਾਂ ਉਹ ਹੈਰਾਨ ਹੀ ਨਹੀਂ ਹੁੰਦੀ ਸਗੋਂ ਸੁੰਨ ਹੋ ਜਾਂਦੀ ਹੈ ਜਦ ਉਹ ਵਿਆਹ ਤੋਂ ਪਹਿਲਾਂ ਹੀ ਸਰੀਰਕ ਸੰਬੰਧਾਂ ਦੀ ਗੱਲ ਉਸਦੇ ਮੂੰਹੋ ਸੁਣਦੀ ਹੈ। ਜਿਵੇਂ :–

"ਅਸੀਂ ਅਰੇਂਜਡ ਮੈਰਿਜ ਦੇ ਹੱਕ 'ਚ ਨਹੀਂ। ਮੰਮ ਨਾਲੇ ਹੁਣ ਕੋਈ ਉਹਲਾ ਰੱਖਣ ਦੀ ਗੁੰਜਾਇਸ਼ ਨਹੀਂ। ਮੈਂ ਪ੍ਰੈਗਨੈਂਟ ਆਂ।" ਸ਼ੈਲੂ ਦੇ ਚਿਹਰੇ ਉਪਰ ਕਿਸੇ ਫ਼ਿਕਰ, ਨਮੋਸ਼ੀ ......... ਦਾ ਨਿਸ਼ਾਨ ਤੱਕ ਨਹੀਂ ਸੀ। ......... ਅਜੇ ਵੀ ਬੇਪ੍ਰਵਾਹ ਸੀ। ਮੈਨੂੰ ਜਾਪਿਆ ਜਿਸ ਰੁੱਖ ਨੂੰ ਮੈਂ ਫੜ੍ਹ ਕੇ ਰੱਖਿਆ ਹੋਇਆ ਸੀ, ਸ਼ੈਲੂ ਨੇ ਇਕੋ ਝਟਕੇ ਨਾਲ ਉਸਦਾ ਮੁਸਲ ਹੀ ਪੁੱਟ ਵਗਾਹਿਆ ਸੀ।"5

ਵਿਧਵਾ ਵੀਨਾ ਨੇ ਜਿਸ ਸਬਰ ਤੇ ਸਮਾਜਿਕ ਮਰਿਆਦਾ ਅਧੀਨ ਆਪਣੇ ਪਰਿਵਾਰ ਦੇ ਰੁੱਖ ਨੂੰ ਵਰ੍ਹਿਆਂ ਬੱਧੀ ਸੰਜੋਅ ਕੇ ਰੱਖਿਆ ਸੀ ਉਸਨੂੰ ਬੱਚਿਆਂ ਦੀ ਅਖੌਤੀ ਅਗਾਂਹਵਧੂ ਸੋਚ ਦੀ ਹਨੇਰੀ ਨੇ ਇੱਕੋ ਸੱਟੇ ਵਗਾਹ ਮਾਰਿਆ।

'ਚੂੜਾ' ਕਹਾਣੀ ਮਰਦ ਪ੍ਰਧਾਨ ਸਮਾਜ ਵਿਚ ਔਰਤਾਂ ਦੀਆਂ ਸੱਧਰਾਂ ਦੇ ਹੁੰਦੇ ਘਾਣ ਤੇ ਉਹਨਾਂ ਦੀ ਵਸਤੂਵਾਦੀ ਬਣੀ ਸਥਿਤੀ ਨਾਲ ਸੰਬੰਧਤ ਹੈ। ਕਹਾਣੀ ਦੀ ਪਾਤਰ ਗੁਰਮੀਤ ਕੌਰ ਆਪਣੇ ਹਮ ਖਿਆਲਾਂ ਨਿਮਨ ਜਾਤ ਦੇ ਅਵਤਾਰ ਨੂੰ ਚਾਹੁੰਦੀ ਹੋਈ ਵੀ ਜੀਵਨ ਸਾਥੀ ਵਜੋਂ ਨਹੀਂ ਚੁਣ ਸਕਦੀ ਕਿਉਂ ਕਿ ਸਾਡੇ ਸਮਾਜ ਵਿਚ ਕੁੜੀਆਂ ਮੁੰਡਿਆਂ ਵਾਂਗ ਆਪਣੀ ਪਸੰਦ ਨਾ ਪਸੰਦ ਮਾਪਿਆਂ ਅੱਗੇ ਬਿਆਨ ਨਹੀਂ ਕਰ ਸਕਦੀਆਂ ਕਿਉਂ ਕਿ ਇਹਨਾਂ ਹਾਲਤਾਂ ਵਿਚ ਕਈ ਵਾਰ ਮਾਪਿਆਂ ਵੱਲੋਂ ਧੀਆਂ ਨਾਲ ਰਿਸ਼ਤਾ ਵੀ ਭੰਗ ਕਰ ਦਿੱਤਾ ਜਾਂਦਾ ਹੈ। ਸੋ ਮਾਪਿਆਂ ਨੇ ਚੰਗੀ ਜ਼ਮੀਨ ਜ਼ਾਇਦਾਦ ਤੇ ਸੁੱਖ ਦੀ ਰੋਟੀ ਦਾ ਅਹਿਦ ਲੈਂਦਿਆਂ ਆਪਣੀ ਹੀ ਬਰਾਦਰੀ ਦੇ ਮੁੰਡੇ ਬਲਵੀਰ ਨਾਲ ਉਸਦਾ ਵਿਆਹ ਕਰ ਦਿੱਤਾ। ਪਰ ਬਲਵੀਰ ਦੀ ਪਸ਼ੂ ਬਿਰਤੀ ਤੇ ਸਹੁਰੇ ਘਰ ਦੇ ਤਸੀਹਿਆਂ ਤੋਂ ਤੰਗ ਆ ਕੇ ਗੁਰਮੀਤ ਮੁੜ ਪੇਕਿਆਂ ਦੇ ਬੂਹੇ ਜਾ ਬੈਠਦੀ ਹੈ। ਧੀਆਂ ਪ੍ਰਤੀ ਮਾਪਿਆਂ ਦੀ ਸੋਚ ਕਿ ਧੀ ਦਾ ਡੋਲਾ ਮਪਿਆਂ ਦੇ ਘਰੋਂ ਉਠਦਾ ਹੈ ਤੇ ਅਰਥੀ ਸਹੁਰਿਆਂ ਦੇ ਘਰੋਂ ਨੇ ਮੁੜ ਗੁਰਮੀਤ ਨੂੰ ਦੂਜੀ ਵਾਰ ਕੁਲਵੰਤ ਸਿੰਘ ਟਿਵਾਣਾ ਦੇ ਤਸੀਹੇ ਝੱਲਣ ਲਈ ਮਜ਼ਬੂਰ ਕਰ ਦਿੱਤਾ। ਹੁਣ ਇਹ ਸੰਤਾਪ ਉਸਦੀ ਹੋਣੀ ਹੀ ਬਣ ਗਿਆ ਸੀ ਪਰ ਜਦ ਇਹੋ ਕੁਝ ਉਸਦੀ ਧੀ ਦੀਪੀ ਨਾਲ ਦੁਹਰਾਇਆ ਜਾਂਦਾ ਹੈ ਤਾਂ ਉਹ ਵਿਦਰੋਹੀ ਸੁਰ ਅਖ਼ਤਿਆਰ ਕਰਦੀ ਦੀਪੀ ਦਾ ਵਿਆਹ ਦੂਜੀ ਵਾਰ ਉਸਦੇ ਮਨਪਸੰਦ ਨਿਮਨ ਵਰਗ ਦੇ ਗੁਰਮੇਲ ਨਾਲ ਕਰਵਾਉਣ ਲਈ ਆਪਣੇ ਪਤੀ ਖ਼ਿਲਾਫ ਡੱਟ ਜਾਂਦੀ ਹੈ। ਇਸ ਲਈ ਉਹ ਦੀਪੀ ਨੂੰ ਕਹਿੰਦੀ ਹੈ :–

"ਚੱਲ ਦੀਪੀ ! ਪਹਿਲਾ ਬਾਜ਼ਾਰ ਚੱਲੀਏ ! ਉਥੋਂ ਚੂੜਾ ਖ਼ਰੀਦ ਲੈ ਆਪਣੀ ਪਸੰਦ ਦਾ।" ਦੀਪੀ ਨੇ ਫਿਰ ਮਾਂ ਦੇ ਮੋਢੇ 'ਤੇ ਸਿਰ ਰੱਖ ਕੇ ਲੇਰ ਮਾਰੀ– "ਮੰਮੀ ਈਂ।"6



ਇਸ ਪ੍ਰਕਾਰ ਗੁਰਮੀਤ ਕੌਰ ਜਿੱਥੇ ਆਪਣੀ ਹੋਣੀ ਅੱਗੇ ਸਿਰ ਸੁੱਟ ਕੇ ਹਾਰ ਮੰਨ ਲੈਂਦੀ ਹੈ ਪਰ ਉਥੇ ਆਪਣੀ ਧੀ ਨੂੰ ਅਜਿਹੀ ਹੋਣੀ ਤੋਂ ਬਚਾਉਣ ਲਈ ਵਿਦਰੋਹੀ ਰਸਤਾ ਅਖ਼ਤਿਆਰ ਕਰ ਲੈਂਦੀ ਹੈ।

"ਕਿਧਰ ਜਾਈਏ ?" ਕਹਾਣੀ ਹੱਕ ਸੱਚ ਲਈ ਜੂਝਦੇ ਸੀਨੀਅਰ ਪੱਤਰਕਾਰ ਸੱਚਦੇਵਾ ਨਾਲ ਵਾਪਰੀ ਹਿੰਸਕ ਘਟਨਾ ਨਾਲ ਸੰਬੰਧਤ ਹੈ। ਉਥੇ ਉਸਦੀਆਂ ਧੀਆਂ (ਸ਼ੀਤਲ, ਸੋਨੀਆਂ) ਵੱਲੋਂ ਪੁੱਤਰਾਂ ਵਾਂਗ ਉਸਦੀ ਸਾਂਭ ਸੰਭਾਲ ਕਰਨ ਤੇ ਉਸਦੇ ਦੋਸ਼ੀਆਂ ਨੂੰ ਸਜਾ ਦਵਾਉਣ ਦੇ ਮਸਲਿਆਂ ਨਾਲ ਵਾਬਸਤ ਹੁੰਦੀ ਹੈ ਕਿ ਕਿਸ ਤਰ੍ਹਾਂ ਉਸਦੀਆਂ (ਸਚਦੇਵਾ) ਧੀਆਂ ਦਾ ਪੁਲਿਸ ਮਹਿਕਮੇ ਵੱਲੋਂ ਨਿਰਾਦਰ ਕੀਤਾ ਜਾਂਦਾ ਹੈ। ਥਾਣੇਦਾਰ ਵੱਲੋਂ ਸਚਦੇਵਾ ਨੂੰ ਨਿਆਂ ਦਵਾਉਣ ਖ਼ਾਤਰ ਸ਼ੀਤਲ ਤੇ ਸੋਨੀਆ ਦੁਆਰਾ ਦਿੱਤੀ ਦਰਖ਼ਾਸਤ ਨੂੰ ਝੂਠਾ ਹੀ ਸਾਬਤ ਨਹੀਂ ਕਰਦਾ ਬਲਕਿ ਸ਼ੀਤਲ ਤੇ ਸੋਨੀਆ ਖ਼ਿਲਾਫ ਕਾਰਵਾਈ ਕਰਨ ਦੀ ਧਮਕੀ ਵੀ ਦਿੰਦਾ ਹੈ। ਅਫ਼ਸਰ ਦੇ ਅਜਿਹੇ ਵਿਵਹਾਰ ਨੇ ਸਚਦੇਵਾ ਦੀਆਂ ਧੀਆਂ ਨੂੰ ਦੁਖੀ ਹੀ ਨਹੀਂ ਕੀਤਾ ਸਗੋਂ ਉਹਨਾਂ ਦੇ ਸਵੈਮਾਣ ਨੂੰ ਉਸ ਸਮੇਂ ਭਾਰੀ ਠੇਸ ਪਹੁੰਚਦੀ ਹੈ ਜਦ ਇਨਸਾਫ ਦੇ ਪਹਿਰੇਦਾਰਾਂ ਦੇ ਮੂੰਹੋਂ ਇਹ ਸ਼ਬਦ ਸੁਣਦੀਆਂ ਹਨ :–

"ਦੇਖੋ ਮੈਨੂੰ ਤੁਹਾਡੇ ਨਾਲ ਪੂਰੀ ਹਮਦਰਦੀ ਹੈ ਇਹ ਦਰਖਾਸਤ ਤੁਹਾਡੀ ਬਿੱਲਕੁੱਲ ਝੂਠੀ ਹੈ। ......... ਮੈਨੂੰ ਤੁਹਾਡੇ ਖਿਲਾਫ਼ ਝੂਠੀ ਦਰਖਾਸਤ ਦੇਣ ਦਾ ਪਰਚਾ ਦਰਜ਼ ਕਰਨਾ ਪਏਗਾ ਜੇ ਤੁਸੀਂ ਆਪਣੀ ਅਰਜ਼ੀ ਵਾਪਸ ਨਹੀਂ ਲੈਂਦੇ। ........ ਥਾਣੇਦਾਰ ਮੁਣਸ਼ੀ ਵੱਲ ਖਚਰੀ ਹਾਸੀ ਹੱਸਦਾ ਕਹਿ ਰਿਹਾ ਸੀ। "ਅਰਜ਼ੀ ਦਫ਼ਤਰ ਦਾਖ਼ਲ ਕਰ ਦਿਉ ! ਜਾਣ ਇਹ ਪਰ੍ਹਾਂ ! ਬਥੇਰੀਆਂ ਤੁਰੀਆਂ ਫਿਰਦੀਆਂ ਐਹੋ ਜੀਆਂ ਪਤਾ ਨੀ ਬਲੈਕ ਮੇਲਰਾਂ ਹੀ ਹੋਣ।"7

ਸੋਨੀਆਂ ਤੇ ਸ਼ੀਤਲ ਨੂੰ ਕੋਈ ਹੋਰ ਰਾਹ ਨਹੀਂ ਸੁੱਝ ਰਿਹਾ ਸੀ ਜਿਥੇ ਉਹ ਇਨਸਾਫ ਪ੍ਰਾਪਤੀ ਲਈ ਦਰਵਾਜ਼ਾ ਖਟਕਾਉਂਦੀਆਂ।

ਅਤਰਜੀਤ ਦੇ ਇਸ ਕਹਾਣੀ ਸੰਗ੍ਰਹਿ ਦੀਆਂ ਸਮੁੱਚੀਆਂ ਕਹਾਣੀਆਂ ਪਾਠਕ ਦੀ ਸੋਚ ਨੂੰ ਵਾਸਤਵਿਕਤਾ ਦੇ ਪ੍ਰਤੱਖਣ ਦੀ ਪ੍ਰਕਿਰਿਆ ਵਿਚ ਪਾਉਂਦੀਆਂ ਹਨ। ਇਨ੍ਹਾਂ ਕਹਾਣੀਆਂ ਦਾ ਅੰਤਮ ਸਿਰਾ ਕਹਾਣੀ ਦੀ ਨਾਟਕੀਅਤਾ ਦਾ ਰਹੱਸ ਹੁੰਦਾ ਹੈ। ਜਿਸਨੂੰ ਸਿਰਜਣ ਦੇ ਅੰਤ ਤੱਕ ਲੁਕਾ ਕੇ ਰੱਖਣ ਵਿਚ ਹੀ ਕਿਸੇ ਕਹਾਣੀ ਦੀਆਂ ਸ਼ਿਲਪ ਜੁਗਤਾਂ ਦੀ ਸਫਲਤਾ ਹੁੰਦੀ ਹੈ। ਅਤਰਜੀਤ ਦੀਆਂ ਇਨ੍ਹਾਂ ਕਹਾਣੀਆਂ ਵਿਚ ਉਭਰ ਰਹੀ ਦੁਖਾਂਤਕ ਹੋਣੀ ਸਥਿਤੀਆਂ ਦੀ ਸਿਰਜਣਾ ਵਿਚੋਂ ਉਘੜ ਰਹੀ ਹੈ। ਇਸਦੇ ਨਾਲ ਹੀ ਦੁਖਾਂਤ ਕੇਵਲ ਕੂਟ ਪਾਤਰਾਂ ਦੇ ਕੂਟ ਵਿਹਾਰ ਜਾਂ ਸਦ ਵਿਹਾਰ ਦੇ ਦੰਭ ਵਿਚੋਂ ਹੀ ਨਹੀਂ ਉਘੜਦਾ ਸਗੋਂ ਅਤਰਜੀਤ ਦੀਆਂ ਕਹਾਣੀਆਂ ਵਿਚ ਸਦਭਾਵੀ ਪਾਤਰਾਂ ਦੇ ਸਦ ਵਿਹਾਰ ਵਿਚੋਂ ਵੀ ਜਨਮ ਲੈਂਦਾ ਹੈ। 'ਸੇਜ ਸੁਖਾਲੀ ਕਾਮਨਿ' ਦੀ ਜਸਵੰਤ ਕੌਰ, 'ਜਨਕ ਪੁੱਤਰੀ' ਦੀ ਰੀਟਾ, 'ਪੇਟ ਦੀ ਅੱਗ' ਦੀ ਭਾਗੀ, 'ਹਿੰਦੁਸਤਾਨ ਦਾ ਰਾਹ' ਕਹਾਣੀ ਵਿਚਲੀਆਂ ਤਾਈ ਰਾਜੀ ਅਤੇ ਰਾਜ ਕੌਰ ਇਹ ਸਾਰੇ ਸਦਭਾਵੀ ਪਾਤਰ ਹਨ ਜਿਨ੍ਹਾਂ ਦਾ ਕਹਾਣੀਆਂ ਵਿਚ ਪ੍ਰਕਾਰਜ ਸਦ ਵਿਹਾਰਕ ਪਾਤਰਾਂ ਦੇ ਰੂਪ ਵਿੱਚ ਹੋ ਰਿਹਾ ਹੈ ਪਰ ਵਿਡੰਬਣਾ ਇਹ ਹੈ ਕਿ ਇਨ੍ਹਾਂ ਦਾ ਸਦ ਵਿਹਾਰ ਹੀ ਇਹਨਾਂ ਦੀ ਦੁਖਾਂਤਕ ਹੋਣੀ ਦਾ ਕਾਰਨ ਬਣਦਾ ਹੈ। ਇਸ ਤਰ੍ਹਾਂ ਅਤਰਜੀਤ ਦੀਆਂ ਕਹਾਣੀਆਂ ਵਿਚ ਵਾਸਤਵਿਕਤਾ ਦੇ ਅਰਥ ਸੂਝ ਦੇ ਰੂਪ ਵਿਚ ਪ੍ਰਾਪਤ ਹੋ ਰਹੇ ਹਨ।

ਅਤਰਜੀਤ ਦੇ ਇਸ ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਵਿਚ ਸਥਿਤੀਆਂ ਤੋਂ ਪ੍ਰਭਾਵਿਤ ਪਾਤਰ ਪੇਸ਼ ਹੋਏ ਹਨ ਨਾ ਕਿ ਬਣੇ ਬਣਾਏ ਪਾਤਰ, ਇਹ ਪਾਤਰ ਜੀਵਨ ਦੇ ਗਤੀਸ਼ੀਲ ਯਥਾਰਥ ਵਿਚ ਮੌਜੂਦ ਉਤਰਾਅ-ਚੜ੍ਹਾਅ ਵਾਲੀਆਂ ਸੰਭਾਵਨਾਵਾਂ ਦੇ ਅੰਤਰਗਤ ਜਟਿਲ ਰੂਪ ਵਿਚ ਪੇਸ਼ ਹੁੰਦੇ ਹਨ। ਨਿਮਨ ਵਰਗ, ਮੱਧਵਰਗ ਤੇ ਸ਼ਹਿਰੀ ਮੱਧ ਸ਼੍ਰੇਣੀ ਨਾਲ ਸੰਬੰਧਤ ਪਾਤਰ ਆਪਣੀ ਹੋਣੀ ਨੂੰ ਹੰਢਾਉਣ ਦੇ ਨਾਲ-ਨਾਲ ਉਸਨੂੰ ਬਦਲਣ ਦੀ ਸਮਰਥਾ ਨੂੰ ਵੀ ਉਜਾਗਰ ਕਰਦੇ ਹਨ। ਇਹ ਕਹਾਣੀਆਂ ਪਾਤਰਾਂ ਦੇ ਲੁਪਤ ਸੰਕਟਾਂ ਨੂੰ ਤੀਖਣਤਾ ਨਾਲ ਪਕੜਨ ਦੀ ਕੋਸ਼ਿਸ਼ ਕਰਦੀਆਂ ਹਨ ਅਤੇ ਪਾਤਰਾਂ ਦਾ ਯਥਾਰਥ ਗੁਪਤ ਤੇ ਪ੍ਰਗਟ ਦੋਹਾਂ ਰੂਪਾਂ ਵਿਚ ਮਾਨਸਿਕ ਤਣਾਉ ਅਤੇ ਸੰਘਰਸ਼ ਦੇ ਰੂਪ ਵਿਚ ਪ੍ਰਵਾਨ ਚੜ੍ਹਦਾ ਹੈ। 'ਸੇਜ ਸੁਖਾਲੀ ਕਾਮਨਿ' ਦੀ ਜਸਵੰਤ ਕੌਰ, 'ਜਨਕ ਪੁੱਤਰੀ' ਦੀ ਗੀਟਾ, 'ਪੇਟ ਦੀ ਅੱਗ' ਦੀ ਭਾਗੀ, 'ਮੁਸਲ' ਦੀ ਵੀਨਾ, 'ਚੂੜਾ' ਦੀ ਗੁਰਮੀਤ ਕੌਰ, 'ਹਿੰਦੁਸਤਾਨ ਦਾ ਰਾਹ' ਦੀ ਰਾਜ ਕੌਰ ਵਰਗੇ ਪਾਤਰਾਂ ਦਾ ਸੱਚ ਗੁਪਤ ਤੇ ਪ੍ਰਗਟ ਦੋਹਰੇ ਰੂਪਾਂ ਵਿਚ ਪਾਤਰਾਂ ਦੀ ਵੱਖੋ-ਵੱਖ ਮਨੋਸਥਿਤੀਆਂ ਦੇ ਸੰਘਰਸ਼ ਵਿਚ ਰੂਪਮਾਨ ਹੁੰਦਾ ਹੈ। ਜੋ ਪਾਤਰਾਂ ਵਿਚ ਤਨਾਓ/ਸੰਘਰਸ਼ ਨੂੰ ਮੱਘਦਾ ਰੱਖਣ ਵਿਚ ਸਹਾਈ ਹੁੰਦਾ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਅਤਰਜੀਤ ਦਾ ਇਹ ਕਹਾਣੀ ਸੰਗ੍ਰਹਿ ਔਰਤ ਹੋਣੀ ਨੂੰ ਬਿਆਨ ਕਰਦਿਆਂ ਬਹੁਤ ਸਾਰੇ ਪ੍ਰਸ਼ਨ ਸਮਾਜ ਅੱਗੇ ਖੜ੍ਹੇ ਕਰਦਾ ਹੈ ਕੀ ਧਨ-ਦੌਲਤ, ਵੱਡੀ ਜਾਇਦਾਦ ਦੇ ਮਾਲਕਾਂ ਦੇ ਘਰ ਜਾ ਕੇ ਔਰਤ ਦੀਆਂ ਬਾਕੀ ਸਭ ਕਾਮਨਾਵਾਂ ਭਾਵਨਾਵਾਂ ਮਰ ਮੁੱਕ ਜਾਂਦੀਆਂ ਹਨ ? ਕੀ ਚੰਗੀ ਜ਼ਮੀਨ ਜਾਇਦਾਦ ਹੋਣ ਕਰਕੇ ਹੀ ਕੁੜੀ ਸੁੱਖ ਦੀ ਰੋਟੀ ਖਾ ਸਕਦੀ ਹੈ ? ਇਸ ਤਰ੍ਹਾਂ ਦੇ ਅਨੇਕਾਂ ਸਵਾਲ ਹਨ ਜੋ ਸਮਾਜ ਅੱਗੇ ਮੂੰਹ ਅੱਡੀ ਖੜ੍ਹੇ ਹਨ। ਔਰਤ ਆਪਣੀ ਧੌਣ ਸਦੀਆਂ ਦੀ ਗੁਲਾਮ ਮਾਨਸਿਕਤਾ ਵਿਚੋਂ ਛੁਡਾਉਣ ਲਈ ਛਟ-ਪਟਾਉਂਦੀ ਹੈ ਤੇ ਅਖ਼ੀਰ ਧੁਰਲੀ ਮਾਰ ਕੇ ਧੌਣ ਉਸ ਪੰਜਾਲ਼ੀ ਵਿਚੋਂ ਕੱਢਣ ਵਿੱਚ ਕਾਮਯਾਬ ਹੁੰਦੀ ਅਤਰਜੀਤ ਨੇ ਆਪਣੀਆਂ ਕਹਾਣੀਆਂ ਵਿਚ ਵਿਖਾਈ ਹੈ।

**ਹਵਾਲੇ ਤੇ ਟਿੱਪਣੀਆਂ**


1) ਅਤਰਜੀਤ 'ਸੇਜ ਸੁਖਾਲੀ ਕਾਮਨਿ' ਪੰਨਾ-26
2) ਉਹੀ ਉਹੀ ਪੰਨਾ-41
3) ਉਹੀ ਉਹੀ ਪੰਨਾ-51
4) ਉਹੀ ਉਹੀ ਪੰਨਾ- 53
5) ਉਹੀ ਉਹੀ ਪੰਨਾ- 77
6) ਉਹੀ ਉਹੀ ਪੰਨਾ-103
7) ਉਹੀ ਉਹੀ ਪੰਨਾ-119



ਯੂਨੀਵਰਸਿਟੀ ਕਾਲਜ ਆਫ ਬੇਸਿਕ
ਸਾਇੰਸਜ਼ ਐਂਡ ਹਿਊਮੈਨਟੀਜ਼,
ਗੁਰੂ ਕਾਸ਼ੀ ਯੂਨੀਵਰਸਿਟੀ,
ਤਲਵੰਡੀ ਸਾਬੋ (ਬਠਿੰਡਾ)




## ਨਾਵਲ 'ਹੱਦ ਤੋਂ ਪਰ੍ਹੇ' : ਮਨੁੱਖੀ ਰਿਸ਼ਤਿਆਂ ਦੇ ਬਦਲਦੇ ਸਮੀਕਰਨ


**-ਡਾ. ਰਜਨੀਸ਼ ਕੌਰ**


ਜਿਨ੍ਹਾਂ ਰਿਸ਼ਤਿਆਂ- ਨਾਤਿਆਂ ਤੇ ਪੰਜਾਬੀ ਕਦੇ ਮਾਣ ਕਰਦਾ ਸੀ, ਅਸੀਂ ਹੁਣ ਇਨ੍ਹਾਂ ਦਾ ਘਾਣ ਕਰ ਰਹੇ ਹਾਂ। ਇਸੇ ਕਰਕੇ ਇਨ੍ਹਾਂ ਦੇ ਸਮੀਕਰਨ ਹੁਣ ਬਿਖ਼ਰ ਹੀ ਨਹੀਂ ਰਹੇ, ਸਗੋਂ ਬਦਲ ਹੀ ਗਏ ਹਨ ਖ਼ੂਨ ਦੇ ਰਿਸ਼ਤੇ ਭਾਵੇਂ ਪ੍ਰਮੁੱਖ ਹੁੰਦੇ ਸਨ, ਪਰ ਇਸ ਦੇ ਨਾਲ ਹੀ ਅੱਗੇ ਇਸ ਦੇ ਕਰੀਬੀ ਰਿਸ਼ਤਿਆਂ ਵਿੱਚ ਵੀ ਮੋਹ ਦੀਆਂ ਤੰਦਾਂ ਅੰਤਾਂ ਦੀਆਂ ਪੀਡੀਆਂ ਹੁੰਦੀਆਂ ਸਨ ਫੁੱਫੜ, ਮਾਸੜ, ਚਾਚੇ, ਤਾਈ, ਭਾਬੀ, ਜੀਜਾ ਸਾਲੀ ਆਦਿ ਖ਼ੂਨ ਦੇ ਰਿਸ਼ਤੇ ਨਾ ਹੋਣ ਦੇ ਬਾਵਜੂਦ ਵੀ ਇਨ੍ਹਾਂ ਵਿੱਚ ਖ਼ੂਨ ਦੇ ਰਿਸ਼ਤਿਆਂ ਵਰਗੀ ਹੀ ਅਪਣੱਤ ਹੁੰਦੀ ਸੀ ।ਆਧੁਨਿਕ ਦੌਰ ਵਿੱਚ ਰਿਸ਼ਤਿਆਂ ਦੇ ਸਮੀਕਰਨਾਂ ਦਾ ਰੂਪਾਂਤਰਣ ਹੁੰਦਾ ਹੋਇਆ ਹੁਣ ਇਹ ਸਮਾਪਤੀ ਦੇ ਕੰਢਿਆਂ ਨੂੰ ਛੂਹ ਰਿਹਾ ਹੈ ।ਨਾਵਲ 'ਹੱਦ ਤੋਂ ਪਰ੍ਹੇ' ਵਿਚ ਵੀ ਅਜਿਹੇ ਹੀ ਬਦਲਦੇ ਹੋਏ ਰਿਸ਼ਤਿਆਂ ਦੀ ਦਾਸਤਾਨ ਨਾਵਲਕਾਰ ਨੇ ਪੇਸ਼ ਕੀਤੀ ਹੈ ।

'ਹੱਦ ਤੋਂ ਪਰ੍ਹੇ' ਨਾਵਲ ਮਹਿੰਦਰ ਸਿੰਘ ਤਤਲਾ ਦੁਆਰਾ ਲਿਖਿਆ ਗਿਆ ਹੈ ।ਉਸ ਨੇ ਆਪਣਾ ਸਾਹਿਤਕ ਸਫ਼ਰ ਕਹਾਣੀ ਤੋਂ ਸ਼ੁਰੂ ਕੀਤਾ ਅਤੇ ਫਿਰ ਅਨੁਭਵ ਦੀ ਵਿਸ਼ਾਲਤਾ ਕਾਰਨ ਉਸ ਨੇ ਨਾਵਲ ਲਿਖਿਆ। 'ਹੱਦ ਤੋਂ ਪਰ੍ਹੇ' ਨਾਵਲ ਲੇਖਕ ਦਾ ਪਹਿਲਾ ਨਾਵਲ ਹੈ ਪਰ ਵਿਸ਼ੇ ਦੀ ਵਿਸ਼ਾਲਤਾ ਅਤੇ ਪਰਪੱਕਤਾ ਉਸਨੂੰ ਇਕ ਵਧੀਆ ਨਾਵਲਕਾਰ ਸਾਬਿਤ ਕਰਦੀ ਹੈ ।ਇਸ ਨਾਵਲ ਵਿੱਚ ਮਨੁੱਖ ਦੇ ਅਣਮਨੁੱਖੀ ਵਤੀਰੇ ਨੂੰ ਪੇਸ਼ ਕੀਤਾ ਗਿਆ ਹੈ ।ਇਹ ਨਾਵਲ ਇਕ ਤਰ੍ਹਾਂ ਨਾਲ ਸਮਾਜ ਨੂੰ ਇਕ ਉਸਾਰੂ ਜੀਵਨ ਸੇਧ ਦਾ ਉਪਰਾਲਾ ਕਿਹਾ ਜਾ ਸਕਦਾ ਹੈ ।ਨਾਵਲਕਾਰ ਨੇ ਇਸ ਨਾਵਲ ਨੂੰ ਪੰਜ ਵਿਕਾਰਾਂ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ 'ਚ ਵੰਡ ਕੇ ਇਹ ਸਾਬਿਤ ਕਰਨ ਦਾ ਉਪਰਾਲਾ ਕੀਤਾ ਹੈ ਕਿ ਇਨ੍ਹਾਂ ਵਿਕਾਰਾਂ ਵਿੱਚੋਂ ਕਿਸੇ ਇਕ 'ਚ ਵੀ ਹੱਦ ਤੋਂ ਪਰ੍ਹੇ ਜਾਣਾ ਮਨੁੱਖ ਦੇ ਵਿਨਾਸ਼ ਦਾ ਕਾਰਨ ਬਣਦਾ ਹੈ ।ਇਨ੍ਹਾਂ ਵਿਕਾਰਾਂ ਦੇ ਅੰਤਰਗਤ ਹੀ ਨਾਵਲੀ ਬਿਰਤਾਂਤ ਦੀ ਉਸਾਰੀ ਕੀਤੀ ਗਈ ਹੈ।

ਨਾਵਲ ਵਿਚ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਪੰਜ ਭਾਗ ਨਾਵਲਕਾਰ ਦੁਆਰਾ ਬਣਾਏ ਗਏ ਹਨ ।ਇਹ ਭਾਗ ਇਕ ਕਥਾ-ਲੜੀ ਵਿੱਚ ਬੱਝੇ ਹੋਏ ਹਨ। ਨਾਵਲ ਵਿਚ ਬਿਰਤਾਂਤ ਲੜੀਵਾਰ ਹੀ ਪੇਸ਼ ਹੋਇਆ ਹੈ ।ਨਾਵਲ ਦਾ ਸਿਰਲੇਖ 'ਹੱਦ ਤੋਂ ਪਰ੍ਹੇ' ਢੁੱਕਵਾਂ ਹੈ। ਦੁਨੀਆਂ ਵਿੱਚ ਵਿਚਰਦੇ ਹੋਏ ਹਰ ਵਸਤੂ ਅਤੇ ਮਨੁੱਖ ਦੀ ਇਕ ਸੀਮਾ ਹੁੰਦੀ ਹੈ, ਪਰ ਜਦੋ ਕੋਈ ਵੀ ਵਸਤੂ ਜਾਂ ਮਨੁੱਖ ਆਪਣੀ ਹੱਦ (ਸੀਮਾ) ਤੋਂ ਪਰ੍ਹੇ ਚਲਾ ਜਾਂਦਾ ਹੈ ਤਾਂ ਉਹ ਵਿਨਾਸ਼ ਦਾ ਵਿਕਰਾਲ ਰੂਪ ਅਖਤਿਆਰ ਕਰ ਲੈਂਦੀ ਹੈ।

ਸਾਡੇ ਧਾਰਮਿਕ ਗ੍ਰੰਥਾਂ ਵਿੱਚ ਪੰਜ ਵਿਕਾਰਾਂ ਦੇ ਤਿਆਗ ਨੂੰ ਬਹੁਤ ਮਹੱਤਵ ਦਿੱਤਾ ਗਿਆ ਹੈ। ਇਹ ਪੰਜੇ ਵਿਕਾਰ ਉਸ ਸਮੇਂ ਮਾੜੇ ਬਣ ਜਾਂਦੇ ਹਨ ਜਦ ਸਾਨੂੰ ਇਨ੍ਹਾਂ ਦੀ ਯੋਗ ਵਰਤੋਂ ਨਹੀਂ ਕਰਨੀ ਆਉਂਦੀ । ਗੁਰੂ ਸਾਹਿਬ ਜੀ ਨੇ ਇਨ੍ਹਾਂ ਨੂੰ ਖਤਮ ਕਰਨ ਜਾਂ ਮਾਰਨ ਲਈ ਨਹੀਂ ਕਿਹਾ ਬਲਕਿ ਇਨ੍ਹਾਂ ਨੂੰ ਸਾਧ ਕਿ ਇਨ੍ਹਾਂ ਦਾ ਸੁਭਾਓ ਬਦਲਣ ਤੇ ਆਪਣੇ ਵੱਸ ਵਿਚ ਰੱਖ ਕੇ ਯੋਗ ਵਰਤੋਂ ਕਰਨ ਦਾ ਢੰਗ ਸਿਖਾਇਆ ਹੈ ।ਹਰ ਜੀਵ ਜੰਤੂ ਦੀ ਨਸਲ ਨੂੰ ਅੱਗੇ ਚਲਦੇ ਰੱਖਣ ਲਈ 'ਕਾਮ' ਦੀ ਵਰਤੋਂ ਜ਼ਰੂਰੀ ਹੈ,ਪਰ ਇਸ ਨੂੰ ਕਾਬੂ ਹੇਠ ਰੱਖਣ ਦੀ ਜਾਚ ਨਾ ਹੋਣ ਕਾਰਨ ਕਾਮ ਦੀ

ਵਾਸ਼ਨਾ ਕਰਕੇ ਲੋਕ ਆਪਣੇ ਸਮਾਜ ਦੇ ਪ੍ਰਵਾਨਿਤ ਰਿਸ਼ਤਿਆਂ ਤੋਂ ਬਾਹਰ ਜਾ ਕੇ ਇਸ਼ਕ / ਪਿਆਰ ਕਰਦੇ ਹਨ । ਇਸ ਨਾਵਲ ਵਿੱਚ ਵੀ ਹਰਦੀਪ ਅਪਨੀ ਕਾਮ ਵਾਸ਼ਨਾ ਦੇ ਚੱਲਦਿਆਂ ਆਪਣੇ ਰਿਸ਼ਤਿਆਂ ਦੀ ਮਰਯਾਦਾ ਨੂੰ ਭੁੱਲ ਕੇ ਆਪਣੇ ਜੀਜੇ ਨਾਲ ਸੰਬੰਧ ਬਣਾਉਂਦੀ ਹੈ। ਇਸ ਤਰ੍ਹਾਂ ਦੇ ਇਸ਼ਕ ਕਾਰਨ ਮਨੁੱਖ ਨੂੰ ਕਈ ਤਰ੍ਹਾਂ ਦੇ ਕਸ਼ਟ ਅਤੇ ਨਮੋਸ਼ੀ ਝੱਲਣੀ ਪੈਂਦੀ ਹੈ, ਜਿਸ ਦੀ ਮਿਸਾਲ ਗੁਰਬਾਣੀ ਵਿੱਚ ਇਸ ਤਰ੍ਹਾਂ ਦਿੱਤੀ ਗਈ ਹੈ:

ਕਾਮ ਹੇਤਿ ਕੁੰਚਰੁ ਲੈ ਫਾਂਕਿਓ
ਓਹ ਪਰ ਵਸਿ ਭਇਓ ਬਿਚਾਰਾ ॥[1]

ਇਸੇ ਤਰ੍ਹਾਂ ਕ੍ਰੋਧ ਸਾਰੇ ਸ਼ੁਭ ਗੁਣਾਂ ਨੂੰ ਤਬਾਹ ਕਰਨ ਵਾਲਾ ਹੈ, ਜਿਸ ਦੀ ਉਦਾਹਰਣ ਵੀ ਗੁਰਬਾਣੀ ਵਿੱਚ ਦਿੱਤੀ ਗਈ ਹੈ:

ਕ੍ਰੋਧ ਬਿਨਾਸੇ ਸਗਲ ਵਿਕਾਰੀ ॥[2]

ਇਸ ਨਾਵਲ ਵਿੱਚ ਵੀ ਕ੍ਰੋਧ ਵੱਸ ਹੀ ਕੁਲਦੀਪ ਆਤਮ-ਹੱਤਿਆ ਕਰ ਲੈਂਦੀ ਹੈ ਜਦ ਉਸ ਨੂੰ ਆਪਣੀ ਭੈਣ ਹਰਦੀਪ ਦੇ ਉਸ ਦੇ ਪਤੀ ਨਾਲ ਨਾਜਾਇਜ਼ ਸੰਬੰਧਾਂ ਬਾਰੇ ਪਤਾ ਚੱਲਦਾ ਹੈ । ਲੋਭ ਨੇ ਸਾਰੇ ਸੰਸਾਰ ਨੂੰ ਆਪਣੀ ਜਕੜ ਵਿੱਚ ਲਿਆ ਹੋਇਆ ਹੈ, ਇਸ ਤੋਂ ਕੋਈ ਵੀ ਅਛੂਤਾ ਨਹੀਂ ਰਿਹਾ ।

ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ
ਆਸਾ ਲਾਗਿਓ ਧਨ ਕੀ ॥[3]

ਮੋਹ ਨਾਲ ਸਾਡੇ ਪਰਿਵਾਰਿਕ ਰਿਸ਼ਤੇ ਤੇ ਸਮਾਜ ਨਾਲ ਸਾਂਝ ਉਪਜਦੀ ਹੈ । ਗੁਰਬਾਣੀ ਵਿਚ ਵੀ ਮੋਹ ਬਾਰੇ ਪੇਸ਼ ਹੋਇਆ ਹੈ:

ਦੇਖ ਕੁਟੰਬੁ ਮੋਹੁ ਲੁਭਾਣਾ
ਚਲਦਿਆਂ ਨਾਲਿ ਨ ਜਾਈ ॥[4]

ਪੰਜਵਾਂ ਵਿਕਾਰ ਅਹੰਕਾਰ ਹੈ । ਹਉਮੈ ਤੋਂ ਅਹੰਕਾਰ ਪੈਦਾ ਹੁੰਦਾ ਹੈ। ਜਦ ਵਿਅਕਤੀ ਵਿੱਚ ਲੋੜੋਂ ਵੱਧ ਅਹੰਕਾਰ ਆ ਜਾਂਦਾ ਹੈ ਤਾਂ ਉਹ ਵੀ ਉਸ ਦੀ ਬਰਬਾਦੀ ਦਾ ਕਾਰਨ ਬਣਦੀ ਹੈ। ਨਾਵਲੀ ਬਿਰਤਾਂਤ ਵਿਚ ਵੀ ਅਜਿਹਾ ਹੀ ਵਾਪਰਦਾ ਹੈ।ਅਹੰਕਾਰ ਦੇ ਚਲਦਿਆਂ ਹੀ ਹਰਿੰਦਰ ਦਾ ਸਾਰਾ ਪਰਿਵਾਰ ਖ਼ਤਮ ਹੋ ਜਾਂਦਾ ਹੈ । ਸਾਰੀ ਉਮਰ ਹਰਿੰਦਰ ਅਤੇ ਹਰਦੀਪ ਪੈਸੇ ਦੀ ਲਾਲਸਾ ਕਰਕੇ ਧੋਖੇ ਨਾਲ ਹਰਦੀਪ ਆਪਣੇ ਮਾਂ-ਪਿਓ ਦੀ ਜ਼ਮੀਨ,ਜਾਇਦਾਦ ਹਾਸਿਲ ਕਰ ਲੈਂਦੀ ਹੈ।

ਨਾਵਲੀ ਬਿਰਤਾਂਤ ਦੇ ਸ਼ੁਰੂਆਤ ਵਿੱਚ ਪਹਿਲਾ ਭਾਗ 'ਕਾਮ' ਦਾ ਹੈ । ਇਸ ਭਾਗ ਦੇ ਮੁੱਖ ਪਾਤਰ ਹਰਿੰਦਰ ਸਿੰਘ ਅਤੇ ਕੁਲਦੀਪ ਕੌਰ ਹਨ । ਕਿੱਤੇ ਪੱਖੋਂ ਦੋਵੇਂ ਅਧਿਆਪਕ ਵਰਗ ਨਾਲ ਸੰਬੰਧਤ ਹਨ। ਨਾਵਲੀ ਬਿਰਤਾਂਤ ਮੱਧ ਸ਼੍ਰੇਣੀ ਨਾਲ ਸੰਬੰਧਤ ਹੈ । ਇਸ ਵਿਚ ਮੱਧ ਸ਼੍ਰੇਣੀ ਨਾਲ ਸੰਬੰਧਤ ਲੋਕਾਂ ਦੇ ਕਿਤੇ, ਆਰਥਿਕਤਾ, ਵਿਹਾਰ ਆਦਿ ਦੀ ਪੇਸ਼ਕਾਰੀ ਹੋਈ ਹੈ । ਹਰਿੰਦਰ ਸਿੰਘ ਅਤੇ ਕੁਲਦੀਪ ਕੌਰ ਇਕ ਡਿਊਟੀ ਦੌਰਾਨ ਮਿਲਦੇ ਹਨ ਅਤੇ ਉਨ੍ਹਾਂ ਦੀ ਇਹ ਮਿਲਣੀ ਪਿਆਰ ਵਿੱਚ ਤਬਦੀਲ ਹੋ ਜਾਂਦੀ ਹੈ । ਹਰਿੰਦਰ ਸਿੰਘ ਦੇ ਪਰਿਵਾਰ ਵਿੱਚ ਕੋਈ ਨਹੀਂ । ਉਹ ਅਨਾਥ ਹੈ। ਦੂਸਰੇ ਪਾਸੇ ਕੁਲਦੀਪ ਕੌਰ ਸਿਰਫ਼ ਤਿੰਨ ਭੈਣਾਂ ਹਨ, ਉਨ੍ਹਾਂ ਦਾ ਕੋਈ ਭਰਾ ਨਹੀਂ । ਕੁਲਦੀਪ ਦੇ ਪਿਓ ਸਰਦਾਰਾ ਸਿੰਘ ਨੂੰ ਆਪਣੀਆਂ ਕੁੜੀਆਂ ਦੇ ਵਿਆਹ ਦਾ ਬਹੁਤ ਫ਼ਿਕਰ



ਰਹਿੰਦਾ ਹੈ। ਕੁਲਦੀਪ ਦੁਆਰਾ ਚੁਣੇ ਹਰਿੰਦਰ ਨੂੰ ਉਸ ਦਾ ਪਰਿਵਾਰ ਸਵੀਕਾਰ ਕਰ ਲੈਂਦਾ ਹੈ ਅਤੇ ਉਨ੍ਹਾਂ ਦਾ ਵਿਆਹ ਹੋ ਜਾਂਦਾ ਹੈ। ਹਰਿੰਦਰ ਸਿੰਘ ਸ਼ੁਰੂ ਵਿੱਚ ਤਾਂ ਕੁਲਦੀਪ ਲਈ ਬੜਾ ਆਦਰਸ਼ ਪਤੀ ਨਜ਼ਰ ਆਉਂਦਾ ਹੈ । ਫਿਰ ਨਾਵਲੀ ਬਿਰਤਾਂਤ ਅਚਾਨਕ ਮੋੜ ਕੱਟਦਾ ਹੈ ਤੇ ਹਰਿੰਦਰ ਤੇ ਕੁਲਦੀਪ ਦੀ ਜ਼ਿੰਦਗੀ ਵਿੱਚ ਬੜਾ ਵੱਡਾ ਤੂਫ਼ਾਨ ਆਉਂਦਾ ਹੈ । ਕੁਲਦੀਪ ਦੀ ਆਪਣੀ ਹੀ ਭੈਣ ਹਰਦੀਪ ਉਸ ਤੋਂ ਉਸਦਾ ਪਤੀ ਖੋਹ ਲੈਂਦੀ ਹੈ। ਹਰਿੰਦਰ ਸਿੰਘ ਅਤੇ ਕੁਲਦੀਪ ਕੌਰ ਦੇ ਪ੍ਰੇਮ-ਪ੍ਰਸੰਗ ਤੋਂ ਬਆਦ ਸੁਖੀ ਵਿਆਹੁਤਾ ਜੀਵਨ ਬਤੀਤ ਕਰਦਿਆਂ 'ਕਾਮ' ਇਕ ਨਵਾਂ ਮੋੜ ਲੈ ਆਉਂਦਾ ਹੈ। ਜਿਸਦੇ ਤਹਿਤ ਉਨ੍ਹਾਂ ਦੀ ਜ਼ਿੰਦਗੀ ਵਿਚ ਉੱਥਲ-ਪੁੱਥਲ ਮਚ ਜਾਂਦੀ ਹੈ। ਜੀਜੇ ਸਾਲੀ ਦੇ ਨਾਜਾਇਜ਼ ਸੰਬੰਧ ਇਕ ਹੱਸਦੇ-ਵੱਸਦੇ ਪਰਿਵਾਰ ਦੀ ਤਬਾਹੀ ਦਾ ਕਾਰਨ ਬਣਦੇ ਹਨ।

ਨਾਵਲੀ ਬਿਰਤਾਂਤ ਦੇ ਦੂਸਰੇ ਭਾਗ 'ਕ੍ਰੋਧ' ਵਿੱਚ ਪਾਤਰ ਕੁਲਦੀਪ ਕੌਰ ਆਪਣੇ ਹੀ ਪਤੀ ਅਤੇ ਭੈਣ ਦੁਆਰਾ ਬੇਵਫ਼ਾਈ ਬਰਦਾਸ਼ਤ ਨਾ ਕਰਦੀ ਹੋਈ ਕ੍ਰੋਧ ਦੇ ਹੱਦੋਂ ਵੱਧ ਹੋਣ ਕਰਕੇ ਆਪਣੀ ਜਾਨ ਗੁਆ ਬੈਠਦੀ ਹੈ । ਉਹ ਰਸੋਈ ਵਿਚ ਜਾ ਕੇ ਮਿੱਟੀ ਦਾ ਤੇਲ ਪਾ ਕੇ ਆਪਣੇ ਆਪ ਨੂੰ ਅੱਗ ਲਾ ਲੈਂਦੀ ਹੈ। ਹਰਿੰਦਰ ਸਿੰਘ ਅਤੇ ਉਸ ਦੀ ਸਾਲੀ ਹਰਦੀਪ ਕੌਰ ਕੁਲਦੀਪ ਦੀ ਆਤਮ-ਹੱਤਿਆ ਨੂੰ ਜੱਗ-ਜ਼ਾਹਿਰ ਨਹੀਂ ਹੋਣ ਦਿੰਦੇ । ਉਹ ਸਾਰਿਆਂ ਦੇ ਸਾਹਮਣੇ ਇਸ ਨੂੰ ਇਕ ਹਾਦਸਾ ਕਰਾਰ ਕਰ ਦਿੰਦੇ ਹਨ । ਹਰਦੀਪ ਕੌਰ ਜੋ ਕਿ ਪਹਿਲਾਂ ਹੀ ਆਪਣੇ ਜੀਜੇ ਤੇ ਡੋਰੇ ਡਾਲ ਚੁੱਕੀ ਸੀ, ਉਸ ਦੇ ਰਸਤੇ ਦਾ ਕਾਂਟਾ ਆਪਣੇ ਆਪ ਹੀ ਸਾਫ਼ ਹੋ ਜਾਂਦਾ ਹੈ । ਕੁਲਦੀਪ ਦੇ ਮਾਤਾ ਪਿਤਾ ਹਰਦੀਪ ਦਾ ਵਿਆਹ ਹਰਿੰਦਰ ਨਾਲ ਕਰ ਦਿੰਦੇ ਹਨ । ਕੁਲਦੀਪ ਦੀ ਮੌਤ ਦਾ ਰਾਜ਼ ਸਾਰੀ ਉਮਰ ਰਾਜ਼ ਹੀ ਬਣਿਆ ਰਹਿੰਦਾ ਹੈ।

ਨਾਵਲੀ ਬਿਰਤਾਂਤ ਦੇ ਤੀਜੇ ਭਾਗ 'ਲੋਭ' ਵਿਚ ਪਾਤਰ ਹਰਦੀਪ ਕੌਰ ਦੀ ਲੋਭ ਦੀ ਪ੍ਰਵਿਰਤੀ ਐਨੀ ਵੱਧ ਜਾਂਦੀ ਹੈ ਕਿ ਉਸ ਨੂੰ ਆਪਣੇ ਖ਼ੂਨ ਦੇ ਰਿਸ਼ਤਿਆਂ ਦੀ ਅਹਿਮੀਅਤ ਵੀ ਭੁੱਲ ਜਾਂਦੀ ਹੈ । ਇਸ ਲੋਭ ਵੱਸ ਹੀ ਉਹ ਆਪਣੇ ਆਪਣੇ ਪਤੀ ਹਰਿੰਦਰ ਨਾਲ ਮਿਲ ਕੇ ਆਪਣੀ ਮਾਂ-ਪਿਉ, ਛੋਟੀ ਭੈਣ ਅਤੇ ਜੀਜੇ ਦਾ ਕਤਲ ਕਰਵਾਉਂਦੀ ਹੈ । ਹਰਿੰਦਰ ਅਤੇ ਹਰਦੀਪ ਦੀ ਇਹ ਕਰਤੂਤ ਵੀ ਜੱਗ ਜ਼ਾਹਿਰ ਨਹੀਂ ਹੁੰਦੀ । ਉਹ ਆਪਣੇ ਪਾਪ ਦੁਨੀਆ ਤੋਂ ਲੁਕਾਉਣ ਵਿਚ ਸਫ਼ਲ ਰਹੇ ਸੀ। ਉਹ ਬੜੇ ਤਰੀਕੇ ਨਾਲ ਪੈਸੇ ਦੇ ਕੇ ਆਪਣਾ ਪਰਿਵਾਰ ਕਤਲ ਕਰਵਾਉਂਦੇ ਹਨ । ਦੁਨੀਆਂ ਵਿੱਚ ਅਜਿਹੀਆਂ ਘਟਨਾਵਾਂ ਲੋਭ ਵੱਸ ਬਹੁਤ ਵਾਪਰਦੀਆਂ ਹਨ ਪਰ ਜਦ ਖ਼ੂਨ ਦੇ ਰਿਸ਼ਤੇ ਹੀ ਇਨਸਾਨਿਅਤ ਨੂੰ ਸ਼ਰਮਸਾਰ ਕਰਦੇ ਹਨ ਤਾਂ ਉਸ ਤੋਂ ਦੁਖਦਾਈ ਹੋਰ ਕੋਈ ਚੀਜ਼ ਨਹੀ ਹੈ ।

ਚੌਥੇ ਭਾਗ 'ਮੋਹ' ਵਿੱਚ ਹੱਦੋ ਵੱਧ ਮੋਹ ਔਲਾਦ ਦੇ ਭਵਿੱਖ ਦਾ ਕਿਸ ਤਰ੍ਹਾਂ ਘਾਣ ਕਰਦਾ ਹੈ ਦਰਸਾਇਆ ਗਿਆ ਹੈ । ਹਰਿੰਦਰ ਅਤੇ ਹਰਦੀਪ ਦਾ ਪੁੱਤਰ ਰਣਬੀਰ ਮਾਪਿਆਂ ਦੇ ਪੈਸੇ ਤੇ ਐਸ਼-ਆਰਾਮ ਦੀ ਜ਼ਿੰਦਗੀ ਬਤੀਤ ਕਰਦਾ ਹੈ ਤੇ ਕਾਲਜ ਦੇ ਦਿਨਾਂ ਵਿੱਚ ਨਸ਼ਿਆਂ ਦਾ ਆਦੀ ਹੋ ਕੇ ਆਪਣੀ ਜ਼ਿੰਦਗੀ ਬਰਬਾਦ ਕਰਨ ਦੇ ਕੰਢੇ ਪਹੁੰਚ ਜਾਂਦਾ ਹੈ । ਉਹ ਗਲਤ ਸੰਗਤ ਵਿੱਚ ਪੈ ਜਾਂਦਾ ਹੈ । ਹਰਿੰਦਰ ਅਤੇ ਹਰਦੀਪ ਜਿਨ੍ਹਾਂ ਨੂੰ ਪਹਿਲਾਂ ਖ਼ੂਨ ਦੇ ਰਿਸ਼ਤਿਆਂ ਦਾ ਭੋਰਾ ਵੀ ਪ੍ਰਵਾਹ ਨਹੀਂ ਸੀ, ਹੁਣ ਉਨ੍ਹਾਂ ਨੂੰ ਸੇਕ ਲੱਗਦਾ ਹੈ । ਉਹ ਆਪਣੇ ਮੁੰਡੇ ਦੀ ਹਾਲਤ ਦੇਖ ਕੇ ਤਰਲੋ-ਮੱਛੀ

ਹੁੰਦੇ ਹਨ। ਪਰ ਫਿਰ ਉਹ ਇਕ ਵਾਰ ਇਸ ਸਥਿਤੀ ਤੇ ਕਾਬੂ ਪਾ ਲੈਂਦੇ ਹਨ । ਉਹ ਕਿਸੇ ਦੀ ਮਦਦ ਨਾਲ ਆਪਣੇ ਮੁੰਡੇ ਰਣਬੀਰ ਨੂੰ ਭੈੜੀ ਸੰਗਤ ਵਿੱਚੋਂ ਕੱਢ ਕੇ ਕੈਨੇਡਾ ਭੇਜ ਦਿੰਦੇ ਹਨ ।

ਨਾਵਲੀ ਬਿਰਤਾਂਤ ਦੇ ਅਖੀਰਲੇ ਹਿੱਸੇ ਵਿਚ ਲੇਖਕ 'ਅਹੰਕਾਰ' ਦਾ ਐਸਾ ਪ੍ਰਭਾਵ ਸਿਰਜਦਾ ਹੈ ਕਿ ਜਦ ਵਿਅਕਤੀ ਵਿੱਚ ਅਹੰਕਾਰ ਹੱਦ ਤੋਂ ਪਰ੍ਹੇ ਜਾਂਦਾ ਹੈ ਤਾਂ ਕਿਸ ਹੱਦ ਤੱਕ ਵਿਨਾਸ਼ਕਾਰੀ ਸਿੱਟੇ ਨਿਕਲਦੇ ਹਨ ਉਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ । ਏਸੇ ਅਹੰਕਾਰ ਦੇ ਚਲਦੇ ਵੱਸ ਨਾਵਲ ਦੇ ਪਾਤਰ ਹਰਿੰਦਰ, ਹਰਦੀਪ ਅਤੇ ਰਣਬੀਰ ਦਾ ਵੀ ਅੰਤ ਹੋ ਜਾਂਦਾ ਹੈ ।

'ਹੱਦ ਤੋਂ ਪਰ੍ਹੇ' ਨਾਵਲ ਵਿਚ ਮਾਨਵੀ ਰਿਸ਼ਤਿਆਂ ਦੀ ਤਹਿ ਹੇਠ ਲੁਕੀਆਂ ਜਾਇਦਾਦੀ ਅਤੇ ਖ਼ੁਦਗਰਜ਼ੀ ਦੀਆਂ ਰੁਚੀਆਂ ਦੀ ਵਾਸਤਵਿਕਤਾ ਮੂਰਤੀਮਾਨ ਹੋਈ ਹੈ । ਮਨੁੱਖ ਦੀ ਇਕ ਸਮਾਜਿਕ ਜੀਵ ਹੋਣ ਦੀ ਪ੍ਰਵਿਰਤੀ ਉਸ ਨੂੰ ਹੋਰ ਮਨੁੱਖਾਂ ਨਾਲ ਰਿਸ਼ਤੇ ਜੋੜਣ ਲਈ ਪ੍ਰੇਰਿਤ ਕਰਦੀ ਹੈ । ਇਨ੍ਹਾਂ ਰਿਸ਼ਤਿਆਂ ਨਾਲ ਕੁਝ ਫ਼ਰਜ਼ ਵੀ ਜੁੜੇ ਹੁੰਦੇ ਹਨ, ਪਰ ਅਕਸਰ ਮਨੁੱਖ ਫ਼ਰਜ਼ ਨਾਲੋਂ ਗਰਜ਼ ਨੂੰ ਜਿਆਦਾ ਮਹੱਤਵ ਦੇਣ ਲੱਗ ਪੈਂਦਾ ਹੈ । ਲੇਖਕ ਨੇ ਨਾਵਲ ਦੇ ਦੋ ਕੇਂਦਰੀ ਪਾਤਰਾਂ ਹਰਿੰਦਰ ਸਿੰਘ ਅਤੇ ਹਰਦੀਪ ਕੌਰ ਜੋ ਕਿ ਰਿਸ਼ਤੇ ਵਿੱਚ ਪਤੀ-ਪਤਨੀ ਹਨ ਦੇ ਜ਼ਰੀਏ ਇਸ ਹਕੀਕਤ ਨੂੰ ਸਾਹਮਣੇ ਲਿਆਉਣ ਦੀ ਕੋਸਿਸ਼ ਕੀਤੀ ਹੈ।

ਸਾਕਾਚਾਰੀ ਪ੍ਰਬੰਧ ਮਨੁੱਖ ਦੀ ਅਤਿਅੰਤ ਮਹੱਤਵਪੂਰਨ ਤੇ ਮਾਣਯੋਗ ਸਭਿਆਚਾਰਕ ਸਿਰਜਣਾ ਹੈ । ਰਿਸ਼ਤਾਨਾਤਾ-ਪ੍ਰਬੰਧ ਮਨੁੱਖ ਦੀ ਸਮਾਜਿਕ ਹੋਂਦ ਨੂੰ ਪ੍ਰਗਟਾਉਂਦਾ ਹੈ । ਇਹ ਮਨੁੱਖ ਦੇ ਸੰਬੰਧਾਂ ਨੂੰ ਪ੍ਰਗਟਾਉਂਦਾ ਹੀ ਨਹੀਂ ਬਲਕਿ ਨਿਰਧਾਰਤ ਵੀ ਕਰਦਾ ਹੈ । ਪਰ ਜਦ ਇਨ੍ਹਾਂ ਰਿਸ਼ਤਿਆਂ ਵਿਚ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵੱਸ ਜਦ ਪਰਿਵਰਤਨ ਵਾਪਰਦੇ ਹਨ ਤਾਂ ਇਹ ਰਿਸ਼ਤਿਆਂ ਨੂੰ ਦਰ ਕਿਨਾਰ ਕਰ ਕੇ ਸਿਰਫ਼ ਆਪਣੇ ਹੀ ਹਿੱਤਾ ਬਾਰੇ ਸੋਚਦੇ ਹਨ, ਜੋ ਕਿ ਇਸ ਨਾਵਲ ਵਿਚ ਵਾਪਰਦਾ ਹੈ । ਈਰਖਾ, ਵੈਰ, ਭਾਵ ਅਤੇ ਅਵਿਸ਼ਵਾਸ ਖ਼ੂਨ /ਵੰਸ਼ ਦੀ ਸਾਂਝ ਹੋਣ ਦੇ ਬਾਵਜੂਦ ਵੀ ਬਣਿਆ ਰਹਿੰਦਾ ਹੈ ।

ਔਰਤ ਦੇ ਅਲੱਗ ਅਲੱਗ ਰੂਪ ਹੁੰਦੇ ਹਨ । ਔਰਤ ਤੋਂ ਹਮੇਸ਼ਾਂ ਹੀ ਇਹ ਤਵੱਕੋ ਕੀਤੀ ਜਾਂਦੀ ਹੈ ਕਿ ਉਸ ਦਾ ਵਿਹਾਰ ਹਮੇਸਾਂ ਹੀ ਨਿਮਰ, ਸਹਿਣਸ਼ੀਲ ਤੇ ਮਮਤਾ ਵਾਲਾ ਬਣਿਆ ਰਹੇ । 'ਹੱਦ ਤੋਂ ਪਰ੍ਹੇ' ਨਾਵਲ ਵਿਚ ਹਰਦੀਪ ਕੌਰ ਦਾ ਜੋ ਪਾਤਰ (ਕਿਰਦਾਰ) ਪੇਸ਼ ਹੋਇਆ ਹੈ, ਉਹ ਸੱਚਮੁੱਚ ਹੀ ਹੱਦ ਤੋਂ ਪਰ੍ਹੇ ਹੈ। ਔਰਤ ਔਰਤ ਨੂੰ ਪਿਆਰ ਕਰਦੀ ਹੈ ਪਰ ਸ਼ਾਇਦ ਸੌਂਕਣ ਦੇ ਰੂਪ ਵਿੱਚ ਉਹ ਕਿਤੇ ਵੀ ਤਿਆਰ ਨਹੀਂ । ਔਰਤ ਕੋਲੋਂ ਮਰਦ ਨਾਲੋਂ ਸਵੈ-ਕਾਬੂ ਜਿਆਦਾ ਹੁੰਦਾ ਹੈ, ਪਰ ਨਾਵਲ ਵਿਚ ਔਰਤ ਪਾਤਰ ਹਰਦੀਪ ਕਿਵੇਂ ਆਪਣਾ ਆਪ ਖੋਹ ਕੇ ਆਪਣੀ ਭੈਣ ਦਾ ਘਰ ਸੌਂਕਣ ਦੇ ਰੂਪ ਵਿਚ ਉਜਾੜ ਦਿੰਦੀ ਹੈ। ਇਕ ਔਰਤ ਹੀ ਦੂਸਰੀ ਔਰਤ (ਸਕੀ ਭੈਣ) ਦਾ ਘਰ ਉਜਾੜ ਦਿੰਦੀ ਹੈ । ਨਾਵਲ ਵਿੱਚ ਜੀਜੇ ਸਾਲੀ ਦੇ ਨਾਜਾਇਜ਼ ਰਿਸ਼ਤੇ ਨੂੰ ਧਰਾਤਲ ਬਣਾ ਕੇ ਨਾਵਲੀ ਬਿਰਤਾਂਤ ਦੀ ਉਸਾਰੀ ਕੀਤੀ ਗਈ ਹੈ। ਹਰਿੰਦਰ ਜੋ ਕਿ ਹਰਦੀਪ ਦਾ ਜੀਜਾ ਸੀ, ਦੋਵੇਂ ਰਿਸ਼ਤਾ-ਨਾਤਾ ਪ੍ਰਬੰਧ ਦੀ ਮਰਿਯਾਦਾ ਨੂੰ ਤੋੜਦੇ ਹੋਏ ਨਾਜਾਇਜ਼ ਰਿਸ਼ਤਿਆਂ ਦੀ ਪਦਵੀ ਜਾਂ ਸਥਾਨ ਪ੍ਰਾਪਤ ਕਰਦੇ ਹਨ।

'ਹੱਦ ਤੋਂ ਪਰ੍ਹੇ' ਨਾਵਲ ਵਿਚ ਪਾਤਰ ਹਰਿੰਦਰ ਸਿੰਘ ਅਤੇ ਹਰਦੀਪ ਕੌਰ ਦੋਵੇਂ ਹੀ ਖਲਨਾਇਕ ਦੀ ਭੂਮਿਕਾ ਨਿਭਾਉਂਦੇ ਹਨ । ਇਕ ਔਰਤ ਕਿਸ ਹੱਦ ਤੱਕ ਡਿੱਗ ਸਕਦੀ ਹੈ ਇਹ



ਨਾਵਲੀ ਬਿਰਤਾਂਤ ਵਿਚ ਪੇਸ਼ ਹੋਇਆ ਹੈ । ਹਰਦੀਪ ਕੌਰ ਜਿਸ ਦੀ ਸਚਾਈ ਉਸ ਦੇ ਮਾਤਾ-ਪਿਤਾ ਅਤੇ ਭੈਣਾਂ ਨੂੰ ਪਤਾ ਨਹੀਂ ਲੱਗਦੀ । ਉਹ ਸੱਪ ਵਾਂਗ ਆਪਣੇ ਸਾਰੇ ਪੇਕੇ ਪਰਿਵਾਰ ਦੇ ਮੈਂਬਰਾਂ ਨੂੰ ਡਸ ਲੈਂਦੀ ਹੈ, ਉਹ ਵੀ ਸਿਰਫ਼ ਇਕ ਮਰਦ (ਜੀਜਾ) ਦੀ ਚਾਹਤ ਅਤੇ ਜ਼ਮੀਨ ਜਾਇਦਾਦ ਹੜੱਪ ਕਰਨ ਵਾਸਤੇ । ਹਰਿੰਦਰ ਨੂੰ ਉਸ ਦੀ ਦੂਸਰੀ ਪਤਨੀ ਹਰਦੀਪ (ਸਾਲੀ) ਹੀ ਸਾਰੀਆਂ ਮਾੜੀਆਂ ਘਟਨਾਵਾਂ ਨੂੰ ਅੰਜਾਮ ਦੇਣ ਲਈ ਉਕਸਾਉਂਦੀ ਹੈ । ਹਰਦੀਪ ਆਪ ਅੱਗੇ ਰਹਿੰਦੀ ਹੈ ਤੇ ਹਰਿੰਦਰ ਉਸਦੇ ਪਿੱਛੇ । ਕਾਮ ਬ੍ਰਿਤੀ ਤੋਂ ਸ਼ੁਰੂ ਹੋਇਆ ਸਿਲਸਿਲਾ ਅਹੰਕਾਰ ਤੇ ਜਾ ਕੇ ਖ਼ਤਮ ਹੁੰਦਾ ਹੈ । ਪਤੀ-ਪਤਨੀ ਦਾ ਰਿਸ਼ਤਾ ਬੜਾ ਵਧੀਆ ਹੁੰਦਾ ਹੈ, ਪਰ ਇਸ ਨਾਵਲ ਵਿਚ ਹਰਿੰਦਰ ਅਤੇ ਹਰਦੀਪ ਦੋਵਾਂ ਨੇ ਹੀ ਪਤੀ-ਪਤਨੀ ਦੇ ਰਿਸ਼ਤੇ ਦੀ ਪਰਿਭਾਸ਼ਾ ਹੀ ਬਦਲ ਕੇ ਰੱਖ ਦਿੱਤੀ ਹੈ।

ਨਾਵਲਕਾਰ 'ਹੱਦ ਤੋਂ ਪਰ੍ਹੇ' ਨਾਵਲ ਵਿਚ ਵੱਖਰੇ-ਵੱਖਰੇ ਦ੍ਰਿਸ਼ਾਂ ਅਤੇ ਪ੍ਰਸਥਿਤੀਆਂ ਵਿੱਚ ਭਾਵੁਕਤਾ ਲੈ ਆਉਂਦਾ ਹੈ । ਖਾਸ ਕਰਕੇ ਉਦੋਂ ਜਦੋਂ ਨਾਵਲਕਾਰ ਸੰਤਾਪ ਭੋਗਦੇ ਪਾਤਰਾਂ ਦੀਆਂ ਸਥਿਤੀਆਂ ਨੂੰ ਪੇਸ਼ ਕਰਦਾ ਹੈ । ਤ੍ਰਾਸਦਿਕ ਸਥਿਤੀ ਪਾਠਕ ਦੇ ਮਨ ਨੂੰ ਅਪੀਲ ਕਰਨ ਵਾਲੀ ਹੁੰਦੀ ਹੈ । ਨਾਵਲ ਦੇ ਹਰ ਇਕ ਭਾਗ ਵਿੱਚ ਕਥਾ ਪ੍ਰਵਚਨ ਦੇ ਜ਼ਰੀਏ ਵਿਕਾਰਾਂ ਤੇ ਕਾਬੂ ਪਾਉਣ ਲਈ ਛੋਟੇ-ਛੋਟੇ ਬਿਰਤਾਂਤਾ ਦੀ ਉਸਾਰੀ ਵੀ ਹੋਈ ਹੈ । ਪ੍ਰਵਚਨਾਂ ਰਾਹੀਂ ਮਨੁੱਖ ਨੂੰ ਸਮੇਂ-ਸਮੇਂ ਤੇ ਆਪਣੇ ਦੁਆਰਾ ਕੀਤੇ ਗਏ ਮਾੜੇ ਕੰਮਾਂ ਤੋਂ ਵਰਜਣ ਲਈ ਚੁਕੰਨਾ ਕੀਤਾ ਗਿਆ ਹੈ । ਇਨ੍ਹਾਂ ਪ੍ਰਵਚਨਾ ਨੂੰ ਹਰਿੰਦਰ ਅਤੇ ਹਰਦੀਪ ਦੋਵੇਂ ਪਾਤਰ ਹੀ ਸੁਣਦੇ ਹਨ ਪਰ ਪ੍ਰਵਚਨਾ ਦਾ ਕੋਈ ਅਸਰ ਉਨ੍ਹਾਂ ਤੇ ਨਹੀਂ ਹੁੰਦਾ ਤੇ ਉਹ ਨਿਰੰਤਰ ਬੁਰਾਈ ਦੀ ਦਲਦਲ ਵਿਚ ਧਸਦੇ ਜਾਂਦੇ ਹਨ । ਆਪਣੇ ਹੀ ਖ਼ੂਨੀ ਰਿਸ਼ਤਿਆਂ ਨੂੰ ਤਾਰੋਪੀਡ ਕਰੀ ਜਾਂਦੇ ਹਨ।

ਨਾਵਲੀ ਪਾਤਰ ਹਰਿੰਦਰ ਜੋ ਕਿ ਆਪਣੀ ਦੂਜੀ ਪਤਨੀ ਹਰਦੀਪ (ਸਾਲੀ) ਦੇ ਕਹੇ ਅਨੁਸਾਰ ਆਪਣੇ ਸਹੁਰਿਆਂ ਦੀ ਸਾਰੀ ਜ਼ਮੀਨ ਲੈਣ ਵਾਸਤੇ ਬੜੇ ਪਰਾਪੋਕੰਢੇ ਤੇ ਹੱਥਕੰਡੇ ਅਪਣਾਉਂਦਾ ਹੋਇਆ ਉਨ੍ਹਾਂ ਨੂੰ ਕਤਲ ਵੀ ਕਰਵਾ ਦਿੰਦਾ ਹੈ, ਇਨ੍ਹਾਂ ਸਭ ਕੁਝ ਕਰਨ ਨਾਲ ਉਸ ਦੀ ਮਾਨਸਿਕ ਸਥਿਤੀ ਇਕ ਵਾਰ ਤਾਂ ਡਾਵਾਂਡੋਲ ਹੋ ਜਾਂਦੀ ਹੈ । ਉਦਾਸੀ, ਨਿਮੋਸ਼ੀ, ਨਿਰਾਸ਼ਤਾ, ਅਤ੍ਰਿਪਤੀ, ਅਸੰਤੁਸ਼ਟੀ ਜਿਹੇ ਮਨੋਵਿਗਿਆਨਿਕ ਲੱਛਣ ਉਸ ਦੇ ਚਰਿੱਤਰ ਦਾ ਹਿੱਸਾ ਬਣਦੇ ਹਨ ।"ਬੀਤੇ ਸਮੇਂ ਦੀਆਂ ਯਾਦਾਂ ਹਰਿੰਦਰ ਨੂੰ ਥੋਰ ਦੇ ਕੰਡਿਆਂ ਵਾਂਗ ਚੁਭਣ ਲਗੀਆਂ । ਉਸਨੂੰ ਰੋਜ਼ਾਨਾ ਸ਼ਰਾਬ ਪੀਣ ਦੀ ਆਦਤ ਪੈ ਗਈ । ਰਾਤ ਨੂੰ ਵੱਧ ਪੀਤੀ ਹੋਣ ਕਰਕੇ ਤੜਕਿਓਂ ਉਸ ਨੂੰ ਤੋੜ ਲੱਗ ਜਾਂਦੀ । ਉਹ ਉੱਠਦਾ ਅਤੇ ਸਰਾਣੇ ਪਈ ਬੋਤਲ ਵਿੱਚੋਂ ਪੈਗ ਲਾ ਲੈਂਦਾ । ਇਹ ਦੌਰ ਸਾਰੀ ਦਿਹਾੜੀ ਚਲਦਾ । ਉਸ ਦਿਨ ਨਾ ਉਹ ਕੁਛ ਖਾਂਦੈ ਨਾ ਪੀਂਦੈ ਸਗੋਂ ਕਮਲਿਆਂ ਵਾਂਗ ਰੌਲ਼ਾ ਪਾਉਂਦਾ ਰਹਿੰਦਾ" ।[5]

ਉਸ ਸਮੇਂ ਉਹ ਸੋਚਦਾ ਮੈਂ ਇਕ ਪੜ੍ਹਿਆ
ਲਿਖਿਆਮਾਸਟਰ । ਮੇਰੇ ਇਹ ਚੱਜ........।
' ਸੋਚ ਕੇ ਉਹ ਹੋਰਪਰੇਸ਼ਾਨ ਹੋ ਜਾਂਦਾ ।[6]
ਇਕ ਰਾਤ ਹਰਿੰਦਰ ਉੱਚੀ ਉੱਚੀ ਰੋਣ ਲੱਗ ਪਿਆ ।
ਉਹ ਆਪਣੇ ਆਪ ਨੂੰ ਪਾਪੀ ਪਾਪੀ ਆਖਦਾ

ਦੇਖੋ ਪੰਨਾ ਨੰ. 72 'ਤੇ

# ਮਕਸੂਦ ਸਾਕਿਬ ਦੇ ਕਹਾਣੀ ਸੰਗ੍ਰਹਿ 'ਤੋਂ ਘਰ ਚਲਾ ਜਾ' ਵਿੱਚ ਪੇਸ਼ ਮੁੱਖ ਸਰੋਕਾਰ

–ਡਾ.ਸਵਰਨਜੀਤ ਕੌਰ

ਪਾਕਿਸਤਾਨ ਨਾਮੀ ਮੁਲਕ ਦੇ ਹੋਂਦ ਵਿੱਚ ਆਉਣ ਤੋਂ ਲੈ ਕੇ ਮੁੱਢਲੇ ਕੁਝ ਸਾਲਾਂ ਨੂੰ ਛੱਡ ਕੇ ਜਿਆਦਾਤਰ ਫੌਜੀ ਹਕੂਮਤ ਹੀ ਰਹੀ ਹੈ।ਸਿਆਸੀ ਬਹੁਰਾਨ, ਸਮਾਜਿਕ ਅਤੇ ਆਰਥਿਕ ਸੰਕਟ, ਸਿਆਸੀ ਤਾਕਤਾਂ ਦਾ ਗੱਠਜੋੜ ਵਧੇਰੇ ਸਮਾਂ ਪਾਕਿਸਤਾਨ ਦੇ ਅਵਾਮ ਦੀ ਕਿਸਮਤ ਬਣੇ ਰਹੇ ਹਨ।ਸਾਮਰਾਜੀ ਤਾਕਤਾਂ, ਸਾਮਰਾਜ ਦੇ ਗੁਮਾਸ਼ਤਾ ਵਰਗਾਂ ਵੱਲੋਂ ਅਜ਼ਾਦੀ ਦੀਆਂ ਨਾਮਧਰੀਕ ਤਹਿਰੀਕਾਂ, ਉਨ੍ਹਾਂ ਤਹਿਰੀਕਾਂ ਵਿੱਚੋਂ ਪੈਦਾ ਹੋਣ ਵਾਲੀਆਂ ਲੋਕਾਂ ਦੀਆਂ ਉਮੰਗਾਂ, ਸੁਪਨੇ, ਸੱਧਰਾਂ, ਸੱਤਾਧਾਰੀ ਹਾਕਮਾਂ ਦਾ ਜ਼ੁਲਮ-ਜ਼ਬਰ, ਅਨਿਆਂ, ਆਰਥਿਕ ਔੜ, ਸਿਆਸੀ ਖਾਨਾਜੰਗੀ, ਸਮਾਜਿਕ ਦਬਾਅ ਅਤੇ ਮਾਨਸਿਕ ਤਣਾਅ ਆਦਿ ਦਾ ਪ੍ਰਗਟਾਵਾ ਸਮੁੱਚੇ ਪਾਕਿਸਤਾਨੀ ਕਹਾਣੀ ਸਾਹਿਤ ਦਾ ਖਾਸਾ ਬਣਿਆ ਰਿਹਾ ਹੈ।ਪਾਕਿਸਤਾਨੀ ਨਿਜ਼ਾਮ ਦੀ ਕਠੋਰਤਾ ਤੇ ਕਟਾਖਸ਼ ਦੇ ਨਤੀਜੇ ਵਜੋਂ ਕਈ ਸਾਹਿਤਕਾਰਾਂ ਦੀਆਂ ਰਚਨਾਵਾਂ ਨੂੰ ਜ਼ਬਤ ਵੀ ਕੀਤਾ ਗਿਆ। ਇਸ ਕਰਕੇ ਕਈਆਂ ਨੇ ਸੱਤਾ ਤੇ ਕਾਬਜ਼ ਧਿਰ ਨੂੰ ਵਿਅੰਗ ਦਾ ਨਿਸ਼ਾਨਾ ਬਣਾਉਣ ਲਈ ਪ੍ਰਤੀਕਾਤਮਕ ਸ਼ੈਲੀ ਨੂੰ ਅਪਨਾਇਆ।

ਸਾਹਿਤ ਦੇ ਖੇਤਰ ਵਿੱਚ ਗਲਪ ਸਾਹਿਤ ਨੂੰ ਸਮਾਜਿਕ ਸਰੋਕਾਰਾਂ ਦੀ ਪੇਸ਼ਕਾਰੀ ਹਿੱਤ ਇਕ ਮਹੱਤਵਪੂਰਨ ਵਿਧਾ ਮੰਨਿਆਂ ਗਿਆ ਹੈ।ਗਲਪ ਵਿੱਚ ਕਹਾਣੀ ਦੀ ਵਿਧਾ ਰਾਹੀਂ ਪੇਸ਼ ਹੋਇਆ ਸਮਾਜਿਕ ਸੱਚ ਪਾਠਕਾਂ ਦੀ ਖਿੱਚ ਦਾ ਵਧੇਰੇ ਕੇਂਦਰ ਰਹਿੰਦਾ ਹੈ। ਇਸਦਾ ਕਾਰਨ ਸ਼ਾਇਦ ਕਹਾਣੀ ਵਿਧਾ ਦੀ ਮੁੱਖ ਵਿਸ਼ੇਸ਼ਤਾ ਥੋੜ੍ਹੇ ਸ਼ਬਦਾਂ ਰਾਹੀਂ ਵੱਡੀ ਮੁੱਲਵਾਨ ਗੱਲ ਕਰਨੀ ਕਿਹਾ ਜਾ ਸਕਦਾ ਹੈ।ਪਾਕਿਸਤਾਨੀ ਕਹਾਣੀ ਬਾਰੇ ਡਾ. ਕਰਨੈਲ ਸਿੰਘ ਥਿੰਦ ਦਾ ਕਹਿਣਾ ਹੈ:

*ਸ਼ੁਰੂ-ਸ਼ੁਰੂ ਵਿਚ ਲਿਖੀਆਂ ਗਈਆਂ ਬਹੁਤੀਆਂ ਕਹਾਣੀਆਂ ਰਵਾਇਤੀ ਢੰਗ ਦੀਆਂ ਸਨ। ਇਨ੍ਹਾਂ ਵਿਚੋਂ ਕੁਝ ਕਹਾਣੀਆਂ ਕੁੜੀ ਮੁੰਡੇ ਦੇ ਪਿਆਰ, ਮਿਲਾਪ-ਵਿਛੋੜੇ ਅਤੇ ਜਜ਼ਬਾਤੀ ਵਹਿਣ ਵਿਚ ਲਿਖੀਆਂ ਹੋਈਆਂ ਹਨ।1*

ਜਿਉਂ-ਜਿਉਂ ਸਮਾਂ ਬੀਤਦਾ ਗਿਆ ਕਹਾਣੀ ਖੇਤਰ ਵਿੱਚ ਵੀ ਵਿਸ਼ੇ ਅਤੇ ਰੂਪਾਕਾਰਕ ਪੱਖ ਤੋਂ ਨਵੇਂਪਣ ਦਾ ਪ੍ਰਭਾਵ ਪੈਂਦਾ ਗਿਆ ਅਤੇ ਕਹਾਣੀ ਦੀਆਂ ਕਾਫੀ ਪੁਸਤਕਾਂ ਹੋਂਦ ਵਿੱਚ ਆਈਆਂ।ਇਸ ਸਭ ਦੇ ਬਾਵਜੂਦ ਵੀ ਇਸਦੀ ਰਫਤਾਰ ਭਾਰਤੀ ਪੰਜਾਬੀ ਕਹਾਣੀ ਜਿੰਨੀ ਤੇਜ਼ ਨਹੀਂ ਹੋ ਸਕੀ।ਜੋ ਵਾਧਾ ਗਿਣਾਤਮਕ ਅਤੇ ਗੁਣਾਤਮਕ ਪੱਖ ਤੋਂ ਭਾਰਤੀ ਪੰਜਾਬੀ ਕਹਾਣੀ ਵਿੱਚ ਮਿਲਦਾ ਹੈ ਉਹ ਪਾਕਿਸਤਾਨੀ ਪੰਜਾਬੀ ਕਹਾਣੀ ਵਿੱਚ ਨਹੀਂ ਹੋ ਸਕਿਆ।ਪਾਕਿਸਤਾਨ ਵਰਗੇ ਮੁਲਕ ਦੇ ਬੰਦ ਮਾਹੌਲ ਕਾਰਨ ਉੱਥੋਂ ਦਾ ਸਾਹਿਤ ਕੁਝ ਪਛੜ ਕੇ ਵਿਕਾਸ ਕਰਦਾ ਹੈ ਪਰ ਇਸ ਸਭ ਦੇ ਬਾਵਜੂਦ ਕੁਝ ਕਹਾਣੀਕਾਰਾਂ ਨੇ ਸਮਾਜ ਪ੍ਰਤੀ ਆਪਣਾ ਫ਼ਰਜ਼ ਇਮਾਨਦਾਰੀ ਨਾਲ ਨਿਭਾਇਆ ਹੈ ਜਿਸ ਵਿੱਚ ਮਕਸੂਦ ਸਾਕਿਬ ਦਾ ਨਾਂ ਕਿਸੇ ਜਾਣ-ਪਹਿਚਾਣ ਦਾ ਮੁਹਤਾਜ਼ ਨਹੀਂ।ਮਕਸੂਦ ਸਾਕਿਬ ਦਾ ਜਨਮ 4 ਅਪ੍ਰੈਲ 1955 ਨੂੰ ਜ਼ਿਲਾ ਸ਼ੇਖ਼ੂਪੁਰਾ ਪਾਕਿਸਤਾਨ ਵਿਖੇ ਹੋਇਆ।ਕਹਾਣੀ ਖੇਤਰ ਵਿੱਚ ਮਕਸੂਦ ਸਕਿਬ ਨੇ ਹੁਣ ਤੱਕ 'ਕਹਾਣੀਆਂ', 'ਸੁੱਚਾ ਤਿੱਲਾ ਤੇ ਹੋਰ ਕਹਾਣੀਆਂ', 'ਧੋਤੇ ਪੰਨਿਆਂ ਦੀ ਇਬਾਰਤ' ਅਤੇ 'ਤੂੰ ਘਰ ਚਲਾ ਜਾ' ਰਾਹੀਂ ਪੰਜਾਬੀ ਕਹਾਣੀ ਖੇਤਰ ਵਿੱਚ ਗਿਣਾਤਮਕ ਅਤੇ ਗੁਣਾਤਮਕ ਪੱਖੋਂ ਵਾਧਾ ਕੀਤਾ। ਇੱਥੇ ਅਸੀਂ ਉਸਦੇ



ਕਹਾਣੀ ਸੰਗ੍ਰਹਿ 'ਤੂੰ ਘਰ ਚਲਾ ਜਾ' ਵਿਚਲੀਆਂ ਕਹਾਣੀਆਂ ਦੇ ਮੁੱਖ ਸਰੋਕਾਰਾਂ ਨੂੰ ਆਪਣੇ ਅਧਿਐਨ ਦਾ ਆਧਾਰ ਬਣਾਵਾਂਗੇ। ਇਸ ਕਹਾਣੀ ਸੰਗ੍ਰਹਿ ਵਿੱਚ ਕੁੱਲ ਵੀਹ ਕਹਾਣੀਆਂ ਦਰਜ ਹਨ।ਜਿਨ੍ਹਾਂ ਵਿੱਚ ਕਹਾਣੀਕਾਰ ਨੇ ਸਮਾਜਿਕ ਯਥਾਰਥ ਵਿਚਲੇ ਮਹੱਤਵਪੂਰਨ ਸਰੋਕਾਰਾਂ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ।

ਮਕਸੂਦ ਸਾਕਿਬ ਨੇ ਆਪਣੀਆਂ ਕਹਾਣੀਆਂ ਰਾਹੀਂ ਪੰਜਾਬੀ ਵਿੱਚ ਕਥਾ ਕਹਿਣ ਦੀ ਰਵਾਇਤ ਨੂੰ ਕਾਇਮ ਰੱਖਿਆ ਹੈ।ਉਸਨੇ 1986 ਤੋਂ 1997 ਤੱਕ 'ਮਾਂ ਬੋਲੀ' ਨਾਂ ਦਾ ਇਕ ਪੰਜਾਬੀ ਰਸਾਲਾ ਵੀ ਪ੍ਰਕਾਸ਼ਿਤ ਕੀਤਾ।ਇਸ ਮਗਰੋਂ 1998 ਤੋਂ ਵਰਤਮਾਨ ਤੱਕ ਮਹੀਨਾਵਾਰ 'ਪੰਚਮ' ਪ੍ਰਕਾਸ਼ਿਤ ਕਰ ਰਹੇ ਹਨ।ਪੇਂਡੂ ਜੱਟ ਕਿਸਾਨ ਪਰਿਵਾਰ ਨਾਲ ਸੰਬੰਧ ਰੱਖਣ ਵਾਲੇ ਮਕਸੂਦ ਸਾਕਿਬ ਦੀਆਂ ਕਹਾਣੀਆਂ ਦੇ ਮੁੱਖ ਸਰੋਕਾਰ ਵੀ ਉਸ ਧਰਾਤਲ ਨਾਲ ਸਬੰਧਿਤ ਹਨ। ਉਸ ਧਰਾਤਲ ਨਾਲ ਸੰਬੰਧਿਤ ਕਹਾਣੀਆਂ ਵਿੱਚੋਂ ਸਮਜਿਕ ਯਥਾਰਥ ਦੀ ਝਲਕ ਬਾਖ਼ੂਬੀ ਪੇਸ਼ ਕੀਤੀ ਹੈ। ਉਹ ਆਪਣੀਆਂ ਕਹਾਣੀਆਂ ਰਾਹੀਂ ਅਜਿਹੇ ਸਮਾਜ ਦੀ ਬਾਤ ਪਉਂਦਾ ਹੈ ਜੋ ਭਾਵੇਂ ਅਤੀਤ ਨਾਲ ਸਬੰਧ ਰੱਖਦਾ ਹੈ ਪਰ ਇਸਦੇ ਬਾਵਜੂਦ ਉਸ ਵਿੱਚੋਂ ਸੱਚ ਕਿਤੇ ਮਨਫ਼ੀ ਨਹੀਂ ਜਾਪਦਾ।ਉਸ ਦੀਆਂ ਕਹਾਣੀਆਂ ਪੰਜਾਬੀ ਸਮੂਹਿਕ ਮਨ ਦੇ ਚੇਤਨ ਅਰਧ-ਚੇਤਨ ਅਤੇ ਅਵਚੇਤਨ ਵਿਚ ਰਚੇ ਜਾ ਰਹੇ ਖਿਆਲਾਂ ਅਤੇ ਵਿਵਹਾਰ ਦੀ ਪੇਸ਼ਕਾਰੀ ਕਰਦੀਆਂ ਹਨ।ਇਸ ਲਈ ਉਸ ਦੀਆਂ ਕਹਾਣੀਆਂ ਦੇ ਪਾਤਰ ਵਰਤਮਾਨ ਵਿੱਚ ਭਾਵੇਂ ਸਾਡੇ ਆਸੇ ਪਾਸੇ ਨਜ਼ਰ ਨਹੀਂ ਆਉਂਦੇ ਪਰ ਸਾਡੀ ਰੂਹ ਵਿੱਚ ਵਸਦੇ ਜ਼ਰੂਰ ਮਹਿਸੂਸ ਹੁੰਦੇ ਹਨ।

ਮਕਸੂਦ ਸਾਕਿਬ ਦੀਆਂ ਕਹਾਣੀਆਂ ਵਿਚਲੇ ਮੁੱਖ ਸਰੋਕਾਰਾਂ ਵਿਚੋਂ ਦੇਸ਼ ਵੰਡ ਦੇ ਬਿਰਤਾਂਤ ਨੂੰ ਪਿਛੋਕੜ ਵਿੱਚ ਰੱਖ ਕੇ ਉਸਾਰੀਆਂ ਕਹਾਣੀਆਂ ਵਿੱਚੋਂ ਜੋ ਮੁੱਖ ਸੁਰ ਉਭਰ ਕੇ ਸਾਹਮਣੇ ਆਉਂਦੀ ਹੈ ਉਸ ਵਿੱਚ ਉਸਨੇ ਅੱਜ ਦੇ ਉਸ ਪੰਜਾਬੀ ਬੰਦੇ ਦੀ ਮਨੋਅਵਸਥਾ ਦਾ ਚਿਤਰਨ ਕੀਤਾ ਹੈ ਜੋ ਪੂਰਬੀ ਪੰਜਾਬ ਅਤੇ ਪੱਛਮੀ ਪੰਜਾਬ ਦੇ ਬਾਸ਼ਿੰਦਿਆਂ ਦੇ ਵਰਤਮਾਨ ਅਤੇ ਭਵਿੱਖ ਨੂੰ ਤਾਂ ਵੱਖਰਾ ਤਸਲੀਮ ਕਰਦਾ ਹੈ ਪਰ ਅਤੀਤ ਨੂੰ ਸਾਂਝਾ ਸਵੀਕਾਰ ਕਰਦਾ ਹੈ।ਇਸ ਕਰਕੇ ਉਸ ਦੀਆਂ ਕਹਾਣੀਆਂ ਵਿੱਚ ਵਰਤਮਾਨ ਅਤੇ ਭਵਿੱਖ ਦੀ ਗੱਲ ਘੁੰਮ ਫਿਰ ਕੇ ਅਤੀਤ ਦੇ ਦਰਵਾਜ਼ੇ 'ਤੇ ਆ ਦਸਤਕ ਦਿੰਦੀ ਹੈ।ਡਾ. ਜਤਿੰਦਰਪਾਲ ਸਿੰਘ ਜੌਲੀ ਦਾ ਵਿਚਾਰ ਹੈ:

*ਭਾਰਤੀ ਅਤੇ ਪਾਕਿਸਤਾਨੀ ਪੰਜਾਬੀ ਸਾਹਿਤ ਦਾ ਆਧਾਰ ਬਣ ਰਹੀ ਪੰਜਾਬੀ ਵਿਰਸੇ ਦੀ ਸਾਂਝ ਤੇ ਆਰਥਿਕ ਅਸਾਵੇਂਪਣ 'ਚੋਂ ਉਪਜੇ ਮਾਹੌਲ ਦੀ ਘੁਟਨ ਸਾਂਝੀ ਸੀ।2*

ਮਕਸੂਦ ਸਾਕਿਬ ਆਪਣੀਆਂ ਕਹਾਣੀਆਂ ਰਾਹੀਂ ਪੰਜਾਬ ਦੇ ਬਾਸ਼ਿੰਦਿਆਂ ਦੀ ਉਸ ਸਾਂਝ ਨੂੰ ਪੇਸ਼ ਕਰਦਾ ਹੈ ਜੋ ਹਰ ਕਿਸਮ ਦੀਆਂ ਵੰਡਾਂ ਅਤੇ ਹਿਜਰਤਾਂ ਤੋਂ ਪਹਿਲਾਂ ਮੌਜੂਦ ਸੀ।ਸਾਂਝੀ ਧਰਤੀ ਅਤੇ ਸਾਂਝੇ ਸਭਿਆਚਾਰ ਦੀ ਬਾਤ ਪਾਉਣ ਵਾਲੀਆਂ ਉਸਦੀਆਂ ਇਹ ਕਹਾਣੀਆਂ ਭਾਰਤ-ਪਾਕਿਸਤਾਨ ਵਿਚਲੀ ਨਫ਼ਤਰ ਜਾਂ ਫ਼ਿਰਕੂ ਭਾਵਨਾ ਵਾਲੀਆਂ ਗੱਲਾਂ ਤੇ ਕੋਰਾ ਕਟਾਖ਼ਸ਼ ਕਰਦੀਆਂ ਨਜ਼ਰ ਆਉਂਦੀਆਂ ਹਨ।ਦੂਜਾ ਮੁੱਖ ਸਰੋਕਾਰ ਜੋ ਉਸ ਦੀਆਂ ਕਹਾਣੀਆਂ ਵਿੱਚੋਂ ਉੱਭਰ ਕੇ ਸਾਹਮਣੇ ਆਉਂਦਾ ਹੈ ਉਹ ਦੱਬੇ ਕੁਚਲੇ ਲੋਕਾਂ ਨਾਲ ਸਬੰਧਿਤ ਹੈ।ਇਨ੍ਹਾਂ ਕਹਾਣੀਆਂ ਵਿੱਚ ਕਹਾਣੀਕਾਰ ਦਾ ਮਨੁੱਖ ਹਿਤੈਸ਼ੀ ਵਿਵਹਾਰ ਪੇਸ਼ ਹੁੰਦਾ ਹੈ ਮਨੁੱਖ

ਹਿਤੈਸ਼ੀ ਹੋਣ ਦੇ ਨਾਲ-ਨਾਲ ਜਾਨਵਰਾਂ ਪ੍ਰਤੀ ਵੀ ਪਿਆਰ ਭਾਵਨਾ ਉੱਭਰਦੀ ਹੈ ਉਸ ਦੀਆਂ ਕਹਾਣੀਆਂ ਵਿਚ ਕੁੱਤੇ, ਬਿੱਲੀਆਂਅਤੇ ਬਲਦ ਆਦਿ ਵੀ ਪਾਤਰਾਂ ਵਾਂਗ ਪੇਸ਼ ਹੁੰਦੇ ਹਨ।

*"ਕੁੜੀ ਮੋਤੀ ਮੋਤੀ ਕਰਕੇ ਕੁੱਤੇ ਨੂੰ ਵਾਜਾਂ ਮਾਰਨ ਲੱਗ ਪਈ੩ਫੇਰ ਹੱਸੀ "ਇਹ ਵੀ ਰਲ ਗਿਆ ਏ ਨਾਲ ਇਨ੍ਹਾਂ ਦੇ ੩ਵੇ ਮਾਘੀ,ਵੇ ਕੁੱਤਿਆ, ਵੇ ਮੋਤੀ ਆ ਜਾਓ ਬੱਸ ਕਰ ਦਿਓ੩੩ਬੇਬੇ ਉਡੀਕਦੀ ਪਈ ਏ ਵੇ੩੩੩*

ਮਕਸੂਦ ਸਾਕਿਬ ਦੀਆਂ ਪਾਤਰ ਪ੍ਰਧਾਨ ਕਹਾਣੀਆਂ ਵਿੱਚ ਜੋ ਪਾਤਰ ਪੇਸ਼ ਹੋਏ ਹਨ ਉਹ ਛੋਟੀਆਂ ਜਾਤਾਂ ਦੇ ਉਹ ਕੰਮੀ ਲੋਕ ਹਨ ਜਿਨ੍ਹਾਂ ਨੂੰ ਆਮ ਤੌਰ 'ਤੇ ਸਮਾਜ ਵਿੱਚ ਕੋਈ ਤਵੱਜੋਂ ਨਹੀਂ ਦਿੱਤੀ ਜਾਂਦੀ। ਅਜਿਹੇ ਅਣਗੌਲੇ ਲੋਕਾਂ ਦੇ ਜੀਵਨ ਨਾਲ ਸੰਬੰਧਿਤ ਸਰੋਕਾਰਾਂ ਨੂੰ ਉਭਾਰ ਕੇ ਪੇਸ਼ ਕਰਨਾ ਮਕਸੂਦ ਸਾਕਿਬ ਦੇ ਹਿੱਸੇ ਆਇਆ ਹੈ।ਉਸ ਦੀਆਂ ਅਜਿਹੀਆਂ ਕਹਾਣੀਆਂ ਵਿੱਚ ਵਾਚਮੈਨ, ਮੁਰਾਦਾਂ, ਰਲੀ, ਮਾਈ ਈਦਾਂ, ਦਰਜ਼ੀ, ਰੱਜੋ-ਕੱਜੋ ਆਦਿ ਕਹਾਣੀਆਂ ਮਹੱਤਵਪੂਰਨ ਹਨ।ਇਹ ਕਹਾਣੀਆਂ ਉਸਦੇ ਮਾਨਵ ਹਿਤੈਸ਼ੀ ਹੋਣ ਦੀ ਗਵਾਹੀ ਭਰਦੀਆਂ ਹਨ। ਇਨ੍ਹਾਂ ਕਹਾਣੀਆਂ ਰਾਹੀਂ ਨਾ ਕੇਵਲ ਉਸਨੇ ਇਨ੍ਹਾਂ ਲੋਕਾਂ ਦੀਆਂ ਸਮੱਸਿਆਵਾਂ ਨੂੰ ਚਿਤਰਿਆ ਹੈ ਬਲਕਿ ਸਮਾਜ ਵਿੱਚ ਇਸ ਸ਼੍ਰੇਣੀ ਦੇ ਕਾਰਜ ਕਰਨ ਵਾਲੇ ਲੋਕਾਂ ਦੀ ਅਸਲੀਅਤ ਦੇ ਸਮਾਜਿਕ ਯਥਾਰਥ ਨੂੰ ਰੂਪਮਾਨ ਕੀਤਾ ਹੈ।ਜ਼ੋਰਾਵਰ ਧਿਰ ਵੱਲੋਂ ਮਜ਼ਲੂਮ ਤੇ ਕੀਤੇ ਜ਼ਬਰ ਨੂੰ ਵੀ ਪੇਸ਼ ਕੀਤਾ ਹੈ।'ਰੱਜੋ-ਕੱਜੋ', 'ਦਰਜ਼ੀ', 'ਤੂੰ ਘਰ ਚਲਾ ਜਾ' ਕਹਾਣੀ ਵਿੱਚ ਇਸਦੀ ਝਾਕੀ ਦੇਖੀ ਜਾ ਸਕਦੀ ਹੈ। ਰੱਜੋ-ਕੱਜੋ ਕਹਾਣੀ ਵਿੱਚ ਜਵਾਨ ਹੋ ਰਹੀ ਰਜ਼ੀਆ ਜੋ ਕਿ ਜਬਾਰ ਦੀ ਦੁਕਾਨ ਤੇ ਪਟੋਲੇ ਲੈਣ ਜਾਂਦੀ ਹੈ।ਰਜ਼ੀਆ ਪ੍ਰਤੀ ਜਬਾਰ ਦਾ ਭਾਵੁਕ ਹੋ ਜਾਣਾ ਸੁਭਾਵਿਕ ਸੀ। ਡੇਢ ਦੋ ਘੰਟਿਆਂ ਮਗਰੋਂ ਹੀ ਰਜ਼ੀਆ ਦੇ ਪਿਓ ਦੁਆਰਾ ਜਬਾਰ ਅਤੇ ਉਸਦੀ ਦੁਕਾਨ ਦੀ ਤੋੜ-ਫੋੜ ਕਰ ਦਿੱਤੀ ਜਾਂਦੀ ਹੈ।ਇਸਦੇ ਪ੍ਰਤੀਕਰਮ ਵੱਜੋਂ ਜਬਾਰ ਕੁਝ ਵੀ ਨਾ ਕਰ ਸਕਿਆ।ਅਜਿਹੇ ਜ਼ਬਰ ਅੱਗੇ ਮਨੁੱਖੀ ਭਾਵਨਾਵਾਂ ਵੀ ਦਮ ਤੋੜ ਜਾਂਦੀਆਂ ਹਨ।

*"ਜਬਾਰ ਨੇ ਬੁੱਕ ਪਟੋਲਿਆਂ ਦੀ ਉਹਦੀ ਚਾਦਰ ਵਿਚ ਉਲਾਰੀ ੩ਰਜ਼ੀਆ ਦੀਆਂ ਅੱਖਾਂ ਉਹਨੂੰ ਵੇਖਦੀਆਂ ਪਈਆਂ ਸਨ ਡੂੰਘੀ ਨੀਝ ਨਾਲ।*

*ਜਬਾਰ ਨੂੰ ਆਪਣੇ ਪਿੰਡੇ ਵਿਚ ਝਰਨਾਹਟ ਜਿਹੀ ਛਿੜਦੀ ਜਾਪੀ।"4*

ਇਸਦਾ ਨਤੀਜਾ ਅੰਤ ਜਬਾਰ ਉੱਤੇ ਹਮਲੇ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ।

ਮੌਤ ਦਾ ਫੇਰਾ ਕਹਾਣੀ ਵਿੱਚ ਵੀ ਕਹਾਣੀਕਾਰ ਨੇ ਇਕ ਗ਼ਰੀਬ ਗਾਰਡ ਦੀ ਜਿਵੇਂ ਨੌਕਰੀ ਬਚਾ ਕੇ ਉਸਨੂੰ ਮੌਤ ਦੇ ਮੂੰਹੋਂ ਬਚਾ ਲੈਣ ਵਰਗਾ ਅਹਿਸਾਸ ਕਰਵਾਇਆ ਹੈ।ਆਪਣੀ ਡਿਗਦੀ ਸਿਹਤ ਰਾਹੀਂ ਖ਼ਰਾਬ ਹਾਲਤ ਅਤੇ ਉਸ ਗਾਰਡ ਦੀ ਨੌਕਰੀ ਨੂੰ ਬਚਾਉਣ ਵਰਗਾ ਇਕਮਿਕਤਾ ਦਾ ਅਹਿਸਾਸ ਇਸ ਕਹਾਣੀ ਵਿਚੋਂ ਉਘਾੜਿਆ ਗਿਆ ਹੈ।ਜਿਸਨੂੰ ਉਹ ਆਪਣੇ ਮੂੰਹੋਂ ਬਿਆਨਦਾ ਹੈ:

*"ਮੈਨੂੰ ਉਹ ਮੌਤ ਚੇਤੇ ਆ ਗਈ ਜਿਹੜੀ ਮੈਨੂੰ ਟੰਗੋਂ ਫੜੀ ਧਰੂੰਦੀ ਹੋਈ ਆਪਣੇ ਨਾਲ ਲੈ ਟੁਰੀ ਸੀ, ਜਿਹਨੂੰ ਸੋਮੀ ਨੇ ਵੇਖ ਲਿਆ ਸੀ ਤੇ ਉਹ ਮੇਰੀਆਂ ਘਿਸਰਦੀਆਂ ਜਾਂਦੀਆਂ ਦੋਵਾਂ ਬਾਹਵਾਂ ਨੂੰਫੜ ਕੇ ਮੈਨੂੰ ਆਪਣੇ ਵੱਲ ਖਿੱਚਣ ਲੱਗ ਪਈ ਸੀ।*

*ਉਹੋ ਮੌਤ ਹੁਣ ਇਹ ਰੂਪ ਧਾਰ ਕੇ ਆਈ ਸੀ ਮੇਰੇ ਰਾਹੀਂ ਗਾਰਡ ਨੂੰ ਮਾਰਨ ਕਿ ਉਹਨੇ ਉਹਨਾਂ ਦੀ ਪੱਤੀ ਨਹੀਂ ਸੀ ਦੇਣੀ।*



*ਮੈਨੂੰ ਲੱਗਾ ਮੈਂ ਵੀ ਗਾਰਡ ਨਾਲ ਸੋਮੀ ਵਾਲਾ ਕੰਮ ਈ ਕੀਤਾ ਏ ਉਹਨੂੰ ਮੌਤ ਦੇ ਮੂੰਹੋਂ ਕੱਢ ਕੇ।"5*

ਭਾਰਤ-ਪਾਕਿਸਤਾਨ ਦੀ ਵੰਡ ਅਤੇ ਵੰਡ ਤੋਂ ਮਗਰੋਂ ਦੇ ਦੁਖਾਂਤ ਨੂੰ ਪੇਸ਼ ਕਰਦੀਆਂ ਕਹਾਣੀਆਂ ਵਿੱਚ 'ਮੁਰਾਦਾਂ', 'ਤੇ ਪਾਕਿਸਤਾਨ ਬਣ ਗਿਆ ਸੀ', 'ਰਲੀ', 'ਇਕ ਰੁੱਗ ਅੰਗਾਂ ਦਾ' ਆਦਿ ਕਹਾਣੀਆਂ ਵਿਚ ਇਹ ਸੁਰ ਮੁੱਖ ਰੂਪ ਵਿੱਚ ਉਘੜਦੀ ਹੈ। 'ਤੇ ਪਾਕਿਸਤਾਨ ਬਣ ਗਿਆ ਸੀ' ਕਹਾਣੀ ਵਿੱਚ ਪਾਕਿਸਤਾਨ ਬਣਨ ਤੋਂ ਇੱਕ ਸਾਲ ਮਗਰੋਂ ਦੀ ਹੋਈ ਬੀਤੀ ਘਟਨਾ ਦਾ ਜ਼ਿਕਰ ਕੀਤਾ ਹੈ।ਘਰਾਂ ਤੋਂ ਬਾਹਰ ਨਿਕਲ ਕੇ ਲੋਕਾਂ ਦੇ ਮਨਾਂ ਅੰਦਰਲੇ ਖੌਫ਼ ਨੂੰ ਬਿਆਨ ਕੀਤਾ ਹੈ ਜਿਸ ਵਿੱਚ ਫ਼ਿਰਕੂ ਭਾਵਨਾ ਦੇ ਤਹਿਤ ਕੀਤੇ ਜਾਂਦੇ ਕਤਲੇਆਮ ਦੀ ਝਾਕੀ ਨੂੰ ਪੇਸ਼ ਕੀਤਾ ਹੈ।ਫ਼ਿਰਕੂ ਭਾਵਨਾ ਦੇ ਤਹਿਤ ਲੋਕਾਂ ਅੰਦਰਲੀ ਨਫ਼ਰਤ ਅਤੇ ਬੇਕਿਰਕੀ ਦੀ ਭਾਵਨਾ ਨੂੰ ਪੇਸ਼ ਕੀਤਾ ਹੈ। ਇਸ ਤਰ੍ਹਾਂ ਉਹ ਮਾਨਵਤਾਵਾਦੀ ਭਾਵਨਾ ਨੂੰ ਭੁੱਲ ਬੈਠੇ ਅਤੇ ਬਹੁਤ ਸਾਰੀਆਂ ਕੀਮਤੀ ਜਾਨਾਂ ਇਸ ਦੀ ਬਲੀ ਚੜ੍ਹ ਗਈਆਂ। ਇਸ ਨਫ਼ਰਤ ਦੀ ਝਾਕੀ ਕਹਾਣੀ 'ਤੇ ਪਾਕਿਸਤਾਨ ਬਣ ਗਿਆ ਸੀ' ਵਿੱਚੋਂ ਭਲੀ ਭਾਂਤ ਦੇਖੀ ਜਾ ਸਕਦੀ ਹੈ:

*"ਉਹਨੇ ਬੋਝੇ ਵਿਚੋਂ ਸਿਗਟ ਕੱਢ ਕੇ ਫੇਰ ਲਾ ਲਿਆ ਲਾਰੀ ਦਾ ਗੇਅਰ ਵੱਡਾ ਕਰਦਿਆਂ ਡਰਾਈਵਰ ਨੇ ਉੱਚੀ ਸਾਰੀ ਸਭ ਨੂੰ ਦੱਸਿਆ।੩੩ਹਿੰਦੂ ਸੀ।" ਲਾਰੀ ਵਿਚ ਮਖੇਰ ਛਿੜ ਪਈ। ਕੁਝ ਬੰਦਿਆਂ ਆਪਣੀਆਂ ਸੀਟਾਂ ਤੋਂ ਆ ਕੇ ਧੁੱਸੇ ਵਾਲੇ ਦੇ ਮੋਢੇ ਥਾਪੜੇ, ਕੁਝ ਨੇ ਦੂਰੋਂ ਈ ਸ਼ਾਵਾਸ਼ੇ ਦਿੱਤੀ।੩੩ਲਾਰੀ ਆਪਣੀ ਚਾਲੇ ਪੈ ਗਈ ਹੋਈ ਸੀ।*

*ਖਵਰੇ ਅਜੇ ਵੀ ਕਿੰਨੇ ਕੁ ਭੇਸ ਵਟਾਈ ਬੈਠੇ ਨੇ੩੩ਕਿਸੇ ਹੌਕਾ ਭਰ ਕੇ ਦੋਵੇਂ ਹੱਥ ਮੇਲਦਿਆਂ ਉੱਚੀ ਸਾਰੀ ਕਿਹਾ।6*

ਕਹਾਣੀਆਂ ਵਿੱਚ ਪੇਸ਼ ਅਜਿਹੇ ਸੰਦਰਭਾਂ ਰਾਹੀਂ ਕਥਾਕਾਰ ਨੇ ਸਮਾਜ ਪ੍ਰਤੀ ਆਪਣੀ ਬਣਦੀ ਜ਼ਿੰਮੇਵਾਰੀ ਨਿਭਾਈ ਹੈ।ਉਸਨੇ ਸੁਚੇਤ ਰੂਪ ਵਿੱਚ ਅਜਿਹੇ ਫ਼ਿਰਕੂ ਭਾਵਨਾ ਭੜਕਾਉਣ ਵਾਲੇ ਲੋਕਾਂ ਤੇ ਕਰਾਰੀ ਚੋਟ ਕੀਤੀ ਹੈ ਅਤੇ ਉਨ੍ਹਾਂ ਦਾ ਪਰਦਾ ਫਾਸ਼ ਕੀਤਾ ਹੈ।ਕਾਲਜ ਦੇ ਸਮੇਂ ਤੋਂ ਹੀ ਖੱਬੇ ਪੱਖੀ ਵਿਚਾਰਧਾਰਾ ਨਾਲ ਜੁੜਨ ਤੋਂ ਬਾਅਦ ਮਕਸੂਦ ਸਾਕਿਬ ਕਹਾਣੀ ਰਚਨਾ ਪ੍ਰਤੀ ਅਗ੍ਰਸਰ ਹੁੰਦਾ ਹੈ ਅਤੇ ਆਪਣਾ ਫਰਜ਼ ਨਿਭਾਉਣ ਹਿੱਤ ਸਮਾਜ ਪ੍ਰਤੀ ਇਮਾਨਦਾਰੀ ਦਿਖਾਉਂਦਾ ਹੈ। ਕਿਧਰੇ ਵੀ ਉਸ ਦੀਆਂ ਕਹਾਣੀਆਂ ਵਿਚੋਂ ਉਸਦਾ ਸਿਆਸੀ ਤਾਕਤਾਂ ਪ੍ਰਤੀ ਲਗਾਓ ਨਜ਼ਰ ਨਹੀਂ ਆਉਂਦਾ।

ਤੀਜਾ ਮੁੱਖ ਸਰੋਕਾਰ ਜੋ ਉਸ ਦੀਆਂ ਕਹਾਣੀਆਂ ਵਿੱਚੋਂ ਉਭਰਦਾ ਹੈ ਉਹ ਮੁਸਲਿਮ-ਸਿੱਖ ਭਾਈਚਾਰਕ ਸਾਂਝ ਦੀ ਹੈ ਜਿਸਦੀ ਮਹੱਤਵਪੂਰਨ ਮਿਸਾਲ ਉਸਦੀ ਕਹਾਣੀ ਇੱਕ ਰੁੱਗ ਅੰਗਾਂ ਦਾ ਵਿਚੋਂ ਭਲੀ ਭਾਂਤ ਦੇਖੀ ਜਾ ਸਕਦੀ ਹੈ।ਇਸ ਕਹਾਣੀ ਵਿੱਚ ਸ਼ੇਖ ਸਾਹਿਬ ਆਪਣੇ ਅਤੀਤ ਨੂੰ ਫ਼ਰੋਲਦੇ ਹੋਏ ਸਿੱਖ-ਮੁਸਲਿਮ ਭਾਈਚਾਰਕ ਸਾਂਝ ਨੂੰ ਗੂੜ੍ਹਾ ਕਰਨ ਵਾਲੀ ਕਹਾਣੀ ਸੁਣਾਉਂਦੇ ਹਨ ਉਹ ਉਸ ਸਿੱਖ ਨੈਸ਼ਨਲ ਕਾਲਜ ਵਿੱਚ ਜਾ ਦਾਖ਼ਲ ਹੁੰਦਾ ਹੈਜਿਸ ਵਿੱਚ ਨਿਰੰਜਣ ਸਿੰਘ ਨਾਮ ਦੇ ਪ੍ਰੋਫ਼ੈਸਰ ਪੜ੍ਹਾਉਂਦੇ ਸਨ ਜਿਨ੍ਹਾਂ ਨੂੰ ਅੰਗਰੇਜ਼ਾਂ ਪ੍ਰਤੀ ਦੁਸ਼ਮਣ ਵਿਚਾਰਾਂ ਕਾਰਨ ਨੌਕਰੀ ਤੋਂ ਕੱਢ ਦਿੱਤਾ ਜਾਂਦਾ ਹੈ।ਇਸ ਕਹਾਣੀ ਵਿੱਚ ਜਿੱਥੇ ਇੱਕ ਪਾਸੇ ਵੰਡ ਦੇ ਦੁਖਾਂਤ ਦੀਆਂ ਗੱਲਾਂ ਪਤਾ ਲੱਗਦੀਆਂ ਹਨ ਉੱਥੇ ਲੋਕਾਂ ਦੀ ਅੰਗਰੇਜ਼ੀ ਰਾਜ ਪ੍ਰਤੀ ਨਫ਼ਰਤ

ਅਤੇ ਵੰਡ ਮਗਰੋਂ ਲੋਕਾਂ ਦਾ ਪਨਾਹਗੀਰ ਹੋ ਕੇ ਵੱਖ-ਵੱਖ ਥਾਂਵਾਂ ਤੇ ਸ਼ਰਨਾਰਥੀਆਂ ਵਾਂਗ ਰਹਿਣ ਦਾ ਚਿਤਰਣ ਮਿਲਦਾ ਹੈ। ਇਸ ਸਭ ਦੇ ਬਾਵਜੂਦ ਵੀ ਉਨ੍ਹਾਂ ਲੋਕਾਂ ਦੀ ਇੱਕ ਦੂਜੇ ਨਾਲ ਭਾਈਚਾਰਕ ਸਾਂਝ ਅਤੇ ਪਿਆਰ ਉਘੜ ਕੇ ਸਾਹਮਣੇ ਆਉਂਦਾ ਹੈ। ਸ਼ੇਖ ਸਾਹਿਬ ਦਾ ਸਿੱਖ ਕਾਲਜ ਵਿੱਚ ਪੜ੍ਹਾਈ ਕਰਨਾ ਅਤੇ ਸ਼ਰਨਾਰਥੀਆਂ ਦੀ ਸੇਵਾ ਕਰਨਾ ਇਸ ਦੀ ਮਿਸਾਲ ਪੇਸ਼ ਕਰਦਾ ਹੈ। ਇੱਥੋਂ ਤੱਕ ਕਿ ਜਦੋਂ ਉਨ੍ਹਾਂ ਦੀ ਸੁਰੱਖਿਆ ਕਰਕੇ ਉਨ੍ਹਾਂ ਨੂੰ ਉੱਥੋਂ ਜਾਣ ਲਈ ਕਿਹਾ ਜਾਂਦਾ ਹੈ ਤਾਂ ਪਹਿਲਾਂ ਤਾਂ ਕਿਸੇ ਦੀ ਹਿੰਮਤ ਨਹੀਂ ਪੈਂਦੀ ਜੋ ਉਨ੍ਹਾਂ ਨੂੰ ਜਾਣ ਲਈ ਕਿਹਾ ਜਾਵੇ।ਪਰ ਜਦੋਂ ਉਨ੍ਹਾਂ ਨੂੰ ਜਾਣ ਵਾਲੀ ਗੱਲ ਪਤਾ ਲਗਦੀ ਹੈ ਤਾਂ ਪ੍ਰਤੀਕਰਮ ਵੱਜੋਂ ਉਹ ਰੋਹ ਵਿੱਚ ਆ ਕੇ ਇੰਨਾ ਹੀ ਆਖਦੇ ਹਨ:

*ਮੈਂ ਗੁਰੂ ਗ੍ਰੰਥ ਸਾਹਿਬ ਜੀ ਵੱਲ ਸਭ ਦਾ ਧਿਆਨ ਕਰਾਂਦਿਆਂ ਕਿਹਾ, "ਇਹਦੇ ਵਿਚੋਂ ਮੈਨੂੰ ਇੱਕ ਰੁੱਗ ਅੰਗ ਦੇ ਦਿਓ ਮੈਂ ਇੱਧਰ ਕਦੀ ਮੂੰਹ ਵੀ ਨਹੀਂ ਕਰਾਂਗਾ। ਦੱਸੋ ਮੈਨੂੰ ਦਿੰਦੇ ਓ"।*

*"ਕਿਹੜੇ ਅੰਗ ?" ਉਹ ਸਾਰੇ ਅਚੰਭੇ ਵਿਚ ਆ ਗਏ।*

*ਮੇਰੀ ਵਾਜ ਭਰੜਾ ਗਈ ਤੇ ਮੈਂ ਬੜੀ ਔਖਤ ਤੇ ਪੀੜ ਨਾਲ ਬੋਲਿਆ, "ਬਾਣੀ ਬਾਬਾ ਫ਼ਰੀਦ ਜੀ ਵਾਲੇ ਅੰਗ੩੩ਮੇਰੀਆਂ ਅੱਖਾਂ ਵਿਚੋਂ ਹੜੱਲੂ ਡੁੱਲ੍ਹ ਪਏ।*

*ਸਭ ਦੀਆਂ ਡਾਂਢਾਂ ਨਿਕਲ ਗਈਆਂ।"7*

ਇਸ ਤਰ੍ਹਾਂ ਮਕਸੂਦ ਸਾਕਿਬ ਦੀਆਂ ਕਹਾਣੀਆਂ ਵਿੱਚੋਂ ਉਸਦੇ ਸਿੱਖ-ਮੁਸਲਿਮ ਭਾਈਚਾਰਕ ਸਾਂਝ ਦਾ ਮੁੱਦਈ ਹੋਣ ਦੀ ਗੱਲ ਸਪੱਸ਼ਟ ਹੁੰਦੀ ਹੈ।ਉਸਦਾ ਧਰਮ ਪ੍ਰਤੀ ਨਿਰਪੇਖਤਾ ਵਾਲਾ ਦ੍ਰਿਸ਼ਟੀਕੋਣ ਵੀ ਕਹਾਣੀਆਂ ਰਾਹੀਂ ਉਘੜਦਾ ਹੈ।ਉਸਦੇ ਆਪਣੇ ਸ਼ਬਦਾਂ ਵਿੱਚ ਉਸਦਾ ਕਹਿਣਾ ਹੈ ਕਿ ਪੂਰਬੀ ਅਤੇ ਪੱਛਮੀ ਪੰਜਾਬ ਵਿੱਚ ਵਸਦੇ ਲੋਕਾਂ ਦੇ ਗੁਰੂ, ਪੀਰ ਸਭ ਸਾਂਝੇ ਹਨ।ਇਸ ਤਰ੍ਹਾਂ ਉਸਦੀ ਕਹਾਣੀ ਇਸ ਗੱਲ ਦੀ ਗਵਾਹੀ ਭਰਦੀ ਹੈ। ਕਿਧਰੇ ਵੀ ਉਸਦੇ ਦ੍ਰਿਸ਼ਟੀਕੋਣ ਵਿੱਚੋਂ ਸੰਕੀਰਣਤਾ ਦੀ ਝਲਕ ਨਹੀਂ ਮਿਲਦੀ ਬਲਕਿ ਸਰਵ ਸਾਂਝੀਵਾਲਤਾ ਦਾ ਸੰਦੇਸ਼ ਹੀ ਸਪੱਸ਼ਟ ਹੁੰਦਾ ਹੈ।

ਇੱਕ ਹੋਰ ਮਹੱਤਵਪੂਰਨ ਸਰੋਕਾਰ ਜੋ ਉਸਦੀਆਂ ਕਹਾਣੀਆਂ ਵਿਚੋਂ ਉਘੜਦਾ ਹੈ ਉਹ ਹੈ ਮਾਂ ਬੋਲੀ ਪ੍ਰਤੀ ਪਿਆਰ ਅਤੇ ਸਤਿਕਾਰ ਦੀ ਭਾਵਨਾ ਜਿਸ ਬਾਰੇ ਉਹ ਖੁਦ ਵੀ ਕਬੂਲ ਕਰਦਾ ਹੈ ਕਿ ਉਸਨੇ ਕਹਾਣੀ ਰਚਨਾ ਕਿਸੇ ਓਪਰੀ ਬੋਲੀ ਵਿੱਚ ਕਰਨ ਦੀ ਥਾਂ ਮਾਂ ਬੋਲੀ ਵਿੱਚ ਕਰਨ ਨੂੰ ਤਰਜੀਹ ਦਿੱਤੀ ਹੈ।'ਲਫ਼ਜ਼ਾਂ ਦੀ ਤਾਕਤ'ਕਹਾਣੀ ਵਿਚ ਮਾਂ ਬੋਲੀ ਪ੍ਰਤੀ ਲਗਾਓ ਦੀ ਮਿਸਾਲ ਪੇਸ਼ ਕੀਤੀ ਗਈ ਹੈ। ਇਸ ਕਹਾਣੀ ਵਿੱਚਲੇ ਮੁੱਖ ਪਾਤਰ ਨੇ ਆਪਣੀ ਮਾਂ ਅਤੇ ਆਪਣੀ ਨਾਨੀ ਦੀ ਗੱਲ ਕਰਦੇ ਹੋਏ ਉਨ੍ਹਾਂ ਦੁਆਰਾ ਦੱਸੀਆਂ ਗੱਲਾਂ ਨੂੰ ਨਾ ਵਿਸਾਰਦੇ ਹੋਏ ਲਫ਼ਜ਼ਾਂ ਦੀ ਤਾਕਤ ਨੂੰ ਮਹਿਸੂਸ ਕੀਤਾ ਹੈ:

*"੩ਮੇਰਾ ਆਪਣੀ ਬੋਲੀ ਉੱਤੇ ਪੱਕ ਹੋਰ ਦ੍ਰਿੜ ਹੋ ਜਾਂਦਾ ਏ। ਮੈਂ ਹੋਰ ਹਰ ਬੋਲੀ ਸਿੱਖ ਸਕਨਾ ਪੜ੍ਹ ਸਕਨਾ, ਲੋੜ ਪਵੇ ਤਾਂ ਬੋਲ ਵੀ ਸਕਨਾ ਪਰ ਚੇਤੇ ਮੇਰੇ ਵਿਚ ਚਿੱਤਰ ਆਪਣੀ ਬੋਲੀ ਈ ਵਿਖਾਲਦੀ ਏ।ਨਾਨੀ ਮੇਰੀ ਕਿੱਡੀ ਸੱਚੀ ਸੀ।ਕਹਿੰਦੀ ਸੀ, ਆਪਣੇ ਲਫ਼ਜ਼ਾਂ ਰਾਹੀਂ ਜੋ ਤੂੰ ਸੁਣਿਆਂ ਏ ਜੋ ਤੂੰ ਵੇਖਿਆ ਏ ਉਹਨੂੰ ਜਿੰਨੀ ਵਾਰੀ ਚਾਹਵੇਂ ਵੇਖ ਸਕਨਾ ਐਂ।ਜਿਊਂਦਾ ਜਾਗਦਾ। ਬੱਸ ਲਫ਼ਜ਼ ਨਾ ਵਿਸਰਨ ਤੈਨੂੰ੩ਲਫ਼ਜ਼ ਵਿਸਰੇ ਤਾਂ ਚੇਤਾ ਗਵਾਚ ਜਾਈਦਾ ਏ।ਚੇਤੇ ਬਿਨਾਂ ਤੇ ਬੰਦੇ ਦੀ ਜੜ੍ਹ ਮੁਨਿਆਦ ਈ ਖੇਹ ਹੋ ਜਾਂਦੀ ਏ ਉਸ ਅਜੋਕ ਭਲਕ ਕੀ ਵੇਖਣੀ ਏ।"8*



ਮਕਸੂਦ ਸਾਕਿਬ ਦੀਆਂ ਕਹਾਣੀਆਂ ਮਨੁੱਖ ਨੂੰ ਆਪਣੇ ਅਸਲ ਰੂਪ ਵਿਚ ਵਿਚਰਨ ਦੀ ਜਾਚ ਸਿਖਾਉਂਦੀਆਂ ਹਨ।ਉਸ ਅਨੁਸਾਰ ਅਸਲੀਅਤ ਵਿੱਚ ਜੋ ਅੰਦਰੋਂ ਹੈ ਬਾਹਰੋਂ ਵੀ ਉਸ ਨੂੰ ਉਸੇ ਤਰ੍ਹਾਂ ਦਾਹੀ ਹੋਣਾ ਚਾਹੀਦਾ ਹੈ।"ਹੁਣ ਬੜਾ ਅਰਾਮ ਏ" ਕਹਾਣੀ ਮਨੁੱਖ ਨੂੰ ਜਾਤੀ ਹਉਮੈਂ ਛੱਡ ਕੇ ਜ਼ਿੰਦਗੀ ਦੀ ਅਸਲੀਅਤ ਕਬੂਲਣ ਲਈ ਪ੍ਰੇਰਿਤ ਕਰਦੀ ਹੈ।ਇਸਦੇ ਨਾਲ ਹੀ ਉਹ ਫੋਕੇ ਧਾਰਮਿਕ ਉਛਾੜਾਂ ਹੇਠ ਜਿਉਂ ਰਹੇ ਬੰਦਿਆਂ ਨੂੰ ਆਪੇ ਦੀ ਪਛਾਣ ਕਰਕੇ ਸੱਚਾ ਧਰਮ ਅਪਨਾਉਣ ਦੀ ਜਾਗ ਲਗਾਉਂਦਾ ਹੈ।'ਪਾਗਲ' ਕਹਾਣੀ ਵਿਚਲਾ ਹਸਨਦੀਨ ਇਸਦੀ ਮਹੱਤਵਪੂਰਨ ਉਦਾਹਰਨ ਪੇਸ਼ ਕਰਦਾ ਹੈ ਜੋ ਧਾਰਮਿਕ ਕਰਮ ਕਾਂਡਾਂ ਦਾ ਤਿਆਗ ਕਰਕੇ ਸੱਚਾ ਧਰਮ ਕਿਰਤ ਕਰਨ ਨੂੰ ਤਸਲੀਮ ਕਰਦਾ ਹੈ ਅਤੇ ਪਾਖੰਡ ਵਾਲਾ ਭੇਖ ਉਤਾਰ ਕੇ ਸੱਚੀ ਕਿਰਤ ਕਰਨ ਵੱਲ ਪ੍ਰੇਰਿਤ ਹੁੰਦਾ ਹੈ।

ਇਸਦੇ ਨਾਲ ਹੀ ਉਸਦੀਆਂ ਕਹਾਣੀਆਂ ਸਿਆਸੀ ਨਿਜ਼ਾਮ ਤੇ ਕਟਾਖ਼ਸ਼ ਕਰਕੇ ਸਹੀ ਅਤੇ ਗ਼ਲਤ ਦਾ ਨਿਤਾਰਾ ਕਰਦੀਆਂ ਹਨ।"ਗੱਲ ਨੇਹੁੰ ਦੀ"ਕਹਾਣੀ ਰਾਹੀਂ ਵਿਅੰਗ ਕੀਤਾ ਗਿਆ ਹੈ।

*"ਇਹ ਸਿਖਾਣ ਲਈ ਸਰਕਾਰ ਤੈਨੂੰ ਤਨਖਾਹ ਦਿੰਦੀ ਸੀ। ਕਾਲਜ ਵਿਚ ਮੁੰਡਿਆਂ ਨੂੰ ਸਰਕਾਰ ਦੀਆਂ, ਮੁਲਕ ਦੀਆਂ ਨੀਹਾਂ ਪੁੱਟਣ ਦੇ ਸਬਕ ਸਿਖਾਂਦਾ ਸੈਂ।ਇਸ ਲਈ ਨੌਕਰੀ ਦਿੱਤੀ ਸੀ ਤੈਨੂੰ। ਕਿੱਡੇ ਤਰਲੇ ਲੈਂਦਾ ਏ ਤੇਰਾ ਬੁੱਢਾ ਪਿਓ ਤੇਰੀ ਬੁੱਢੀ ਮਾਂ ਹੁਣ ਇਹ ਤੇਰੀਆਂ ਜਵਾਨ ਭੈਣਾਂ ਰੰਡੀਖਾਨੇ ਈ ਜਾਣਗੀਆਂ ਹੁਣ।"9*

ਰਚਨਾਕਾਰ ਦਾ ਆਪਣੀਆਂ ਕਹਾਣੀਆਂ ਨੂੰ ਤੱਥ ਅਧਾਰਿਤ ਬਣਾ ਦੇਣਾ ਇਨ੍ਹਾਂ ਕਹਾਣੀਆਂ ਦੀ ਪ੍ਰਾਪਤੀ ਨਹੀਂ ਹੈ ਬਲਕਿ ਇਸ ਦੀ ਪ੍ਰਾਪਤੀ ਇਹ ਹੈ ਕਿ ਇਹ ਇਕ ਅਜਿਹਾ ਸਾਹ ਲੈਂਦਾ ਦਸਤਾਵੇਜ਼ ਵੀ ਹਨ ਜਿਸ ਵਿਚ ਤਕਰੀਬਨ ਅੱਧੀ ਸਦੀ ਪਹਿਲਾਂ ਦਾ ਸਮਾਜ-ਸਭਿਆਚਾਰਕ ਇਤਿਹਾਸ ਪ੍ਰਸਤੁਤ ਹੋਇਆ ਹੈ।ਮਕਸੂਦ ਸਾਕਿਬ ਦੀ ਖ਼ੂਬੀ ਇਹ ਹੈ ਕਿ ਕਿਸੇ ਵੀ ਪਾਤਰ ਦੀ ਉਸਾਰੀ ਜਾਂ ਘਟਨਾਕ੍ਰਮ ਨੂੰ ਮਸਨੂਈ ਰੂਪ ਵਿਚ ਪੇਸ਼ ਨਹੀਂ ਕਰਦਾ ਸਗੋਂ ਸਹਿਜਤਾ ਨਾਲ ਨਵੇਂ ਬਣੇ ਮੁਲਕ ਦੇ ਸਮਾਜ ਸਭਿਆਚਾਰ ਦੀ ਰਹਿਤਲ-ਬਹਿਤਲ, ਆਰਥਿਕ-ਸਮਾਜਿਕ ਸਮੱਸਿਆਵਾਂ ਤੇ ਔਕੜਾਂ ਨੂੰ ਅਗਰਭੂਮੀ ਵਿੱਚ ਲਿਆ ਦਿੰਦਾ ਹੈ।ਪਾਤਰ ਆਪਣੀ ਰਉਂ ਵਿੱਚ ਤੁਰਦੇ ਅਤੇ ਵਿਗਸਦੇ ਹਨ।ਕਿਧਰੇ ਵੀ ਉਹ ਰਚਨਾਕਾਰ ਦੇ ਹੱਥਾਂ ਦੀਆਂ ਕਠਪੁਤਲੀਆਂ ਬਣ ਕੇ ਪੇਸ਼ ਨਹੀਂ ਹੋਏ ਸਗੋਂ ਆਪੋ-ਆਪਣੀ ਆਜ਼ਾਦ ਹਸਤੀ ਦੇ ਮਾਲਕ ਹਨ।ਬਿਰਤਾਂਤਕਾਰ ਉਨ੍ਹਾਂ ਦੇ ਵਿਹਾਰ ਨੂੰ ਧੁਰ ਅੰਦਰ ਤੀਕ ਵੇਖ ਸਕਣ ਤੇ ਇਸਨੂੰ ਹੂ-ਬ-ਹੂ ਪੇਸ਼ ਕਰਨ ਦੇ ਸਮਰੱਥ ਹੋਇਆ ਹੈ।ਵਿਸ਼ੇ ਤੇ ਉਸਦੀ ਪਕੜ ਏਨੀ ਹੈ ਕਿ ਜੇਕਰ ਰਿਸ਼ਤਿਆਂ ਦਾ ਸਮੀਕਰਣ ਬਦਲ ਵੀ ਦਿੱਤਾ ਜਾਵੇ ਤਾਂ ਸਮੱਸਿਆ ਨਹੀਂ ਬਦਲਦੀ।

ਮਕਸੂਦ ਸਾਕਿਬ ਨੇ ਆਪਣੀਆਂ ਕਹਾਣੀਆਂ ਵਿਚ ਛੋਟੀ ਜਾਤ ਦੇ ਕੰਮੀ ਲੋਕਾਂ ਦੀ ਤਸਵੀਰਕਸ਼ੀ ਵੀ ਕੀਤੀ ਹੈ।ਇਸ ਕਰਕੇ ਇਸਨੂੰ ਅਣਗੌਲਿਆਂ ਦਾ ਮੁਦਈ ਕਹਾਣੀਕਾਰ ਵੀ

ਕਿਹਾ ਜਾ ਸਕਦਾ ਹੈ।ਪਕਿਸਤਾਨ ਵਿੱਚ ਹੋਰ ਵੀ ਕਹਾਣੀਕਾਰ ਹਨ ਜਿਹੜੇ ਲਿਖਦੇ ਵੀ ਪੰਜਾਬੀ ਜਨ ਜੀਵਨ ਬਾਰੇ ਹਨ ਪ੍ਰੰਤੂ ਮਕਸੂਦ ਸਾਕਿਬ ਸਭ ਤੋਂ ਵਿਲੱਖਣ ਹੈ।ਉਸਦਾ ਵਿਸ਼ਾ, ਗੱਲ ਕਹਿਣ ਦਾ ਢੰਗ, ਨਿਭਾਉਣ ਦਾ ਅੰਦਾਜ਼ ਬਿਲਕੁਲ ਨਿਵੇਕਲਾ ਹੈ।ਆਪਣੇ ਪਾਤਰਾਂ ਪ੍ਰਤੀ ਉਸਦੀ ਪਹੁੰਚ ਬੇਹੱਦ ਅਪਣੱਤ ਵਾਲੀ ਹੈ।ਉਹ ਹਰ ਪਾਤਰ ਦੀ ਮਨੋਸਥਿਤੀ ਸਮਝਦਾ ਹੈ ਅਤੇ ਉਸਨੂੰ ਬਿਆਨ ਕਰਦਾ ਹੈ।ਉਸਦੇ ਪਾਤਰ ਜਿਨ੍ਹਾਂ ਸਥਿਤੀਆਂ ਪ੍ਰਸਥਿਤੀਆਂ ਵਿਚ ਵਿਚਰਦੇ ਹਨ ਉਹ ਉਨ੍ਹਾਂ ਨੂੰ ਉਸੇ ਤਰ੍ਹਾਂ ਪੇਸ਼ ਕਰਦਾ ਹੈ।ਉਸਦੇ ਪਾਤਰ ਆਮ ਜ਼ਿੰਦਗੀ ਜਿਊਣ ਵਾਲੇ ਸਧਾਰਨ ਪਾਤਰ ਹਨ।ਸਧਾਰਨ ਮਨੁੱਖ ਦੀ ਪੇਸ਼ਕਾਰੀ ਉਸਦੀ ਸਧਾਰਨਤਾ ਦੇ ਰੂਪ ਵਿਚ ਹੋਣੀ ਹੀ 'ਤੂੰ ਘਰ ਚਲਾ ਜਾ' ਕਥਾ ਸੰਗ੍ਰਹਿ ਦੀ ਖੂਬੀ ਹੈ ਜਿਸ ਵਿਚਲੇ ਪਾਤਰ ਅਣਹੋਣੀਆਂ ਵਿਚ ਜਿਊਂਦੇ ਹੋਏ ਵੀ ਜ਼ਿੰਦਗੀ ਵਿਚ ਸੰਘਰਸ਼ ਕਰਨਾ ਆਪਣਾ ਸੰਕਲਪ ਬਣਾ ਲੈਂਦੇ ਹਨ।ਇਹ ਕਹਾਣੀ ਸੰਗ੍ਰਹਿ ਮਨੁੱਖ ਨੂੰ ਦਰਪੇਸ਼ ਚੁਣੌਤੀਆਂ ਦੀ ਤਸਵੀਰ ਮਨੁੱਖੀ ਵਿਹਾਰ ਅਤੇ ਸਭਿਆਚਾਰ ਸਮੇਤ ਪਾਕਿਸਤਾਨ ਦੀ ਸਮਾਜਿਕ ਦਸ਼ਾ ਅਤੇ ਆਰਥਿਕ ਦਸ਼ਾ ਨੂੰ ਦਰਸਾਉਣ ਵਾਲਾ ਕਹਾਣੀ ਸੰਗ੍ਰਹਿ ਹੈ।

ਮਕਸੂਦ ਸਾਕਿਬ ਨੇ ਆਪਣੀਆਂ ਕਹਾਣੀਆਂ ਰਾਹੀਂ ਸਮਾਜ ਵਿਚ ਪ੍ਰਚੱਲਿਤ ਜਾਗੀਰਦਾਰੀ ਸਮਾਜ ਦੀ ਬਹੁ-ਪਰਤੀ ਤੇ ਪੀਡੀ ਪਕੜ ਨੂੰ ਡੀਕੋਡ ਕਰ ਕੇ ਵੇਖਣ ਦੀ ਕੋਸ਼ਿਸ਼ ਕੀਤੀ ਹੈ।ਉਨ੍ਹਾਂ ਤਣਾਓ ਬਿੰਦੂਆਂ ਅਤੇ ਵਿਰੋਧੀ ਸਮੀਕਰਨਾਂ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ ਜਿਹੜੇ ਸਮਾਜ-ਸਭਿਆਚਾਰ ਦੀ ਸਮੁੱਚੀ ਬਣਤਰ ਤੇ ਬੁਣਤਰ ਨੂੰ ਪਸੰਦ ਕਰਦੇ ਹਨ।ਜਾਗੀਰਦਾਰੀ ਪ੍ਰਬੰਧ ਹਮੇਸ਼ਾਂ ਰਾਜਨੀਤਿਕ ਵਿਵਸਥਾ ਦਾ ਇਕ ਮਜ਼ਬੂਤ ਥੰਮ ਬਣ ਕੇ ਪੇਸ਼ ਹੁੰਦਾ ਹੈ।ਇਸ ਪ੍ਰਬੰਧ ਵਿਚ ਸਾਰੇ ਰਿਸ਼ਤੇ ਤੇ ਵਸਤੂਆਂ ਪਦਾਰਥਕ ਰਿਸ਼ਤਿਆਂ ਦੇ ਬਰਾਬਰ ਮਿੱਥ ਲਏ ਜਾਂਦੇ ਹਨ।ਇਹੋ ਕਾਰਨ ਹੈ ਕਿ ਮਨ ਇੱਛਤ ਸੰਸਾਰ ਦੀ ਸਿਰਜਣਾ ਲਈ ਜਾਗੀਰਦਾਰ ਸਾਰੀਆਂ ਕਦਰਾਂ-ਕੀਮਤਾਂ ਨੂੰ ਅਪਣੇ ਨਿਜੀ ਰਵੱਈਏ ਤੋਂ ਤਹਿਰੀਰ ਕਰਕੇ ਆਪਣੀ ਹੀ ਤਹਿਜ਼ੀਬ ਦੇ ਅੰਤਰਗਤ ਰੱਖਣਾ ਚਾਹੁੰਦਾ ਹੈ।ਜਿਸ ਪਿੱਛੇ ਉਸਦਾ ਅੰਤਿਮ ਲਕਸ਼ ਉਸਦੀ ਸਵੈ ਇੱਛਾ ਦੀ ਪੂਰਤੀ ਨਾਲ ਜੁੜਿਆ ਹੋਇਆ ਹੈ।ਇਸ ਲਈ ਉਹ ਆਪਣੇ ਅਧੀਨ ਕੰਮ ਕਰਨ ਵਾਲੀ ਕਾਮਾ ਸ੍ਰੇਣੀ ਦੀ ਕਿਰਤ ਨੂੰ ਆਪਣੇ ਹਿੱਤ ਅਨੁਸਾਰ ਵਰਤਣ ਵਿਚ ਦਿਲਚਸਪੀ ਰੱਖਦਾ ਹੈ।ਇਸ ਪ੍ਰਸੰਗ ਵਿਚ 'ਚੱਲ ਪਿੱਦਿਆ ਉੱਠ ਚੱਲੀਏ' ਕਹਾਣੀ ਦੇਖੀ ਜਾ ਸਕਦੀ ਹੈ।ਇਸ ਕਹਾਣੀ ਵਿਚ ਆਪਣੀ ਜ਼ਮੀਨ ਤੇ ਕੰਮ ਕਰਦੇ ਮੁਜ਼ਾਰੇ ਦੁਆਰਾ ਉਸ ਦੀ ਤਨੋਂ ਮਨੋਂ ਜ਼ਮੀਨ ਨਾਲ ਜੁੜੀ ਮਾਨਸਿਕਤਾ ਅਤੇ ਆਰਥਿਕ ਤੰਗੀ ਤੁਰਸ਼ੀ ਦੀ ਪ੍ਰਵਾਹ ਕੀਤੇ ਬਿਨਾਂ ਕਿਸੇ ਹੋਰ ਪਾਰਟੀ ਨੂੰ ਵੱਧ ਪੈਸੇ ਲੈ ਕੇ ਜ਼ਮੀਨ ਹਿੱਸੇ ਤੇ ਵਾਹੁਣ ਦੀ ਗੱਲ ਕਰਦਾ ਹੈ।

ਮਕਸੂਦ ਸਾਕਿਬ ਦੀਆਂ ਕਹਾਣੀਆਂ ਵਿੱਚ ਪੇਸ਼ ਹੋਏ ਸਰੋਕਾਰਾਂ ਵਿੱਚੋਂ ਉਸਦੇ ਪਾਤਰਾਂ ਬਾਰੇ ਇੱਕ ਮਹੱਤਵਪੂਰਨ ਗੱਲ ਉਘੜ ਕੇ ਸਾਹਮਣੇ ਆਉਂਦੀ ਹੈ ਕਿ ਉਸਦੇ ਪਾਤਰ ਹਾਲਾਤਾਂ ਨਾਲ ਲੜਦੇ ਹਨ, ਉਨ੍ਹਾਂ ਦਾ ਮੁਕਾਬਲਾ ਕਰਦੇ ਹਨ।ਹਮੇਸ਼ਾਂ ਆਸਵੰਦ ਅਤੇ ਭਵਿੱਖਮੁਖੀ ਹੋ ਕੇ ਸੋਚਦੇ ਹਨ ਪਰ ਕਿਧਰੇ ਵੀ ਢਹਿੰਦੀ ਕਲਾ ਵਿੱਚ ਨਹੀਂ ਜਾਂਦੇ।

*"ਅੱਛਾ ਬਾਬਾ ਇਹ ਦੱਸ ਇਸ ਵਾਰੀ ਕੀ ਕਰਨਾ ਏ ਜ਼ਮੀਨ ਦਾ।ਵਾਹੁਣੀ ਜੇ ਕਿ ਨਹੀਂ ?ਬਾਊ ਮਜੀਦ ਅਲਸ ਗੱਲ ਵੱਲ ਝੱਟ ਆਇਆ*



*ਵਾਹੁਣੀ ਏ ਕਿਉਂ ਨਹੀਂ ਵਾਹੁਣੀ ? ਮੈਂ ਕੀ ਦੱਸਾਂ ੩।੩ਹੁਣ ਤਾਂ ਜਿਵੇਂ ਧੁਰੋਂ ਤੇਰੀ ਹੀ ਵਾਹੁੰਦੇ ਆਉਨੇ ਆਂ।੩।੩ਆਪਣੀ ਵੀ ਇਹ ਉਮਰ ਹੋ ਗਈ ਏ ਤੇ ਅੱਗੋਂ ਧੀ ਪੁੱਤਰ ਵੀ ਔਲਾਦਾਂ ਵਾਲੇ ਹੋ ਗਏ ਨੇ।*

*ਉਹ ਤੇ ਠੀਕ ਏ ਪਰ ਮੈਂ ਹੁਣ ਪੈਲੀ ਹਿੱਸੇ ਤੇ ਨਹੀਂ ਦੇਣੀ*

*ਕਿਹੜੀ ਗੱਲੋਂ ? ਸੱਤਵੇਂ ਉੱਤੇ ਈ ਦਿੱਤੀ ਹੁੰਦੀ ਏ ਤੂੰ। ਸਾਡੇ ਹੱਥ ਤੇ ਕੁਝ ਵੀ ਨਹੀਂ ਆਉਂਦਾ।ਮੰਗ ਪਿੰਨ ਕੇ ਈ ਗੁਜ਼ਰ ਕਰਨੀ ਪੈਂਦੀ ਏ।"10*

ਇੱਥੇ ਬਾਬਾ ਆਪਣੀ ਮਾੜੀ ਆਰਥਿਕ ਹਾਲਤ ਦਾ ਜ਼ਿਕਰ ਕਰਦਾ ਹੈ ਪਰ ਚੌਧਰੀ ਅਬਦੁਲ ਮਜੀਦ ਦਾ ਪਦਾਰਥਵਾਦੀ ਅਤੇ ਲਾਭ ਲੈਣ ਵਾਲਾ ਰਵੱਈਆ ਮਨੁੱਖ ਵਿਰੋਧੀ ਬਣ ਜਾਂਦਾ ਹੈ ਉਹ ਬਿਨਾਂ ਝਿਜਕ ਆਖਦਾ ਹੈ।

*"ਠੇਕਾ ਚਾ ਤਾਰੋ ਤੇ ਬੈਠੇ ਰਹਵੋ ਮੇਰੇ ਵੱਲੋਂ।ਸੱਤਰ ਹਜ਼ਾਰ ਕਿਹੜਾ ਚੌਖਾ ਏ।ਸਾਰੀ ਉਮਰ ਕਮਾਇਆ ਜੇ।ਬਾਊ ਮਜੀਦ ਦੀ ਗੱਲ ਚੌਖੀ ਈ ਕੌੜੀ ਹੋ ਗਈ ਸੀ।*

*ਬਾਊ ਸਾਡੇ ਵਾਰੇ ਨਹੀਂ।"11*

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਸਾਕਿਬ ਦੀ ਕਹਾਣੀ ਧਰਤੀ ਦੇ ਵਧੇਰੇ ਨੇੜੇ ਵਿਚਰਦੀ ਹੈ। ਪ੍ਰਗਤੀਵਾਦੀ ਦ੍ਰਿਸ਼ਟੀਕੋਣ ਤੋਂ ਰਾਜਸੀ, ਧਾਰਮਿਕ ਤੇ ਪੂੰਜੀ ਕੇਂਦਰਿਤ ਦਬਾਵਾਂ ਤੇ ਸੋਸ਼ਣਾਂ ਦੇ ਬਾਵਜੂਦ ਸਧਾਰਨ ਮਨੁੱਖ ਦੀਆਂ ਸਮੱਸਿਆਵਾਂ ਤੇ ਦ੍ਰਿਸ਼ਟੀ ਕੇਂਦਰਿਤ ਰੱਖੀ ਹੈ।ਫ਼ੌਜ ਤੇ ਸਿਆਸੀ ਦਬਾਅ ਦੀ ਸੰਧੀ ਦੇ ਫਲਸਰੂਪ ਮਨਾਹੀਆਂ ਅਤੇ ਬੰਧਨਾਂ ਦੇ ਬਾਵਜੂਦ ਵੀ ਰਚਨਾਕਾਰ ਆਪਣੀ ਗੱਲ ਕਹਿਣ ਅਤੇ ਪਾਕਿਸਤਾਨੀ ਪੰਜਾਬੀ ਸਮਾਜ ਦਾ ਅਜਿਹਾ ਵਾਸਤਵਿਕ ਬਿੰਬ ਬਣਾਉਂਦਾ ਨਜ਼ਰ ਆਉਂਦਾ ਹੈ ਜਿਸ ਵਿੱਚ ਸਧਾਰਨ ਮਨੁੱਖ ਦੀਆਂ ਤੋਟਾਂ ਅਤੇ ਤ੍ਰਿਪਤੀਆਂ, ਸੁਪਨੇ ਤੇ ਅਕਾਂਖਿਆਂਵਾਂ, ਦਮਨ ਤੇ ਪ੍ਰਭਾਵ ਸਹਿਜੇ ਹੀ ਦ੍ਰਿਸ਼ਟੀਗੋਚਰ ਹੋ ਜਾਂਦੇ ਹਨ ਜਿਥੋਂ ਇਹ ਅਨੁਮਾਨ ਲਗਾਉਣਾ ਔਖਾ ਨਹੀਂ ਕਿ ਮਕਸੂਦ ਸਾਕਿਬ ਏਸ਼ੀਆ ਦੇ ਸਭ ਤੋਂ ਜ਼ਿਆਦਾ ਦਬਾਅ ਕੇਂਦਰਿਤ ਦੇਸ਼ ਵਿਚ ਰਹਿੰਦਾ ਹੋਇਆ ਵੀ ਦੁਖੀ ਮਨੁੱਖੀ ਮਾਨਸਿਕਤਾ ਨੂੰ ਹੀ ਪੇਸ਼ ਨਹੀਂ ਕਰਦਾ ਸਗੋਂ ਇਸਨੂੰ ਬਦਲਣ ਦੀ ਇੱਛਾ ਦਾ ਪ੍ਰਗਟਾਵਾ ਵੀ ਕਰਦਾ ਹੈ।

**ਹਵਾਲੇ ਅਤੇ ਟਿੱਪਣੀਆਂ**


੧. ਡਾ. ਕਰਨੈਲ ਸਿੰਘ ਥਿੰਦ, **ਪਕਿਸਤਾਨੀ ਪੰਜਾਬੀ ਸਾਹਿਤ ਦਾ ਸੰਖੇਪ ਜਾਇਜ਼ਾ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006, ਪੰਨਾ-93.

੨. ਡਾ. ਜਤਿੰਦਰਪਾਲ ਸਿੰਘ ਜੌਲੀ, ਪਾਕਿਸਤਾਨੀ **ਪੰਜਾਬੀ ਗਲਪ**,**ਨਾਨਕ** ਸਿੰਘ ਪੁਸਤਕਮਾਲਾ ਅੰਮ੍ਰਿਤਸਰ,2001,ਪੰਨਾ-36.

੩. ਮਕਸੂਦ ਸਾਕਿਬ, ਤੋਂ **ਘਰ ਚਲਾ ਜਾ**, (ਲਿਪੀਅੰਤਰ:ਡਾ.ਹਰਬੰਸ ਸਿੰਘ ਧੀਮਾਨ), ਸੰਗਮ ਪਬਲੀਕੇਸ਼ਨ, ਸਮਾਣਾ, 2018, ਪੰਨਾ-27.

੪. ਉਹੀ,ਪੰਨਾ-88 ੫. ਉਹੀ, ਪੰਨਾ-79

੬. ਉਹੀ,ਪੰਨਾ-25 ੭. ਉਹੀ, ਪੰਨਾ-55

੮. ਉਹੀ, ਪੰਨਾ-33 ੯. ਉਹੀ, ਪੰਨਾ-95

੧੦. ਉਹੀ, ਪੰਨਾ-41 ੧੧. ਉਹੀ, ਪੰਨਾ-42


**ਖ਼ਾਲਸਾ ਕਾਲਜ ਪਟਿਆਲਾ (ਮੋਬਾਇਲ 9815429691)**

# ਮੌਤ ਦੀ ਮਜ਼ਦੂਰੀ ਕਰਦੇ ਪਾਤਰਾਂ ਦਾ ਕਥਾ-ਬਿਰਤਾਂਤ: ਉਰਫ ਰੋਸ਼ੀ ਜੱਲਾਦ

**- ਡਾ. ਗੁਰਮੀਤ ਕੌਰ**

ਸਮਕਾਲੀਨਤਾ ਦੇ ਪ੍ਰਸੰਗ ਵਿੱਚ ਵਿਅਕਤੀ ਸਮਾਜਕ, ਰਾਜਨੀਤਕ, ਸਭਿਆਚਾਰਕ, ਆਰਥਿਕ ਅਤੇ ਮਨੋਵਿਗਿਆਨਕ ਪੱਖ ਤੋਂ ਨਿਰੰਤਰ ਸੰਘਰਸ਼ਸ਼ੀਲ ਪ੍ਰਸਥਿਤੀਆਂ ਦੇ ਸੰਗ ਵਿਚਰ ਰਿਹਾ ਹੈ।ਉਸਦੀ ਦੁਫੇੜ ਮਾਨਸਿਕਤਾ, ਪ੍ਰਸਥਿਤੀਆਂ ਨਾਲ ਟਕਰਾ ਕੇ ਉਸਦੀ ਜਿੰਦਗੀ ਵਿਚਲੇ ਅਜਬ ਦ੍ਰਿਸ਼ਾਂ, ਸਮੱਸਿਆਵਾਂ, ਸੰਕਟਾਂ, ਤਣਾਵਾਂ ਤੇ ਉਲਝਣਾਂ ਨਾਲ ਦੋ ਚਾਰ ਹੋ ਰਹੀ ਹੈ।ਇਸ ਕਿਸਮ ਦੇ ਵਿਕੋਲਿਤਰੇ ਪ੍ਰਵਚਨਾਂ ਵਿਚ ਵਿਅਕਤੀ ਲਗਾਤਾਰ ਜਟਿਲ ਬਣਦਾ ਜਾ ਰਿਹਾ ਹੈ ਅਤੇ ਵਿਅਕਤੀ ਦੀ ਇਸ ਜਟਿਲਤਾ ਦੇ ਚੱਲਦੇ ਅਜੋਕੀ ਕਹਾਣੀ ਦਾ ਬਿਰਤਾਂਤਕ ਪ੍ਰਵਚਨ ਵੀ ਜਟਿਲ ਤੇ ਸੰਘਣਾ ਬਣਦਾ ਜਾ ਰਿਹਾ ਹੈ।ਏਥੇ ਡਾ. ਗੁਰਬਚਨ ਦਾ ਇਹ ਤਰਕ ਵਿਚਾਰਨਯੋਗ ਹੈ ਕਿ ਬੰਦਾ ਸਾਧਾਰਣ ਨਹੀਂ ਤਾਂ ਬਿਰਤਾਂਤ ਸਾਧਾਰਣ ਕਿਵੇਂ ਹੋ ਸਕਦਾ ਹੈ ? ਬਿਰਤਾਂਤ ਦੇ ਇਸ ਸੰਘਣੇ ਪੈਰਾਡਾਈਮ ਵਿੱਚ ਜਸਵੀਰ ਰਾਣਾ ਦੀ ਕਹਾਣੀ ‘ ਉਰਫ ਰੋਸ਼ੀ ਜੱਲਾਦ’ ਵਿਚਾਰਨਯੋਗ ਹੈ।ਇਸ ਕਹਾਣੀ ਵਿੱਚ ਜਸਵੀਰ ਰਾਣਾ ਸਮੱਸਿਆ ਨਹੀਂ ਸਗੋਂ ਸਮੱਸਿਆਵਾਂ ਦੇ ਧਰਾਤਲ ਦੀ ਨਿਸ਼ਾਨਦੇਹੀ ਕਰਦਾ ਹੋਇਆ, ‘ਮੌਤ’ ਦੇ ਵਿਲੱਖਣ ਪ੍ਰਵਚਨ ਨੂੰ ਸਿਰਜ ਰਿਹਾ ਹੈ।ਮੌਤ ਦੀ ਮਜ਼ਦੂਰੀ ਕਰਦੇ ਪਾਤਰਾਂ ਦੀ ਜ਼ਿੰਦਗੀ ਤਲਾਸ਼ਣ ਦੀ ਅਜਬ ਵਾਰਤਾ ਇਸ ਕਹਾਣੀ ਦਾ ਕੇਂਦਰ ਬਿੰਦੂ ਹੈ।

ਕਹਾਣੀ ਦੀ ਪਹਿਲੀ ਸਤਰ ਹੀ ਕਹਾਣੀ ਵਿਚਲੇ ਮੌਤ ਦੇ ਵੱਖਰੇ ਬਿਰਤਾਂਤਕ ਸੰਗਠਨ ਦੀ ਨਿਸ਼ਾਨਦੇਹੀ ਕਰਦੀ ਨਜ਼ਰੀਂ ਪੈਂਦੀ ਹੈ ਜੋ ਨਾਲ ਹੀ ਇਸ ਗੱਲ ਦਾ ਧਰਾਤਲ ਵੀ ਰੂਪਮਾਨ ਕਰਦੀ ਹੈ ਕਿ ਕਹਾਣੀ ਵਿੱਚ ਪਾਤਰ ਮੌਤ ਦੇ ਵੱਖ ਵੱਖ ਸੰਦਰਭਾਂ ਅਧੀਨ ਕਾਰਜ ਕਰਦੇ ਹੋਏ ਜ਼ਿੰਦਗੀ ਦੀ ਤਲਾਸ਼ ਨਾਲ ਜੁੜੇ ਹੋਏ ਹਨ ਨਾਲ ਹੀ ਇਸ ਗੱਲ ਨੂੰ ਵੀ ਪ੍ਰਤੀਪਾਦਤ ਕਰਦੀ ਹੈ ਕਿ ਮੌਤ ਉਰਫ਼ ਰੋਸ਼ੀ ਜੱਲਾਦ ਕਹਾਣੀ ਵਿਚ ਇਕ ਵੱਖਰੇ ਤੇ ਵੱਡੇ ਮੈਟਾਫ਼ਰ ਵਜੋਂ ਉਭਰੇਗੀ:-

> ਕਿਸ ਕਿਸ ਕਾ ਨਾਮ ਲੂੰ ਮੈਂ ਮੁਝੇ ਹਰ ਕਿਸੀ ਨੇ ਮਾਰਾ.............।”
>
> ਖਾਲੀ ਕੱਪ ਵੱਲ ਵੇਖ ਮੈਂ ਸਿਤਾਰ ਦੀ ਅਧੂਰੀ ਸਤਰ ਪੂਰੀ ਕੀਤੀ, “ਗਿਲਾ ਮੌਤ ਸੇ ਨਹੀਂ, ਮੁਝੇ ਜ਼ਿੰਦਗੀ ਨੇ ਮਾਰਾ.........।”

ਕਹਾਣੀ ਦੀ ਪਹਿਲੀ ਸਤਰ ਹੀ ਬਹੁਤ ਸਾਰੇ ਕੋਡਾਂ ਨਾਲ ਭਰੀ ਪਈ ਹੈ।‘ਮੁਝੇ ਹਰ ਕਿਸੀ ਨੇ ਮਾਰਾ’ ‘ਖਾਲੀ ਕੱਪ’, ‘ਸਿਤਾਰ’, ‘ਅਧੂਰੀ ਸਤਰ’ ਵਰਗੀ ਕਹਾਣੀ ਦੀ ਸ਼ੁਰੂਆਤ ਵਿਚ ਹੀ ਆਏ ਕੋਡ ਮਹਿਜ਼ ਇਕ ਪਾਤਰ ਦੀ ਜੀਵਨ ਸ਼ੈਲੀ ਦੇ ਹੀ ਨਹੀ ਸਗੋਂ ਉਸਦੀ ਮਨੋਵੇਦਨਾਂ, ਮਨੋਦਸ਼ਾ,ਅਤੇ ਖਾਲੀਪਨ ਦੇ ਸੂਚਕ ਹਨ। ਕਹਾਣੀ ਦੀ ਇਸ ਪਹਿਲੀ ਸਤਰ ਵਿੱਚ ਸਿਰਫ ‘ਸਿਤਾਰ’ ਸ਼ਬਦ ਨੂੰ ਛੱਡ ਕੇ ਬਾਕੀ ਸਾਰੇ ਸ਼ਬਦ ਤੇ ਉਹਨਾਂ ਦੇ ਅਰਥ ਖਾਲੀਪਨ ਅਤੇ ਸੰਨਾਟੇ ਨਾਲ ਭਰੇ ਹੋਏ ਹਨ ਭਾਵ ਕਿ ਇਹਨਾਂ ਸਾਰੇ ਸ਼ਬਦਾਰਥਾਂ ਵਿੱਚ ਮੌਤ ਡੂੰਘਾਈਪਰਕ ਰੂਪ ਵਿੱਚ ਸਮਾਈ ਹੋਈ ਹੈ।ਪਰ ਇਹਨਾਂ ਸ਼ਬਦਾਂ ਦੇ ਵਿਚਕਾਰ ਸਿਤਾਰ ਸ਼ਬਦ ਦਾ ਆਉਣਾ ਕਹਾਣੀ ਵਿਚਲੇ ਪਾਤਰਾਂ ਦੀ ਜ਼ਿੰਦਗੀ ਦੀ ਤਲਾਸ਼ ਲਾਲ ਜੁੜਿਆ ਹੋਇਆ ਹੈ। ‘ਸਿਤਾਰ’ ਇਕ ਸੰਗੀਤਕ ਸਾਜ਼ ਦਾ ਨਾਂ ਹੈ, ਮਧੁਰ ਸੰਗੀਤ ਦਾ ਸਾਜ਼ ਹੈ।ਜੋ ਸ਼ਾਇਦ ਇਸ ਗੱਲ ਦੀ ਕਨਸੋਅ ਵੀ



ਦੇ ਰਿਹਾ ਹੈ ਕਿ ਮੌਤ ਦੇ ਚੱਲਦੇ ਕਹਾਣੀ ਵਿੱਚ ਜ਼ਿੰਦਗੀ ਦਾ ਸਾਜ਼ ਵੀ ਕਿਤੇ ਨਾ ਕਿਤੇ ਸੁਰ ਨਾਲ ਜੁੜੇਗਾ। ਪਰ ਪਹਿਲੀ ਸਤਰ ਦੇ ਜ਼ਿਆਦਾਤਰ ਸ਼ਬਦ ਮੌਤ ਦੇ ਵਾਹਕ ਹੀ ਬਣ ਰਹੇ ਹਨ ਜੋ ਗੱਲ ਵੱਲ ਵੀ ਸੇਧਿਤ ਹਨ ਕਿ ਇਸ ਮੌਤ ਦੀ ਸੁਰ ਕਹਾਣੀ ਵਿੱਚ ਜ਼ਿਆਦਾ ਭਾਰੂ ਹੈ।

ਇਸ ਤੋਂ ਵੀ ਅੱਗੇ ਇਸ ਸ਼ੁਰੂਆਤੀ ਸਤਰ ਨੂੰ ਸਮਝਣ ਹਿੱਤ ਇਸ ਕਾਵਿਕ ਡਾਇਲਾਗ ਦੀ ਆਖਰੀ ਸਤਰ ਗਿਲਾ ਮੌਤ ਸੇ ਨਹੀਂ, ਮੁਝੇ ਜ਼ਿੰਦਗੀ ਨੇ ਮਾਰਾ ਨੂੰ ਸਮਝਣਾ ਵਧੇਰੇ ਜ਼ਰੂਰੀ ਹੈ। ਭਾਵ ਕਿ ਕਹਾਣੀ ਵਿਚਲੇ ਪਾਤਰ ਮੌਤ ਤੋਂ ਪਸ਼ੇਮਾਨ ਨਹੀਂ ਸਗੋਂ ਜ਼ਿੰਦਗੀ ਤੋਂ ਹਨ। ਕਿਉਂਕਿ ਮਰ ਕੇ ਤਾਂ ਹਰ ਸਮੱਸਿਆ, ਉਲਝਣ ਤੋਂ ਸੁਰਖ਼ਰੂ ਹੋ ਜਾਂਦਾ ਹੈ ਅਸਲ ਲੜਾਈ ਤਾਂ ਜ਼ਿੰਦਗੀ ਦੀ ਹੈ।ਜ਼ਿੰਦਗੀ ਵਿਚਲੇ ਸੰਕਟਾਂ, ਪਛਾਣ ਅਤੇ ਆਪਣੀ ਹੋਂਦ ਦੀ ਬਰਕਾਰੀ ਦੀ ਹੈ। ਭਾਵ ਕਿ ਅੱਗੇ ਚੱਲ ਕੇ ਕਹਾਣੀ ਜ਼ਿੰਦਗੀ ਦੀ ਅਜਬ ਦਾਸਤਾਨ ਸਿਰਜ ਸਕਦੀ ਹੈ ਜੋ ਸ਼ਾਇਦ ਮੌਤ ਤੋਂ ਵੀ ਜ਼ਿਆਦਾ ਖ਼ੌਫਨਾਕ ਤੇ ਦਰਦਨਾਕ ਹੋਵੇ।

ਇਸ ਤਰ੍ਹਾਂ ਦੇ ਸੰਘਣੇ ਜ਼ਿੰਦਗੀ ਤੇ ਮੌਤ ਦੇ ਕੋਡ, ‘ਉਰਫ ਰੋਸ਼ੀ ਜੱਲਾਦ’ ਕਹਾਣੀ ਵਿਚ ਥਾਂ ਪਰ ਥਾਂ ਬਿਖਰੇ ਪਏ ਹਨ।ਸਮੁੱਚੀ ਕਹਾਣੀ ਦੇ ਭਾਸ਼ਾਈ ਉਚਾਰ ਤੇ ਉਸਾਰ ਵਿੱਚ ਆਇਆ ਹਰ ਸ਼ਬਦ ਇਕ ਵੱਖਰੀ ਭਾਂਤ ਦੇ ਕੋਡ ਨੂੰ ਸਿਰਜਤ ਕਰ ਰਿਹਾ ਹੈ।ਹਰ ਸ਼ਬਦ, ਹਰ ਡਾਇਲਾਗ ਇਕ ਨਵੀਂ ਕਹਾਣੀ ਦੀ ਸਿਰਜਣਾ ਕਰ ਰਿਹਾ ਹੈ।ਪਹਿਲੀ ਸਤਰ ਵਿਚ ਆਏ ਖਾਲੀਪਨ ਵਿਚਲੀ ਮੌਤ ਸਾਰੀ ਕਹਾਣੀ ਵਿੱਚ ਫੈਲੀ ਹੋਈ ਹੈ।ਕਹਾਣੀ ਦੇ ਸ਼ਬਦਾਰਥਾਂ ਅਤੇ ਭਾਸ਼ਾਈ ਬੋਲਾਂ ਵਿੱਚੋਂ ਮੌਤ ਝਲਕ ਰਹੀ ਹੈ।ਇਹ ਹੀ ਸ਼ਾਇਦ ਇਸ ਕਹਾਣੀ ਦਾ ਬਿਰਤਾਂਤਕ ਉਸਾਰ ਹੈ ਜੋ ਕਹਾਣੀ ਵਿਚਲੇ ਨਿਵੇਕਲੇ ਵਿਸ਼ੇ, ਪਾਤਰ ਅਤੇ ਤ੍ਰਾਸਦੀ ਨੂੰ ਰੂਪਮਾਨ ਕਰੇਗਾ।ਜੋ ਜ਼ਿੰਦਗੀ ਅਤੇ ਮੌਤ ਦੇ ਨਵੇਂ ਸਮੀਕਰਣ ਸਿਰਜੇਗਾ:-

- ਕਿਤੇ ਫੇਰ ਤਾਂ ਨੀ ਨਿਸ਼ਾਨ ਦਾ ਭੂਤ ਦਿਸਣ ਲੱਗ ਪਿਆ।
- ਰੁਕ ਜਾ ਰੋਸ਼ਨ= ਲਾਸ਼ ਕਾਰ ਨਹੀਂ ਚਲਾਉਂਦੀ ਹੁੰਦੀ।
- ਮੈਂ ਮਰਨ ਵਾਲੇ ਦੇ ਸਾਹ ਵਾਂਗ ਰੁਕ ਗਿਆ। ਜਾਂਦੀ ਕਾਰ ਦੀ ਪਿੱਠ ਗਾਇਬ ਹੋ ਗਈ।
- ਰੱਸੀ ਤਾਂ ਯਾਦ ਆਉਣੀ ਹੀ ਸੀ=........ ਇਹ ਜੱਲਾਦ ਜੋ ਹੋਇਆ......ਉਰਫ ਰੋਸ਼ੀ ਜੱਲਾਦ।

ਉਪਰੋਕਤ ਕਿਸਮ ਦੇ ਮੌਤ ਨਾਲ ਜੁੜੇ ਬਿਰਤਾਂਤਕ ਭਾਸ਼ਾਈ ਉਸਾਰ ਵਿਚੋਂ ਹੀ ਕਹਾਣੀ ਦੇ ਮੁੱਖ ਪਾਤਰ, ਉਸਦਾ ਕਾਰਜ, ਉਸਦੀ ਜੀਵਨ ਸ਼ੈਲੀ ਦੇ ਨਾਲ-ਨਾਲ ਕਹਾਣੀਕਾਰ ਜਸਵੀਰ ਰਾਣਾ ਦੀ ਕਹਾਣੀ ਲਿਖਣ ਕਲਾ ਵਿਚਲੀ ਲੁਪਤ ਭਾਸ਼ਾਈ ਜੁਗਤ ਰੂਪਮਾਨ ਹੁੰਦੀ ਹੈ।ਜਿੱਥੇ ਕਹਾਣੀ ਦੇ ਕੇਂਦਰੀ ਪਾਤਰ ਰੋਸ਼ਨ ਦਾ ‘ਉਰਫ ਰੋਸ਼ੀ ਜੱਲਾਦ ਵਿਚ ਪਰਿਵਾਰਤਿਤ ਹੋਣਾ ਪਿਆ ਹੈ, ਜਿੱਥੇ ਉਸਦੇ ਕਿੱਤੇ ਦਾ ਕੇਂਦਰੀ ਧੁਰਾ ਕਾਰਜ ਕਰ ਰਿਹਾ ਹੈ, ਜਿੱਥੇ ਉਸਦੇ ਨਾਮ ਪਰਿਵਰਤਨ ਦੇ ਕਾਰਜ ਅਤੇ ਸਮਾਜ ਵਿੱਚ ਜੱਲਾਦ ਦੇ ਕਿੱਤੇ ਦਾ ਕੱਥ ਸਾਰ ਪਿਆ ਹੈ।

ਉਪਰੋਕਤ ਬਿਰਤਾਂਤ ਵਿਚਲੇ ਨਿਸ਼ਾਨਾ ਦਾ ਭੂਤ, ਲਾਸ਼ ਦਾ ਕਾਰ ਚਲਾਉਣਾ: ਮਰਨ ਵਾਲੇ ਦੇ ਸਾਹ ਵਾਂਗ ਰੁਕਣ, ਕਾਰ ਦੀ ਪਿੱਠ ਦਾ ਗਾਇਬ ਹੋਣਾ, ਰੱਸ਼ੀ ਤੇ ਜੱਲਾਦ ਵਰਗੇ ਬਿਰਤਾਂਤਕ ਕੋਡ ਕਹਾਣੀ ਵਿਚ ਪ੍ਰਤੀਪਾਦਤ ਬਹੁਤ ਵੱਡੇ ਤੇ ਸੰਘਣੇ ਅਰਥਾਂ ਦੇ ਲਾਖਾਇਕ ਹਨ

ਜੋ ਕਹਾਣੀ ਦੇ ਕੇਂਦਰ ਵਿਚ ਕਾਰਜਸ਼ੀਲ ਮੌਤ ਦੇ ਵੱਖਰੇ ਸੰਦਰਭਾਂ ਨਾਲ ਜੁੜੇ ਹੋਏ ਹਨ, ਸਾਰੇ ਬਿਰਤਾਂਤਕ ਕੋਡ ਜਦੋਂ ਡੀਕੋਡਿੰਗ ਦੀ ਪ੍ਰਕ੍ਰਿਆ ਵਿਚੋਂ ਲੰਘਦੇ ਹਨ ਤਾਂ ਇਕ ਸੰਘਣਾ ਅਰਥ ਸੰਸਾਰ ਉਪਜਦਾ ਹੈ ਜੋ ਕਹਾਣੀ ਵਿਚਲੇ ਪਾਤਰਾਂ ਦੀ ਸਿਰਜਣ ਪ੍ਰਕਿਰਿਆ ਦੇ ਨਾਲ ਬਹੁਤ ਸਾਰੇ ਸਵਾਲਾਂ ਨੂੰ ਕਹਾਣੀ ਵਿਚੋਂ ਉਭਾਰ ਰਿਹਾ ਹੈ।ਉਪਰੋਕਤ ਬਿਰਤਾਂਤਕ ਕੋਡਾਂ ਵਿਚੋਂ ਉਭਰਦੇ ਸਵਾਲ:-

ਸਵਾਲ-1 'ਉਰਫ ਰੋਸ਼ੀ ਜੱਲਾਦ ਕੌਣ ਹੈ? ਉਸ ਨਾਲ ਜੱਲਾਦ ਸ਼ਬਦ ਕਿਉਂ ਜੁੜਿਆ?

ਹੁਣ ਸਵਾਲ ਦੇ ਜਵਾਬ ਦੀ ਤਲਾਸ਼ ਕਹਾਣੀ ਵਿਚੋਂ ਕਰੀਏ ਤਾਂ ਉਰਫ ਰੋਸ਼ੀ ਜੱਲਾਦ ਕਹਾਣੀ ਦਾ ਕੇਂਦਰੀ ਮੈਂ ਪਾਤਰ ਹੈ ਜੋ ਬਿਰਤਾਂਤਕ ਵਕਤਾ ਦੇ ਤੌਰ ਤੇ ਸਾਰ ਕਹਾਣੀ ਦਾ ਬਿਰਤਾਂਤਕ ਪ੍ਰਵਚਨ ਉਸਾਰ ਰਿਹਾ ਹੈ।ਜੋ ਕਤਲ ਦੇ ਦੋਸ਼ ਹੇਠ ਜੇਲ ਵਿਚ ਸਜਾ ਕੱਟ ਰਿਹਾ ਹੈ।ਜੇਲ ਵਿਚ ਫਾਂਸੀ ਦੇ ਸਜ਼ਾਯਾਫਤਾ ਮੁਜ਼ਰਮਾਂ ਨੂੰ ਫਾਂਸੀ ਲਾਉਂਦਾ ਹੈ।ਭਾਵ ਕਿ ਉਹ ਮੌਤ ਦੀ ਮਜ਼ਦੂਰੀ ਕਰਦਾ ਪਾਤਰ ਹੈ।

ਸਵਾਲ-2 ਉਰਫ ਰੋਸ਼ੀ ਜੱਲਾਦ ਕਿਸਦੇ ਕਤਲ ਦੀ ਸਜ਼ਾ ਕੱਟ ਰਿਹਾ ਹੈ।ਤੇ ਕਿਉਂ? ਇਸਦਾ ਜਵਾਬ ਉਰਫ ਰੋਸ਼ੀ ਜੱਲਾਦ ਨਿਸ਼ਾਨ ਦੇ ਕਤਲ ਦੀ ਸਜ਼ਾ ਕੱਟ ਰਿਹਾ ਹੈ।ਹੁਣ ਇਸ ਤੋਂ ਅੱਗੇ ਫਿਰ ਸਵਾਲ ਉਪਜਦਾ ਹੈ।

ਸਵਾਲ-3 ਇਹ ਨਿਸ਼ਾਨ ਕੌਣ ਹੈ?

ਕਹਾਣੀ ਵਿਚਲਾ ਇਹ ਤੀਸਰਾ ਸਵਾਲ ਵਧੇਰੇ ਮਹੱਤਵਪੂਰਨ ਹੈ ਕਿਉਂਕਿ ਇਸਦੇ ਜਵਾਬ ਵਿਚ ਹੀ ਪਹਿਲੇ ਦੋ ਸਵਾਲਾਂ ਦੇ ਜਵਾਬ ਜ਼ਿਆਦਾ ਸਪਸ਼ੱਟ ਤੌਰ ਤੇ ਉਭਰਦੇ ਹਨ। ਪਹਿਲੇ ਤੇ ਦੂਜੇ ਸਵਾਲਾਂ ਦੇ ਅੰਤ ਤੇ ਆਏ ਜੱਲਾਦ ਸ਼ਬਦ ਤੇ ਕਿਉਂ ਦੇ ਜਵਾਬ ਇਸ ਨਿਸ਼ਾਨ ਨਾਂ ਦੇ ਪਾਤਰ ਦੇ ਕਹਾਣੀ ਵਿਚਲੇ ਕਾਰਜ ਵਿਚੋਂ ਉੱਭਰ ਰਹੇ ਹਨ।

ਉਰਫ ਰੋਸ਼ੀ ਜੱਲਾਦ ਇਸ ਕਹਾਣੀ ਵਿਚ ਨਿਸ਼ਾਨ ਸਾਡੇ ਸਮਾਜ ਵਿਚਲੀ ਉੱਚ ਸਰਮਾਏਦਾਰੀ ਦਾ ਉਹ ਪੂੰਜੀਗਤ ਸਿੰਬਲ ਜਾਂ ਨਿਸ਼ਾਨ ਹੈ ਜਿਸਦਾ ਕੰਮ ਆਰਥਿਕ ਪਖੋਂ ਊਣੇ ਵਿਅਕਤੀਆਂ ਨੂੰ ਪੈਸਾ ਦੇ ਕੇ ਕਰਜਾਈ ਕਰਕੇ ਆਪਣਾ ਗੁਲਾਮ ਬਣਾਉਣਾ ਮੁੱਖ ਕਾਰਜ ਹੈ। ਤੇ ਕਰਜ਼ਾ ਨਾ ਮੋੜਨ ਦੀ ਸੂਰਤ ਵਿਚ ਉਹ ਗੁਲਾਮ ਧਿਰ ਨੂੰ ਹਰ ਪੱਖੋਂ ਤੇ ਹਰ ਪੱਧਰ ਤੱਕ ਜ਼ਲੀਲ ਤੇ ਬੇਇਜਤ ਕਰਨਾ ਆਪਣਾ ਇਖਲਾਕੀ ਹੱਕ ਸਮਝਦਾ ਹੈ।ਉਸ ਦੁਆਰਾ ਰੋਸ਼ਨ ਭਾਵ ਉਰਫ ਰੋਸ਼ੀ ਜੱਲਾਦ ਨਾਲ ਕੀਤੇ ਦੋ ਕਰਜੀ ਦ੍ਰਿਸ਼ ਕਹਾਣੀ ਵਿਚੋਂ ਨਸ਼ਰ ਹੁੰਦੇ ਹਨ:-

ਪਹਿਲਾ **ਕਾਰਜੀ ਦ੍ਰਿਸ਼-** ਰੋਸ਼ਨ/ਉਰਫ ਰੋਸ਼ੀ ਜੱਲਾਦ ਦੇ ਬੀਬੀ ਦੇ ਬਾਪੂ ਨੂੰ ਕਰਜਾ ਨਾ ਮੋੜਨ ਦੀ ਸੂਰਤ ਵਿਚ 'ਅਸੀਂ ਕਰਜਈ ਜੱਟ' ਹਾਂ, ਦੀਆ ਤਖਤੀਆਂ ਗਲ ਵਿਚ ਪਾ ਢੋਲ ਦੇ ਡੱਗੇ ਦੇ ਨਾਲ ਪੂਰੇ ਪਿੰਡ ਵਿਚ ਗੇੜੇ ਕਢਾਉਂਦਾ ਹੋਇਆ ਉਹਨਾਂ ਉਪਰੋਂ ਨੋਟ ਵਾਰ ਕੇ ਜ਼ਲੀਲ ਕਰਦਾ ਹੈ।

ਦੂਜਾ **ਕਾਰਜੀ ਦ੍ਰਿਸ਼-** ਰੋਸ਼ਨ/ਉਰਫ ਰੋਸ਼ੀ ਜੱਲਾਦ ਦੁਆਰਾ ਨਿਸ਼ਾਨ ਨੂੰ ਵੰਗਾਰਨ ਦੇ ਇਵਜ਼ਾਨੇ ਵਜੋਂ ਨਿਸ਼ਾਨ ਦੁਆਰਾ ਉਸ ਨੂੰ ਮਾਰਨ, ਕੁੱਟਣ ਦੇ ਨਾਲ ਨਾਲ ਉਸਦੇ ਮੱਥੇ ਉੱਪਰ ਪੱਕੇਤੌਰ ਤੇ ਕਰਜਈ ਜੱਟ ਖੁਣਵਾ ਕੇ ਤੇ ਉਸਨੂੰ ਨੰਗਾ ਕਰਕੇ ਪੂਰੇ ਪਿੰਡ ਵਿਚ ਘੁਮਾਉਂਦੇ ਹੋਏ ਜ਼ਲੀਲ ਕੀਤਾ ਜਾਂਦਾ ਹੈ।



ਕਹਾਣੀ ਉਰਫ ਰੋਸ਼ੀ ਜੱਲਾਦ ਨਾਲ ਕਹਾਣੀ ਵਿਚ ਵਾਪਰੇ ਉਪਰੋਕਤ ਮਹਿਜ਼ ਦੋ ਕਾਰਜੀ ਦ੍ਰਿਸ਼ ਨਹੀ ਸਗੋਂ ਸਮਕਾਲੀਨ ਪ੍ਰਸਥਿਤੀਆਂ ਦੇ ਸੰਕਟਾਂ ਤੇ ਸਮੱਸਿਆਵਾਂ ਦੇ ਚੱਲਦੇ ਪੂਰੀ ਆਮ ਲੋਕਾਈ ਉੱਪਰ ਕਾਬਜ਼ ਸਰਮਾਏਦਾਰੀ ਧਿਰ ਦਾ ਉਹ ਦਬਦਬਾ ਹੈ ਜੋ ਵਿਅਕਤੀਆਂ ਅੰਦਰ ਮੋਹਖੋਰਾਪਣ ਬੇਗਾਨਗੀ ਤੇ ਉਹਨਾਂ ਅੰਦਰਲੀ ਵਿਦਰੋਹੀ ਸੁਰ ਦੇ ਖਾਤਮੇ ਨੂੰ ਪ੍ਰਤੀਬਿੰਬਤ ਕਰਦਾ ਹੈ।ਕਿਉਂਕਿ ਉਪਰੋਕਤ ਦੋਵੇਂ ਕਾਰਜੀ ਦ੍ਰਿਸ਼ ਸਾਰੇ ਲੋਕਾਂ ਤੇ ਪੂਰੇ ਪਿੰਡ ਦੇ ਸਾਹਮਣੇ ਵਾਪਰਦੇ ਹਨ ਪਰ ਪਿੰਡ ਚੁੱਪ ਹੈ, ਪਿੰਡ ਦੇਖ ਰਿਹਾ ਹੈ:-

"ਬਾਈ ਨੇ ਜਿਸ ਪਿੰਡ ਦੀ ਵਿਰਾਸਤ ਨੂੰ ਬਲਦਾਂ ਨਾਲ ਰੱਖਿਆ। ਉਸ ਪਿੰਡ ਨੇ ਉਸਨੂੰ ਨਹੀਂ ਸਾਂਭਿਆ। ਜਿਸ ਪਿੰਡ ਦੀ ਇੱਜਤ ਬੀਬੀ ਨੇ ਚੁੰਨੀ ਦੇ ਲੜ ਬੰਨੀ ਹੋਈ ਸੀ, ਉਹ ਪਿੰਡ ਉਸਦੀ ਬੇਇਜ਼ਤੀ ਦਾ ਤਮਾਸ਼ਾ ਦੇਖਦਾ ਰਿਹਾ।"

ਉਪਰੋਕਤ ਡਾਇਲਾਗ ਵਿਚੋਂ ਇੱਕ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਪਿੰਡ ਦਾ ਸਭ ਕੁਝ ਦੇਖਦੇ ਹੋਏ ਇਸ ਤਰ੍ਹਾ ਮੂਕ ਦਰਸ਼ਕ ਬਣ ਜਾਣਾ ਪਿੰਡ ਦੇ ਮਰ ਜਾਣ ਦਾ ਹੀ ਸੂਚਕ ਹੈ ਭਾਵ ਪਿੰਡ ਸਰੀਰਕ ਤੌਰ ਤੇ ਤਾਂ ਜਿਉਂਦਾ ਹੈ ਪਰ ਉਸਦੀ ਜ਼ਮੀਰ ਮਰ ਚੁੱਕੀ ਹੈ ਜੇ ਅਜਿਹਾ ਨਾ ਹੁੰਦਾ ਤਾਂ ਜੋ ਵਾਪਰਿਆ ਉਹ ਨਹੀਂ ਵਾਪਰਨਾ ਸੀ। ਏਥੇ ਆ ਕੇ ਮੌਤ ਫਿਰ ਤੋਂ ਕਹਾਣੀ ਦੇ ਕੇਂਦਰ ਵਿਚ ਕਾਰਜ ਕਰ ਰਹੀ ਹੈ।ਜਸਵੀਰ ਰਾਣਾ ਦੀ ਕਹਾਣੀ ਕਲਾ ਦੀ ਇਹ ਕਲਾਤਮਕ ਪਹੁੰਚ ਹੀ ਹੈ ਉਹ ਇਹਨਾਂ ਪਾਤਰਾਂ ਤੇ ਉਹਨਾਂ ਦੇ ਕਾਰਜਾਂ ਜ਼ਰੀਏ ਸਿਰਫ ਸਮਾਜਕ ਕੱਥ ਤੇ ਵੱਥ ਹੀ ਨਹੀਂ ਸਿਰਜਦਾ ਸਗੋਂ ਪਿੰਡ ਦੀ ਸਭਿਆਚਾਰਕ ਤੌਰ ਤੇ ਪੀੜੀ - ਦਰ - ਪੀੜੀ ਚੱਲੀ ਆ ਰਹੀ ਪਰਿਭਾਸ਼ਾ ਨੂੰ ਨਵੀਨ ਪ੍ਰਸਥਿਤੀਆਂ ਤੇ ਵਿਅਕਤੀਗਤ ਮਾਨਸਿਕਤਾਵਾਂ ਤਹਿਤ ਪ੍ਰਸ਼ਨ ਚਿੰਨਤ ਵੀ ਕਰਦਾ ਹੈ।ਜਿੱਥੇ ਪਿੰਡ ਮਰ ਰਿਹਾ ਹੈ।ਉਪਰੋਕਤ ਕਾਰਜੀ ਦ੍ਰਿਸ਼ਾਂ ਦੇ ਧਰਾਤਲ ਵਿਚੋਂ ਹੀ ਰੋਸ਼ਨ ਨਿਸ਼ਾਨ ਦਾ ਕਤਲ ਕਰ ਦਿੰਦਾ ਹੈ ਤੇ ਰੋਸ਼ਨ ਤੋਂ ਉਰਫ ਰੋਸ਼ੀ ਜੱਲਾਦ ਵਿਚ ਤਬਦੀਲ ਹੁੰਦਾ ਹੈ। ਉਪਰੋਕਤ ਪਹਿਲੀ ਕਾਰਜੀ ਦ੍ਰਿਸ਼ ਵਿਚਲੀ ਬੇਇਜ਼ਤੀ ਉਸਦੇ ਬੀਬੀ ਤੇ ਬਾਪੂ ਸਹਿ ਨਹੀਂ ਪਾਉਂਦੇ ਤੇ ਗਲ ਫਰਾਹਾ ਲੈ ਕੇ ਖੁਦਕੁਸ਼ੀ ਕਰ ਲੈਂਦੇ ਹਨ। ਰੋਸ਼ਨ ਵੀ ਨਿਸ਼ਾਨ ਨੂੰ ਮਾਰ ਕੇ ਉਸਦੀ ਲਾਸ਼ ਰੱਸੀ ਨਾਲ ਉਸਦੇ ਦਫਤਰ ਸਾਹਮਣੇ ਲਟਕਾ ਆਉਂਦਾ ਹੈ।ਏਥੋਂ ਹੀ ਰੋਸ਼ਨ ਦੀ ਜੇਲ ਵਿੱਚ ਫਾਂਸੀ ਦੀ ਸਜ਼ਾਯਫਤਾ ਮੁਜਰਮਾਂ ਨੂੰ ਫਾਂਸੀ ਲਾਉਣ ਦੀ ਪ੍ਰਕਿਰਿਆ ਸ਼ੁਰੂ ਹੁੰਦੀ ਹੈ।

ਕਹਾਣੀ ਦੀ ਏਥੋਂ ਤਕ ਦੀ ਪੜਤ ਵਿਚੋਂ ਉਪਜੇ ਸਵਾਲਾਂ ਦੇ ਜਵਾਬਾਂ ਦਾ ਕਾਰਜ ਕਾਰਨੀ ਪ੍ਰਕਿਰਿਆ ਵਿੱਚ ਕਹਾਣੀ ਦਾ ਉਹ ਕਥਾਤਮਕ ਬਿਰਤਾਂਤ ਪਿਆ ਹੈ ਜੋ ਕਹਾਣੀ ਵਿਚਲੇ ਸੰਕਟਾਂ, ਵਿਅਕਤੀਗਤ ਕਾਰਜਾਂ, ਪਾਤਰਾਂ ਤੇ ਵਰਗਾਂ ਦੀ ਨਿਸ਼ਾਨਦੇਹੀ ਕਰਦਾ ਹੈ। ਕਹਾਣੀ ਵਿਚ ਦੋ ਧਿਰਾਂ ਪਰਿਭਾਸ਼ਿਤ ਹੋ ਰਹੀਆਂ ਹਨ ਪਰ ਸਾਰ ਤੱਤ ਦੋਵਾਂ ਦਾ ਇੱਕ ਹੀ ਹੈ:-

| | |
|---|---|
| ਗੁਲਾਮ ਦੇ ਊਣੀ ਧਿਰ | ਕਾਬਜ਼ ਧਿਰ |
| ਰੋਸ਼ਨ ਨਿਸ਼ਾਨ | ਕਰਜਾਈ ਜੱਟ |
| ਬੇਬਸ, ਲਾਚਾਰ ਖੁਦਕੁਸ਼ੀ | ਹੰਕਾਰਯੁਕਤ, ਨਿਮਨ ਦੀ |
| ਖੁਦਕੁਸ਼ੀ ਕਰਨ ਵਾਲਾ | ਦਾ ਅਧਾਰ ਕਰਤਾ |
| ਉਰਫ ਰੋਸ਼ੀ ਜੱਲਾਦ | ਸਿਸਟਮ ਨੂੰ ਝਾਂਸਾ ਦੇਣਾ ਵਾਲਾ |
| ਸਾਰ ਤੱਤ | ਮੌਤ |

ਹੁਣ ਜਦੋਂ ਦੋਵਾਂ ਧਿਰਾਂ ਦੀ ਪਰਖ ਪੜਚੋਲ ਕਰਦੇ ਹਾਂ ਤਾਂ ਦੋਵਾਂ ਦਾ ਸਾਰ ਤੱਤ ਮੌਤ ਹੀ ਨਿਕਲਦਾ ਹੈ।ਚਾਹੇ ਮੌਤ ਦੇ ਸੰਦਰਭ ਤੇ ਕਾਰਨ ਆਪੋ-ਆਪਣੇ ਹਨ ਪਰ ਮੌਤ ਦੋਵਾਂ ਵਿਚਕਾਰ ਸਾਂਝੇ ਸੂਤਰ ਦੇ ਤੌਰ ਤੇ ਕੇਂਦਰ ਵਿਚ ਕਾਰਜਸ਼ੀਲ ਹੈ।ਇਹ ਕਹਾਣੀ ਮਹਿਜ਼ ਇਹਨਾਂ ਦੋਵਾਂ ਪਾਤਰਾਂ ਉੱਪਰ ਹੀ ਕੇਂਦਰਿਤ ਨਹੀਂ ਸਗੋਂ ਇਹਨਾਂ ਦੇ ਪ੍ਰਤੀਕਾਤਮਕ ਸੰਦਰਭਾਂ ਵਿਚ ਹੋਰ ਬਹੁਤ ਸਾਰੇ ਪਾਤਰ ਤੇ ਵਿਸ਼ੇ ਇਸ ਕਹਾਣੀ ਵਿਚ ਸੰਮਲਿਤ ਹੋਏ ਮਿਲਦੇ ਹਨ। ਅਸਲ ਵਿਚ ਇਸ ਕਹਾਣੀ ਵਿਚ ਆਇਆ ਹਰ ਹਿੰਦਸਾ ਇੱਕ ਵੱਡੇ ਮੈਟਾਫਰ ਦਾ ਹਿੱਸਾ ਬਣਦਾ ਹੋਇਆ ਹੋਰ ਪਾਤਰਾਂ ਨੂੰ ਵੀ ਆਪਣੇ ਕਲੇਵਰ ਵਿਚ ਲੈਂਦਾ ਹੈ। ਉਰਫ ਰੋਸ਼ੀ ਜੱਲਾਦ ਕਹਾਣੀ ਦੇ ਮੁੱਖ ਪਾਤਰ ਰੋਸ਼ਨ ਦਾ ਜੱਲਾਦ ਵਿਚ ਬਦਲਣਾ ਮਹਿਜ਼ ਉਸਦੇ ਆਪਣੇ ਹੀ ਵਰਤਾਰਿਆਂ ਦਾ ਧੁਰਾ ਨਹੀਂ ਸਗੋਂ ਉਰਫ ਰੋਸ਼ੀ ਜੱਲਾਦ, ਜੱਲਾਦ ਤੇ ਕਿੱਤੇ ਤੇ ਉਸਦੀ ਸਮਾਜਕ ਹੋਂਦ ਨੂੰ ਵੱਖਰੇ ਕੋਣ ਤੋਂ ਵੀ ਪੇਸ਼ ਕਰਦਾ ਹੈ। ਜੇਲ ਵਿਚ ਜੱਲਾਦ ਦੀ ਭੂਮਿਕਾ ਨਿਭਾਉਣ ਦਾ ਕਾਰਨ ਕਿ ਜੋ ਵੀ ਕੈਦੀ ਫਾਂਸੀ ਲਾਉਣ ਦੀ ਜਿੰਮੇਵਾਰੀ ਨਿਭਾਉਂਦਾ ਉਸਨੂੰ ਹਰ ਫਾਂਸੀ ਲਾਉਣ ਤੋਂ ਬਾਅਦ ਸਜ਼ਾ ਵਿਚ ਛੋਟ ਤੇ ਕੁਝ ਦਿਨਾਂ ਦੀ ਛੁੱਟੀ ਮਿਲਦੀ।ਅਜਿਹਾ ਕਾਰਜ ਕਰਨ ਵਾਲੇ ਕੈਦੀ ਅੰਦਰ ਅਫਸੋਸ ਵੀ ਪੈਦਾ ਹੁੰਦਾ ਹੈ। ਇਸਦੇ ਨਾਲ ਹੀ ਉਰਫ ਰੋਸ਼ੀ ਜੱਲਾਦ ਦੇ ਜੇਲ ਵਿਚਲੇ ਅਤੇ ਜੇਲ ਬਾਹਰੇ ਵਰਤਾਰਿਆਂ ਵਿਚੋਂ ਜੇਲ ਅੰਦਰਲੇ ਜੱਲਦਾਂ ਅਤੇ ਜੇਲ ਬਾਹਰੇ ਜੱਲਾਦਾਂ ਦੇ ਕਈ ਰੂਪ ਉੱਭਰ ਕੇ ਸਾਹਮਣੇ ਆਉਂਦੇ ਹਨ:-

- ਕੈਦੀ ਹੀ ਕੈਦੀ ਲਈ ਫਾਂਸੀ ਦੀ ਰੱਸੀ ਤਿਆਰ ਕਰਦਾ ਹੈ ਤੇ ਕਈ ਵਾਰ ਆਪਣੀ ਤਿਆਰ ਕੀਤੀ ਰੱਸੀ ਨਾਲ ਹੀ ਉਹ ਆਪ ਫਾਂਸੀ ਤੇ ਚੜਦਾ ਹੈ।
- ਕੈਦੀ ਹੀ ਫਾਂਸੀ ਦੀ ਸਜਾਯਾਫਤਾ ਕੈਦੀ ਨੂੰ ਫਾਂਸੀ ਤੇ ਲਟਕਾਉਂਦਾ ਹੈ ਜਿਥੋਂ ਉਸਦੇ ਜੱਲਾਦ ਬਣ ਜਾਣ ਦਾ ਕਾਰਜ ਸ਼ੁਰੂ ਹੁੰਦਾ ਹੈ।
- ਜੇਲ ਵਿਚ ਕਈ ਖਾਨਦਾਨੀ ਜੱਲਾਦ ਹਨ। ਪੀੜੀ ਦਰ ਪੀੜੀ ਉਹ ਫਾਂਸੀ ਦਾ ਕਾਰਜ ਕਰ ਰਹੇ ਹਨ।
- ਸਮਾਜ ਵਿੱਚ ਵਾਪਰ ਰਹੇ ਬਲਾਤਕਾਰ ਵਰਗੇ ਗਲਤ ਵਰਤਾਰਿਆਂ ਤੋਂ ਆਕ੍ਰੋਸ਼ ਵਿਚ ਆ ਕੇ ਕਈ ਉਹਨਾਂ ਨੂੰ ਫਾਂਸੀ ਲਾਉਣ ਲਈ ਇੱਛੁਕ ਜੱਲਾਦ ਵੀ ਹਨ।
- ਕਹਾਣੀ ਵਿਚਲੇ ਵਰਗੇ ਵਿਅਕਤੀ ਟੋਨੀ ਵਰਗੇ ਵਿਅਕਤੀਆਂ ਨੂੰ ਵਸਤ ਦੇ ਰੂਪ ਵਿੱਚ ਦੇਖਦੇ ਹੋਏ ਉਹਨਾਂ ਨੂੰ ਬਾਹਰ ਜਾਣ ਦੀ ਪੌੜੀ ਬਣਾ ਕਰਜ਼ੇ ਵਿਚ ਡੁਬੋ ਕੇ ਖੁਦਕੁਸ਼ੀ ਕਰਨ ਲਈ ਮਜਬੂਰ ਕਰਨ ਵਾਲੇ ਜੱਲਾਦ ਹਨ।
- ਨਿਸ਼ਾਨ ਵਰਗੇ ਸਮਰਾਏਦਾਰੀ ਦੇ ਕਰਿੰਦੇ ਨਿਮਨ ਵਿਅਕਤੀ ਨੂੰ ਖੁਦਕੁਸ਼ੀ ਲਈ ਮਜਬੂਰ ਕਰਦੇ ਜੱਲਾਦ ਹਨ।
- ਰੋਸ਼ਨ ਵਰਗੇ ਨਿਸ਼ਾਨ ਵਰਗੀ ਧਿਰ ਦੇ ਖਾਤਮੇ ਲਈ ਤਤਪਰ ਜੱਲਾਦ ਹਨ।

ਜੱਲਾਦ ਦੀਆਂ ਬੜੀਆਂ ਅਜੀਬ ਤੇ ਵਿਕੋਲਿਤਰੀਆਂ ਕਿਸਮਾਂ ਦੀ ਨਿਸ਼ਾਨਦੇਹੀ ਕਹਾਣੀ ਕਰ ਰਹੀ ਹੈ।ਕਹਾਣੀ ਦੇ ਇਸ ਕਿਸਮ ਦੇ ਪ੍ਰਵਚਨ ਵਿਚੋਂ ਤਾਂ ਇਹ ਗੱਲ ਉੱਭਰ ਕੇ ਸਾਹਮਣੇ ਆ ਰਹੀ ਹੈ ਕਿ ਹਰ ਬੰਦੇ ਅੰਦਰ ਇੱਕ ਜੱਲਾਦ ਬੈਠਾ ਹੈ।ਮੌਤ ਨਾਲ ਜੁੜੇ ਪਾਤਰ ਦੂਜੇ ਲਈ ਮੌਤ ਦਾ ਸਮਾਨ ਤਿਆਰ ਕਰਦੇ ਹੋਏ ਅਖੀਰ ਆਪ ਵੀ ਉਸ ਵਿਚ ਲੁਪਤ ਹੋ ਜਾਂਦੇ



ਹਨ।ਸਵਾਲ ਇਹ ਹੈ ਕਿ ਜੱਲਾਦਾਂ ਦਾ ਇਹ ਵਿਭਿੰਨ ਰੂਪ ਕੀ ਸਮਾਜ ਨੂੰ ਮਨਜ਼ੂਰ ਹੈ।ਚੰਗੇ ਲਈ, ਮਾੜੇ ਲਈ ਜਾਂ ਮਜਬੂਰੀ ਵਿਚ ਜੱਲਾਦ ਦੇ ਕਾਰਜ ਨਾਲ ਜੁੜਿਆ ਵਿਅਕਤੀ ਕੀ ਸਮਾਜ ਵਿਚ ਆਪਣੀ ਸਾਬਤ ਹੋਂਦ/ਪਛਾਣ ਨੂੰ ਕਾਇਮ ਰੱਖ ਪਾਉਂਦਾ ਹੈ ?ਕੀ ਸਮਾਜ ਉਸਦੀ ਮਨੋਦਸ਼ਾ, ਮਨੋਵੇਦਨਾ ਨੂੰ ਸਮਝਦਾ ਹੋਇਆ ਉਸਦੇ ਕਾਰਜ ਨੂੰ ਸਾਧਾਰਣਤਾ ਨਾਲ ਜੋੜਦਾ ਹੈ ? ਕਹਾਣੀ ਜਵਾਬ ਦੇ ਰਹੀ ਹੈ ਨਹੀ:

'ਹਰ ਫਾਂਸੀ ਤੋਂ ਬਾਅਦ ਸਜ਼ਾ ਵਿਚ ਕਟੌਤੀ ਹੋ ਜਾਂਦੀ ਹੈ। ਪਿੰਡ ਆਉਣ ਦੀ ਛੁੱਟੀ ਮਿਲ ਜਾਂਦੀ ਹੈ। ਪਿਡ ਦੀ ਜੂਹ ਵਿੱਚ ਪੈਰ ਪਾਉਣ ਸਾਰ ਮੈਂ ਗੁਨਾਹਾਂ ਤੋਂ ਮੁਕਤ ਹੋ ਜਾਂਦਾ ਸੀ।ਪਰ ਪਿੰਡ ਮੈਥੋ ਇਕ ਵਿੱਥ ਥਾਪ ਲੈਂਦਾ।ਮੈਂ ਜਿਸ ਨੂੰ ਵੀ ਬੁਲਾਉਂਦਾ। ਉਹ ਜੱਲਾਦ ਵਾਂਗ ਬੋਲਦਾ, ਪਿੰਡ ਨੂੰ ਹੁਣ ਤੇਰੀ ਲੋੜ ਨੀ...........ਅਸੀਂ ਆਪਣੇ ਆਪ ਨੂੰ ਮਾਰਨ ਦਾ ਤਰੀਕਾ ਸਿੱਖ ਲਿਆ..........।
ਤੂੰ ਵਾਪਿਸ ਜਾਹ...............।'

ਇਹ ਕਹਾਣੀ ਦਾ ਬੜਾ ਸੰਘਣਾ, ਵਿਆਖਿਆਤਮਕ, ਵਾਰਤਾਲਪੀ ਬਿਰਤਾਂਤਕ ਪ੍ਰਵਚਨ ਹੈ। ਜੋ ਬਹੁਤ ਸਾਰੇ ਅਰਥਾਂ, ਵਰਗਾਂ ਤੇ ਸਵਾਲਾਂ ਦੀ ਨਿਸ਼ਾਨਦੇਹੀ ਕਰ ਰਿਹਾ ਹੈ।ਇਹ ਕਹਾਣੀ ਦਾ ਐਸਾ ਪ੍ਰਵਚਨ ਜੋ ਪਹਿਲਾਂ ਆਏ ਪਿੰਡ ਦੀ ਮੌਤ ਨੂੰ ਕਹਾਣੀ ਵਿਚ ਹੋਰ ਵਿਸਥਾਰ ਦੇ ਰਿਹਾ ਹੈ। ਜੋ ਹਰ ਇਕ ਦੇ ਜੱਲਾਦ ਵਿਚ ਤਬਦੀਲ ਹੋ ਜਾਣ ਉੱਪਰ ਮੋਹਰ ਲਗਾ ਰਿਹਾ ਹੈ। ਇਸ ਪੈਰੇ ਦਾ ਇੱਕ ਇੱਕ ਸ਼ਬਦ ਤੇ ਵਾਕ ਵਿਚਾਰਨਯੋਗ ਹੈ:-

| ਸੰਵਾਦ | ਅਰਥ | ਸਵਾਲ |
|---|---|---|
| 1. ਹਰ ਫਾਂਸੀ ਤੋਂ ਬਾਅਦ ਸਜ਼ਾ ਵਿਚ ਕਟੌਤੀ। | ਫਾਂਸੀ ਦਾ ਕਾਰਜ ਕਰਨ ਦਾ ਧਰਾਤਲ | ਕਿਉਂ |
| 2. ਪਿੰਡ ਪਹੁੰਚਦੇ ਹੀ ਗੁਨਾਹਾਂ ਤੋਂ ਮੁਕਤੀ | ਫਾਂਸੀ ਲਾਉਣ ਦੇ ਕਾਰਜ ਦਾ ਗੁਨਾਹ ਨਾਲ ਜੁੜਨਾ | |
| 3. ਪਿੰਡ ਦਾ ਵਿੱਥ ਥਾਪਣਾ | ਜੱਲਾਦ ਦਾ ਕਾਰਜ ਗਲਤ ਲੱਗਣਾ | |
| 4. ਹਰ ਇਕ ਦਾ ਜੱਲਾਦ ਵਾਂਗ ਬੋਲਣਾ | ਹਰ ਵਿਅਕਤੀ/ਪਿੰਡ ਦਾ ਜੱਲਾਦ ਵਿਚ ਬਦਲਣਾ | |
| 5. ਜੱਲਾਦ ਹੋਣ ਕਾਰਨ ਪਿੰਡ ਨੂੰ ਮੈਂ ਪਾਤਰ | ਕਿਉਂਕਿ ਪਿੰਡ ਦਾ ਆਪ ਜੱਲਾਦ ਦੀ ਲੋੜ ਦਾ ਨਾ ਮਹਿਸੂਸ ਹੋਣਾ ਬਣ ਜਾਣਾ/ਆਪਣੇ ਆਪ ਨੂੰ ਮਾਰਨਾ ਸਿੱਖ ਲੈਣਾ। | |
| 6. ਪਿੰਡ ਦਾ ਆਪਣੇ ਆਪ ਨੂੰ ਮਾਰਨਾ | ਪ੍ਰਸਥਿਤੀਆਂ ਅੱਗੇ ਗੋਡੇ ਟੇਕ ਦੇਣੇ। | |

ਉਪਰੋਕਤ ਸੰਵਾਦ ਤੇ ਅਰਥ ਵਿਚੋਂ ਉਪਜੇ ਕਿਉ ਦਾ ਜਵਾਬ ਸ਼ਾਇਦ ਇਕ ਹੀ ਹੈ ਕਿ ਮਰ ਰਹੇ ਜਾਂ ਮਰ ਚੁੱਕੇ ਵਿਅਕਤੀਆਂ ਨੂੰ ਜੱਲਾਦ ਦੀ ਲੋੜ ਨਹੀਂ ਹੁੰਦੀ ਕਿਉਕਿ ਪ੍ਰਸਥਿਤੀਆਂ ਦੇ ਗੁੰਝਲਦਾਰ ਤਾਣੇ-ਬਾਣੇ ਵਿਚ ਆਪਣੀ ਹੋਂਦ/ਪਛਾਣ ਨੂੰ ਖੋ ਕੇ ਉਹ ਆਪਣੇ ਆਪ ਨੂੰ ਆਪ ਹੀ ਮਾਰ ਰਹੇ ਹਨ। ਖੁਦਕੁਸ਼ੀ ਦੇ ਰੂਪ ਵਿੱਚ, ਦੂਜੇ ਨੂੰ ਮਾਰਨ ਜਾਂ ਮਾਰਨ ਲਈ ਆਧਾਰ ਤਿਆਰ ਕਰਨ ਦੇ ਰੂਪ ਵਿੱਚ, ਦਮਨ ਕਰ ਰਹੀਆ ਸਥਿਤੀਆਂ ਦੇ ਸਾਹਮਣੇ ਮੂਕ ਦਰਸ਼ਕ ਬਣ ਮੌਤ ਜਿਹੇ ਸੰਨਾਟੇ ਦੇ ਰੂਪ ਵਿਚ ਜਦੋਂ ਕਿਸੇ ਵੀ ਵਰਤਾਰੇ ਤਹਿਤ ਕਿਸੇ ਵੀ

ਵਿਅਕਤੀ ਅੰਦਰ ਮੌਤ ਡੂੰਘੇ ਰੂਪ ਵਿੱਚ ਉੱਤਰ ਜਾਂਦੀ ਹੈ ਤੇ ਉਹ ਸਮਾਜ ਤੇ ਸਿਸਟਮ ਪਖੋਂ ਨਿਰਮੋਹਾ ਹੋ ਜਾਂਦਾ ਹੈ ਤਾਂ ਸ਼ਾਇਦ ਉਹ ਜੱਲਾਦ ਦੇ ਰੂਪ ਵਿੱਚ ਆਪ ਹੀ ਪਰਿਵਰਤਿਤ ਹੋ ਜਾਂਦਾ ਹੈ ਇਥੇ ਹੀ ਬੱਸ ਨਹੀ ਉਹ ਆਪਣੇ ਜੱਲਾਦ ਵਾਲੇ ਰੂਪ ਵਿਚ ਆਨੰਦ ਤੇ ਸੰਤੁਸ਼ਟੀ ਵੀ ਤਲਾਸ਼ਣ ਲੱਗ ਪੈਂਦਾ ਹੈ:-


"ਜੇ ਮਰਨਾ ਈ ਸੀ ਮੈਨੂੰ ਦੱਸਦਾ........ਮੈਂ ਭੋਰਾ ਤਕਲੀਫ ਨਹੀ ਹੋਣ ਦਿੰਦਾ ਸੀ........ਦੰਦਾਂ ਵਿਚ ਜੀਭ ਲੈ ਮੈਂ ਉਸਦੀ ਗਰਦਨ ਉੱਪਰ ਹੱਥ ਫੇਰਨ ਲੱਗਾ।

ਮੇਰੀ ਨਜ਼ਰ ਗਰਦਨ ਦੀ ਘੰਢੀ ਕੋਲ ਰੱਸੀ ਦੇ ਨਿਸ਼ਾਨ ਉੱਪਰ ਟਿਕੀ ਹੋਈ ਸੀ।"

ਏਥੇ ਆ ਕੇ ਪਾਤਰ ਦੀ ਮੌਤ ਨੂੰ ਸੱਚ ਮੰਨ ਆਪਣੇ ਕਿੱਤੇ ਉੱਪਰ ਮਹਾਰਤ ਦੀ ਅਵਸਥਾ ਹੈ ਏਥੇ ਆ ਕੇ ਉਰਫ ਰੋਸ਼ੀ ਜੱਲਾਦ ਦਾ ਨਾਤਾ ਪੂਰੇ ਸਿਸਟਮ ਤੇ ਸਮਾਜ ਨਾਲੋਂ ਟੁੱਟ ਜਾਂਦਾ ਹੈ ਤੇ ਉਹ ਮੌਤ ਦੀ ਮਜ਼ਦੂਰੀ ਕਰਦੇ ਪਾਤਰ ਵਿਚ ਤਬਦੀਲ ਹੋ ਜਾਂਦਾ ਹੈ।ਕਹਾਣੀ ਦੀ ਪਹਿਲੀ ਸਤਰ ਵਿਚ ਆਏ ਮੌਤ ਨੂੰ ਸਿੰਬਲ ਵਜੋਂ ਪਰਿਭਾਸ਼ਿਤ ਕਰਦੇ ਸ਼ਬਦ ਕੋਡ ਕਹਾਣੀ ਦੀਆਂ ਇਹਨਾਂ ਆਖਰੀ ਸਤਰਾਂ ਵਿਚ ਮੁੜ ਤੋਂ ਕਾਰਜਸ਼ੀਲ ਹੋ ਜਾਂਦੇ ਹਨ।

ਉਰਫ ਰੋਸ਼ੀ ਜੱਲਾਦ ਕਹਾਣੀ ਕੋਡਿੰਗ/ਡੀਕੋਡਿੰਗ ਦੀ ਪ੍ਰਕਿਰਿਆ ਵਿਚੋਂ ਗੁਜ਼ਰਦੀ ਹੋਏ ਸੰਘਣੇ ਅਰਥ ਪ੍ਰਤੀਪਾਦਤ ਕਰਦੀ ਹੈ ਜਿੱਥੇ ਹਰ ਵਿਅਕਤੀ ਹਰ ਵਰਤਾਰਾ ਪ੍ਰਸਥਿਤੀਆ ਦੇ ਗੁੰਝਲਦਾਰ ਤੇ ਵਿਨਾਸ਼ਕਾਰੀ ਕਾਰਜੀ ਪ੍ਰਕਿਰਿਆਵਾਂ ਵਿਚੋਂ ਲੰਘਦਾ ਹੋਇਆ ਜੱਲਾਦ ਵਿਚ ਪਰਿਵਾਰਤਿਤ ਹੋ ਰਿਹਾ ਹੈ।ਮੌਤ ਲੁਪਤ/ਪ੍ਰਤੱਖ ਵਰਤਾਰਿਆ ਅੰਦਰ ਕਾਰਜਸ਼ੀਲ ਹੈ ਤੇ ਹਰ ਕੋਈ ਮੌਤ ਦੀ ਮਜਦੂਰੀ ਕਰਦਾ ਪ੍ਰਤੀਤ ਹੋ ਰਿਹਾ ਹੈ।ਜਸਵੀਰ ਰਾਣਾ ਦੀ ਇਹ ਕਹਾਣੀ ਉਰਫ ਰੋਸ਼ੀ ਜੱਲਾਦ ਵਿਸ਼ੇ ਤਕਨੀਕ ਸ਼ੈਲੀ, ਭਾਸ਼ਾਈ ਉਚਾਰ/ਉਸਾਰ ਤੇ ਕੋਡਿੰਗ/ਡੀਕੋਡਿੰਗ ਦੇ ਬਿਰਤਾਂਤਕ ਪ੍ਰਵਚਨ ਵਜੋਂ ਇਕ ਵਿਲੱਖਣ ਪੜਤ ਅਤੇ ਸਿਰਜਣਾ ਦੀ ਮੁਦੱਈ ਹੈ।

ਪਿੰਡ ਮੁਹਾਲੀ
ਬਾਗੜੀਆਂ(ਸੰਗਰੂਰ)
ਮੋਬਾਇਲ ਨੰ: 99152-16764




ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ



## ਬਲਬੀਰ ਮਾਧੋਪੁਰੀ ਦਾ ਨਾਵਲ 'ਮਿੱਟੀ ਬੋਲ ਪਈ' : ਦਲਿਤ ਵਰਗ ਦੀ ਸੰਘਰਸ਼ਮਈ ਗਾਥਾ

**-ਅੰਮ੍ਰਿਤਪਾਲ ਕੌਰ**

ਬਲਬੀਰ ਮਾਧੋਪੁਰੀ ਪੰਜਾਬੀ ਸਾਹਿਤ ਜਗਤ ਦਾ ਚਰਚਿਤ ਸਾਹਿਤਕਾਰ ਹੈ।ਉਸ ਦੀ ਸਵੈ-ਜੀਵਨੀ 'ਛਾਂਗਿਆ-ਰੁੱਖ' ਨਾਲ ਉਸਨੂੰ ਪੰਜਾਬੀ ਸਾਹਿਤ ਜਗਤ ਵਿਚ ਵੱਖਰੀ ਪਛਾਣ ਮਿਲੀ।ਉਸ ਦੇ ਦੋ ਕਾਵਿ-ਸੰਗ੍ਰਹਿ **ਮਾਰੂਥਲ ਦਾ ਬਿਰਖ** (1992) ਅਤੇ **ਭਖਦਾ ਪਤਾਲ** (1998) ਹਨ।ਉਸ ਦੀਆਂ ਵਾਰਤਕ ਦੀਆਂ ਪੁਸਤਕਾਂ ਵਿਚ **ਦਿੱਲੀ ਦੇ ਦਸ ਇਤਿਹਾਸਕ ਗੁਰਦੁਆਰੇ** (1995), **ਸਾਹਿਤਕ ਮੁਲਾਕਾਤਾਂ** (1995), **ਸਮੁੰਦਰ ਦੇ ਸੰਗ-ਸੰਗ** (ਸਫ਼ਰਨਾਮਾ) (1996), **ਆਦਿ ਧਰਮ ਦੇ ਬਾਨੀਗਦਰੀ ਬਾਬਾ ਮੰਗੂ ਰਾਮ** (2010), **ਮੇਰੀ ਪੱਤਰਕਾਰੀ** (2014) ਨੇ ਪੰਜਾਬੀ ਵਾਰਤਕ ਵਿਚ ਵਾਧਾ ਕੀਤਾ।ਇਸ ਤੋਂ ਇਲਾਵਾ 36 ਪੁਸਤਕਾਂ ਦਾ ਅਨੁਵਾਦ ਅਤੇ 40 ਪੁਸਤਕਾਂ ਦਾ ਸੰਪਾਦਨ ਵੀ ਕੀਤਾ।**ਮਿੱਟੀ ਬੋਲ ਪਈ** ਬਲਬੀਰ ਮਾਧੋਪੁਰੀ ਦਾ ਪਲੇਠਾ ਨਾਵਲ ਹੈ, ਜਿਸ ਵਿਚ ਦੁਆਬੇ ਦੀ ਆਂਚਲਿਕ ਰਹਿਤਲ ਨੂੰ ਪਿਛੋਕੜ ਵਿਚ ਰੱਖ ਕੇ ਮੰਗੂ ਰਾਮ ਦੁਆਰਾ ਚਲਾਏ ਗਏ ਆਦਿ-ਧਰਮ ਅੰਦੋਲਨ ਦੇ ਸੰਦਰਭ ਵਿਚ ਦਲਿਤ ਵਰਗ ਦੇ ਸੰਘਰਸ਼ ਨੂੰ, ਗੋਰੇ ਤੇ ਉਸਦੇ ਦਾਦੇ ਸੰਗਤੀਆਂ ਦੇ ਸੰਵਾਦ ਰਾਹੀਂ ਉਜਾਗਰ ਕੀਤਾ ਹੈ।

ਨਾਵਲ ਦਾ ਸਿਰਲੇਖ ਆਪਣੇ ਆਪ ਵਿਚ ਮਹੱਤਵਪੂਰਨ ਅਰਥ ਸੰਜੋਈ ਬੈਠਾ ਹੈ। ਸਿਰਲੇਖ ਦਾ ਪਹਿਲਾ ਸ਼ਬਦ 'ਮਿੱਟੀ' ਖ਼ਾਸ ਅਰਥਾਂ ਦਾ ਲਖਾਇਕ ਹੈ।ਮਿੱਟੀ ਤੋਂ ਭਾਵ ਧੂੜ, ਗਰਦ ਤੋਂ ਹੈ।ਮਹਾਨ ਕੋਸ਼ ਵਿਚ ਇਸਦੇ ਅਰਥ ਮ੍ਰਿਤਿਕਾ ਹਨ।[1] ਮਿੱਟੀ ਤੋਂ ਹੀ ਮਨੁੱਖ ਦੀ ਉਤਪਤੀ ਮੰਨੀ ਜਾਂਦੀ ਹੈ, ਰੱਬ ਨੇ ਜਦੋਂ ਸੰਸਾਰ ਦੀ ਸਿਰਜਨਾ ਕੀਤੀ ਤਾਂ ਉਸ ਮਿੱਟੀ ਦੇ ਦੋ ਪੁਤਲੇ ਬਣਾਏ - ਇਕ ਮਰਦ ਦਾ, ਦੂਜਾ ਤ੍ਰੀਮਤ ਦਾ।ਇਨ੍ਹਾਂ ਦੋਹਾਂ ਪੁਤਲਿਆਂ ਵਿਚ ਫੂਕ ਮਾਰ ਕੇ ਰੱਬ ਨੇ ਜਿੰਦ ਫੂਕ ਦਿੱਤੀ।[2] **ਮਿੱਟੀ ਬੋਲ ਪਈ** ਸਦੀਆਂ ਤੋਂ ਲਿਤਾੜੇ ਲੋਕਾਂ ਦੇ ਚੇਤੰਨ/ਜਾਗ੍ਰਿਤ ਹੋਣ ਦੇ ਚਿਹਨ ਵਜੋਂ ਉਭਰਦਾ ਹੈ।ਲੇਖਕ ਅਨੁਸਾਰ, "...ਤੇ ਹੁਣ ਮੈਨੂੰ ਬਾਬੇ ਦਾ ਆਖਿਆ ਹੋਰ ਯਾਦ ਆਉਂਦਾ ਹੈ ਕਿ 'ਮਿੱਟੀ ਬਹੁਤ ਤਾਕਤਵਰ ਹੈ' ਜਦੋਂ ਇਸ ਬੇਜ਼ੁਬਾਨ ਦੇ ਸੀਨੇ ਵਿਚੋਂ ਉੱਗੀ ਫ਼ਸਲ ਲਹਿਰਾਉਂਦੀ ਹੈ ਤਾਂ ਇਉਂ ਲਗਦਾ ਜਿਵੇਂ ਕੁਝ ਕਹਿ ਰਹੀ ਹੈ ...ਮੈਨੂੰ ਅਹਿਸਾਸ ਹੋ ਰਿਹਾ ਹੈ ਕਿ ਮੇਰੇ ਬਾਬੇ ਵਰਗੇ ਧਰਤ-ਪੁੱਤਰ, ਅਣਥੱਕ ਜੋਧਿਆਂ ਦੀ ਸੋਚ ਸਦਕਾ ਹੁਣ 'ਮਿੱਟੀ ਬੋਲ ਪਈ' ਹੈ।[3] ਮਿੱਟੀ ਦੀ ਮਹਾਨਤਾ ਨੂੰ ਦਰਸਾਉਂਦਾ ਬਾਬਾ ਫ਼ਰੀਦ ਦਾ ਸਲੋਕ ਹੈ :

ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ।।
ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ।।[4]

ਨਾਵਲ ਦਾ ਸਿਰਲੇਖ ਪੂਰਵ-ਅਨੁਮਾਨਿਤ ਸੱਚ ਦੇ ਰੂਪ ਵਿਚ ਉਘੜਦਾ ਪ੍ਰਤੀਤ ਹੁੰਦਾ ਹੈ।ਨਾਵਲ ਦੇ ਆਰੰਭ ਵਿਚ ਮਿੱਟੀ ਰੂਪੀ ਦਲਿਤ ਲੋਕ, ਸਦੀਆਂ ਤੋਂ ਹੁੰਦੇ ਵਿਤਕਰੇ, ਲੁੱਟ-ਖਸੁੱਟ, ਸਮਾਜਿਕ ਬਰਾਬਰੀ ਅਤੇ ਮਨੁੱਖੀ ਅਧਿਕਾਰਾਂ ਪ੍ਰਤੀ ਜਾਗ੍ਰਿਤ ਹੋ ਕੇ ਮਿੱਟੀ ਬੋਲ ਪਈ ਦੇ ਚਿਹਨ ਨੂੰ ਸਾਕਾਰ ਕਰਦੇ ਨਜ਼ਰ ਆਉਂਦੇ ਹਨ।ਮਿੱਟੀ ਬੋਲ ਪਈ ਦਾ ਭਾਵ ਮਨੁੱਖੀ ਚੇਤਨਾ ਦੇ ਜਾਗ੍ਰਿਤ ਹੋਣ ਦੇ ਸੰਭਾਵਨਾਮਈ ਸੱਚ ਨੂੰ ਨਾਵਲ ਦੇ ਅੰਤ ਵਿਚ ਆਦਿ ਧਰਮ ਲਹਿਰ ਦੀਆਂ ਸਫ਼ਲਤਾਵਾਂ ਦੇ ਕਾਰਨ ਪੂਰਨ ਸੱਚ ਬਣਾਉਣ ਵਿਚ ਨਿਹਿਤ ਹੈ।

ਨਾਵਲ ਦਾ ਬਿਰਤਾਂਤ 20ਵੀਂ ਸਦੀ ਵਿਚ ਉੱਭਰੀ ਆਦਿ ਧਰਮ ਦੀ ਲਹਿਰ ਨੂੰ ਆਧਾਰ ਬਣਾ ਕੇ, ਦਲਿਤ ਭਾਈਚਾਰੇ ਉਪਰ ਇਸ ਅੰਦੋਲਨ ਦੇ ਪ੍ਰਭਾਵ ਨੂੰ ਨਿਰੂਪਣ ਕਰਦਾ ਹੈ। ਦਲਿਤ ਵਰਗ ਦੇ ਸਮਾਜਿਕ, ਆਰਥਿਕ, ਰਾਜਨੀਤਿਕ, ਧਾਰਮਿਕ, ਕਾਰੋਬਾਰ ਨਾਲ ਸੰਬੰਧਿਤ ਹਰ ਸਰੋਕਾਰ ਨੂੰ ਇਸ ਲਹਿਰ ਦੇ ਸੰਦਰਭ ਵਿਚ ਪੇਸ਼ ਕੀਤਾ ਹੈ।ਸਦੀਆਂ ਤੋਂ ਦਲਿਤਾਂ ਨਾਲ ਹੁੰਦੇ ਵਿਤਕਰੇ ਦਾ ਵਿਰੋਧ ਗੋਰੇ ਦੀ ਦਾਦੀ, ਬਾਬਾ ਸੰਗਤੀਆ, ਆਦਿ ਧਰਮ ਅੰਦੋਲਨ ਦਾ ਮੁਖੀ ਮੰਗੂ ਰਾਮ, ਰੁਲਦੂ ਰਾਮ, ਆਦਿ ਪਾਤਰਾਂ ਦੇ ਰਾਹੀਂ ਹੁੰਦਾ ਹੈ। ਉਹ ਲੋਕ ਸਿਆਣਪਾਂ ਅਤੇ ਗੁਰਬਾਣੀ ਦੇ ਹਵਾਲੇ ਨਾਲ ਸਮੁੱਚੀ ਵਿਵਸਥਾ ਉਪਰ ਵਿਅੰਗ ਵੀ ਕੱਸਦੇ ਹਨ ਅਤੇ ਸੁੱਤੀ ਜ਼ਮੀਰ ਨੂੰ ਜਗਾਉਣ ਵਿਚ ਕਾਰਜਸ਼ੀਲ ਭੂਮਿਕਾ ਵੀ ਅਦਾ ਕਰਦੇ ਹਨ। ਇਸ ਤਰ੍ਹਾਂ ਨਾਵਲ ਦੇ ਪਾਤਰਾਂ ਦਾ ਵਿਹਾਰ ਨਾਬਰੀ ਸੁਰ ਵਾਲਾ ਹੈ। ਉਹ ਮਨੂੰ ਸਮ੍ਰਿਤੀ ਦੀ ਵਰਣ-ਵਿਵਸਥਾ ਨੂੰ ਭਗਤ ਰਵਿਦਾਸ, ਭਗਤ ਕਬੀਰ, ਗੁਰੂ ਗੋਬਿੰਦ ਸਿੰਘ ਤੇ ਸੂਫ਼ੀ ਦਰਵੇਸ਼ ਬਾਬਾ ਬੁੱਲ੍ਹੇ ਸ਼ਾਹ ਦੇ ਹਵਾਲੇ ਨਾਲ ਤੋੜਨ ਲਈ ਯਤਨਸ਼ੀਲ ਰਹਿੰਦੇ ਹਨ।ਨਾਵਲ ਦੇ ਸ਼ੁਰੂ ਵਿਚ ਹੀ ਗੋਰੇ ਦੇ ਪਿਤਾ ਦੇ ਗੁਆਚੇ ਹੋਣ ਦਾ ਪ੍ਰਸੰਗ ਉਘੜਦਾ ਹੈ :

> ਮੇਰੀ ਮਾਂ ਉੱਤੇ ਚਾਦਰ ਪੁਆਉਣ ਦੀ ਗੱਲ ਆਖ਼ਿਰ ਮੇਰੀ ਦਾਦੀ ਨਾਲ ਤੋਰ ਹੀ ਲਈ ਸੀ। ਇਹ ਖਾਓ-ਪੀਓ ਤੋਂ ਬਾਅਦ ਦਾ ਵਕਤ ਸੀ - "ਤੇਰੇ ਸਹੁਰੇ ਨੇ ਪਰਸੋਂ ਆ ਜਾਣਾ ਤੇ ਉਹਦੇ ਆਏ ਤੋਂ ਅੱਗੇ ਦਾ ਸਾਰਾ ਸੋਚਾਂ ਵਿਚਾਰਾਂਗੇ। ਉਹ ਮੁੜ ਮੁੜ ਕਹਿੰਦੀ 'ਮੇਰੇ ਕੋਲੋਂ ਨਈ੍ਹੀ ਦੇਖੀ ਜਾਂਦੀ ਤੇਰੀ ਇਹ ਹਾਲਤ।"[5]

ਪੁਰਾਤਨ ਪੰਜਾਬੀ ਸਮਾਜ ਵਿਚ ਵਿਧਵਾ ਔਰਤ ਉਪਰ ਚਾਦਰ ਪੁਆਉਣ ਦੀ ਰਸਮ ਕਾਰਜਸ਼ੀਲ ਸੀ, ਜਿਸਦੇ ਅੰਤਰਗਤ ਔਰਤ ਨੂੰ ਉਸਦੇ ਪਤੀ ਦੇ ਭਰਾ ਦੀ ਪਤਨੀ ਦੇ ਰੂਪ ਵਿਚ ਸਵੀਕਾਰ ਕੀਤਾ ਜਾਂਦਾ ਸੀ। "ਚਾਦਰਅੰਦਾਜ਼ੀ ਵਿਆਹ ਦੀ ਇਕ ਵਿਧੀ ਹੈ, ਜਿਸ ਵਿਚ ਵਿਆਹ ਦੇ ਬੰਧਨ ਵਿਚ ਬੱਝਣ ਵਾਲੇ ਜੋੜੇ ਨੂੰ ਕੋਲ ਕੋਲ ਬਿਠਾ ਕੇ ਉਪਰ ਚਾਦਰ ਪਾ ਦਿੱਤੀ ਜਾਂਦੀ ਹੈ। ਵਿਧਵਾ ਇਸਤ੍ਰੀ ਦਾ ਪੁਨਰ-ਵਿਆਹ ਇਸੇ ਵਿਧੀ ਦੁਆਰਾ ਕੀਤਾ ਜਾਂਦਾ ਹੈ। ਸਿੱਖਾਂ ਵਿਚ ਜੋੜੀ ਉੱਤੇ ਚਾਦਰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪਾਈ ਜਾਂਦੀ ਹੈ। ਪਰ ਹਿੰਦੂਆਂ ਵਿਚ ਚਾਦਰ ਕੁੱਲ ਦਾ ਕੋਈ ਵਡਿਕਾ ਜਾਂ ਕੁੱਲ-ਪ੍ਰੋਹਿਤ ਹੀ ਪਾ ਦੇਂਦਾ ਹੈ। ਚਾਦਰਅੰਦਾਜ਼ੀ ਵਿਆਹ ਦੀ ਵਿਧੀ ਵਜੋਂ ਸਵੀਕ੍ਰਿਤ ਹੈ।[6] ਨਾਵਲ ਦੇ 10ਵੇਂ ਕਾਂਡ ਵਿਚੋਂ ਚਾਦਰ ਪਾਉਣ ਦੀ ਰਸਮ ਦੀ ਵਿਸਤ੍ਰਿਤ ਪੇਸ਼ਕਾਰੀ ਗੋਰੇ ਦੀ ਦਾਦੀ ਜੀਤੋ ਅਤੇ ਬਚਨੀ ਦੀ ਆਪਸੀ ਗੱਲਬਾਤ ਵਿਚੋਂ ਹੁੰਦੀ ਹੈ। ਪੁਰਾਤਨ ਸਮੇਂ ਵਿਚ ਵਿਧਵਾ ਔਰਤਾਂ ਦੇ ਸਤੀ ਹੋਣ ਦੀ ਪ੍ਰਥਾ, ਗੁਰਮੁਖਿ ਪਰੰਪਰਾ ਵਿਚ ਇਸਦਾ ਖੰਡਨ, ਚਾਦਰਅੰਦਾਜ਼ੀ ਦੀ ਰਸਮ ਲਈ ਹਿੰਦੂਆਂ ਤੇ ਸਿੱਖਾਂ ਦੇ ਵੱਖਰੇ ਰਿਵਾਜਾਂ ਦਾ ਜ਼ਿਕਰ ਮਿਲਦਾ ਹੈ। ਬਚਨੀ ਦੇ ਬੋਲ ਕਿ ਸਾਡੇ ਰਿਵਾਜ ਹਿੰਦੂ-ਸਿੱਖਾਂ ਨਾਲ ਨਹੀਂ ਰਲਦੇ, ਦਲਿਤ ਭਾਈਚਾਰੇ ਦੇ ਇਕ ਨਿਵੇਕਲੇ ਸਭਿਆਚਾਰ ਵੱਲ ਇਸ਼ਾਰਾ ਕਰਦੇ ਹਨ।

ਪੰਜਾਬ ਵਿਚ ਆਦਿ ਧਰਮ ਅੰਦੋਲਨ ਦਾ ਮੁਖੀ ਬਾਬਾ ਮੰਗੂ ਰਾਮ ਮੁੰਗੋਵਾਲੀਆ ਹੈ। ਪੰਜਾਬੀ ਸਮਾਜ ਵਿਚ ਬਾਬਾ ਮੰਗੂ ਰਾਮ ਇਕ ਨਾਇਕ ਵਜੋਂ ਉਘੜਦਾ ਹੈ, ਜਿਸ ਨੇ ਸਦੀਆਂ ਤੋਂ ਦੱਬੇ ਕੁਚਲੇ ਲੋਕਾਂ ਲਈ ਸਮਾਜਿਕ ਤੇ ਰਾਜਨੀਤਿਕ ਲਹਿਰ ਖੜ੍ਹੀ ਕਰ ਦਿੱਤੀ। ਇਸ ਅੰਦੋਲਨ ਦੇ ਪ੍ਰਚਾਰ ਦਾ ਆਮ ਲੋਕਾਈ ਉੱਤੇ ਅਸਰ ਗੋਰੇ ਦੀ ਦਾਦੀ ਦੇ ਇਸ ਫ਼ਿਕਰੇ ਤੋਂ ਸਪੱਸ਼ਟ ਹੁੰਦਾ ਹੈ,



"ਮੰਗੂ ਰਾਮ ਠੀਕ ਕਹਿੰਦਾ ਹੈ ਪਈ ਮਾਪਿਆਂ ਦਾ ਫਰਜ਼ ਆ ਕਿ ਉਹ ਜੁਆਨ ਵਿਧਵਾ ਧੀ ਨੂੰ ਆਪਣੇ ਘਰੀਂ ਨਾ ਰੱਖਣ, ਸਗੋਂ ਛੇਤੀ ਵਿਆਹੁਣ। ...ਉਹ ਤਾਂ ਬਾਰ-ਬਾਰ ਕਹਿਦਾ ਧੀਆਂ ਤੇ ਪੁੱਤਾਂ ਦੇ ਬਰਾਬਰ ਹੱਕ ਆ ਜਾਇਦਾਦ ਦੇ।"[7]

ਮੰਗੂ ਰਾਮ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਬਾਬੇ ਸੰਗਤੀਏ ਦਾ ਪੂਰਾ ਜ਼ੋਰ ਜਾਤ-ਪਾਤ ਦੀਆ ਜ਼ੰਜੀਰਾਂ ਨੂੰ ਤੋੜ ਕੇ ਇਨਸਾਨੀਅਤ ਨੂੰ ਵੱਡਾ ਧਰਮ ਸਿਧ ਕਰਨ ਵਿਚ ਹੈ। ਆਦਿ ਧਰਮੀ ਅੰਦੋਲਨ ਪੰਜਾਬ ਦੀ ਧਰਤੀ ਤੇ ਪੈਦਾ ਹੋਇਆ। ਨਾਵਲੀ ਵੇਰਵੇ ਆਦਿ ਧਰਮ ਲਹਿਰ ਸਦਕਾ ਪੰਜਾਬੀ ਦਲਿਤ ਜੀਵਨ ਵਿਚ ਆਈ ਚੇਤਨਾ ਨੂੰ ਨਿਰੂਪਣ ਕਰਨ ਦੇ ਆਹਰ ਵਿਚ ਹਨ। ਇਸ ਅੰਦੋਲਨ ਦੀਆ ਰਾਜਨੀਤਿਕ ਗਤੀਵਿਧੀਆਂ, ਅੰਦੋਲਨ ਦੀ ਅਖ਼ਬਾਰਾ 'ਆਦਿ-ਡੰਕਾ' ਦੀ ਪੇਸ਼ਕਾਰੀ ਨਾਵਲ ਵਿਚ ਥਾਂ ਪੁਰ ਥਾਂ ਹੁੰਦੀ ਹੈ। ਇਕ ਦੂਸਰੇ ਨੂੰ ਮਿਲਣ ਸਮੇਂ 'ਜੈਗੁਰ ਦੇਵ' ਕਹਿਣਾ ਵੀ ਇਸ ਲਹਿਰ ਵਿਚੋਂ ਨਿਕਲਿਆ ਹੈ।ਬਾਬਾ ਮੰਗੂ ਰਾਮ ਮੂਗੋਵਾਲੀਆ ਦਾ ਮੰਨਣਾ ਸੀ ਕਿ ਆਦਿ ਧਰਮ ਲਹਿਰ ਨੇ ਦਲਿਤ ਵਰਗ ਨੂੰ ਗੁਰੂ, ਧਰਮ, ਕੌਮੀ ਨਿਸ਼ਾਨ, ਕੌਮੀ ਚਿੰਨ੍ਹ ਆਦਿ ਪ੍ਰਦਾਨ ਕਰਕੇ ਇਕ ਵੱਖਰੀ ਦਲਿਤ ਪਛਾਣ ਦੇ ਵਾਰਸ ਬਣਾਇਆ, ਜਿਸ ਬਾਰੇ ਉਹ ਸਦੀਆਂ ਤੋਂ ਅਣਭੋਲ ਵੱਖ-ਵੱਖ ਧਰਮਾਂ, ਜਾਤਾਂ ਅਤੇ ਜਥੇਬੰਦੀਆਂ ਵਿਚ ਠੋਕਰਾ ਖਾ-ਖਾ ਕੇ ਆਪਣੀ ਜੀਵਨ ਕਟੀ ਕਰ ਰਹੇ ਸਨ।[8] ਇਸ ਲਹਿਰ ਨੂੰ ਬੁਲੰਦੀ ਤੱਕ ਪਹੁੰਚਾਉਣ ਲਈ ਬਾਬਾ ਸੰਗਤੀਆ ਵਰਗੇ ਕਿਰਦਾਰਾਂ ਦਾ ਵਡਮੁੱਲਾ ਯੋਗਦਾਨ ਹੈ, ਜੋ ਬਿਨ੍ਹਾਂ ਤਨਖਾਹ ਦੇ ਆਪਣੀਆਂ ਸੇਵਾਵਾਂ ਨਿਭਾਉਂਦੇ ਹਨ।

ਦਲਿਤ ਵਰਗ ਦੀ ਮਾਨਸਿਕਤਾ ਉਪਰ ਆਦਿ ਧਰਮੀ ਅੰਦੋਲਨ ਦੇ ਪਏ ਪ੍ਰਭਾਵਾਂ, ਅਖੌਤੀ ਉੱਚੀਆਂ ਜਾਤਾਂ ਦੁਆਰਾ ਦਲਿਤਾਂ ਉਪਰ ਹੁੰਦੇ ਅਣਮਨੁੱਖੀ ਵਿਹਾਰ ਉਪਰੰਤ ਉਪਜਿਆ ਵਿਦਰੋਹ, ਨਾਵਲ ਦੇ ਪ੍ਰਮੁੱਖ ਸਰੋਕਾਰ ਵਜੋਂ ਉਘੜਦਾ ਹੈ। ਸਮਾਜ ਵਿਚ ਦਲਿਤ ਵਰਗਾਂ ਦੇ ਬੱਚਿਆਂ ਨਾਲ ਸਕੂਲਾਂ ਵਿਚ ਮਾੜਾ ਵਿਹਾਰ ਕੀਤਾ ਜਾਂਦਾ ਸੀ, ਜਿਸਦੇ ਪਿਛੋਕੜ ਵਿਚ ਦਲਿਤਾਂ ਦੁਆਰਾ ਕਿਸੇ ਵਸਤ ਦੀ ਛੂਹ ਨਾਲ ਭਿੱਟ ਹੋਇਆ ਸਮਝਿਆ ਜਾਂਦਾ ਸੀ। ਇਸ ਭਾਵਨਾ ਦੇ ਤਹਿਤ ਹੀ ਗੋਰਾ ਆਰੀਆ ਸਕੂਲ ਵਿਚੋਂ ਪੜ੍ਹਨ ਤੋਂ ਇਨਕਾਰੀ ਹੁੰਦਾ ਹੈ। "ਤੇ ਫੇਰ ਮਾਹਲਪੁਰ ਈ ਤਈਨੂੰ ਖਾਲਸਾ ਸਕੂਲ 'ਚ ਦਾਖਲ ਕਰਾ ਦਿੰਨੇ ਆ।" ਬਾਬੇ ਨੇ ਜਿਵੇਂ ਆਰੀਆ ਸਕੂਲ ਦਾ ਬਦਲ ਲੱਭ ਕੇ ਆਖਿਆ ਹੋਵੇ। "ਵਿਹੜੇ ਦੇ ਦੋ ਤਿੰਨ-ਮੁੰਡੇ ਉੱਥੇ ਪੜ੍ਹਦੇ ਆ ਤੇ ਮੇਰੇ ਨਾਲ ਜਾਂਦੇ ਆਉਂਦੇ ਆ, ਉਹ ਦੱਸਦੇ ਸੀ ਪਈ ਏਥੇ-ਉੱਥੇ 'ਚ ਬਹੁਤਾ ਫ਼ਰਕ ਨਈ੍ਹੀਂ। ਭਿੱਟ ਬਹੁਤ ਮੰਨਦੇ ਆ ਆਪਣੇ ਪਿੰਡ ਦੇ ਰਾਜਪੂਤਾਂ ਆਛੂੰ।[9]ਸਿੱਖਾਂ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਨੇ ਖ਼ਾਲਸ ਵਿਚਾਰਾਂ ਦੇ ਆਧਾਰ 'ਤੇ ਖ਼ਾਲਸਾ ਪੰਥ ਦੀ ਸਿਰਜਣਾ ਕੀਤੀ। ਇਸ ਵਿਚ ਜਾਤ-ਪਾਤ ਲਈ ਕੋਈ ਥਾਂ ਨਹੀਂ ਸੀ। ਪਰ ਨਾਵਲਕਾਰ ਦਾ ਉਪਰੋਕਤ ਕਟਾਖਸ਼ ਖ਼ਾਲਸਾ ਸਕੂਲ ਤੇ ਸੁਸਾਇਟੀਆਂ ਵਿਚ ਦਲਿਤਾਂ ਨਾਲ ਪ੍ਰਤੱਖ ਰੂਪ ਵਿਚ ਹੁੰਦੇ ਵਿਤਕਰੇ ਤੋਂ ਹੈ। ਇਸ ਪ੍ਰਸੰਗ ਵਿਚ ਜੱਟਾਂ, ਰਵਿਦਾਸੀਆਂ ਤੇ ਲੁਬਾਣਿਆਂ ਦੇ ਗੁਰਦੁਆਰਿਆਂ ਦਾ ਨਿਰਮਾਣ ਨਿਰਾਸ਼ਜਨਕ ਸਥਿਤੀ ਉਪਜਾਉਂਦਾ ਹੈ। ਦੂਸਰੇ ਪਾਸੇ ਨਾਵਲਕਾਰ ਨੇ ਆਦਿ-ਧਰਮ ਦੇ ਪ੍ਰਚਾਰ ਹਿੱਤ ਭਗਤ ਰਵਿਦਾਸ, ਭਗਤ ਕਬੀਰ, ਬਾਬਾ ਬੁੱਲ੍ਹੇ ਸ਼ਾਹ ਤੇ ਸਿੱਖ ਧਰਮ ਦੇ ਫਲਸਫ਼ੇ 'ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ' ਨੂੰ ਜਾਤ-ਪਾਤ ਦੇ ਵਿਰੋਧ ਵਜੋਂ ਖੜ੍ਹਾ ਕੀਤਾ ਹੈ।

ਅਛੂਤਾਂ ਨਾਲ ਭਿੱਟ ਦੀ ਭਾਵਨਾ ਬੁਰੀ ਤਰ੍ਹਾਂ ਚੰਬੜੀ ਪਈ ਸੀ। ਇਹ ਮਾਨਤਾ ਸੀ ਕਿ ਉਹਨਾਂ ਦੀ ਛੂਹ ਤੇ ਇੱਥੋਂ ਤੱਕ ਪ੍ਰਛਾਵੇਂ ਨਾਲ ਵੀ ਉਚੀ ਜਾਤੀ ਦਾ ਆਦਮੀ ਭਿੱਟਿਆ ਜਾਂਦਾ

ਸੀ। ਮਾਈ ਚਿੰਤੀ ਅਨੁਸਾਰ, "ਰਾਜਪੂਤਣਾ, ਬਾਹਮਣੀਆ, ਸੁਨਿਆਰੀਆਂ ਤੇ ਸੈਣਨਾ ਜਦੋਂ ਜਣੇਪਾ ਤੇ ਮਾਲਸ਼ ਕਰ ਲੈਂਦੀਆਂ ਤਾਂ ਆਪਣੇ ਤੇ ਆਪਣੇ ਜਣੇਪੇ ਵਾਲੇ ਮੰਜੇ ਤੇ ਪਾਣੀ ਦੇ ਛਿੱਟੇ ਜਿਹੇ ਤਰੌਂਕ ਕੇ ਭਿੱਟ ਹਟਾ ਲੈਂਦੀਆਂ। ਤੇ ਫਿਰ ਤੂੰ ਕੌਣ ਤੇ ਮੈਂ ਕੌਣ ? ਵਿਚ ਵਿਚ ਮੈਨੂੰ ਖ਼ਿਆਲ ਆਉਂਦਾ ਪਈ ਜਣੇਪੇ ਦੇ ਵਕਤ ਰੱਬ ਦੀ ਦਿੱਤੀ ਦਾਤ ਕੁੜੀ ਹੋਵੇ ਜਾਂ ਮੁੰਡਾ, ਸਭ ਤੋਂ ਪੈਂਹਲਾਂ ਤਾਂ ਮੇਰੇ ਹੱਥਾਂ 'ਚ ਆਉਂਦਾ। ਨਮਾ ਤੇ ਸਹੀ-ਸਲਾਮਤ ਜੀਅ ਦੇਖ ਕੇ ਮੈਨੂੰ ਚਾਅ ਚੜ੍ਹ ਜਾਂਦਾ ਤੇ ਜਦੋਂ ਬੜਾ ਹੁੰਦਾ ਉਹੀ ਜਾਤ ਦੇ ਮੇਹਣੇ ਮਾਰਨ ਲੱਗ ਪਈਂਦਾ... ਕਿੱਦਾ ਕਿੱਦਾ ਦੇ ਰੋਗ ਲੱਗਿਓ ਬੰਦੇ ਨੂੰ...।[10]

ਉੱਤਰੀ ਭਾਰਤ ਦੇ ਵਪਾਰਕ ਕੇਂਦਰ ਜੈਜੋਂ ਵਿਚ ਬਾਕੀ ਕਾਰੋਬਰਾਂ ਸਮੇਤ ਜਿਸਮਫਰੋਸ਼ੀ ਦਾ ਧੰਦਾ ਵੀ ਚੱਲਦਾ ਹੈ। ਫਾਤਿਮਾ ਦੇ ਪਾਤਰ ਰਾਹੀਂ ਜਿਸਮਫਰੋਸ਼ੀ ਦੇ ਧੰਦੇ ਵਿਚ ਫ਼ਸੀ ਔਰਤ ਦੀ ਦੁਖਾਂਤਕ ਸਥਿਤੀ ਦਾ ਪ੍ਰਗਟਾਵਾ ਕੀਤਾ ਹੈ। ਬਾਬੇ ਸੰਗਤੀਏ ਦੇ ਫ਼ਾਤਿਮਾ ਨੂੰ ਕਿਸੇ ਆਸ਼ਰਮ ਜਾਂ ਮੰਦਰ ਵਿਚ ਆਸਰਾ ਦੇਣ ਸੰਬੰਧੀ ਉਹ ਜੁਆਬ ਦਿੰਦੀ ਹੈ, "ਉਨ੍ਹਾਂ ਦਾ ਬੀ ਸੁਣਿਆ ਹੋਇਆ, ਨਿਆਣੀ ਤੋਂ ਲੈ ਕੇ ਸਿਆਣੀ ਉਮਰ ਦੀਆਂ ਦੇਵਦਾਸੀਆਂ ਨਾਲ ਮੰਦਰਾਂ ਦੇ ਮਹੰਤ ਕੁਕਰਮ ਕਰਦੇ ਆ ਜਿੱਦਾਂ ਸਾਡੇ ਪੀਰ। ...ਉਹਦੇ ਲਈ ਲੈਰੀ, ਅਛੋਹ ਕੁੜੀ ਪੇਸ਼ ਕੀਤੀ ਜਾਂਦੀ ਜੇ ਤੇ ਉਹ ਫਿਰ ਕਿਸੇ ਨਾਲ ਸ਼ਾਦੀਸ਼ੁਦਾ ਜ਼ਿੰਦਗੀ ਨਈ੍ਹ ਬਿਤਾ ਸਕਦੀ। ਦੇਵਦਾਸੀਆਂ ਮਹੰਤਾਂ-ਪੁਜਾਰੀਆਂ ਦੀਆਂ ਰਖੇਲਾਂ ਨਈ੍ਹਂ ਤਾਂ ਹੋਰ ਕੀ ਹੈਨ ? ਸਾਡੇ ਮਜ੍ਹਬ 'ਚ ਅਜਿਹੀ ਕੁੜੀ ਨੂੰ 'ਪੀਰ ਦੀ ਊਠਣੀ' ਤੇ ਤੁਹਾਡੇ 'ਦੇਵਦਾਸੀ' ਕਹਿੰਦੇ ਆ, ਦੇਵਦਾਸੀਆਂ ਨੂੰ ਰੋਟੀ-ਪਾਣੀ ਤੋਂ ਬਿਨਾਂ ਕੁਛ ਨਈ੍ਹਂ ਮਿਲਦਾ, ਸਾਡੇ ਆਂਙੂੰ ਜਦੋਂ ਨਜੈਜ਼ ਔਲਾਦ ਪੈਦਾ ਹੋ ਜਾਂਦੀ ਆ, ਉਹਨੂੰ ਪਾਲਦੀਆਂ ਜਿੱਦਾਂ ਅਸੀਂ ਤੇ ਫਿਰ ਅੱਗੇ ਪੀੜ੍ਹੀ-ਦਰ-ਪੀੜ੍ਹੀ ਮਜ੍ਹਬ ਦੇ ਨਾਂ 'ਤੇ ਪਰਲੋਕ ਸੁਧਾਰਨ ਲਈ ਉਮਰ-ਕੈਦ ਕੱਟਦੀਆਂ, ਠੀਕ ਹੈ ਨਾ ? ਇਸ ਦੋਜ਼ਖ ਵਿਚ ਮੇਰੇ ਨਾਲ ਰਹਿੰਦੀਆਂ ਕੁੜੀਆਂ ਵੀਰਵਾਰ ਦੇ ਵੀਰਵਾਰ ਵਰਤ ਰੱਖਦੀਆਂ ਦੇਵਤਿਆਂ ਦੇ ਵੱਡੇ ਦੇਵਤੇ ਬ੍ਰਿਹਸਪਤੀ ਦੇ ਨਾਂ 'ਤੇ। ਉਸ ਦਿਨ ਸਰ੍ਹੋਂ ਦੇ ਪੀਲੇ ਫੁੱਲਾਂ ਵਰਗੇ ਪੀਲੇ ਲੀੜੇ ਪਹਿਨਦੀਆਂ, ਜ਼ਰਦਾ ਬਣਾ ਕੇ ਖਾਂਦੀਆਂ, ਆਪਣੇ ਗੁਰੂ ਦੇਵਤੇ ਨੂੰ ਖ਼ੁਸ਼ ਕਰਨ ਲਈ ਪਈ ਸਾਨੂੰ ਅਗਲੇ ਜਨਮ 'ਚ ਏਹੋ ਜੇਹੀ ਨਰਕੀ ਜ਼ਿੰਦਗੀ ਨਾ ਦੇਵੇ। ਜੇ ਦੇਵੇ ਤਾਂ ਇਜ਼ਤ-ਆਬਰੂ ਵਾਲੀ ਖ਼ਾਨਦਾਨੀ ਜ਼ਿੰਦਗੀ ਦੇਵੇ।"[10] ਧਰਮ ਦੀ ਆੜ ਹੇਠ ਧਾਰਮਿਕ ਮੁਖੀਆਂ ਦਾ ਅਜਿਹਾ ਵਤੀਰਾ, ਧਾਰਮਿਕ ਸੰਸਥਾਵਾਂ ਦੇ ਅਣਦਿਸਦੇ ਕੋਝੇ ਯਥਾਰਥ ਨੂੰ ਪੇਸ਼ ਕਰਦਾ ਹੈ।

ਦੂਸਰੇ ਵਿਸ਼ਵ ਯੁੱਧ ਦੇ ਸਮੇਂ 'ਚਮਾਰ ਰੈਜ਼ਮੈਂਟ' ਦੇ ਜੁਆਨਾਂ ਦਾ ਕੋਹੀਮਾ ਵਿਚ ਸ਼ਹੀਦ ਹੋਣਾ, ਆਦਿ-ਧਰਮੀਆਂ ਦਾ ਉਹਨਾਂ ਲਈ ਸ਼ਰਧਾਂਜਲੀ ਸਮਾਗਮ ਵਿਉਂਤ ਕੇ ਸ਼ਰਧਾਂਜਲੀਆਂ ਦੇਣਾ, ਸਮਾਜ ਵਿਚ ਬਹਾਦਰੀ ਦੀ ਮਿਸਾਲ ਪੈਦਾ ਕਰ ਕੇ ਹੀਣ-ਭਾਵਨਾ ਤੋਂ ਮੁਕਤੀ ਦਾ ਮਾਰਗ ਬਣਦਾ ਨਜ਼ਰ ਆਉਂਦਾ ਹੈ। ਪਹਿਲੇ ਵਿਸ਼ਵ ਯੁੱਧ ਦੇ ਪ੍ਰਸੰਗ ਵਿਚ ਚਮੜੇ ਦਾ ਕੰਮ ਕਰਨ ਵਾਲਿਆਂ ਦੀ ਆਰਥਿਕ ਉਨਤੀ ਦਾ ਜ਼ਿਕਰ ਰੇਲੂ ਰਾਮ ਇਸ ਤਰ੍ਹਾਂ ਕਰਦਾ ਹੈ, "ਪਹਿਲੀ ਸੰਸਾਰ ਜੰਗ 'ਚ ਸਾਡੇ ਆਦਿ-ਧਰਮੀਆਂ ਦੇ ਕਾਰੋਬਾਰ 'ਚ ਚੋਖਾ ਵਾਧਾ ਹੋਇਆ। ...ਉਨ੍ਹਾਂ ਆਪਣਾ ਕੰਮ-ਧੰਦਾ ਦੂਜੀਆਂ ਰਿਆਸਤਾਂ ਤੇ ਸੂਬਿਆਂ ਤਕ ਵਧਾ ਲਿਆ। ਉਹ ਆਪਣੇ ਆਪ ਨੂੰ 'ਸੇਠ' ਅਖਵਾਉਣ ਲੱਗ ਪਏ। ਜਲੰਧਰ ਦੀ ਬੂਟਾਂ ਮੰਡੀ, ਫਿਰੋਜ਼ਪੁਰ, ਮੁਲਤਾਨ, ਚੂੰਨੀ ਮੰਡੀ, ਯੂਪੀ, ਸੀਪੀ, ਕਲਕੱਤਾ ਸ਼ਹਿਰਾਂ 'ਤਕੜੇ ਕਾਰੋਬਾਰ ਜਮਾ ਲਏ। ਮੰਗੂ ਰਾਮ ਦੇ ਖਾਨਦਾਨ ਦੇ ਬੰਦੇ ਯੂਪੀ



ਜਾ ਕੇ ਕਾਰੋਬਾਰ ਕਰਨ ਡਹਿਓ ਆ। ...ਹਕੀਕਤ ਆ ਵੀਰੇ ਪਈ ਆਦਿ-ਧਰਮ ਮੰਡਲ ਨੂੰ ਉਨ੍ਹਾਂ ਸੇਠਾਂ ਨੇ ਕਾਮਯਾਬ ਕਰਨ 'ਚ ਵੱਡੀ ਮਦਦ ਕੀਤੀ। ...ਉਨ੍ਹਾਂ ਦੀ ਮੁਲਾਕਾਤ ਹੋਰਾਂ ਵਪਾਰੀਆਂ ਨਾਲ ਹੋਈ। ਉਨ੍ਹਾਂ ਅੰਦਰ ਨਵੀਂ ਚਿਣਗ ਜਾਗੀ ਤੇ ਆਪਣੇ ਲੋਕਾਂ ਅੰਦਰ ਹੱਕ-ਹਕੂਕ ਹਾਸਿਲ ਕਰਨ ਲਈ ਹੱਲਾਸ਼ੇਰੀ ਦਿੱਤੀ।"[11]

ਜਾਤ-ਪਾਤ ਦੇ ਕੋਹੜ ਨੇ ਸਿਰਫ਼ ਭਾਰਤ ਨੂੰ ਹੀ ਨਹੀਂ, ਸਗੋਂ ਸਾਰੇ ਸੰਸਾਰ ਨੂੰ ਆਪਣੇ ਕਲਾਵੇ ਵਿਚ ਲਿਆ ਹੈ। ਮੰਗੂ ਰਾਮ ਵਿਸ਼ਵ ਪੱਧਰ ਤੇ ਫੈਲੇ ਇਸ ਕੋਹੜ ਨੂੰ ਪੇਸ਼ ਕਰਦਾ ਹੈ, "ਮੈਂ ਦੱਸਣਾ ਚਾਹੁੰਦਾ ਹਾਂ ਕਿ ਮੈਂ ਜਿੰਨਾ ਚਿਰ ਅਮਰੀਕਾ ਰਿਹਾ, ਦੇਖਿਆ ਕਿ ਅਫ਼ਰੀਕੀ ਦੇਸ਼ਾਂ ਦੇ ਉੱਥੇ ਵਸਦੇ ਕਾਲੇ ਲੋਕ ਜਿਨ੍ਹਾਂ ਨੂੰ ਮੰਡੀਆਂ ਵਿਚ ਪਸ਼ੂਆਂ ਵਾਂਗ ਵੇਚਿਆ ਜਾਂਦਾ ਸੀ, ਉਹ ਸੰਘਰਸ਼ ਦੇ ਰਾਹ ਪਏ ਹੋਏ ਆ। ਉਹ ਆਪਣੇ ਲੋਕਾਂ ਨੂੰ ਇੱਕ ਜੁੱਟ ਹੋਣ, ਪੜ੍ਹਨ ਅਤੇ ਸੰਘਰਸ਼ ਕਰਨ ਲਈ ਹੱਲਾ-ਸ਼ੇਰੀ ਦਿੰਦੇ ਰਹਿੰਦੇ ਆ। ਉਹ ਉੱਥੇ ਦੀਆਂ ਅਦਾਲਤਾਂ ਵਿਚ ਮੁਕੱਦਮੇ ਲੜਦੇ ਤੇ ਜਿੱਤਦੇ ਆ। ਉਹ ਬੀ ਸਾਡੇ ਵਾਂਗ ਆਪੋ ਆਪਣੇ ਮੁਲਕਾਂ ਵਿਚੋਂ ਉੱਥੋਂ ਦੇ ਮੂਲ ਬਾਸ਼ਿੰਦੇ ਆ। ਉੱਥੇ ਉਨ੍ਹਾਂ ਨੂੰ ਫਸਟ ਨੇਸ਼ਨ ਕਹਿੰਦੇ ਆ।"[12]

ਬਾਬਾ ਸੰਗਤੀਆ ਤੇ ਗੋਰੇ ਦਾ ਸੰਵਦ ਨਾਵਲ ਦੀ ਰਫ਼ਤਾਰ ਨੂੰ ਅੱਗੇ ਵਧਾਉਂਦਾ ਹੈ। ਗੋਰਾ, ਬਾਬਾ ਸੰਗਤੀਏ ਲਈ ਭਵਿੱਖਮੁਖੀ ਆਸਾਂ ਦਾ ਚਿਹਨ ਹੈ। ਬਾਬਾ ਸੰਗਤੀਆ ਆਦਿ ਧਰਮ ਅੰਦੋਲਨ ਦਾ ਨਿਰਸੁਆਰਥ ਕਾਰਕੁੰਨ, ਸਾਰੰਗੀ ਦਾ ਮਾਹਰ, ਜੁਤੀਆਂ ਦਾ ਨਿਪੁੰਨ ਕਾਰੀਗਰ, ਚੇਤੰਨ ਨਾਗਰਿਕ, ਗੂੜ੍ਹ ਗਿਆਨ ਨਾਲ ਭਰਪੂਰ ਪਾਤਰ ਹੈ। ਉਹ ਆਪਣੇ ਪੋਤੇ ਦੇ ਚੰਗੇਰੇ ਭਵਿੱਖ ਦੀ ਆਸ ਕਰਦਾ, ਉਸ ਨੂੰ ਆਪਣੀ ਜ਼ਿੰਦਗੀ ਦੇ ਅਨੁਭਵਾਂ ਤੋਂ ਮਿਲਿਆ ਗਿਆਨ ਦੇਣ ਦਾ ਚਾਹਵਾਨ ਹੈ। ਉੱਤਰੀ ਭਾਰਤ ਦਾ ਪ੍ਰਸਿੱਧ ਵਪਾਰਕ ਕੇਂਦਰ ਜੈਜੋਂ ਨਾਵਲ ਦੀ ਕਰਮ ਭੂਮੀ ਵਜੋਂ ਕਾਰਜਸ਼ੀਲ ਹੈ। ਬਾਬੇ ਸੰਗਤੀਏ ਤੇ ਗੋਰੇ ਦੇ ਆਪਾਸੀ ਸੰਵਾਦ ਵਿਚ ਦੁਆਬੇ ਦੀਆਂ ਪਹਾੜੀਆਂ, ਜੰਗਲਾਂ, ਰੁੱਖਾਂ, ਅੰਬਾਂ ਦੀਆਂ ਕਿਸਮਾਂ ਆਦਿ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ। ਕਈ ਵਾਰ ਪਾਤਰਾਂ ਦਾ ਮਨੋ-ਸੰਵਾਦ ਵੀ ਬਿਰਤਾਂਤ ਨੂੰ ਅੱਗੇ ਤੋਰਦਾ ਹੈ। ਆਦਿ ਧਰਮ ਮੰਡਲ ਦੇ ਸਿਧਾਂਤਕ ਵਿਚਾਰਾਂ ਤੇ ਤਕਰੀਰਾਂ ਦੀ ਪੇਸ਼ਕਾਰੀ, ਕਈ ਥਾਂਵਾਂ 'ਤੇ ਨਾਵਲੀ ਰਫ਼ਤਾਰ ਵਿਚ ਖੜ੍ਹੋਤ ਲਿਆ ਕੇ ਅਕਾਊਪੁਣੇ ਦਾ ਅਹਿਸਾਸ ਭਰਦੀ ਹੈ।

ਨਾਵਲ ਦੇ ਅੰਤ ਵਿਚ ਨੂਰਦੀਨ ਬਾਬੇ ਦੁਆਰਾ ਗੋਰੇ ਦੁਆਰਾ ਗੋਰੇ ਦੇ ਪਿਤਾ ਦੀ ਘਰ ਵਾਪਸੀ ਨਾਟਕੀ ਅੰਦਾਜ਼ ਵਿਚ ਹੁੰਦੀ ਹੈ, ਜਿਸ ਦੇ ਸਿੱਟੇ ਵਜੋਂ ਗੋਰੇ ਦੀ ਮਾਂ ਪਿਆਰੋ ਦਾ ਸੰਤਾਪ ਖ਼ਤਮ ਹੁੰਦਾ ਹੈ। ਫ਼ਾਤਿਮਾ ਤੇ ਰੁਕਈਆ ਦਾ ਕ੍ਰਮਵਾਰ ਨਿਰਲੇਪ ਤੇ ਨਿਰਮਲ ਬੀਬਾ ਬਾਣ ਕੇ ਜੀਤੂ ਤੇ ਗੁਲਾਬੂ ਨਾਲ ਆਨੰਦ ਕਾਰਜ ਹੋਣਾ, ਦੋਨਾਂ ਧਿਰਾਂ ਦੇ ਸੁਨਹਿਰੇ ਭਵਿੱਖ ਵੱਲ ਇਸ਼ਾਰਾ ਹੈ। ਮੁਸਲਮਾਨ ਜਾਤ ਨਾਲ ਸੰਬੰਧਿਤ ਫ਼ਾਤਿਮਾ ਦਾ ਜਿਸਮਫਰੋਸ਼ੀ ਦੇ ਧੰਦੇ ਵਿਚੋਂ ਨਿਕਲ ਕੇ ਬਾਬੇ ਸੰਗਤੀਏ ਦੀ ਨੂੰਹ ਬਣਨਾ, ਜਾਤ-ਪਾਤ ਦੀ ਪ੍ਰਥਾ ਉਪਰ ਚੋਟ ਕਰਦਾ ਹੈ। ਅਸਲ ਵਿਚ ਇਹ ਸਦੀਆਂ ਤੋਂ ਲਿਤਾੜੇ ਹੋਏ ਲੋਕਾਂ ਦੀ ਆਪਣੀ ਆਜ਼ਾਦੀ ਦੀ ਤਾਂਘ ਨੂੰ ਬਿਆਨ ਕਰਦਾ ਬਿਰਤਾਂਤ ਹੈ। ਇਹ ਆਜ਼ਾਦੀ ਹੋਂਦ ਦੀ ਲੜਾਈ ਲਈ ਹੈ।

ਮਿੱਟੀ ਬੋਲ ਪਈ ਭਵਿੱਖ ਦੀਆਂ ਨਵੀਆਂ ਸੰਭਾਵਨਾਵਾਂ ਤੇ ਸੁਖਾਂਤਕ ਅੰਤ ਵਾਲਾ ਨਾਵਲ ਹੈ। ਨਾਵਲ ਦੀਆਂ ਆਖ਼ਰੀ ਸਤਰਾਂ ਸੁਨਹਿਰੇ ਭਵਿੱਖ ਦਾ ਚਿਹਨ ਬਣਦੀਆਂ ਹਨ।

"ਨੂਰਦੀਨ ਆਪਾਂ ਹੁਣ ਨੀਲੀਆਂ ਅੱਖਾਂ ਵਾਲੇ ਸਮੁੰਦਰ 'ਚ ਜੈਜੋਂ ਦੀਆਂ ਪਹਾੜੀਆਂ ਨਾਲੋਂ ਵੀ ਉੱਚਾ ਪਹਾੜ ਬਣ ਕੇ ਖੜ੍ਹੇ ਹਾਂ। ...ਹੁਣ ਅਸਮਾਨ 'ਚ ਬੱਦਲ ਛੱਟ ਗਏ ਤੇ ਸੂਰਜ ਦੀਆਂ ਕਿਰਣਾਂ ਲਿਸ਼ਕੋਰ ਮਾਰਨ ਲੱਗ ਪਈਆਂ ਹਨ।"[13] ਅਖ਼ੀਰ ਵਿਚ ਅਸਮਾਨ ਵਿਚ ਬੱਦਲਾਂ ਦਾ ਛੱਟਣਾ ਅਤੇ ਸੂਰਜ ਦੀਆਂ ਕਿਰਨਾਂ ਦਾ ਪ੍ਰਗਟ ਹੋਣਾ, ਰੌਸ਼ਨ ਭਵਿੱਖ ਵੱਲ ਇਸ਼ਾਰਾ ਹੈ। ਪੰਜਾਬੀ ਅਵਚੇਤਨ ਵਿਚ ਸੂਰਜ, ਹਨੇਰੇ ਨੂੰ ਨਿਗਲਣ ਅਤੇ ਚਾਨਣ ਨੂੰ ਪ੍ਰਗਟ ਕਰਨ ਦਾ ਚਿਹਨ ਹੈ। ਨਾਵਲ ਦਾ ਵਿਸ਼ਾ ਸਥਾਪਤੀ ਵਿਰੁੱਧ, ਦਲਿਤ ਵਰਗ ਦੀ ਆਵਾਜ਼ ਨੂੰ ਪ੍ਰਗਟਾਉਂਦਾ ਹੈ। ਵਿਸ਼ਵ ਪੱਧਰ ਤੇ ਆਰਥਿਕ ਤੌਰ 'ਤੇ ਸੰਪਨ/ਜ਼ੋਰਾਵਰਾਂ ਦਾ ਵਤੀਰਾ ਹੰਕਾਰ, ਖੁਦਗਰਜ਼ੀ ਤੇ ਜਬਰ ਵਾਲਾ ਹੁੰਦਾ ਹੈ, ਜੋ ਘੱਟ ਸਾਧਨਾਂ/ਲਿਤਾੜੇ ਮਨੁੱਖਾਂ ਉਪਰ ਨਿਰਦਈਅਤਾ ਵਾਲਾ ਵਿਹਾਰ ਕਰਦੇਹਨ। ਇਹ ਲਿਤਾੜੇ ਹੋਏ ਲੋਕਾਂ ਦੀ ਸੰਘਰਸ਼ਮਈ ਗਾਥਾ ਦਾ ਬਿਰਤਾਂਤ ਹੈ।

**ਹਵਾਲੇ ਅਤੇ ਟਿੱਪਣੀਆਂ**


1. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 970.
2. ਰਤਨ ਸਿੰਘ ਜੱਗੀ, ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਜਿਲਦ-7, ਪੰਨੇ 1906-1907.
3. ਬਲਬੀਰ ਮਾਧੋਪੁਰੀ, ਮਿੱਟੀ ਬੋਲ ਪਈ, ਪੰਨਾ 8.
4. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1378.
5. ਬਲਬੀਰ ਮਾਧੋਪੁਰੀ, ਮਿੱਟੀ ਬੋਲ ਪਈ, ਪੰਨਾ 9.
6. ਰਤਨ ਸਿੰਘ ਜੱਗੀ, ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਜਿਲਦ-6, ਪੰਨਾ 1321.
7. ਬਲਬੀਰ ਮਾਧੋਪੁਰੀ, ਮਿੱਟੀ ਬੋਲ ਪਈ, ਪੰਨਾ 125.
8. ਰੌਣਕੀ ਰਾਮ, ਦਲਿਤ ਪਛਾਣ ਮੁਕਤੀ ਅਤੇ ਸ਼ਕਤੀਕਰਨ, ਪੰਨਾ 43.
9. ਬਲਬੀਰ ਮਾਧੋਪੁਰੀ, ਮਿੱਟੀ ਬੋਲ ਪਈ, ਪੰਨਾ 31.
10. ਉਹੀ, ਪੰਨਾ 44.
11. ਉਹੀ, ਪੰਨਾ 241.
12. ਉਹੀ, ਪੰਨਾ 74.
13. ਉਹੀ, ਪੰਨਾ 302.



ਅਸਿਸਟੈਂਟ ਪ੍ਰੋਫ਼ੈਸਰ
ਪੰਜਾਬੀਅਧਿਐਨ ਵਿਭਾਗ
ਖ਼ਾਲਸਾ ਕਾਲਜ, ਅੰਮ੍ਰਿਤਸਰ
ਮੋਬਾਇਲ ਨੰ: 9780049828




## ਫੁੱਲਾਂ ਦੀ ਫ਼ਸਲ : ਮੱਧਵਰਗ ਦੇ ਸੁਪਨੇ ਤੇ ਸੰਕਟ
## -ਪਰਗਟ ਸਿੰਘ ਬਰਾੜ(ਅਸਿਸ. ਪ੍ਰੋ.)

ਸੁਖਪਾਲ ਸਿੰਘ ਥਿੰਦ ਪੰਜਾਬੀ ਕਥਾ ਜਗਤ ਵਿਚ ਨਵਾਂ ਹਸਤਾਖਰ ਜਾਪਦਾ ਹੈ। ਪਰ ਉਹ ਪੰਜਾਬੀ ਕਹਾਣੀ ਦੇ ਖੇਤਰ ਵਿਚ ਲਗਪਗ ਇਕ ਦਹਾਕੇ ਤੋਂ ਕਿਰਿਆਸ਼ੀਲ ਹੈ। ਉਸਦੀ ਪਹਿਲੀ ਪੁਸਤਕ 'ਫੁੱਲਾਂ ਦੀ ਫ਼ਸਲ' ਪਿਛਲੇ ਵਰ੍ਹੇ ਵਿਚ ਪ੍ਰਕਾਸ਼ਿਤ ਹੋਈ ਹੈ। ਸੁਖਪਾਲ ਥਿੰਦ ਸਥਾਪਤ ਆਲੋਚਕ ਹੈ। ਉਹ ਖੁਦ ਤਸਲੀਮ ਕਰਦਾ ਹੈ ਕਿ ਰੁਜ਼ਗਾਰ ਦੀਆਂ ਜ਼ਰੂਰਤਾਂ ਕਾਰਨ ਸਾਹਿਤ ਦੀ ਮਸ ਹੋਣ ਦੇ ਬਾਵਜੂਦ ਉਸਨੂੰ ਸਾਹਿਤ ਸਮੀਖਿਆ ਵਲ ਮੋੜਾ ਕੱਟਣਾ ਪਿਆ। ਪਰ ਮਨ ਦੀ ਡੂੰਘੀ ਕੁੰਦਰ ਅੰਦਰ ਪਿਆ ਸਾਹਿਤ ਸਿਰਜਣਾ ਦਾ ਬੀਜ ਸਫ਼ਰਨਾਮਿਆਂ ਦੇ ਰੂਪ ਵਿਚ ਪੁੰਗਰ ਪੈਂਦਾ ਹੈ। ਸਫ਼ਰਨਾਮਿਆਂ ਰਾਹੀਂ ਲੇਖਕ ਅੰਦਰ ਛੁਪੀਆਂ ਗਲਪੀ ਸੰਭਾਵਨਾਵਾਂ ਨੂੰ ਸਮਕਾਲੀ ਦਾਨਿਸ਼ਵਰਾਂ ਨੇ ਬਾਖੂਬੀ ਭਾਂਪਿਆ ਤੇ ਉਸਨੂੰ ਗਲਪ ਵਲ ਅਗਰਸਰ ਹੋਣ ਲਈ ਪਰੇਰਿਆ।ਕਹਾਣੀਕਾਰ ਨੇ ਇਕ ਦਹਾਕੇ ਦੇ ਆਪਣੇ ਸਾਹਿਤਕ ਸਫ਼ਰ ਦੌਰਾਨ ਪੋਟਿਆਂ 'ਤੇ ਗਿਣਨਯੋਗ ਕਹਾਣੀਆਂ ਰਚੀਆਂ ਪਰ ਕਥਾ ਦੇ ਰੂਪਕ ਤੇ ਬਣਤਰੀ ਪੱਖ ਬਾਰੇ ਪ੍ਰੋੜ ਸੂਝ ਹੋਣ ਕਾਰਨ ਉਹ ਸਬੂਤੇ ਕਦਮੀਂ ਪੰਜਾਬੀ ਕਹਾਣੀ ਦੇ ਪਿੜ ਵਿਚ ਪ੍ਰਵੇਸ਼ ਕਰਦਾ ਹੈ ਅਤੇ ਅਛੋਪਲੇ ਜਿਹੇ ਸਮਕਾਲੀ ਕਹਾਣੀਕਾਰਾਂ ਦੀ ਪਹਿਲੀ ਸਫ਼ ਵਿਚ ਆ ਢੁੱਕਦਾ ਹੈ।

'ਫੁੱਲਾਂ ਦੀ ਫ਼ਸਲ' ਕਹਾਣੀ ਸੰਗ੍ਰਹਿ ਵਿਚ ਸਿਰਫ਼ ਪੰਜ ਕਹਾਣੀਆਂ ਸ਼ਾਮਲ ਹਨ ਪਰ ਇਹ ਕਹਾਣੀਆਂ ਕਥਾ, ਕਥਾਨਕ ਤੇ ਵਿਸ਼ਾ ਪੱਖ ਤੋਂ ਲੰਮੀਆਂ ਕਹਾਣੀਆਂ ਹਨ। ਵਾਸਤਵ ਵਿਚ ਕਹਾਣੀਕਾਰ ਆਪਣੇ ਜੀਵਨ ਅਨੁਭਵ ਸਾਰ ਦੇ ਅਧਾਰ 'ਤੇ ਮੱਧਵਰਗੀ ਮਨੁੱਖ ਦੇ ਜੀਵਨ ਸੰਘਰਸ਼, ਸੰਕਟਾਂ, ਅਕਾਂਖਿਆਵਾਂ, ਮਨੋਬਿਰਤੀਆਂ, ਲਾਲਸਾਵਾਂ, ਸੁਪਨਿਆਂ ਤੇ ਬਦਲਦੇ ਯਥਾਰਥ ਨੂੰ ਆਪਣੀਆਂ ਕਹਾਣੀਆਂ ਦੇ ਕੇਂਦਰ ਵਿਚ ਰੱਖ ਕੇ ਪੇਸ਼ ਕਰਦਾ ਹੈ। ਪੁਸਤਕ ਵਿਚ ਦਰਜ ਪਹਿਲੀ ਕਹਾਣੀ 'ਸਾਂਝਾਂ ਦੀ ਸ਼ਤਰੰਜ' ਵਿਚ ਵਿਦਿਅਕ ਅਦਾਰਿਆਂ ਦੀ ਕਾਰਗੁਜ਼ਾਰੀ, ਅਧਿਆਪਕਾਂ ਦੀ ਮਨੋਸਥਿਤੀ, ਰਾਜਨੀਤੀ, ਜਾਤੀ ਤੇ ਜਮਾਤੀ ਟਕਰਾਅ, ਔਰਤ ਦੀ ਸਥਿਤੀ ਤੇ ਮਨੁੱਖੀ ਅਵਚੇਤਨ ਨੂੰ ਸਹਿਜਤਾ ਨਾਲ ਰੂਪਮਾਨ ਕੀਤਾ ਗਿਆ ਹੈ। ਕਹਾਣੀ ਦਾ ਕੇਂਦਰੀ ਪਾਤਰ ਪ੍ਰੋ. ਵਿਵੇਕ ਮੱਧਵਰਗੀ ਪਰਿਵਾਰ ਵਿਚੋਂ ਆਪਣੀ ਮਿਹਨਤ ਸਦਕਾ ਕਾਲਜ ਪ੍ਰੋਫ਼ੈਸਰ ਲੱਗਦਾ ਹੈ। ਉਸਦੀ ਆਪਣੀ ਹਮਉਮਰ ਤੇ ਹਮਖਿਆਲੀ ਸਹਿਕਰਮੀ ਪ੍ਰੋ. ਚੰਚਲ ਨਾਲ ਨੇੜਤਾ ਬਣਦੀ ਹੈ ਅਤੇ ਇਹੀ ਨੇੜਤਾ ਸਾਂਝ ਦੀ ਤੰਦ ਵਜੋਂ ਵਿਕਸਿਤ ਹੁੰਦੀ ਹੈ। ਉਸਦੀ ਜਮਾਤੀ ਚੇਤਨਾ ਕਾਰਨ ਉਹ ਆਪਣੇ ਵਿਦਿਆਰਥੀਆਂ ਤੇ ਕਾਲਜ ਵਿਚ ਲੋਕਪ੍ਰਿਯਤਾ ਹਾਸਲ ਕਰਦਾ ਹੈ ਪਰ ਜਾਤੀ ਹਉਮੈਂ ਤੇ ਹੀਣਤਾ ਦੇ ਸ਼ਿਕਾਰ ਵਰਗ ਦੀਆਂ ਅੱਖਾਂ ਵਿਚ ਉਹ ਰੜਕਣ ਲੱਗਦਾ ਹੈ। ਵਿਵੇਕ ਤੇ ਚੰਚਲ ਦੀ ਸਾਂਝ ਨੂੰ ਨਸ਼ਰ ਕਰਕੇ, ਪ੍ਰੋ. ਵਿਵੇਕ ਦੀ ਪ੍ਰਬੰਧਕੀ ਅਧਾਰ 'ਤੇ ਬਦਲੀ ਕਰਵਾ ਦਿੱਤੀ ਜਾਂਦੀ ਹੈ। ਇਸ ਉੱਥਲ-ਪੁੱਥਲ ਨੂੰ ਠੀਕ ਕਰਨ ਹਿੱਤ ਉਹ ਰਾਜਨੀਤਕ ਰਸੂਖ ਰੱਖਣ ਵਾਲੇ ਆਪਣੇ ਸਹੁਰੇ ਪਰਿਵਾਰ ਤੋਂ ਮਦਦ ਲੈਂਦਾ ਹੈ। ਇਸ ਘਟਨਾਕ੍ਰਮ ਦੌਰਾਨ ਉਸ ਦਾ ਨਾਤਾ ਜਮਾਤੀ ਸੰਘਰਸ਼ ਲੜਨ ਵਾਲੇ ਕਾਮਰੇਡ ਪ੍ਰੋ. ਜਗਦੀਪ ਪ੍ਰਧਾਨ ਨਾਲ ਜੁੜਦਾ ਹੈ। ਵਿਵੇਕ ਤੇ ਜਗਦੀਪ ਪ੍ਰਧਾਨ ਬੁਰਜੂਆ ਜਮਾਤ ਦੇ ਵਿਰੁੱਧ ਸ਼ੋਸ਼ਿਤ ਹੋ ਰਹੀ ਪ੍ਰੋਲਤਾਰੀ ਧਿਰ ਦੇ

ਪੱਖ ਵਿਚ ਖੜਦੇ ਤੇ ਲੜਦੇ ਹਨ। ਗੁਰਮੀਤ ਤੇ ਵਿਵੇਕ ਦਾ ਆਪਸੀ ਯਰਾਨਾ ਇਸ ਕਥਨ ਦੀ ਪੁਸ਼ਟੀ ਕਰਦਾ ਹੈ। ਕਹਾਣੀ ਵਿਚ ਜਗਤਾਰ ਜੱਸਲ ਦੇ ਕਿਰਦਾਾਰ ਰਾਹੀਂ ਮਨੁੱਖ ਦੇ ਅਵਚੇਤਨ ਵਿਚ ਪਸਰੇ ਹੋਏ ਜਾਤੀਵਾਦ ਵਲੋਂ ਬੁੱਧੀਜੀਵੀ ਵਰਗ ਕਹਾਏ ਜਾਣ ਵਾਲੇ ਪ੍ਰੋ. ਤਬਕੇ ਨੂੰ ਵੀ ਆਪਣੇ ਗਲਬੇ ਵਿਚ ਜਕੜਿਆ ਹੋਇਆ ਪ੍ਰਸਤੁਤ ਕੀਤਾ ਗਿਆ ਹੈ। ਇਸੇ ਪ੍ਰਕਾਰ ਵਿਵੇਕ ਦੇ ਪਿਤਾ ਦਾ ਉਸਦੇ ਕਾਲਜ ਵਿਚਲੇ ਸਬੰਧਾਂ ਬਾਰੇ ਸੰਵਾਦ ਜੱਟ ਹਉਮੈਂ/ਜਾਤੀ ਸਵੈਮਾਣ ਨੂੰ ਉਘਾੜਦਾ ਹੈ।ਨਮੂਨਾ ਵੇਖੋ:

"ਬੱਲਿਆ ਸਭ ਕੁਝ ਮਿਲ ਜਾਂਦਾ, ਪਰ ਖਾਨਦਾਨੀ ਨੀ ਮਿਲਦੀ।. . . . . . ਇਹ ਲੱਖੀਂ ਨਾ ਹਜਾਰੀਂ। . . . . . . ਸਾਰੀ ਪੜ੍ਹਾਈ ਖੂਹ 'ਚ ਪਾ ਤੀ। . . . .. 'ਆਂ ਨਾਲ ਨਾਤੇ ਜ਼ੋੜਨ ਨੂੰ ਫਿਰਦਾ।"1

ਕਹਾਣੀ ਵਿਚ ਨਿਮਨ ਕਿਸਾਨੀ ਦੀ ਤਰਾਸਦਿਕ ਸਥਿਤੀ ਨੂੰ ਉਘਾੜਿਆ ਗਿਆ ਹੈ। ਵਿਵੇਕ ਵਰਗੇ ਘੱਟ ਜ਼ਮੀਨ ਵਾਲੇ ਜੱਟ ਦਾ ਰਿਸ਼ਤਾ ਬੂਹੀ ਵਾਲੇ ਸੰਧੂਆਂ ਦੇ ਹੋਣ ਦਾ ਬਿਰਤਾਂਤ ਪੰਜਾਬੀ ਸਮਾਜ ਦੀ ਨਿਮਨ ਕਿਸਾਨੀ ਦੀ ਸਮਾਜਕ ਤੇ ਸਭਿਆਚਾਰਕ ਦਿਸ਼ਾ ਤੇ ਦਸ਼ਾ ਨੂੰ ਸੰਜੀਵਤਾ ਤੇ ਸਹਿਜਤਾ ਸਹਿਤ ਪੇਸ਼ ਕਰਦਾ ਹੈ। ਨਮੂਨਾ ਵੇਖੋ:

"ਮੈਂ ਤਾਂ ਸੁਣਿਆਂ ਉਸਦੇ ਸਹੁਰਿਆਂ ਨੇ ਖੁਭੀ ਕੱਢੀ ਐ. . . . ਅਸਰ ਰਸੂਖ ਵਾਲੇ ਬੰਦੇ ਸੁਣੀਦੇ ਨੇ।. . . .. ਇਹ ਤਾਂ ਲੰਡੂ ਜੱਟ ਈ ਸੀ. . . ਪ੍ਰੋਫ਼ੈਸਰੀ ਦੇ ਮੂੰਹ ਨੂੰ ਤਕੜੇ ਘਰ ਰਿਸ਼ਤਾ ਹੋ ਗਿਆ।"2

"ਬੱਲੇ ਤੇਰੇ ਜੱਟ ਸਰਦਾਰਾ। ਸਾਢੇ ਚਾਰ ਕਿੱਲਿਆਂ ਦੀ ਮਾਲਕੀ ਵਾਲੇ ਬਾਪੂ ਵਿਚ ਪਤਾ ਨਹੀਂ ਅਚਾਨਕ ਕਿੱਧਰੋਂ ਜੱਟ ਸਰਦਾਰ' ਫੁੰਕਾਰੇ ਮਾਰਨ ਲੱਗ ਪਿਆ ਸੀ।"3

ਕਹਾਣੀ ਵਿਚ ਕਾਲਜ ਅਧਿਆਪਕ ਯੂਨੀਅਨ ਦੀਆਂ ਚੋਣਾਂ ਵਿਚ ਰਾਜਨੀਤਕ ਜ਼ੋੜਾਂ-ਤੋੜਾਂ ਤੇ ਚਾਲਾਂ ਨੂੰ ਭਾਰਤੀ ਰਾਜਨੀਤਕ ਪਰਿਪੇਖ ਵਿਚ ਚਿਤਰਿਆ ਗਿਆ ਹੈ। ਚੋਣਾਂ ਵਿਚ ਜਿੱਤ ਲਈ ਜਗਤਾਰ ਜੱਸਲ ਵਰਗਾ ਜਾਤੀਵਾਦ ਦੇ ਅਧਾਰ 'ਤੇ ਮੈਡਮ ਚੰਚਲ ਨੂੰ ਭਰਮਾਉਣ ਦਾ ਯਤਨ ਕਰਦਾ ਹੈ ਕਿਉਂਕਿ ਜਾਤੀ ਹਉਮੈਂ ਤੇ ਹੀਣਤਾ ਹਰ ਮਨੁੱਖੀ ਅਵਚੇਤਨ ਵਿਚ ਜੰਮੇ ਹੋਏ ਨੇ ਤੇ ਉਹਨਾਂ ਨੂੰ ਕੁਰੇਦਣ ਵਿਚ ਜਗਤਾਰ ਪੂਰੀ ਤਰ੍ਹਾਂ ਸਫ਼ਲ ਰਹਿੰਦਾ ਹੈ ਪਰ ਆਖਰ ਵਿਚ ਮੈਡਮ ਚੰਚਲ ਦਾ ਜਾਤਾਂ ਦੀ ਜਿੱਲ੍ਹਣ 'ਚੋਂ ਨਿਕਲ ਕੇ ਜਮਾਤੀ ਸੰਘਰਸ਼ ਵਿਚ ਸ਼ਾਮਲ ਹੋਣਾਂ ਤੇ ਵਿਵੇਕ ਦੇ ਪੱਖ ਵਿਚ ਭੁਗਤਣਾ ਫਰੇਬੀ ਸਾਂਝਾਂ ਦੀ ਸਤਰੰਜ ਦੀਆਂ ਚਾਲਾਂ ਨੂੰ ਖੁੰਢਾ ਕਰ ਦਿੰਦਾ ਹੈ। ਇਸ ਤੋਂ ਇਲਾਵਾ ਕਹਾਣੀ ਵਿਚ ਸਥਾਈ ਰੁਜ਼ਗਾਰ ਦੀ ਘਾਟ ਤੇ ਅਜੋਕੇ ਸਿਖਿਆ ਪ੍ਰਬੰਧ ਵਿਚ ਅਧਿਆਪਕ ਦੀ ਸਥਿਤੀ ਨੂੰ ਯਥਾਰਥੀ ਧਰਾਤਲ 'ਤੇ ਚਿਤਰਿਆ ਗਿਆ ਹੈ। ਨਮੂਨਾ ਵੇਖੋ:



"ਅਜੇ ਤਾਂ ਪ੍ਰੋਬੇਸ਼ਨ ਪੀਰੀਅਡ ਵੀ ਨੀ ਮੁੱਕਿਆ. . . .ਦੜ੍ਹ ਵੱਟ ਜਮਾਨਾ ਖੱਟ ਮਿੱਤਰਾ।"4

"ਚਣੌਤੀਆਂ ਪਹਿਲਾਂ ਨਾਲੋਂ ਵੀ ਵੱਡੀਆਂ ਹੋ ਗਈਆਂ ਨੇ, ਤੇ ਕਾਡਰ ਸੁੰਗੜਦਾ-ਸੁੰਗੜਦਾ ਜਮਾਂ ਛੋਟਾ ਰਹਿ ਗਿਆ ਏ। . . . .ਨਵਿਆਂ ਨੂੰ ਤਾਂ ਪੱਕੇ ਦਰਜਾ ਚਾਰ ਤੋਂ ਵੀ ਘੱਟ ਤਨਖਾਹ ਦਿੰਦੇ ਨੇ। ਤੂੰ ਆਪ ਦੱਸ ਵਿਵੇਕ, ਹੀਣਤਾ ਦਾ ਮਾਰਿਆ ਟੀਚਰ ਕਿੱਧਰੋਂ ਬੁਲੰਦ ਵਿਦਿਆਰਥੀ ਘੜੂਦੂ?"5

ਕਹਾਣੀ ਸੰਗ੍ਰਹਿ ਵਿਚ ਦੂਜੀ ਕਹਾਣੀ 'ਕਾਲਖ ਕੋਠੜੀ' ਹੈ ਜਿਸ ਵਿਚ ਪੰਜਾਬ ਸੰਕਟ ਨੂੰ ਪਿੱਠਭੂਮੀ ਵਿਚ ਰੱਖ ਕੇ ਪੰਜਾਬ ਦੀ ਰਾਜਨੀਤਕ ਸਥਿਤੀ, ਰਾਜਨੀਤੀ ਵਿਚਲੀ ਕਾਲਖ, ਰਾਜਨੀਤੀ ਵਿਚ ਔਰਤ ਦੀ ਸਥਿਤੀ, ਰਾਜਨੀਤਕ ਬਲੈਕਮੇਲਿੰਗ, ਰਾਜਨੀਤਕ ਮੌਕਾਪ੍ਰਸਤੀ, ਲਾਲਸਾਵਾਂ, ਰਾਜਨੀਤਕ ਨੇਤਾਵਾਂ ਦਾ ਕਿਰਦਾਰ, ਪੰਜਾਬ ਦੇ ਜ਼ੋਸ਼ੀਲੇ ਨੌਜਵਾਨਾਂ ਦੀ ਮਾਨਸਿਕਤਾ ਅਤੇ ਵਰਤਮਾਨ ਦੀ ਕੁੱਖ 'ਚ ਪਲ ਰਹੇ ਭਵਿੱਖ ਨੂੰ ਬਹੁਤ ਖੂਬਸੂਰਤੀ ਨਾਲ ਰੂਪਮਾਨ ਕੀਤਾ ਗਿਆ ਹੈ। ਕਹਾਣੀ ਵਿਚ ਪਾਤਰ ਜੁਝਾਰ ਦੇ ਰੂਪ ਵਿਚ ਪੰਜਾਬੀ ਨੌਜਵਾਨ ਅੰਦਰਲੀ ਰਾਜਨੀਤਕ ਬਦਲਾਅ ਲਈ ਉਮੜਦੀ ਤਾਂਘ ਨੂੰ ਅਭਿਵਿਅਕਤ ਕੀਤਾ ਗਿਆ ਹੈ। ਭਾਵੇਂ ਪੰਜਾਬੀ ਜਵਾਨੀ ਪਰੰਪਰਾਗਤ ਰਾਜਨੀਤਕ ਪਾਰਟੀਆਂ ਤੋਂ ਨਿਰਾਸ਼ ਹੈ ਤੇ ਇਸ ਰਾਜਨੀਤਕ ਹਨ੍ਹੇਰਗਰਦੀ ਵਿਚੋਂ ਨਿਕਲਣ ਲਈ ਹਰ ਨਵੀਂ ਉੱਠ ਰਹੀ ਲਹਿਰ ਦਾ ਪੱਲਾ ਫੜਨ ਲਈ ਕਾਹਲੀ ਹੈ। ਪਰ ਜ਼ੋਸ਼ ਦੇ ਨਾਲ ਚਿੰਤਨ, ਰਾਜਨੀਤਕ ਪ੍ਰਸੰਗਿਕਤਾ, ਇਤਿਹਾਸਕ ਪਰਿਪੇਖ ਤੇ ਰਾਜਨੀਤਕ ਚੇਤਨਾ ਦੀ ਅਹਿਮ ਲੋੜ ਹੈ। ਪਰ ਚਿੰਤਨ ਤੇ ਚੇਤਨਾ ਜੁਝਾਰ ਦੇ ਕਿਰਦਾਰ ਵਿਚ ਮਨਫ਼ੀ ਹੈ ਭਾਵੇਂ ਉਹ ਆਸਾਵਾਦੀ ਦ੍ਰਿਸ਼ਟੀਕੋਣ ਤੋਂ ਇਕ ਤੋਂ ਬਾਅਦ ਦੂਜੀ ਧਿਰ ਸੁਗੰਧਾ ਸ਼ਰਮਾ ਨਾਲ ਜੁੜਨ ਲਈ ਬੇਕਰਾਰ ਹੈ। ਕਹਾਣੀ ਵਿਚ ਆਨੰਦ ਅਗਰਵਾਲ ਦੇ ਰੂਪ ਵਿਚ ਚੇਤਨਾ ਦਾ ਪਸਾਰ ਤੇ ਰਾਜਨੀਤਕ ਸਭਿਆਚਾਰਕ ਚਿੰਤਨ ਦੀ ਤੰਦ ਵੀ ਪੇਸ਼ ਕੀਤੀ ਗਈ ਹੈ ਜਿਸ ਤੋਂ ਪੰਜਾਬੀ ਨੌਜਵਾਨ ਨੂੰ ਵਿਚਾਰਧਾਰਕ ਚੇਤਨਾ ਅਤੇ ਸਮਾਜ-ਸਭਿਅਚਾਰਕ ਤੇ ਰਾਜਨੀਤਕ ਵਿਵੇਕ ਦੀ ਘਾੜਤ ਦੀ ਸੋਝੀ ਪ੍ਰਾਪਤ ਕਰਨੀ ਚਾਹੀਦੀ ਹੈ। ਰਾਜਨੀਤਕ ਪਾਰਟੀਆਂ ਵਿਚ ਕਾਰਪੋਰੇਟ ਸੈਕਟਰ ਦੀ ਮਹਤੱਤਾ ਤੇ ਰਾਜਨੀਤੀ ਬਣਦੇ-ਵਿਗੜਦੇ ਰਿਸ਼ਤਿਆਂ, ਸ਼ਾਰਦਾ ਦੇ ਰਾਹੀਂ ਔਰਤ ਦੀ ਵਸਤੂ ਰੂਪ ਵਿਚ ਵਰਤੋਂ ਨੂੰ ਵਾਸਤਵਿਕ ਰੂਪ ਵਿਚ ਉਲੀਕਿਆ ਗਿਆ ਹੈ। ਕਹਾਣੀ ਵਿਚ ਸਥਾਪਤ ਪਰੰਪਰਾਗਤ ਰਾਜਨੀਤਕ ਪਾਰਟੀਆਂ ਤੇ ਨਵੀਆਂ ਉਭਰ ਰਹੀਆਂ ਪਾਰਟੀਆਂ ਦੀ ਅੰਦਰੂਨੀ ਕਾਰਜਸ਼ੀਲਤਾ, ਭ੍ਰਿਸ਼ਟਾਚਾਰ ਤੇ ਮੌਕਾਪ੍ਰਸਤੀ ਆਦਿ ਪੱਖਾਂ ਤੋਂ ਸਮਾਨ ਸਥਿਤੀਆਂ-ਪ੍ਰਸਥਿਤੀਆਂ ਤੇ ਕਾਲਕ੍ਰਮ ਵਿਚ ਅਨੁਪਾਤ ਅਨੁਸਾਰ ਸਮਾਨ ਭਵਿੱਖ ਵਲ ਅਗਰਸਰ ਵਿਖਾਈ ਦਿੰਦੀਆਂ ਹਨ। ਕਮਲ ਮੱਟੂ ਵਰਗੇ ਪਾਤਰ ਕਿਵੇਂ ਸ਼ਾਰਦਾ ਵਰਗੀਆਂ ਔਰਤਾਂ ਦੇ ਸਹਾਰੇ ਆਪਣਾ ਰਾਜਨੀਤਕ ਕੈਰੀਅਰ ਬਣਾਉਣ ਤੇ ਚਮਕਾਉਣ ਵਿਚ ਕਾਮਯਾਬ ਹੁੰਦੇ ਹਨ, ਉਹਨਾਂ ਦਾ ਲਗਾਅ ਪਾਰਟੀ ਦੀ ਸਮਾਜਕ ਸਥਿਤੀ ਦੀ ਥਾਂ, ਪਾਰਟੀ ਵਿਚ ਆਪਣੇ ਰੁਤਬੇ ਨਾਲ ਵਧੇਰੇ ਹੁੰਦਾ ਹੈ। ਨਮੂਨਾ ਵੇਖੋ:

"ਤੁਸੀਂ ਆਪਣੇ ਰਾਜਨੀਤਕ ਫਿਊਚਰ ਦਾ ਸੋਚੋ,
ਪਾਰਟੀ ਕਿਤੇ ਨੀ ਚੱਲੀ ਸਾਡੇ ਹੁੰਦਿਆਂ।" ਮੱਟੂ
ਨੇ ਸਹਿਜ ਰਹਿੰਦਿਆਂ ਇਓ ਜਵਾਬ ਦਿੱਤਾ ਜਿਵੇਂ
ਕੁਝ ਵਾਪਰਿਆ ਹੀ ਨਾ ਹੋਵੇ।6

ਕਹਾਣੀ ਵਿਚ ਇਮਾਨਦਾਰ ਰਾਜਨੀਤਕ ਵਰਕਰਾਂ ਤੇ ਨੇਤਾਵਾਂ ਦੀ ਹੋਣੀ ਨੂੰ ਚਿਤਰਿਆ ਗਿਆ ਹੈ ਜੋ ਚਿੰਤਨ ਤੇ ਚੇਤਨਾ ਦੀ ਘਾਟ ਕਾਰਨ ਰਾਜਨੀਤਕ ਕੋਠੜੀ ਦੀ ਕਾਲਖ ਵਿਚ ਗੁਆਚ ਜਾਂਦੇ ਹਨ। ਰਾਜਨੀਤਕ ਚੇਤਨਾ ਤੇ ਚਿੰਤਨ ਦੀ ਰੌਸ਼ਨੀ ਸਿਰਫ਼ ਮੀਡੀਆ ਦੇ ਪ੍ਰਤੀਨਿਧੀ ਨਵਤੇਜ ਸਾਥੀ ਦੇ ਰਾਹੀਂ ਕਹਾਣੀ ਵਿਚ ਉਘੜਦੀ ਹੈ। ਮੀਡੀਆ ਦੀ ਲੋਕਤੰਤਰ ਵਿਚ ਭੂਮਿਕਾ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਮੀਡੀਆ ਕਿਸੇ ਰਾਜਨੀਤਕ ਪਾਰਟੀ ਜਾਂ ਰਾਜਨੀਤਕ ਨੇਤਾ ਦੇ ਕਿਰਦਾਰ ਨੂੰ ਨਿਖਾਰਨ ਤੇ ਵਿਖੇਰਣ ਵਿਚ ਕਿਰਿਆਸ਼ੀਲ ਭੂਮਿਕਾ ਨਿਭਾਉਂਦਾ ਹੈ।

ਕਹਾਣੀ ਸੰਗ੍ਰਹਿ ਵਿਚ ਅਗਲੀ ਕਹਾਣੀ 'ਫੁੱਲਾਂ ਦੀ ਫ਼ਸਲ' ਹੈ। ਇਸ ਕਹਾਣੀ ਵਿਚ ਪੰਜਾਬੀ ਜਵਾਨੀ ਦਾ ਪਰਵਾਸ, ਪੰਜਾਬ ਸੰਕਟ ਦਾ ਦੂਰਰਸੀ ਪ੍ਰਭਾਵ, ਸਕੂਲੀ ਬੱਚਿਆਂ ਦਾ ਲਿੰਗਕ ਸ਼ੋਸ਼ਣ, ਬੇਰੁਜ਼ਗਾਰੀ, ਜਾਤੀ ਹਉਮੈਂ, ਪੇਂਡੂ ਤੇ ਸ਼ਹਿਰੀ ਮੱਧਵਰਗੀ ਬੰਦੇ ਦੀਆਂ ਅਕਾਂਖਿਆਵਾਂ, ਸੁਪਨਿਆਂ, ਸਮੱਸਿਆਵਾਂ ਤੇ ਸੰਕਟਾਂ ਨੂੰ ਪੇਸ਼ ਕੀਤਾ ਗਿਆ ਹੈ। ਦਰਅਸਲ ਮਨੁੱਖੀ ਇਤਿਹਾਸ ਇਸ ਕਥਨ ਦਾ ਗਵਾਹ ਹੈ ਕਿ ਮਨੁੱਖ ਹਰ ਕਾਲ ਵਿਚ ਹਿਜ਼ਰਤ ਵਿਚ ਰਿਹਾ ਹੈ। ਮਨੁੱਖ ਆਪਣੇ ਬ੍ਰਹਿਮੰਡੀ ਜਨਮ ਤੋਂ ਲੈ ਕੇ ਵਰਤਮਾਨ ਵਿਗਿਆਨਕ ਯੁੱਗ ਤਕ ਔਖ ਤੋਂ ਸੌਖ ਵਲ ਅਗਰਸਰ ਹੋਇਆ ਹੈ ਅਤੇ ਭਵਿੱਖ ਵਿਚ ਵੀ ਸਫ਼ਰ ਵਿਚ ਰਹੇਗਾ ਅਤੇ ਜੀਵਨ ਦੇ ਹੋਰ ਸੌਖ ਭਰਪੂਰ ਦਿਸਹੱਦਿਆਂ ਨੂੰ ਲੱਭਣ ਤੇ ਨਵੇਂ ਅਯਾਮ ਤੈਅ ਕਰਨ ਵਲ ਰੁਚਿਤ ਹੋਵੇਗਾ। ਇਸ ਲਈ ਵਰਤਮਾਨ ਵਿਚ ਪੰਜਾਬੀ ਨੌਜਵਾਨ ਦਾ ਪਰਵਾਸ ਕਰਨਾ ਇਕ ਕੁਦਰਤੀ ਵਰਤਾਰਾ ਹੈ। ਹਾਂ ਵਰਤਮਾਨ ਵਿਚ ਹੋ ਰਹੇ ਪਰਵਾਸ ਦੀ ਪਿੱਠਭੂਮੀ ਵਿਚ ਪਏ ਕਿਰਿਆਸ਼ੀਲ ਕਾਰਨਾਂ ਤੇ ਸੰਜੀਵ ਤੱਤਾਂ ਦੀ ਨਿਸ਼ਾਨਦੇਹੀ ਕਰਨਾ ਬਣਦਾ ਹੈ ਕਿਉਂਕਿ ਭਾਵੇਂ ਪਰਵਾਸ ਮਨੁੱਖ ਦੇ ਜੀਵਨ ਦਾ ਅਟੁੱਟ ਅੰਗ ਹੈ ਪਰ ਇਸ ਵਰਤਾਰੇ ਲਈ ਹਮੇਸ਼ਾ ਤੱਤਕਾਲੀ ਸਥਿਤੀਆਂ ਜ਼ਿੰਮੇਵਾਰ ਹੁੰਦੀਆਂ ਹਨ। ਲੇਖਕ ਵੀ ਕਹਾਣੀ ਵਿਚ ਇਸੇ ਪ੍ਰਬੰਧ ਨੂੰ ਟੋਹਣ ਵਲ ਅਗਰਸਰ ਹੈ। ਕਹਾਣੀ ਵਿਚ ਜਰਨੈਲ ਦਾ ਪਿੰਡ ਤੋਂ ਸ਼ਹਿਰ ਦਾ ਸਫ਼ਰ ਮਨੁੱਖੀ ਪਰਵਾਸ ਦੇ ਇਤਿਹਾਸ ਦੀ ਪ੍ਰਤੀਕਾਤਮਕ ਰੂਪ ਵਿਚ ਟੋਹੀ ਲੱਭਦਾ ਹੈ। ਜਰਨੈਲ ਤੋਂ ਬਾਅਦ ਉਸ ਦੇ ਪੁੱਤਰ ਮਹਿਕਦੀਪ ਦਾ ਪਹਿਲਾਂ ਪੰਜਾਬ ਤੋਂ ਬੰਗਲੌਰ ਤੇ ਫਿਰ ਪੰਜਾਬ ਤੋਂ ਕੈਨੇਡਾ ਇਸੇ ਮਨੁੱਖੀ ਪਰਵਾਸ ਦੀ ਅਗਲੀ ਕੜੀ ਹੈ। ਜਿਵੇਂ ਅਸੀਂ ਪਹਿਲਾਂ ਵੀ ਜ਼ਿਕਰ ਕਰ ਚੁੱਕੇ ਹਾਂ ਕਿ ਪਰਵਾਸ ਲਈ ਤੱਤਕਾਲੀਨ ਸਥਿਤੀਆਂ-ਪਰਸਥਿਤੀਆਂ ਦੀ ਭੂਮਿਕਾ ਨੂੰ ਨਕਾਰਿਆ ਨਹੀਂ ਜਾ ਸਕਦਾ, ਉਸੇ ਪਰਿਪੇਖ ਵਿਚ ਕਹਾਣੀ ਵਿਚ ਜਰਨੈਲ ਦੇ ਪਿੰਡ ਤੋਂ ਸ਼ਹਿਰ ਤਕ ਦੇ ਪਰਵਾਸ ਲਈ ਪੰਜਾਬ ਸੰਕਟ ਦਾ ਕਾਲਾ ਦੌਰ ਜ਼ਿੰਮੇਵਾਰ ਹੁੰਦਾ ਹੈ। ਇਸੇ ਤਰ੍ਹਾਂ ਮਹਿਕਦੀਪ ਦੇ ਪੰਜਾਬ ਤੋਂ ਵਿਦੇਸ਼ ਤਕ ਦੇ ਪਰਵਾਸ ਲਈ ਬੇਰੁਜ਼ਗਾਰੀ ਅਤੇ ਆਪਣੇ ਸੁਪਨਿਆਂ ਲਈ ਹਾਣਦੇ ਅਸਾਮਾਨ ਤੇ ਧਰਤੀ ਦੀ ਘਾਟ ਅਹਿਮ ਭੂਮਿਕਾ ਨਿਭਾਉਂਦੀ ਹੈ। ਵਾਸਤਵ ਵਿਚ ਸ਼ਹਿਰੀ ਮੱਧਵਰਗੀ ਬੰਦਾ ਅੱਗੇ ਵੱਧਣ ਦੀ ਅਮੁੱਕ



ਦੌੜ ਵਿਚ ਸ਼ਾਮਲ ਹੋ ਜਾਂਦਾ ਹੈ ਅਤੇ ਫਿਰ ਜਦੋਂ ਉਹ ਆਪਣੇ ਮਿੱਥੇ ਟੀਚੇ 'ਤੇ ਪਹੁੰਚਦਾ ਹੈ ਤਾਂ ਉੱਥੇ ਉਸ ਦੇ ਸਾਹਵੇਂ ਨਵੀਆਂ ਚਣੌਤੀਆਂ ਤੇ ਨਵੇਂ ਆਸ਼ੇ ਉਗਮ ਆਉਂਦੇ ਹਨ ਅਤੇ ਉਹ ਉਹਨਾਂ ਦੀ ਪ੍ਰਾਪਤੀ ਲਈ ਕਾਰਜਸ਼ੀਲ ਹੋ ਜਾਂਦਾ ਹੈ ਅਤੇ ਇਹ ਕਦੇ ਨਾ ਮੁੱਕਣ ਵਾਲੀ ਅਕਾਂਖਿਆਵਾਂ ਦੀ ਦੌੜ ਦਾ ਹਿੱਸਾ ਬਣ ਜਾਂਦਾ ਹੈ। ਕਹਾਣੀ ਵਿਚ ਪੂੰਜੀਵਾਦ ਦੇ ਫੈਲਾਅ ਤੇ ਪ੍ਰਭਾਵ ਨੂੰ ਜਰਨੈਲ ਦੇ ਪਰਵਾਸੀ ਦੋਸਤ ਦੇ ਸੰਵਾਦ ਰਾਹੀਂ ਪੇਸ਼ ਕੀਤਾ ਗਿਆ ਹੈ। ਨਮੂਨਾ ਵੇਖੋ:

"ਸਰਮਾਏਦਾਰੀ ਤਾਂ ਹਰ ਥਾਂ ਬੰਦਾ ਚਟਮ ਕਰ
ਜਾਣ ਲਈ ਮੂੰਹ ਅੱਡੀ ਖੜ੍ਹੀ ਐ। ਤੁਹਾਡੀ ਨੇ
ਮੈਨੂੰ ਧੱਕੇ ਮਾਰ ਕੇ ਕੱਢਿਆ ਤੇ ਏਧਰਲੀ ਨੇ
ਅਜਿਹਾ ਜਾਲ ਬੁਣਿਆ ਕੇ ਉਦੋਂ ਸੁਰਤ ਆਈ
ਜਦੋਂ ਜਵਾਨੀ ਹੜੱਪੀ ਗਈ।"7

ਕਹਾਣੀ ਵਿਚ ਨਿਮਨ ਕਿਸਾਨੀ ਦੀ ਦਸ਼ਾ ਤੇ ਦਿਸ਼ਾ ਨੂੰ ਜਾਟ ਅੰਦੋਲਨ ਦੇ ਪ੍ਰਤੀਕ ਰਾਹੀਂ ਉਭਾਰਿਆ ਗਿਆ ਹੈ। ਕਿਸਾਨ ਕਿਵੇਂ ਦਿਨ-ਬ-ਦਿਨ ਕਰਜ਼ੇ ਦੀ ਦਲਦਲ ਵਿਚ ਡੂੰਘਾ ਹੋਰ ਡੂੰਘਾ ਧੱਸਦਾ ਜਾਂਦਾ ਹੈ। ਕਰਜ਼ੇ ਦੇ ਨਾਲ-ਨਾਲ ਕਿਸਾਨੀ ਪਰਿਵਾਰ ਦੇ ਨੌਜਵਾਨ ਮੁੰਡਿਆਂ ਨੂੰ ਇੰਜੀਨੀਅਰਿੰਗ ਦੀ ਪੜ੍ਹਾਈ ਕਰਨ ਦੇ ਬਾਵਜੂਦ ਉਹਨਾਂ ਦੇ ਹਾਣ ਦੀ ਨੌਕਰੀ ਨਹੀਂ ਮਿਲਦੀ ਜਾਂ ਤਾਂ ਮਹਿਕ ਵਾਂਗ ਉਹਨਾਂ ਨੂੰ ਪੰਜਾਬ ਛੱਡ ਬੰਗਲੌਰ ਤੇ ਫਿਰ ਕੈਨੇਡਾ ਜਾਣਾ ਪੈਂਦਾ ਹੈ ਤੇ ਜਾਂ ਫਿਰ ਡਰਾਈਵਰ ਬਣਨਾ ਪੈਂਦਾ ਹੈ। ਨਮੂਨਾ ਵੇਖੋ:

"ਸਾਹਮਣੇ ਹਾਈਵੇ ਤੇ ਧਰਨਾ ਪ੍ਰਦਰਸ਼ਨ ਹੋ ਰਿਹਾ
ਸੀ। ਕੁਝ ਹੱਥਾਂ ਵਿਚ ਜਾਟ ਅੰਦੋਲਨ ਵਾਲੀਆਂ
ਤਖਤੀਆਂ ਚੁੱਕੀਆਂ ਹੋਈਆਂ ਸਨ।"
"ਜੱਟ ਵੀ ਹੁਣ ਕੋਟੇ ਮੰਗਣ ਲੱਗਗੇ. . . .।"

"ਅੰਕਲ ਜੀ, ਕੋਟੇ ਨਾ ਭਾਲਣ ਤਾਂ ਹੋਰ ਕੀ
ਕਰਨ ?. . . .ਮੇਰੇ ਵਾਂਗ ਇੰਜੀਨੀਅਰਿੰਗ ਕਰਕੇ
ਟੈਕਸੀਆਂ ਚਲਾਉਣ ?"8

ਕਹਾਣੀ ਸੰਗ੍ਰਹਿ ਵਿਚ ਅਗਲੀ ਕਹਾਣੀ 'ਵਾਰਸ' ਹੈ। ਇਸ ਕਹਾਣੀ ਵਿਚ ਪੰਜਾਬ ਸੰਕਟ ਦੇ ਕਾਲਖੰਡ ਨੂੰ ਕੇਂਦਰ ਵਿਚ ਰੱਖ ਕੇ, ਪਰਵਾਸ ਦੀ ਦੌੜ, ਭਾਈਚਾਰਕ ਸਾਂਝਾਂ ਦਾ ਟੁੱਟਣਾ, ਰਾਜਨੀਤਕ ਨਿਰੈਟਿਵ, ਖਾੜਕੂਵਾਦ 'ਤੇ ਚੜ੍ਹਾਈ ਗਈ ਫਿਰਕੂ ਪਰਤੋਂ, ਫਿਰਕੂ ਤਾਕਤਾਂ ਤੇ ਪੰਜਾਬ ਪਿਆਰ ਆਦਿ ਨੂੰ ਕੜੀਦਾਰ ਪ੍ਰਬੰਧ ਵਿਚ ਚਿਤਰਿਆ ਗਿਆ ਹੈ। ਵਾਸਤਵ ਵਿਚ ਇਹ ਕਹਾਣੀ ਦੋ ਅੰਤਰ ਸਬੰਧਿਤ ਮੁਹਾਜਾਂ ਉਪਰ ਆਪਣੀ-ਆਪਣੀ ਵਿਰਾਸਤ ਦੇ ਵਾਸਤਵਿਕ ਵਾਰਸਾਂ ਦੀ ਨਿਸ਼ਾਨਦੇਹੀ ਕਰਦੀ ਹੈ। ਕਹਾਣੀ ਵਿਚ ਕੁਲਦੀਪ ਪੰਜਾਬ ਸੰਕਟ ਦੇ ਕਾਲੇ ਦੌਰ ਨੂੰ ਆਪਣੇ ਪਿੰਡੇ ਉਪਰ ਹੰਢਾਉਂਦਾ ਹੈ। ਉਸ ਦੇ ਆਰੀਆ ਕਾਲਜ ਜਲੰਧਰ ਵਿਚ ਪੜ੍ਹਨ ਸਮੇਂ ਦੀਆਂ ਘਟਨਾਵਾਂ ਤੇ ਯਾਦਾਂ ਸਿਮਰਤੀ ਵਿਚ ਡੂੰਘੀਆਂ ਵਸੀਆਂ ਹਨ ਜਿਹਨਾਂ ਤੋਂ ਸਾਨੂੰ ਵਾਸਤਵਿਕ ਖਾੜਕੂਆਂ ਤੇ ਦੰਭੀ ਰਾਜਨੀਤਕ ਆਤੰਕਵਾਦੀਆਂ ਵਿਚਕਾਰ

ਇਕ ਵਿੱਥ ਬੜੀ ਸਪੱਸ਼ਟ ਵਿਖਾਈ ਦਿੰਦੀ ਹੈ। ਧਾਰਮਿਕ ਅਕੀਦੇ ਦੇ ਅਧਾਰ 'ਤੇ ਕਾਲਜ ਵਿਦਿਆਰਥੀਆਂ ਵਲੋਂ ਕੀਤੀਆਂ ਗਈਆਂ ਬੇਲੋੜੀਆਂ ਵਧੀਕੀਆਂ ਤੇ ਜ਼ੁਰਮਾਂ ਨੂੰ ਕਹਾਣੀ ਅਗਰਭੂਮੀ ਵਿਚ ਲਿਆ ਕੇ ਪੇਸ਼ ਕਰਦੀ ਹੈ। ਭਰਪੂਰ ਤੇ ਗੁਰਲਾਭ ਵਰਗੇ ਪਾਤਰ ਮਤਲਬਖੋਰੀ ਤੇ ਮੌਕਾਪ੍ਰਸਤੀ ਕਾਰਨ ਆਪਣੇ-ਆਪਣੇ ਮਨਸੂਬਿਆਂ ਵਿਚ ਕਾਮਯਾਬ ਹੁੰਦੇ ਹਨ। ਉਹ ਆਪਣੀਆਂ ਨਿੱਜੀ ਰੰਜਿਸ਼ਾਂ ਤੇ ਬਦਲਾ ਲਊ ਨੀਤੀਆਂ ਤਹਿਤ ਪ੍ਰੋ. ਮਿੱਤਲ ਦਾ ਕਤਲ ਕਰਦੇ ਹਨ ਅਤੇ ਅਖਬਾਰਾਂ ਵਿਚ ਸਾਰੀ ਕਾਰਵਾਈ ਦਾ ਠੂਠਾ ਗੁਰਪ੍ਰੀਤ ਪ੍ਰਧਾਨ ਦੇ ਸਿਰ ਭੰਨਿਆਂ ਜਾਂਦਾ ਹੈ। ਖੁਦ ਕੁਲਦੀਪ ਵੀ ਮਿੱਤਲ ਦੇ ਕਤਲ ਲਈ ਗੁਰਪ੍ਰੀਤ ਨੂੰ ਕਸੂਰਵਾਰ ਸਮਝਦਾ ਰਹਿੰਦਾ ਹੈ ਪਰ ਜਦੋਂ ਆਖਰੀ ਸਮੇਂ ਗੁਰਪ੍ਰੀਤ ਨਾਲ ਉਸਦੀ ਮੁਲਾਕਾਤ ਹੁੰਦੀ ਹੈ ਤਾਂ ਭਰਪੂਰ ਤੇ ਗੁਰਲਾਭ ਦੀ ਕਾਰਗੁਜਾਰੀ ਤੇ ਰਾਜਨੀਤਕ ਚਾਲਬਾਜ਼ੀ ਬਾਰੇ ਗਿਆਨ ਹੁੰਦਾ ਹੈ ਤੇ ਗੁਰਪ੍ਰੀਤ ਦੀ ਪਾਕੀਜਗੀ ਤੇ ਲਹਿਰ ਦੇ ਅਸਲੀ ਵਾਰਸ ਹੋਣ ਦਾ ਅਹਿਸਾਸ ਜਾਗਦਾ ਹੈ। ਗੁਰਪ੍ਰੀਤ ਦਾ ਪੁਲਸ ਕੋਲ ਕੁਲਦੀਪ ਬਾਰੇ ਕੋਈ ਵੇਰਵਾ ਨਾ ਦੇਣਾ ਤੇ ਮੈਦਾਨ ਛੱਡ ਕੇ ਨਾ ਭੱਜਣ ਦਾ ਅਮਲ ਇਸ ਕਥਨ ਦੀ ਪ੍ਰੜਤਾ ਕਰਦਾ ਹੈ। ਨਮੂਨਾ ਵੇਖੋ :

> "ਪ੍ਰੋ. ਮਿੱਤਲ ਨੂੰ ਮਾਰਨਾ ਕੀ ਐਡਾ ਹੀ ਜ਼ਰੂਰੀ ਸੀ?"
> "ਮੈਂ ਉਹਨੂੰ ਕਾਹਨੂੰ ਮਾਰਿਆ। ਮੈਂ ਤਾਂ ਇਸ ਤਰ੍ਹਾਂ ਦੀਆਂ ਗੱਲਾਂ ਦੇ ਪਹਿਲੇ ਦਿਨੋਂ ਹੀ ਬਰਖਿਲਾਫ਼ ਆਂ।. . . ਗੁਰਲਾਭ ਤੇ ਭਰਪੂਰ ਹੀ ਨੀ ਟਲੇ।. . . . ਗੁਰਲਾਭ ਕਿੱਥੇ ਆ? . . .. ਕੈਨੇਡਾ ਬੈਠਾ।. . .. ਤੇ ਤੂੰ ਕੀ ਸੋਚਿਆ? . . ਖਾਲਸੇ ਦਾ ਕੰਮ ਨਹੀਂ ਮੈਦਾਨ ਛੱਡਣਾ। ਇੱਥੇ ਜੀਆਂਗੇ ਇੱਥੇ ਮਰਗੇ। ਜਿਹੜੀ ਧਰਤੀ ਲਈ ਲੜੇ ਜੇ ਉਹੀ ਛੱਡ ਦਿੱਤੀ ਤਾਂ ਲੜਾਈ ਕਾਹਦੀ ਹੋਈ?"9

ਦੂਜੇ ਮੁਹਾਜ 'ਤੇ ਕਹਾਣੀ ਵਿਚ ਭੂਖੰਡ ਪੰਜਾਬ ਦੇ ਮੂਲ ਵਾਰਸਾਂ ਦੀ ਹੋਣੀ ਅਤੇ ਅਗਲੇ ਵਾਰਸਾਂ ਦੀ ਸੋਝੀ ਕਰਵਾਈ ਗਈ ਹੈ। ਬਲਜੀਤ ਤੇ ਰਣਜੋਧ ਵਰਗੇ ਪੰਜਾਬ ਦੇ ਮੂਲ ਵਾਰਸ ਆਪਣੇ ਸੁਨਹਿਰੇ ਭਵਿੱਖ ਦੇ ਸੁਪਨਿਆਂ ਲਈ ਤੇ ਬਿਹਤਰ ਰੁਜ਼ਗਾਰ ਦਾ ਚੋਗ ਚੁੱਗਣ ਲਈ ਪਰਵਾਸ ਦੀ ਉਡਾਰੀ ਮਾਰਨ ਲਈ ਆਪਣੇ ਪਰਾਂ ਨੂੰ ਤੋਲ ਰਹੇ ਹਨ। ਹਾਲਾਂਕਿ ਕੁਲਦੀਪ ਗੁਰਪ੍ਰੀਤ ਵਾਂਗ ਆਪਣੀ ਧਰਤੀ ਛੱਡਣ ਲਈ ਤਿਆਰ ਨਹੀਂ ਹੁੰਦਾ ਪਰ ਆਪਣੇ ਪੂਰੇ ਪਰਿਵਾਰ ਦੇ ਭਵਿੱਖ ਦੇ ਸਾਹਵੇਂ ਉਸਦੀ ਨਿੱਜੀ ਹਸਰਤ ਫਿੱਕੀ ਪੈ ਜਾਂਦੀ ਹੈ। ਇਸ ਤਰ੍ਹਾਂ ਬਿਹਾਰ ਤੋਂ ਆਏ ਮਜ਼ਦੂਰ ਤੇ ਉਹਨਾਂ ਦੇ ਪਰਿਵਾਰ ਹੀਰਾ ਤੇ ਲੱਛਮੀ ਦੇ ਰੂਪ ਵਿਚ ਆਪਣੇ ਆਪ ਨੂੰ ਪੰਜਾਬ ਦਾ ਵਾਰਸ ਵਜੋਂ ਸਥਾਪਤ ਕਰਦੇ ਸ਼ਾਖਸਾਤ ਪ੍ਰਤੱਖ ਹੁੰਦੇ ਹਨ। ਕਹਾਣੀ ਵਿਚ ਪੰਜਾਬ ਸੰਕਟ ਦੇ ਦੌਰਾਨ ਸਰਕਾਰੀ ਅੱਤਵਾਦ ਨੂੰ ਪੁਲਸ ਦੁਆਰਾ ਕੀਤੇ ਜਾਂਦੇ ਤਸਦੱਦਾਂ ਤੇ ਬਣਾਏ ਗਏ ਝੂਠੇ ਮੁਕਾਬਲਿਆਂ ਦੇ ਰਾਹੀਂ ਰੂਪਮਾਨ ਕੀਤਾ ਗਿਆ ਹੈ। ਗੁਰਪ੍ਰੀਤ ਦਾ ਝੂਠਾ ਮੁਕਾਬਲਾ ਹੋਣ ਦੀ ਸ਼ੰਕਾ ਅਤੇ ਬੱਸਾਂ ਵਿਚੋਂ ਕਿਸੇ ਖ਼ਾਸ ਤਬਕੇ ਦੇ ਲੋਕਾਂ ਨੂੰ ਕੱਢ ਕੇ ਮਾਰਨਾ ਆਦਿ ਸਰਕਾਰੀ ਅੱਤਵਾਦ ਨੂੰ ਸੰਕੇਤਕ ਰੂਪ ਵਿਚ ਅਭਿਵਿਅਕਤ ਕਰਦਾ ਹੈ।



ਕਹਾਣੀ ਵਿਚ ਮਨੁੱਖ ਦੇ ਮਨ ਅੰਦਰਲੀਆਂ ਗੁੰਝਲਾਂ, ਗੰਢਾਂ, ਭਾਵਨਾਵਾਂ, ਸ਼ੰਕਿਆਂ, ਅਕਾਂਖਿਆਵਾਂ, ਸੰਸਿਆਂ, ਝੋਰਿਆਂ ਤੇ ਤੌਖਲਿਆਂ ਨੂੰ ਬਿਆਨ ਕੀਤਾ ਗਿਆ ਹੈ। ਕਿਸੇ ਮਨੁੱਖ ਦੇ ਅੰਤਰਮਨ ਤਕ ਪਹੁੰਚ ਸਮਾਜਕ ਜਾਂ ਪਰਿਵਾਰਕ ਰਿਸ਼ਤਿਆਂ ਦੀ ਉਮਰ ਦੇ ਅਧਾਰ 'ਤੇ ਨਹੀਂ ਕੀਤੀ ਜਾ ਸਕਦੀ ਬਲਕਿ ਅੰਤਰਮਨ ਤਕ ਪਹੁੰਚ ਆਪਸੀ ਭਾਵਨਾਤਮਕ ਤੇ ਵਿਚਾਰਧਰਾਈ ਧਰਾਤਲਾਂ ਦੀ ਸਾਂਝ 'ਤੇ ਨਿਰਭਰ ਕਰਦੀ ਹੈ। ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਭਾਵਨਾਤਮਕ ਸਾਂਝਾਂ ਦੀ ਅਧਾਰਸ਼ਿਲਾ ਕਿਤੇ ਨਾ ਕਿਤੇ ਸਹਿਯੋਗ ਤੋਂ ਇਲਾਵਾ ਨਿੱਜੀ ਹਿਤ ਤੇ ਮੁਫ਼ਾਦ ਵੀ ਹੁੰਦੇ ਹਨ। ਇਹੀ ਕਾਰਨ ਹੈ ਕਿ ਸਤਵੰਤ ਦਾ ਝੁਕਾਅ ਆਪਣੇ ਪਤੀ ਕੁਲਦੀਪ ਦੀ ਥਾਂ ਪੁੱਤ ਬਲਜੀਤ ਵਲ ਵਧੇਰੇ ਹੈ। ਪਰਿਵਾਰ ਵਿਚ ਸਾਰੇ ਮਸਲਿਆਂ 'ਤੇ ਸਹਿਮਤੀਆਂ ਬਲਜੀਤ ਦੇ ਹੱਕ ਵਿਚ ਹੁੰਦੀਆਂ ਹਨ ਤੇ ਕੁਲਦੀਪ ਕਿਤੇ ਨਾ ਕਿਤੇ ਬੇਗਾਨਗੀ ਦਾ ਅਹਿਸਾਸ ਹੰਢਾਉਂਦਾ ਹੈ। ਨਮੂਨਾ ਵੇਖੋ:

> "ਉਸਨੇ ਆਪਣੀ ਅੰਦਰਲੀ ਆਵਾਜ਼ ਕਿਹੜਾ ਕਦੇ ਕਿਸੇ ਨੂੰ ਸੁਣਨ ਦਿੱਤੀ ਸੀ। ਪੱਚੀ ਸਾਲ ਤੋਂ ਇੱਕੋ ਬੈੱਡ ਤੇ ਸੌਂ ਕੇ ਸਤਵੰਤ ਕਿਹੜਾ ਉਸਦੀ ਆਵਾਜ਼ ਸੁਣ ਪਾਈ ਸੀ। ਕਈ ਵਾਰ ਉਸਨੂੰ ਜਾਪਦਾ ਐਡੇ ਹਰੇ-ਭਰੇ ਸੰਸਾਰ ਵਿਚ ਉਹ ਬਹੁਤ ਇਕੱਲਾ ਰਹਿ ਗਿਆ ਹੋਵੇ।"10
> "ਵੀਹ ਸਾਲ ਮੈਂ ਸਾਈਕਲ ਤੇ ਪਾਸੇ ਤੜਾਉਂਦੀ ਰਹੀ ਆਂ। ਕਿਸੇ ਨੇ ਪੁੱਛਿਆ ?ਹੋਇਆ ਤੁਹਾਥੋਂ ਕੁੱਛ? ਆਹ ਬੱਲੀ ਨੇ ਦੇਖ ਲੌ ਕਿਵੇਂ ਕਰਾਇਆ ਸਭ ਚੁਟਕੀ ਨਾਲ।"11

ਕਹਾਣੀ ਵਿਚ ਦੋਨੋਂ ਮੁਹਾਜਾਂ ਦੇ ਅਸਲ ਵਾਰਸਾਂ ਦੀ ਟੋਹੀ ਕਹਾਣੀਕਾਰ ਕੁਲਦੀਪ ਦੀ ਦਾਦੀ ਤੇ ਕੁਲਦੀਪ ਦੇ ਚਾਚੇ ਦੇ ਆਪਸੀ ਸੰਵਾਦ ਤੋਂ ਸੰਕੇਤਕ ਰੂਪ ਵਿਚ ਦਿੰਦਾ ਹੈ। ਵਿਰਾਸਤ ਨੂੰ ਸਾਂਭਣ ਨਾਲ ਕੋਈ ਵਾਰਸ ਨਹੀਂ ਬਣ ਜਾਂਦਾ ਬਲਕਿ ਵਿਰਾਸਤ ਦੇ ਪ੍ਰਤੀ ਲਗਾਅ, ਸੰਵੇਦਨਾ, ਪਿਆਰ, ਫਿਰਕਮੰਦੀ ਆਦਿ ਦਾ ਅਹਿਸਾਸ ਤੇ ਭਵਿੱਖਮੁਖੀ ਵਿਕਾਸ ਦੀ ਚੇਤਨਾ ਹੀ ਵਾਰਸ ਹੋਣ ਦੀਆਂ ਲਾਜ਼ਮੀ ਸ਼ਰਤਾਂ ਹਨ। ਬ੍ਰਹਿਮੰਡੀ ਪਸਾਰ ਵਿਚ ਹਰ ਸੰਜੀਵ ਰਚਨਾ ਦੀ ਵਿਰਾਸਤ ਦੇ ਵਾਰਸ ਇਹਨਾਂ ਗੁਣਾਂ ਤੋਂ ਅਵਚੇਤਨੀ ਰੂਪ ਵਿਚ ਵੀ ਸੱਖਣੇ ਨਹੀਂ ਹੋ ਸਕਦੇ। ਜੇਕਰ ਕਿਸੇ ਵੀ ਵਿਰਾਸਤ ਨੂੰ ਅਜਿਹੇ ਵਾਰਸ ਹਾਸਲ ਹੁੰਦੇ ਹਨ ਤਾਂ ਉਸ ਦਾ ਨਿਘਾਰ ਵਲ ਜਾਣਾ ਤੈਅ ਹੈ। ਨਮੂਨਾ ਵੇਖੋ :

> "ਤੂੰ ਕਿੱਧਰੋਂ ਜੰਮ ਪਿਆ ਵੱਡਾ ਵਾਰਸ। ਐਨੇ ਸਾਲ ਪਿੱਛਾ ਭੌਂਅ ਕੇ ਵੇਖਿਆ ਈ? ਕੌਣ ਮਰਿਆ ਕੌਣ ਜੀਆ? ਵਾਰਸ ਉਹ ਹੁੰਦਾ ਜਿਹੜਾ ਮਾਂ ਦੀ ਕੁੱਖ ਬਾਂਝ ਕਰ ਦੇਵੇ? . . . . . . ਵਾਰਸ ਉਹ ਜਿਹੜਾ ਕੁੱਲ ਨੂੰ ਭਾਗ ਲਾਵੇ। ਨਦੀਨ ਪੁੱਟਦਾ

ਜਿਹੜਾ ਫ਼ਸਲ ਪੁੱਟ ਘੱਤੇ ਉਹ ਕਿੱਧਰ ਦਾ ਵਾਰਸ
ਹੋਇਆ ਭਲਾ?"12

'ਸੰਤ ਦਾ ਕਤਲ' ਕਹਾਣੀ ਸੰਗ੍ਰਹਿ ਵਿਚ ਸ਼ਾਮਲ ਆਖਰੀ ਕਹਾਣੀ ਹੈ। 'ਸੰਤ ਦਾ ਕਤਲ' ਤੇ 'ਸਾਂਝਾਂ ਦੀ ਸਤਰੰਜ' ਕਹਾਣੀਆਂ ਦੇ ਕਥਾ ਵਸਤੂ ਦਾ ਧਰਾਤਲ ਬਹੁਤ ਹੱਦ ਤਕ ਆਪਸ ਵਿਚ ਮੇਲ ਖਾਂਦਾ ਹੈ। ਪਹਿਲੀ ਕਹਾਣੀ ਵਿਚ ਕਾਲਜੀ ਪ੍ਰਬੰਧ ਵਿਚ ਮੌਜੂਦ ਜਾਤੀਵਾਦ, ਭੇਦਭਾਵ, ਵਿਤਕਰਾ, ਜਾਤੀ ਹਉਮੈਂ, ਰਾਜਨੀਤਕ ਚਾਲਬਾਜ਼ੀ ਅਤੇ ਵਿਦਿਆਰਥੀ-ਅਧਿਆਪਕ ਦੇ ਸਬੰਧਾਂ ਵਿਚਲੀ ਕਾਮੁਕਤਾ ਨੂੰ ਉਭਾਰਿਆ ਗਿਆ ਹੈ, ਉੱਥੇ ਇਸ ਕਹਾਣੀ ਵਿਚ ਵੀ ਇਹਨਾਂ ਸਾਰੇ ਵਿਸ਼ਿਆਂ ਦੇ ਨਾਲ-ਨਾਲ ਇਕੱਲਤਾ, ਬੇਗਾਨਗੀ, ਬੇਵਿਸਾਹੀ ਆਦਿ ਦੇ ਅਹਿਸਾਸਾਂ ਨੂੰ ਵੀ ਚਿਤਰਿਆ ਗਿਆ ਹੈ। ਇਸ ਕਹਾਣੀ ਵਿਚ ਪ੍ਰੋ. ਦੇਸ਼ਬੰਧੂ ਕੇਂਦਰੀ ਪਾਤਰ ਵਜੋਂ ਵਿਚਰਦਾ ਹੈ ਅਤੇ ਸਾਰੀ ਕਹਾਣੀ ਉਸਦੇ ਇਰਦ-ਗਿਰਦ ਬੁਣੀ ਗਈ ਹੈ। ਕਹਾਣੀ ਵਿਚ ਦੇਸ਼ਬੰਧੂ ਦੀ ਮਾਨਸਿਕਤਾ ਨੂੰ ਉਘੇੜਵੇਂ ਰੂਪ ਵਿਚ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਦਲਿਤ ਜਾਤੀ ਨਾਲ ਸਬੰਧਿਤ ਦੇਸ਼ਬੰਧੂ, ਉਸਦੇ ਬਾਪ ਦੁਆਰਾ ਆਪਣੀ ਮਿਹਨਤ ਦੀ ਉਜਰਤ ਵਧਾਉਣ ਦੀ ਮੰਗ ਰੱਖਣ ਕਾਰਨ ਰਾਜਸਥਾਨ ਦੇ ਕਿਸੇ ਪਿੰਡ ਵਿਚੋਂ ਕੱਢੇ ਜਾਣ ਤੇ ਬਾਪ ਦੇ ਕਤਲ ਦੇ ਬਾਅਦ, ਆਪਣੀ ਮਾਂ ਨਾਲ ਜਲੰਧਰ ਲਾਗੇ ਪਿੰਡ ਵਿਚ ਆ ਕੇ, ਆਪਣੀ ਮਿਹਨਤ ਤੇ ਲਗਨ ਦੇ ਸਦਕਾ ਕਾਲਜ ਵਿਚ ਪ੍ਰੋ. ਲੱਗਣ ਵਿਚ ਕਾਮਯਾਬ ਹੁੰਦਾ ਹੈ। ਪਰ ਉਸਦਾ ਬਚਪਨ ਜਿਹਨਾਂ ਹਾਲਾਤਾਂ ਵਿਚ ਗੁਜਰਿਆ ਅਤੇ ਜਿਹੜੀਆਂ ਦੁਸ਼ਵਾਰੀਆਂ ਉਸਨੇ ਆਪਣੇ ਪਿੰਡੇ ਉਪਰ ਹੰਢਾਈਆਂ, ਉਹਨਾਂ ਦਾ ਉਸਦੀ ਮਾਨਸਿਕਤਾ ਉਪਰ ਗਹਿਰਾ ਅਸਰ ਹੁੰਦਾ ਹੈ। ਉਹ ਆਪਣੀ ਕਾਬਲੀਅਤ ਸਦਕਾ ਕਾਲਜ ਪ੍ਰਬੰਧਨ ਵਿਚ ਲੋਕਪ੍ਰਿਯਤਾ ਹਾਸਲ ਕਰਦਾ ਹੈ ਅਤੇ ਕਾਲਜ ਦੇ ਯੂਥ ਫੈਸਟੀਵਲ ਵਿਚ ਬਿਹਤਰ ਪ੍ਰਦਰਸ਼ਨ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। ਪਰ ਜਾਤੀਵਾਦ ਦਾ ਕੀੜਾ ਜੋ ਸਵਰਨ ਤੇ ਗੈਰ ਦਲਿਤ ਜਾਤਾਂ ਦੇ ਅਵਚੇਤਨ ਵਿਚ ਡੂੰਘਾ ਫਸਿਆ ਹੋਇਆ ਹੈ, ਦੇ ਕਾਰਨ ਮਾਨਸਿਕ ਬਿਮਾਰ ਅਧਿਆਪਕਾਂ ਦਾ ਇਕ ਵਰਗ ਦੇਸ਼ਬੰਧੂ ਦੇ ਵਿਰੁੱਧ ਸਾਜਿਸ਼ਾਂ ਘੜਦਾ ਹੈ ਅਤੇ ਉਸਨੂੰ ਆਪਣੇ ਚਕਰਵਿਊ ਵਿਚ ਫਸਾ ਕੇ ਨੌਕਰੀ ਤੋਂ ਬਰਖਾਸਤ ਕਰਾਉਣ ਵਿਚ ਸਫ਼ਲ ਹੋ ਜਾਂਦਾ ਹੈ। ਘਰ ਵਿਚ ਇਕੋ-ਇਕ ਕਮਾਊ ਹੋਣ ਕਾਰਨ ਇਸ ਸਦਮੇ ਨੂੰ ਸਹਾਰ ਨਹੀਂ ਪਾਉਂਦਾ ਤੇ ਉਸਨੂੰ ਅਧਰੰਗ ਦਾ ਅਟੈਕ ਹੋ ਜਾਂਦਾ ਹੈ।

ਕਹਾਣੀ ਵਿਚ ਪੰਜਾਬ ਦੇ ਡੇਰਿਆਂ ਦੀ ਕਾਰਗੁਜਾਰੀ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਗਿਆ ਹੈ। ਰਾਜਸਥਾਨ ਤੋਂ ਉਜੜ ਕੇ ਪੰਜਾਬ ਆ ਕੇ ਬੰਧੂ ਦੀ ਮਾਂ ਜਿਸ ਪਿੰਡ ਵਿਚ ਆਪਣਾ ਟਿਕਾਣਾ ਬਣਾਉਂਦੀ ਹੈ, ਉੱਥੇ ਨੇੜੇ ਹੀ ਇਕ ਡੇਰਾ ਹੁੰਦਾ ਹੈ ਜੋ ਬੜੀ ਤੇਜ਼ੀ ਨਾਲ ਸੱਤਿਆ(ਬੰਧੂ ਦੀ ਮਾਂ) ਦਾ ਸਹਾਰਾ ਬਣਦਾ ਹੈ। ਸੱਤਿਆ ਦਿਨ ਰਾਤ ਡੇਰੇ ਵਾਲੇ ਬਾਬੇ ਦਾ ਗੁਣਗਾਣ ਕਰਦੀ ਹੈ ਅਤੇ ਤਨ ਮਨ ਡੇਰੇ ਨੂੰ ਸਮਰਪਿਤ ਕਰ ਦਿੰਦੀ ਹੈ। ਬੰਧੂ ਵੀ ਆਪਣੀ ਮਾਂ ਨਾਲ ਡੇਰੇ ਜਾਂਦਾ ਹੈ ਅਤੇ ਇਕ ਰਾਤ ਉੱਥੇ ਹੀ ਇਕ ਬਾਬੇ ਦੇ ਕਮਰੇ ਵਿਚ ਉਸਦਾ ਸ਼ੋਸ਼ਣ ਕੀਤਾ ਜਾਂਦਾ ਹੈ। ਇਸ ਘਟਨਾ ਤੋਂ ਬਾਅਦ ਉਸਦਾ ਡੇਰੇ ਨਾਲ ਮੋਹ ਭੰਗ ਹੋ ਜਾਂਦਾ ਹੈ ਪਰ ਉਹ ਆਪਣੀ ਮਾਂ ਨੂੰ ਆਰਥਿਕ ਮਜ਼ਬੂਰੀ ਕਾਰਨ ਡੇਰੇ ਜਾਣ ਤੋਂ ਰੋਕਣ ਦੇ ਕਾਬਲ ਨਹੀਂ। ਆਪਣੀ ਮਿਹਨਤ ਦੀ ਮਾਮੂਲੀ ਜਿਹੀ ਉਜਰਤ ਵਧਾਉਣ ਦੀ ਮੰਗ ਰੱਖਣ ਕਾਰਨ ਬਾਪ ਦਾ ਕਤਲ ਤੇ ਪਿੰਡ ਤੋਂ



ਨਿਕਾਲਾ ਅਤੇ ਡੇਰੇ ਦੇ ਤਲਿਸੱਮ ਦਾ ਟੁੱਟਣਾ ਆਦਿ ਘਟਨਾਵਾਂ ਦੀਆਂ ਉਸਦੇ ਮਨ ਅੰਦਰ ਗੰਢਾਂ ਬਣ ਜਾਂਦੀਆਂ ਹਨ ਅਤੇ ਉਹ ਤਾਅ ਉਮਰ ਆਪਣੇ ਅਤੀਤ ਨਾਲ ਘੁਲਦਾ ਹੈ। ਉਸ ਵਿਚ ਆਪਣੇ ਬਾਪ ਵਾਂਗ ਹੀ ਸੱਚ ਨਾਲ ਖੜ੍ਹਨ ਦੀ ਜ਼ੁਰਅਤ ਹੈ, ਇਹੀ ਕਾਰਨ ਹੈ ਕਿ ਐਥਲੇਟਿਕਸ ਮੀਟ ਵਿਚ ਉਹ ਕਾਮਨੀ ਨਾਲ ਹੁੰਦਾ ਧੱਕਾ ਬਰਦਾਸ਼ਤ ਨਹੀਂ ਕਰ ਪਾਉਂਦਾ ਅਤੇ ਇਹ ਭੁੱਲ ਕੇ ਕਿ ਕਾਮਨੀ ਦੇ ਨਾਂ ਨਾਲ ਉਸਦੇ ਨਾਂ ਨੂੰ ਜੋੜ ਕੇ ਬਦਨਾਮ ਕੀਤਾ ਗਿਆ ਸੀ, ਉਸਦੇ ਹੱਕ ਵਿਚ ਭੁਗਤਦਾ ਹੈ ਅਤੇ ਕਾਫ਼ੀ ਬਖੇੜਾ ਖੜ੍ਹਾ ਕਰਦਾ ਹੈ। ਇਸ ਤਰ੍ਹਾਂ ਉਹ ਦਲਿਤ ਵਿਦਿਆਰਥੀਆਂ ਦੇ ਹੱਕਾਂ ਲਈ ਲੜਨ ਦੀ ਬੜੀ ਮਹਿੰਗੀ ਕੀਮਤ ਤਾਰਦਾ ਹੈ। ਕਾਲਜ ਵਿਚ ਲਗਾਤਾਰ ਪੈ ਰਹੇ ਸਮਾਜਕ, ਮਾਨਸਿਕ, ਸਭਿਆਚਾਰਕ ਤੇ ਪ੍ਰਸ਼ਾਸ਼ਨੀ ਦਬਾਅ ਕਾਰਨ ਉਸ ਦੇ ਸੁਭਾਅ ਵਿਚ ਜ਼ਿੱਦੀਪੁਣਾ ਆ ਜਾਂਦਾ ਹੈ। ਇਹਨਾਂ ਦਬਾਵਾਂ ਦੇ ਕਾਰਨ ਬੰਧੂ ਗੁੱਸੇ ਤੇ ਹਉਮੈਂ ਦਾ ਸ਼ਿਕਾਰ ਹੋ ਜਾਂਦਾ ਹੈ ਅਤੇ ਬੜੀ ਤਰਸਯੋਗ ਹੋਣੀ ਦਾ ਪਾਤਰ ਬਣਦਾ ਹੈ।

ਆਖਰ ਵਿਚ ਜੇਕਰ ਅਸੀਂ ਕਹਾਣੀਆਂ ਦੇ ਰੂਪਕ ਪੱਖ ਬਾਰੇ ਵਿਚਾਰ ਕਰੀਏ ਤਾਂ ਕਹਾਣੀਕਾਰ ਜਿਆਦਾਤਰ ਕਹਾਣੀਆਂ ਵਿਚ ਪਿੱਛਲਝਾਤ ਦੀ ਜੁਗਤ ਵਰਤਦਾ ਹੈ ਪਰ ਕਹਾਣੀ ਵਿਚ ਜਦੋਂ ਪਾਤਰ ਅਤੀਤ ਦੇ ਸਮੁੰਦਰ 'ਚੋਂ ਡੂੰਘੀ ਟੁੱਭੀ ਲਾ ਕੇ ਵਰਤਮਾਨ ਵਿਚ ਪਹੁੰਚਦਾ ਹੈ ਤਾਂ ਉਹ ਅਸਹਿਜ ਮਹਿਸੂਸ ਨਹੀਂ ਹੁੰਦਾ। ਕਹਾਣੀ ਸੰਗ੍ਰਹਿ ਵਿਚਲੀਆਂ ਸਾਰੀਆਂ ਕਹਾਣੀਆਂ ਲੰਮੀਆਂ ਹਨ ਪਰ ਕਿਤੇ ਵੀ ਕਹਾਣੀ ਵਿਚ ਵਾਧੂ ਪਸਾਰ ਜਾਂ ਖਿਲਾਰਾ ਨਹੀਂ ਮਿਲਦਾ ਅਤੇ ਕਹਾਣੀ ਦੀ ਚਾਲ ਵਿਚਲੀ ਰਵਾਨਗੀ ਤੇ ਸਹਿਜਤਾ ਪਾਠਕ ਨੂੰ ਉਕਤਾਉਣ ਨਹੀਂ ਦਿੰਦੀ। ਉਸ ਕੋਲ ਬਿਰਤਾਂਤ ਨੂੰ ਬੀੜਣ ਦੀ ਕਮਾਲ ਦੀ ਸੋਝੀ ਹੈ। ਉਹ ਅਕਾਰ ਪੱਖੋਂ ਹੀ ਲੰਮੀ ਨਹੀਂ ਬਲਕਿ ਵਿਸ਼ਾ ਪੱਖ ਤੋਂ ਵੀ ਵਿਸ਼ਾਲ ਕੈਨਵਸ ਦੀ ਕਹਾਣੀ ਲਿਖਦਾ ਹੈ। ਉਹ ਕੁਝ ਕਹਾਣੀਆਂ ਵਿਚ ਪੰਜਾਬ ਸੰਕਟ ਦੇ ਕਾਲਖੰਡ ਨੂੰ ਪਿੱਠਭੂਮੀ ਵਿਚ ਰੱਖ ਕੇ, ਉਸਦੇ ਦੂਰਰਸੀ ਪ੍ਰਭਾਵਾਂ ਨੂੰ ਚਿਤਰਦਾ ਹੋਇਆ ਕਥਾਨਕ ਨੂੰ ਵਰਤਮਾਨ ਤਕ ਫੈਲਾਅ ਦਿੰਦਾ ਹੈ। ਲੇਖਕ ਪਾਤਰਾਂ ਦੀ ਭਾਸ਼ਾ, ਸ਼ਬਦਾਵਲੀ ਤੇ ਸ਼ੈਲੀ ਨੂੰ ਪੇਸ਼ ਕਰਨ ਸਬੰਧੀ ਪੂਰੀ ਤਰ੍ਹਾਂ ਚੇਤੰਨ ਹੈ। ਕਹਾਣੀਆਂ ਵਿਚ ਪ੍ਰਤੀਕਾਂ ਤੇ ਬਿੰਬਾਂ ਦੀ ਬੜੀ ਸੁਚੱਜੀ ਤੇ ਸਹਿਜ ਵਰਤੋਂ ਕੀਤੀ ਗਈ ਹੈ। ਇਸ ਕਥਨ ਦੀ ਪ੍ਰੋੜਤਾ ਪੁਸਤਕ ਦੀ ਜੈਕਟ ਉਪਰ ਦਿੱਤੀ ਬਲਦੇਵ ਸਿੰਘ ਧਾਲੀਵਾਲ ਦੀ ਟਿੱਪਣੀ ਕਰਦੀ ਹੈ, "ਆਮ ਕਰਕੇ ਪਿੱਛਲਝਾਤ ਦੀ ਜੁਗਤ ਰਾਹੀਂ ਸਰਲ ਸੰਰਚਨਾਵਾਲੀ ਕਹਾਣੀ ਬੁਣਦਾ ਹੈ ਪਰ ਚਿੰਤਨੀ ਸੁਰ ਉਸ ਦੀ ਕਹਾਣੀ ਦੀ ਸ਼ਕਤੀ ਬਣਦੀ ਹੈ।. . . . .ਅਜੋਕੀ ਕਹਾਣੀ ਵਿਚ ਅਲੰਕਾਰਕ ਭਾਸ਼ਾ ਦੇ ਇਸਤੇਮਾਲ ਨੂੰ ਕਥਾ ਦੋਸ਼ ਵਾਂਗ ਸਮਝਿਆ ਜਾਂਦਾ ਹੈ ਪਰ ਸੁਖਪਾਲ ਦੀ ਮੈਟਾਫ਼ਰ ਦੀ ਕਾਵਿ ਜੁਗਤ ਬਹੁਤ ਪਿਆਰੀ ਤੇ ਨਿਆਰੀ ਹੈ।" ਇਹ ਕਹਾਣੀਕਾਰ ਦੀ ਪ੍ਰਾਪਤੀ ਹੈ ਕਿ ਉਹ ਰਾਜਨੀਤੀ ਵਰਗੇ ਔਖੇ ਤੇ ਨੀਰਸ ਵਿਸ਼ਿਆਂ ਨੂੰ ਨਿਭਾਉਂਦਾ ਹੋਇਆ, ਕਹਾਣੀ ਵਿਚ ਰੌਚਿਕਤਾ ਲਿਆਉਣ ਲਈ ਸਨਸਨੀ ਸਿਰਜਣ, ਲਿੰਗਕ ਖੁੱਲ ਤੇ ਰੁਮਾਂਸ ਦਾ ਸਹਾਰਾ ਲਈਂ ਲੈਂਦਾ। ਬਲਕਿ ਉਸਦੀ ਚਿੰਤਨੀ ਸੁਰ ਕਹਾਣੀ ਦੀ ਚੂਲ ਵਜੋਂ ਕਾਰਜਸ਼ੀਲ ਹੁੰਦੀ ਹੈ ਪਰ ਉਹ ਕਿਤੇ ਵੀ ਚਿੰਤਨੀ ਸੁਰ ਨੂੰ ਨਾਅਰਾ ਨਹੀਂ ਬਣਨ ਦਿੰਦਾ। 'ਸਾਂਝਾਂ ਦੀ ਸਤਰੰਜ' ਕਹਾਣੀ ਵਿਚ ਉਹ ਸੁਚੇਤ ਤੌਰ 'ਤੇ ਕਾਮਰੇਡ ਲਈ ਕੰਮ-ਰੇੜ ਸ਼ਬਦ ਵਰਤਦਾ ਹੈ ਜੋ ਕਿ ਸਮਕਾਲ ਵਿਚ ਕਾਮਰੇਡ ਵਰਗ ਵਿਚ ਆਈਆਂ ਊਣਤਾਈਆਂ 'ਤੇ ਉਂਗਲੀ ਧਰਦਾ ਹੈ। ਇਸੇ

ਤਰ੍ਹਾਂ 'ਵਾਰਸ' ਕਹਾਣੀ ਵਿਚ ਬਿਰਤਾਂਤਕਾਰ ਕਲਾਤਮਕ ਢੰਗ ਨਾਲ ਕਹਾਣੀ ਦਾ ਥੀਮ ਦਾਦੀ ਦੀ ਜੁਬਾਨੀ ਕਹਾਉਂਦਾ ਹੈ ਜੋ ਕਹਾਣੀ ਦੀ ਪ੍ਰਾਪਤੀ ਹੈ। ਕਹਾਣੀਆਂ ਵਿਚ ਪਾਤਰਾਂ ਦੇ ਨਾਂ ਜਿਵੇਂ ਜੁਝਾਰ, ਜਰਨੈਲ, ਮਹਿਕਦੀਪ, ਦੇਸ਼ਬੰਧੂ, ਵਿਵੇਕ, ਚੰਚਲ ਆਦਿ ਉਹਨਾਂ ਦੇ ਕਿਰਦਾਰਾਂ ਅਨੁਕੂਲ ਰੱਖਣੇ, ਕਹਾਣੀਕਾਰ ਦੀ ਚੇਤੰਨਤਾ ਦਾ ਪ੍ਰਮਾਣ ਹੈ। ਕਹਾਣੀਆਂ ਵਿਚ ਬਣਤਰੀ ਤੇ ਰੂਪਕ ਪੱਖ ਤੋਂ ਕੋਈ ਊਣਤਾਈ ਨਜ਼ਰੀਂ ਨਹੀਂ ਪੈਂਦੀ, ਸਿਰਫ਼ 'ਸੰਤ ਦਾ ਕਤਲ' ਕਹਾਣੀ ਵਿਚ ਬੰਧੂ ਦਾ ਨਾਤਾ ਜਿਸ ਕਾਮਨੀ ਨਾਂ ਦੀ ਵਿਦਿਆਰਥਣ ਨਾਲ ਜੋੜਿਆ ਜਾਂਦਾ ਹੈ, ਉਸ ਵਿਚ ਕਾਮਨੀ ਦਾ ਪੱਖ ਗੈਰ-ਹਾਜਰ ਹੈ ਜੋ ਬਿਰਤਾਂਤਕਾਰ ਬੰਧੂ ਦੀ ਤਰਾਸਦਿਕ ਹੋਣੀ ਨੂੰ ਵੱਡੇਰਾ ਬਣਾਉਣ ਲਈ ਜਾਣਬੁੱਝ ਕੇ ਕਰਦਾ ਹੈ। ਪਰ ਉਸਦੀਆਂ ਕਹਾਣੀਆਂ ਸਮੁੱਚੇ ਰੂਪ ਵਿਚ ਆਸ਼ਾਵਾਦੀ ਸੁਰ ਦੀਆਂ ਧਾਰਨੀ ਹਨ। ਉਸਦੀ ਕਹਾਣੀ ਦੇ ਸਰੂਪ ਤੇ ਮਜ਼ਮੂਨ ਦੇ ਨਾਲ-ਨਾਲ ਸਮਕਾਲ ਦੇ ਵਸਤੂ ਯਥਾਰਥ ਪ੍ਰਤੀ ਚੇਤੰਨਤਾ ਤੇ ਚਿੰਤਨੀ ਸੁਰ ਉਸਨੂੰ ਆਪਣੇ ਸਮਕਾਲੀ ਕਹਾਣੀਕਾਰਾਂ ਤੋਂ ਵਖਰਾਉਂਦੀ ਹੈ। ਉਪਰੋਕਤ ਵਿਚਾਰ ਚਰਚਾ ਤੋਂ ਇਹ ਕਿਹਾ ਜਾ ਸਕਦਾ ਹੈ ਕਿ ਸੁਖਪਾਲ ਸਿੰਘ ਥਿੰਦ ਪੰਜਾਬੀ ਕਹਾਣੀ ਜਗਤ ਵਿਚ ਲੰਮਾ ਤੇ ਮਾਇਨੇਖੇਜ਼ ਸਫ਼ਰ ਕਰੇਗਾ।

**ਹਵਾਲੇ :**


੧) ਸੁਖਪਾਲ ਸਿੰਘ ਥਿੰਦ, ਫੁੱਲਾਂ ਦੀ ਫ਼ਸਲ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ ਨੰ. 22

੨) ਉਹੀ, ਪੰਨਾ ਨੰ. 24

੩) ਉਹੀ, ਪੰਨਾ ਨੰ. 22

੪) ਉਹੀ, ਪੰਨਾ ਨੰ. 22

੫) ਉਹੀ, ਪੰਨਾ ਨੰ. 26

੬) ਉਹੀ, ਪੰਨਾ ਨੰ. 42

੭) ਉਹੀ, ਪੰਨਾ ਨੰ. 97

੮) ਉਹੀ, ਪੰਨਾ ਨੰ. 82

੯) ਉਹੀ, ਪੰਨਾ ਨੰ. 115

੧੦) ਉਹੀ, ਪੰਨਾ ਨੰ. 118

੧੧) ਉਹੀ, ਪੰਨਾ ਨੰ. 121

੧੨) ਉਹੀ, ਪੰਨਾ ਨੰ. 117




**ਪੰਜਾਬੀ ਵਿਭਾਗ, ਬਾਬਾ ਫ਼ਰੀਦ ਕਾਲਜ,**

**ਦਿਉਣ, ਬਠਿੰਡਾ।**

**ਸੰਪ. 9803704201**




**ਇੱਕ ਵਿਲੱਖਣ**


**ਕਹਾਣੀ-ਸੰਗ੍ਰਹਿ**

**ਪੰਨੇ-280**

**ਮੁੱਲ-300 ਰੁਪਏ**

**ਪ੍ਰਕਾਸ਼ਨ : ਸਿੰਘ ਬ੍ਰਦਰਜ਼,**


**ਅੰਮ੍ਰਿਤਸਰ**























**ਸੰਗਮ ਪ੍ਰਕਾਸ਼ਨ, ਸਮਾਣਾ**

















ਸੰਗਮ ਪ੍ਰਕਾਸ਼ਨ, ਸਮਾਣਾ















ਸੰਗਮ ਪ੍ਰਕਾਸ਼ਨ, ਸਮਾਣਾ














**ਸੰਗਮ ਪ੍ਰਕਾਸ਼ਨ, ਸਮਾਣਾ**



















**ਸੰਗਮ ਪ੍ਰਕਾਸ਼ਨ, ਸਮਾਣਾ**














**ਸੰਗਮ ਪ੍ਰਕਾਸ਼ਨ, ਸਮਾਣਾ**













**ਸੰਗਮ ਪ੍ਰਕਾਸ਼ਨ, ਸਮਾਣਾ**














**ਸੰਗਮ ਪ੍ਰਕਾਸ਼ਨ, ਸਮਾਣਾ**







**ਸੰਗਮ ਪ੍ਰਕਾਸ਼ਨ, ਸਮਾਣਾ**




**ਸੰਗਮ ਪ੍ਰਕਾਸ਼ਨ, ਸਮਾਣਾ**

**ਜਿੰਦਰ ਮਾਲਕ ਤੇ ਪ੍ਰਕਾਸ਼ਕ ਨੇ ਬ੍ਰਾਈਟ ਪ੍ਰਿੰਟਿੰਗ ਪ੍ਰੈਸ, ਜਲੰਧਰ ਤੋਂ ਛਪਵਾ ਕੇ 984, ਮਾਡਲ ਹਾਊਸ, ਜਲੰਧਰ ਤੋਂ ਜਾਰੀ ਕੀਤਾ। ਮਿਤੀ ਫਰਵਰੀ 02, 2021**